ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

26 ਜੁਲਾਈ ਤੋਂ 1 ਅਗਸਤ 2023

ਸਾਲ 14ਵਾਂ - ਅੰਕ 31

email : info@sadelok.com

Ph. : 510-706-1300

Fax : 925-373-1300


## ਸ਼੍ਰੋਮਣੀ ਕਮੇਟੀ ਦੇ ਵੈੱਬ ਚੈਨਲ ਨਾਲ ਕਰੀਬ 1 ਲੱਖ ਤੋਂ ਵੱਧ ਲੋਕ ਜੁੜੇ




(ਦੇਖੋ ਸਫ਼ਾ 18 'ਤੇ)

## ਸਿੱਖ ਨਸਲਕੁਸ਼ੀ 'ਚ ਅਦਾਲਤ ਨੇ ਜਗਦੀਸ਼ ਟਾਈਟਲਰ ਨੂੰ 5 ਅਗਸਤ ਨੂੰ ਕੀਤਾ ਤਲਬ, ਹੋ ਸਕਦੀ ਹੈ ਗ੍ਰਿਫ਼ਤਾਰੀ



29

## ਪੰਜਾਬ ਦੇ ਮਸ਼ਹੂਰ ਲੋਕ ਗਾਇਕ ਸੁਰਿੰਦਰ ਛਿੰਦਾ ਦਾ ਦਿਹਾਂਤ



28

## ਪਾਕਿਸਤਾਨ ਵਿੱਚ ਹਿੰਦੂ-ਸਿੱਖਾਂ 'ਤੇ ਲਗਾਤਾਰ ਅੱਤਿਆਚਾਰ ਜਾਰੀ

*ਪੇਸ਼ਾਵਰ 'ਚ ਕੱਟੜ ਮੁਲਾਣਿਆ ਦਾ ਸ਼ਿਕਾਰ ਹੋਇਆ ਸਿੱਖ ਪਰਿਵਾਰ ਪਹੁੰਚਿਆ ਭਾਰਤ*



ਫੋਟੋ : ਧੰਨਵਾਦ ਸਾਹਿਤ ਸੋਸ਼ਲ ਮੀਡੀਆ

27

# ਮਨੀਪੁਰ ਦੀ ਘਟਨਾ ਨਾਲ ਹਿੰਦੋਸਤਾਨ ਕੰਬ ਉਠਿਆ

☚ ਔਰਤਾਂ ਵਿਰੁੱਧ ਹੋਏ ਹੌਲਨਾਕ ਅਪਰਾਧ ਦੇ ਦੋਸ਼ੀਆਂ ਨੂੰ ਸਜ਼ਾ ਦਿਓ ☚ ਹਿੰਸਾ ਦੀ ਅੱਗ 'ਚ ਸੁਲਘ ਰਿਹਾ ਮਨੀਪੁਰ ☚ ਘਟਨਾ ਦੇ ਦੋਸ਼ੀਆਂ ਨੂੰ ਮਿਲੇ ਮੌਤ ਦੀ ਸਜ਼ਾ ☚ ਦੁਨੀਆ ਦੇ ਸਾਹਮਣੇ ਮਨੀਪੁਰ ਦੀ ਭਿਆਨਕ ਘਟਨਾ ਨੇ ਸਾਰੇ ਦੇਸ਼ ਵਾਸੀਆਂ ਦਾ ਸਿਰ ਨੀਵਾਂ ਕਰ ਦਿੱਤਾ





(ਦੇਖੋ ਸਫ਼ਾ 30-34 'ਤੇ)

# ਸਿੱਖ ਸਪੋਰਟਸ ਐਸੋਸੀਏਸ਼ਨ ਦਾ 15ਵਾਂ ਖੇਡ ਟੂਰਨਾਮੈਂਟ ਯਾਦਗਾਰੀ ਹੋ ਨਿਬੜਿਆ




ਯੂਨੀਅਨ ਸਿਟੀ/ਕੈਲੀਫੋਰਨੀਆ : ਅਮਰੀਕਾ ਵਿੱਚ ਸਿੱਖਾਂ ਦੀ ਜਾਣ ਪਹਿਚਾਣ ਅਤੇ ਆਪਣੀ ਅਗਲੀ ਨੌਜਵਾਨ ਪੀੜ੍ਹੀ ਨੂੰ ਖੇਡਾਂ ਨਾਲ ਜੋੜਕੇ ਆਉਣ ਵਾਲੀਆਂ ਅਗਲੀਆਂ ਪੀੜ੍ਹੀਆ ਨੂੰ ਇੱਕ ਤੰਦਰੁਸਤ ਅਤੇ ਅਮਰੀਕਾ 'ਚ ਮਾਣਮੱਤੀ ਸ਼ਾਨਾਮੱਤੀ ਪੀੜ੍ਹੀ ਬਣਾਉਣਾ ਸਿੱਖ ਸਪ੍ਰੋਟਸ ਦਾ ਮਨੋਰਥ ਤੇ ਨਿਸ਼ਾਨਾ ਮਿਥਕੇ 15 ਸਾਲ ਪਹਿਲਾ ਸ਼ੁਰੂ ਕੀਤਾ ਗਿਆ ਇਹ ਸਿੱਖ ਖੇਡ ਮੇਲਾ ਅੱਜ ਅਮਰੀਕਾ 'ਚ ਆਪਣੀ ਨਿਵੇਕਲੀ ਸ਼ਾਨ ਬਣ ਚੁੱਕਾ ਹੈ। ਇਸ ਮੇਲੇ ਵਿੱਚ ਬੱਚੇ ਤੋਂ ਲੈ ਕੇ ਬਜ਼ੁਰਗਾਂ ਤੱਕ ਹਿੱਸਾ ਲੈਂਦੇ ਹਨ।

(ਦੇਖੋ ਸਫ਼ਾ 24-25 'ਤੇ)

## ਸਿੱਖ ਨੌਜਵਾਨ ਨੂੰ ਮੌਤ ਮਗਰੋਂ 'Carnegie Hero' ਐਵਾਰਡ ਮਿਲਿਆ

*ਪਾਣੀ ਵਿਚ ਡੁੱਬ ਰਹੀਆਂ 3 ਬੱਚੀਆਂ ਨੂੰ ਬਚਾਉਂਦਿਆਂ ਗਵਾਈ ਸੀ ਜਾਨ*



ਸੈਨ ਫਰਾਂਸਿਸਕੋ : ਕੈਲੀਫੋਰਨੀਆ ਵਿੱਚ 2020 ਵਿੱਚ 8 ਸਾਲਾ ਬੱਚੀ ਨੂੰ ਬਚਾਉਣ ਦੀ ਕੋਸ਼ਿਸ਼ ਵਿੱਚ ਮਾਰੇ ਗਏ 31 ਸਾਲਾ ਸਿੱਖ ਕਿਸਾਨ ਨੂੰ ਨਾਗਰਿਕ ਬਹਾਦਰੀ ਲਈ ਉੱਤਰੀ ਅਮਰੀਕਾ ਦੇ ਸਰਵਉੱਚ ਸਨਮਾਨ ਕਾਰਨੇਗੀ ਹੀਰੋ ਐਵਾਰਡ ਨਾਲ ਨਿਵਾਜਿਆ ਗਿਆ ਹੈ। ਫਰਿਜ਼ਨੋ ਦੇ ਮਨਜੀਤ ਸਿੰਘ ਦੀ 5 ਅਗਸਤ 2020 ਨੂੰ ਰੀਡਲੇ



ਵਿੱਚ ਕਿੰਗਜ਼ ਰਿਵਰ ਤੋਂ ਸਮੰਥਾ ਕਰੂਜ਼ ਪੇਡਰੋ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹੋਏ ਮੌਤ ਹੋ ਗਈ ਸੀ। ਪੇਡਰੋ ਨੂੰ ਤੈਰਨ ਲਈ ਸੰਘਰਸ਼ ਕਰਨਾ ਪਿਆ, ਕਿਉਂਕਿ ਉਹ ਨਦੀ ਵਿੱਚ ਖੇਡ ਰਹੇ ਬੱਚਿਆਂ ਦੇ ਇੱਕ ਸਮੂਹ ਤੋਂ ਵੱਖ ਹੋ ਗਈ ਸੀ ਅਤੇ ਤੇਜ਼ ਵਹਾ ਉਸਨੂੰ ਹੇਠਾਂ ਵੱਲ ਲੈ ਗਿਆ। ਤੈਰਾਕੀ ਦੀ ਜਾਣਕਾਰੀ ਨਾ ਹੋਣ ਦੇ ਬਾਵਜੂਦ ਮਨਜੀਤ ਸਿੰਘ ਬੱਚੀ ਨੂੰ ਬਚਾਉਣ ਲਈ ਨਦੀ ਵਿੱਚ ਉਤਰ ਗਏ।

(ਦੇਖੋ ਸਫ਼ਾ 6 'ਤੇ)


Padam Builders

ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।



ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ

email:padambuilders@gmail.com

Licensed # 1019803

Bhupinder S. Padam

PH : 510-565-6667

Jaspreet Singh

Attorney at law

ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਯੋਗ ਨਾਮ

ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ



Over 18 Years of Legal Experience

Specializes in :
- USA Immigration
- Citizenship
- Green Card
- Deportation Defense
- PoliticalAsylum
- Detentaion Cases
- Artists
- Singers P3 Visas
- Priest R1 Visas
- Investors EB 5 Visas
- L1 Business Visas
- Family Law
- Criminal Defense Cases

44808 S. Grimmer Blvd.# 208 Fremont, CA 94538 Tel : 510-657-6444

2951 W. Capitol Ave. W. Sacramento CA 95691

4491 West Shaw Ave.#131 Fresno, CA 93711 Tel : 559-271-5511

37-1873 Street Suite #401, Jackson Heights NY 11372 Tel : 718-533-844

Khalsa Affairs

ਖਾਲਸਾ ਅਫੇਅਰਜ਼ ਚੈਨਲ 'ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ਼ ਲਈ ਸੰਪਰਕ ਕਰੋ

www.khalsaaffairs.com

510-706-1300

Bhatia & Co, Inc

Certified Public Accountants

Our Services :

AICPA

Business Tax (C crop/S corp/LLC etc)

Individual Tax

Estate Tax

Internation Tax (FBAR/FATCA/5471/5472 etc)

Non-Profit entities (Formation,IRS,FTB&DOJ approval)

Accounting & Payroll

Sales & Other Taxes

Financial Audit & Review

Tax Audit & Representation (IRS/FTB/BOE etc)

Collection, Lien & Back Taxes

Offer in Compromise

Santa Clara • Pleasanton • Merced

(844) 4USTAX (209)-354-8696

info@bhatiaco.com,www.bhatiaco.com

Bhatia Law Associates

Attorney at Law

Immigration and Business Services

IMMIGRATION

Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories PERM

Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas

Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services

Santa Clara-Pleasanton-Merced

(844) 4USATAX (209)-354-8696

info@bhatiaco.com,www.Smoothimmigration.com



ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

- ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ
- BIA ਅਪੀਲ • 9 Circuit ਅਪੀਲ
- ਸਿਟੀਜਨਸ਼ਿਪ • ਗਰੀਨਕਾਰਡ

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ

ਸ. ਹਰਮਿੰਦਰ ਸਿੰਘ ਸਮਾਣਾ

ਆਫਿਸ ਮੈਨੇਜਰ 209-481-7750

Law office of Anthony Nwosu

239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

PH: 209-624-3919



Anthony Nwosu Attorney at Law 510-788-4558

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਸਿੱਖ ਗੁਰਦੁਆਰਾ ਸੈਨਹੋਜ਼ੇ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ




ਸੈਨੇਹੋਜ਼ੇ (ਪ੍ਰਮਿੰਦਰ ਸਿੰਘ ਪ੍ਰਵਾਨਾ) : ਅਮਰੀਕੀ ਪੰਜਾਬੀ ਕਵੀਆਂ ਵਲੋਂ ਹਫ਼ਤਾਵਾਰੀ ਸਜੇ ਦੀਵਾਨਾ ਵਿਚ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਭਾਈ ਰਾਜਿੰਦਰ ਸਿੰਘ ਮੰਗਰ ਸਟੇਜ ਸਕੱਤਰ ਵਲੋਂ ਪ੍ਰਵਾਨਾ ਨੂੰ ਧਾਰਮਿਕ ਕਵੀ ਦਰਬਾਰ ਦੇ ਸੰਚਾਲਨ ਦਾ ਸੱਦਾ ਦਿੱਤਾ ਗਿਆ। ਪ੍ਰਵਾਨਾ ਨੇ ਇਤਿਹਾਸ ਤੇ ਰੌਸ਼ਨੀ ਪਾਉਂਦਿਆਂ ਕਿਹਾ ਕਿ ਮੁਗਲ ਸੂਬਾ ਲਾਹੌਰ ਜਕਰੀਆ ਖਾਨ ਨੇ ਹਰਿਮੰਦਰ ਸਾਹਿਬ ਵਿਖੇ ਪੁਰਬ ਮਨਾਉਣ ਉਤੇ ਸਰਕਾਰੀ ਪਾਬੰਦੀ ਲਾਈ ਹੋਈ ਸੀ। ਪਾਬੰਦੀ ਹਟਾਉਣ ਲਈ ਸੁਰੱਖਿਆ ਵਾਸਤੇ ਪੰਜ ਹਜ਼ਾਰ ਰੁਪਏ ਅਦਾ ਕਰਨ ਦੀ ਮੰਗ ਰੱਖੀ ਸੀ। ਭਾਈ ਸਾਹਿਬ ਨੇ ਸ਼ਰਤ ਪ੍ਰਵਾਨ ਕਰਦਿਆਂ ਸੰਗਤਾਂ ਨੂੰ ਦੀਪਮਾਲਾ ਪੁਰਬ ਹਰਿਮੰਦਰ ਸਾਹਿਬ ਵਿਖੇ ਮਨਾਉਣ ਦਾ ਸੱਦਾ ਸੰਗਤਾਂ ਨੂੰ ਭੇਜਿਆ। ਜ਼ਕਰੀਆ ਖਾਨ ਦੀ ਨੀਅਤ ਇਕੱਠੇ ਹੋਏ ਸਿੰਘਾਂ ਨੂੰ ਮਾਰ ਮੁਕਾਉਣ ਦੀ ਸੀ। ਭਾਈ ਸਾਹਿਬ ਨੂੰ ਇਸ ਗੱਲ ਦੀ ਸੂਹ ਮਿਲੀ ਤਾਂ ਉਨ੍ਹਾਂ ਨੇ ਸੰਗਤਾਂ ਨੂੰ ਪੁਰਬ ’ਤੇ ਇਕੱਠੇ ਹੋਣ ਤੋਂ ਰੋਕ ਦਿੱਤਾ। ਨਤੀਜੇ ਵਜੋਂ ਲੋੜੀਂਦੀ ਰਕਮ ਇਕੱਠੀ ਨਾ ਹੋ ਸਕੀ ਕਿ ਸਰਕਾਰੀ ਅਦਾਇਗੀ ਕੀਤੀ ਜਾਂਦੀ। ਸਰਕਾਰ ਨੇ ਇਕ ਹੋਰ ਪੁਰਬ ਵਿਸਾਖੀ ਮਨਾਉਣ ਦੀ ਇਜਾਜ਼ਤ ਦਿੱਤੀ ਕਿ ਰਕਮ ਇਕੱਠੀ ਕਰ ਲਓ। ਪਰ ਇਹ ਚਾਲ ਵੀ ਸਿੰਘਾਂ ਨੂੰ ਮਾਰ ਮੁਕਾਉਣ ਦੀ ਹੀ ਸੀ। ਭਾਈ ਸਾਹਿਬ ਨੇ ਫਿਰ ਸੰਗਤਾਂ ਨੂੰ ਵਿਸਾਖੀ ਪੁਰਬ ’ਤੇ ਆਉਣ ਲਈ ਰੋਕ ਦਿੱਤਾ। ਸਰਕਾਰੀ ਰਕਮ ਅਦਾ ਨਾ ਕਰ ਸਕਣ ਲਈ ਭਾਈ ਸਾਹਿਬ ਨੂੰ ਬੰਦ ਬੰਦ ਕਟਵਾ ਕੇ ਸ਼ਹੀਦ ਕਰ ਦਿੱਤਾ ਗਿਆ।

ਧਾਰਮਿਕ ਕਵੀ ਦਰਬਾਰ ਵਿਚ ਸ਼ਾਮਲ ਗੁਰਦਿਆਲ ਸਿੰਘ ਨੂਰਪੁਰੀ, ਤ੍ਰਲੋਚਨ ਸਿੰਘ ਦੁਪਾਲਪੁਰ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਬੀਬੀ ਬਲਵਿੰਦਰ ਕੌਰ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਸ਼ਾਮਲ ਸਨ ਜਿਨ੍ਹਾਂ ਨੇ ਸਿੱਖ ਇਤਿਹਾਸ ਦੇ ਸਮੂਹ ਸ਼ਹੀਦਾਂ ਦੀਆਂ ਬੀਰਰਸੀ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸੰਗਤਾਂ ਨੇ ਇਤਿਹਾਸਕ ਸਾਰਥਿਕ ਪ੍ਰੋਗਰਾਮ ਦਾ ਆਨੰਦ ਮਾਣਿਆ।

ਡਾਇਰੈਕਟਰ ਸੁਖਦੇਵ ਸਿੰਘ ਬੈਨੀਪਾਲ ਵਲੋਂ ਕਵੀਆਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਕਵੀ ਸਮੇਂ ਸਮੇਂ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਕਵੀ ਦਰਬਾਰ ਸਜਾਉਣ ਦਾ ਉਦਮ ਕਰਦੇ ਹਨ, ਜੋ ਸ਼ਲਾਘਾ ਦੇ ਯੋਗ ਹੈ। ਕਵੀਆਂ ਦਾ ਮਾਣ-ਸਨਮਾਨ ਕਰਦਿਆਂ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਨਾਲ ਕੀਤਾ ਗਿਆ। ਇਕ ਯਾਦਗਾਰੀ ਤਸਵੀਰ ਨਾਲ ਪ੍ਰੋਗਰਾਮ ਸੰਪਨ ਹੋਇਆ।

# ਅਮਰੀਕਾ ਦੀ ਪ੍ਰਸਿੱਧ ਸਿਆਨਾ ਸੰਸਥਾ ਨੇ ਪੰਜਾਹ ਸਾਲਾ ਸਲਾਨਾ ਸਿੱਖ ਗੁਰਮਤਿ ਕੈਂਪ ਲਗਾਇਆ


## ਵਿਦੇਸ਼ ’ਚ ਸਿੱਖ ਨੌਜਵਾਨਾਂ ਨੂੰ ਸਿੱਖੀ ਨਾਲ ਜੁੜੇ ਰਹਿਣ ਦੇ ਉਪਰਾਲੇ ਨੇ ਪੂਰੇ ਕੀਤੇ 50 ਸਾਲ



ਸੈਕਰਾਮੈਂਟੋ, (ਹੁਸਨ ਲੜੋਆ ਬੰਗਾ) : ਸਿੱਖ ਨੌਜਵਾਨਾਂ ਵਿੱਚ ਅਧਿਆਤਮਿਕ ਚੇਤਨਾ ਅਤੇ ਸੱਭਿਆਚਾਰਕ ਕਦਰਾਂਕੀਮਤਾਂ ਪੈਦਾ ਕਰਨ ਲਈ, ਸਿੱਖ ਯੂਥ ਅਲਾਇੰਸ ਆਫ਼ ਨਾਰਥ ਅਮਰੀਕਾ (ਸਿਆਨਾ) ਸੰਸਥਾ ਨੇ ਅਮਰੀਕਾ ਦੇ ਸੂਬੇ ਮਿਸ਼ੀਗਨ ਦੇ ਸ਼ਹਿਰ ਫੈਂਟਨ ਦੇ ਵਾਏ.ਐਮ.ਸੀ.ਏ ਦੇ ਕੈਂਪ ਕੋਪਨੇਕੋਨਿਕ ਵਿੱਚ ਇੱਕ ਹਫ਼ਤੇ ਲਈ ਗੁਰਮਤਿ ਕੈਂਪ ਲਗਾਇਆ। ਇਸ ਸਲਾਨਾ ਕੈਂਪ ਦੇ 50ਵੇਂ ਸਾਲ ਵਿੱਚ ਸ਼ਾਮਲ ਹੋਣ ਵਾਲੇ ਬੱਚਿਆਂ ਅਤੇ ਸੇਵਾਦਾਰਾਂ ਵੱਲੋਂ ਭਰਵਾਂ ਹੁੰਗਾਰਾ ਦੇਖਣ ਨੂੰ ਮਿਲਿਆ ਜੋ ਕਿ ਬਹੁਤ ਹੀ ਉਤਸੁਕਤਾ ਨਾਲ ਸਿੱਖ ਧਰਮ ਦੀਆਂ ਸਿੱਖਿਆਵਾਂ ਵਿੱਚ ਲੀਨ ਹੋ ਗਏ।ਸਿਆਨਾ ਸੰਸਥਾ ਦੇ ਸੰਸਥਾਪਕ ਅਤੇ ਰਾਸ਼ਟਰੀ ਕਨਵੀਨਰ ਕੁਲਦੀਪ ਸਿੰਘ ਨੇ ਦੱਸਿਆ ਕਿ ਇਸ ਸਾਲਾਨਾ ਕੈਂਪ ਦਾ ਉਦੇਸ਼ ਪੂਰੇ ਉੱਤਰੀ ਅਮਰੀਕਾ ਦੇ ਸਿੱਖ ਨੌਜਵਾਨਾਂ ਨੂੰ ਇੱਕ ਅਜਿਹੇ ਮਾਹੌਲ ਵਿੱਚ ਲਿਆਉਣਾ ਹੈ ਜਿੱਥੇ ਸਿੱਖੀ ਜੀਵਨ ਦਾ ਅਨੁਭਵ ਕੀਤਾ ਜਾ ਸਕੇ। ਪਿਛਲੇ 50 ਸਾਲਾਂ ਤੋਂ ਸਿੱਖ ਬੱਚਿਆਂ ਲਈ ਗਰਮੀਆਂ ਵਿੱਚ ਇੱਕ ਹਫ਼ਤੇ ਲਈ ਕੈਂਪ ਲਗਾਇਆ ਜਾ ਰਿਹਾ ਹੈ। ਇਸ ਕੈਂਪ ਨੇ ਸਾਡੇ ਸਿੱਖ ਪੰਥ ਦੇ ਨੌਜਵਾਨ ਮੈਂਬਰਾਂ ਨੂੰ ਕੀਰਤਨ, ਪਾਠ, ਗੁਰਮਤਿ, ਇਤਿਹਾਸ ਅਤੇ ਸਭ ਤੋਂ ਮਹੱਤਵਪੂਰਨ ਗੁਰੂ-ਮੁਖੀ ਸੰਗਤ ਪ੍ਰਦਾਨ ਕੀਤੀ ਹੈ। ਉਨ੍ਹਾਂ ਅੱਗੇ ਕਿਹਾ, “ਸਿੱਖ ਧਰਮ ਦੀਆਂ ਪ੍ਰੇਰਨਾਦਾਇਕ ਪਰੰਪਰਾਵਾਂ ਵਿੱਚ ਲੀਨ ਹੋ ਕੇ, ਇਹ ਨੌਜਵਾਨ ਸਿੱਖੀ ਦੇ ਰਾਹ ‘ਤੇ ਚੱਲਦੇ ਰਹਿਣ ਅਤੇ ਸਿੱਖੀ ਲਈ ਆਪਣੇ ਪਿਆਰ ਨੂੰ ਹੋਰ ਉਤਸ਼ਾਹਿਤ ਕਰਨ ਦੀ ਉਮੀਦ ਵਿੱਚ ਗੁਰੂ ਦੇ ਸੰਦੇਸ਼ ਦੀ ਝਲਕ ਪਾਉਂਦੇ ਹਨ। ਇਹ ਕੈਂਪ ਉਹਨਾਂ ਰਿਸ਼ਤਿਆਂ ਨੂੰ ਉਤਸ਼ਾਹਿਤ ਕਰਨ ਲਈ ਤਿਆਰ ਕੀਤਾ ਗਿਆ ਹੈ ਜੋ ਸੰਗਤ ਰਾਹੀਂ ਅਧਿਆਤਮਿਕ ਅਨੁਭਵ ਨੂੰ ਮਜ਼ਬੂਤ ਕਰਦੇ ਹਨ। ਕੈਂਪ ਵਿੱਚ ਅਮਰੀਕਾ ਅਤੇ ਕੈਨੇਡਾ ਦੇ ਵੱਖ-ਵੱਖ ਹਿੱਸਿਆਂ ਤੋਂ 8 ਤੋਂ 18 ਸਾਲ ਦੀ ਉਮਰ ਦੇ 130 ਤੋਂ ਵੱਧ ਸਿੱਖ ਨੌਜਵਾਨਾਂ ਨੇ ਸ਼ਮੂਲੀਅਤ ਕੀਤੀ।

ਇਸ ਸਾਲ ਦਾ ਥੀਮ ਸ਼ਬਦ ਸੀ “ਸਿਮਰਿ ਮਨਾ ਰਾਮ ਨਾਮੁ ਚਿਤਾਰੇ॥” ਗੁਰਮਤਿ ਕੈਂਪ ਦੇ 50 ਸਾਲ ਪੂਰੇ ਹੋਣ ਨਾਲ ਇਹ ਸਾਲ ਵੀ ਵਿਸ਼ੇਸ਼ ਰਿਹਾ। 1980 ਅਤੇ 90 ਦੇ ਦਹਾਕੇ ਦੇ ਬਹੁਤ ਸਾਰੇ ਪੁਰਾਣੇ ਕੈਂਪਰ, ਜੋ ਹੁਣ ਸੇਵਾਦਾਰ ਅਤੇ ਪ੍ਰਬੰਧਕ ਹਨ, ਨੇ ਕੈਂਪ ਦੇ ਸੰਸਥਾਪਕ ਕੁਲਦੀਪ ਸਿੰਘ, ਪਤਨੀ ਅਰਮਿੰਦਰ ਕੌਰ ਅਤੇ 1985 ਤੋਂ ਲਗਾਤਾਰ ਸੇਵਾ ਨਿਭਾਅ ਰਹੇ ਡਾ. ਅਮਰਜੀਤ ਸਿੰਘ ਅਤੇ ਪਤਨੀ ਡਾ. ਅਮਰਜੀਤ ਕੌਰ ਦਾ ਧੰਨਵਾਦ ਅਤੇ ਸਨਮਾਨ ਕੀਤਾ। ਕੈਂਪ ਵਿੱਚ ਸ਼ਾਮਲ ਸੰਗਤ ਨਾਲ ਵਿਚਾਰ ਸਾਂਝੇ ਕਰਦੇ ਹੋਏ ਕਨਵੀਨਰ ਕੁਲਦੀਪ ਸਿੰਘ ਨੇ ਦੱਸਿਆ ਕਿ ਕਿਵੇਂ 1970 ਦੇ ਦਹਾਕੇ ਦੇ ਸ਼ੁਰੂ ਵਿੱਚ, ਉਹਨਾਂ ਸਿੱਖਾਂ ਦੇ ਇੱਕ ਸਮੂਹ ਦੇ ਨਾਲ ਉੱਤਰੀ ਅਮਰੀਕਾ ਵਿੱਚ ਸਿੱਖ ਨੌਜਵਾਨਾਂ ਲਈ ਸਿੱਖ ਗੁਰਮਤਿ ਕੈਂਪ ਸ਼ੁਰੂ ਕਰਨ ਦੀ ਲੋੜ ਮਹਿਸੂਸ ਕੀਤੀ ਅਤੇ 1973 ਵਿੱਚ ਡੇਟਰੋਇਟ, ਮਿਸ਼ੀਗਨ ਵਿੱਚ ਇੱਕ ਘਰ ਦੀ ਬੇਸਮੈਂਟ ਵਿੱਚ ਪਹਿਲਾ ਕੈਂਪ ਲਗਾਇਆ। ਉਹਨਾਂ ਨੇ ਬਹੁਤ ਸਾਰੇ ਪੁਰਾਣੇ ਮੈਂਬਰਾਂ ਨੂੰ ਯਾਦ ਕੀਤਾ ਜਿਨ੍ਹਾਂ ਨੇ ਉਹਨਾਂ ਦੇ ਨਾਲ ਇਸ ਲੰਮੇ ਸਫ਼ਰ ਦੀ ਸ਼ੁਰੂਆਤ ਕੀਤੀ ਸੀ, ਜਿਨ੍ਹਾਂ ਵਿੱਚ ਕਈ ਹੁਣ ਇਸ ਸੰਸਾਰ ਵਿੱਚ ਨਹੀਂ ਹਨ। ਉਨ੍ਹਾਂ ਕਿਹਾ “ਮੈਂ ਕੈਂਪ ਦੀ ਸ਼ੁਰੂਆਤ ਕਰਨ ਲਈ ਵਾਹਿਗੁਰੂ, ਅਕਾਲ ਪੁਰਖ ਦਾ ਧੰਨਵਾਦੀ ਹਾਂ। ਮੈਨੂੰ ਮੇਰੇ ਗੁਰੂ ਦੀ ਬਖਸ਼ਿਸ਼ ਸੀ ਜਿਸ ਨੇ ਮੈਨੂੰ ਇਹ ਸ਼ੁਰੂ ਕਰਨ ਲਈ ਪ੍ਰੇਰਿਤ ਕੀਤਾ। ਉਦੋਂ ਤੋਂ, ਮੈਂ ਉਨ੍ਹਾਂ ਨੌਜਵਾਨਾਂ ਅਤੇ ਸਹਿਯੋਗੀਆਂ ਤੋਂ ਬਹੁਤ ਕੁਝ ਸਿੱਖਿਆ ਜੋ ਕੈਂਪ ਲਈ ਵਲੰਟੀਅਰ ਵਜੋਂ ਸਾਡੇ ਨਾਲ ਸ਼ਾਮਲ ਹੋਏ, ਉਨ੍ਹਾਂ ਸਾਰਿਆਂ ਦਾ ਧੰਨਵਾਦ ਜੋ ਆਉਂਦੇ ਰਹਿੰਦੇ ਹਨ ਅਤੇ ਆਉਣ ਵਾਲੇ ਸਮੇਂ ਲਈ ਇੱਕ ਦੂਜੇ ਨੂੰ ਪ੍ਰੇਰਿਤ ਕਰਦੇ ਹਨ, ਕੈਂਪ ਦੀ ਸਮਾਪਤੀ ਗਤਕਾ ਪ੍ਰਦਰਸ਼ਨ ਅਤੇ ਕੀਰਤਨ ਦਰਬਾਰ ਨਾਲ ਹੋਈ। ਸਿਆਨਾ ਵੱਲੋਂ ਪਿਛਲੇ ਕਈ ਸਾਲਾਂ ਤੋਂ ਗੁਰਮਤਿ ਕੈਂਪ ਦੀ ਸਫ਼ਲਤਾ ਨਾਲ ਨਾ ਸਿਰਫ਼ ਸਿੱਖ ਨੌਜਵਾਨਾਂ ਦਾ ਅਧਿਆਤਮਿਕ ਵਿਕਾਸ ਹੋਇਆ ਹੈ ਸਗੋਂ ਉਨ੍ਹਾਂ ਦੀਆਂ ਸੱਭਿਆਚਾਰਕ ਜੜ੍ਹਾਂ ਵੀ ਮਜ਼ਬੂਤ ਹੋਈਆਂ ਹਨ।

# ਭਾਰਤੀ ਟੈਨਿਸ ਖਿਡਾਰਣ ਕਰਮਨ ਕੌਰ ਥਾਂਦੀ ਨੇ ਅਮਰੀਕਾ ’ਚ ਜਿੱਤਿਆ ਖਿਤਾਬ



ਵਾਸ਼ਿੰਗਟਨ : ਬੀਤੇ ਦਿਨ ਅਮਰੀਕਾ ਦੇ ਇੰਡੀਆਨਾ ਸੂਬੇ ਦੇ ਸ਼ਹਿਰ ਇਵਾਨਸਵਿਲੇ ਵਿੱਚ ਇਨਾਮੀ ਆਈਟੀਐਫ ਵੂਮੈਨ ਵਰਲਡ ਟੈਨਿਸ ਟੂਰਨਾਮੈਂਟ ਵਿੱਚ ਭਾਰਤ ਦੀ ਟੈਨਿਸ ਖਿਡਾਰਣ ਕਰਮਨ ਕੌਰ ਥਾਂਦੀ ਨੇ ਤੀਸਰਾ ਦਰਜਾ ਪ੍ਰਾਪਤ ਕੀਤਾ। ਉਸ ਨੇ ਯੂਕ੍ਰਨ ਦੇਸ਼ ਦੀ ਯੂਲੀਆ ਸਟਾਰੋਦੁਬਤੇਵਾ ਨੂੰ 7-5, 4-6, 6-1 ਦੇ ਨਾਲ ਹਰਾਇਆ। 25 ਸਾਲ ਦੀ ਕਰਮਨ ਕੌਰ ਥਾਂਦੀ ਦਾ ਇਸ ਪੱਧਰ ਦਾ ਇਹ ਦੂਜਾ ਖਿਤਾਬ ਹੈ, ਜੋ ਪਿਛਲੇ ਅਕਤੂਬਰ ਵਿੱਚ ਕੈਨੇਡਾ ਦੇ ਸਗੁਏਨੇ ਵਿੱਚ ਉਸ ਨੇ ਜਿੱਤਿਆ ਸੀ। ਅਤੇ ਇਹ ਕਰਮਨ ਕੌਰ ਥਾਂਦੀ ਦੇ ਕੈਰੀਅਰ ਦਾ ਚੌਥਾ ਸਿੰਗਲ ਤਾਜ ਸੀ। ਉਸ ਨੇ ਦੋ ਘੰਟੇ 45 ਮਿੰਟ ਤੱਕ ਚੱਲੇ ਸਖ਼ਤ ਸੰਘਰਸ਼ ਵਿੱਚ ਫੈਸਲਾਕੁੰਨ ਮੈਚ ਵਿੱਚ ਆਪਣੀ ਮਜ਼ਬੂਤ ਖੇਡ ਦਾ ਸਬੂਤ ਦਿੱਤਾ, ਜਦੋਂ ਉਸ ਨੇ ਆਪਣੀ 23 ਸਾਲਾ ਵਿਰੋਧੀ ਨੂੰ ਸਿਰਫ਼ 11 ਅੰਕਾਂ ਦੇ ਨਾਲ ਪਿੱਛੇ ਛੱਡ ਦਿੱਤਾ। ਉਸਨੇ ਮੈਚ ਵਿੱਚ 11 ਵਿੱਚੋਂ ਪੰਜ ਬ੍ਰੇਕ ਪੁਆਇੰਟਾਂ ਨੂੰ ਖਿੱਚਣ ਲਈ ਬਦਲ ਦਿੱਤਾ। ਉਸ ਨੇ ਪਹਿਲੇ ਚਾਰ ਦੌਰ ’ਚ ਕੋਈ ਸੈੱਟ ਨਹੀਂ ਛੱਡਿਆ ਸੀ। ਸਟਾਰਡੋਬਤਸੇਵਾ ਨੇ ਪਿਛਲੇ ਮਹੀਨੇ ਸੁਮਟਰ (ਅਮਰੀਕਾ) ਦੇ ਵਿੱਚ ਇਸੇ ਤਰ੍ਹਾਂ ਦੇ ਇੱਕ ਟੂਰਨਾਮੈਂਟ ਦੇ ਫਾਈਨਲ ਵਿੱਚ ਭਾਰਤੀ ਟੈਨੇਸ ਖਿਡਾਰੀ ਕਰਮਨ ਥਾਂਦੀ ਨੂੰ ਤਿੰਨ ਸੈੱਟਾਂ ਵਿੱਚ ਹਰਾਇਆ ਸੀ। ਇਸ ਖਿਤਾਬ ਦੇ ਨਾਲ ਕਰਮਨ ਥਾਂਦੀ ਰੈਂਕਿੰਗ ਦੀ ਸੂਚੀ ਵਿੱਚ 51 ਸਥਾਨਾਂ ਦੀ ਛਾਲ ਮਾਰ ਕੇ 210ਵੇਂ ਸਥਾਨ ’ਤੇ ਪਹੁੰਚ ਗਈ। ਉਹ ਅੰਕਿਤਾ ਰੈਨਾ (200) ਤੋਂ ਬਾਅਦ ਹੁਣ ਦੂਜੀ ਸਰਵੋਤਮ ਭਾਰਤੀ ਮੂਲ ਦੀ ਇੰਡੀਅਨ ਟੈਨਿਸ ਖਿਡਾਰਣ ਹੈ।

# ਕਾਲੇ ਮੂਲ ਦੀ ਸ਼ੁਵਾਂਝਾ ਗੌਫ ਵ੍ਹਾਈਟ ਹਾਊਸ ਦੇ ਵਿਧਾਨਿਕ ਮਾਮਲਿਆਂ ਦੀ ਬਣੀ ਡਾਇਰੈਕਟਰ



ਵਾਸ਼ਿੰਗਟਨ : ਹਾਊਸ ਫਲੋਰ ਦੀ ਸਾਬਕਾ ਡਾਇਰੈਕਟਰ ਸ਼ੁਵਾਂਜ਼ਾ ਗੌਫ ਬੀਤੇ ਦਿਨੀਂ ਵ੍ਹਾਈਟ ਹਾਊਸ ਦੇ ਵਿਧਾਨਿਕ ਮਾਮਲਿਆਂ ਦੀ ਡਾਇਰੈਕਟਰ ਵਜੋਂ ਸੇਵਾ ਕਰਨ ਵਾਲੀ ਪਹਿਲੀ ਕਾਲੇ ਮੂਲ ਦੀ ਔਰਤ ਬਣੀ। ਸ਼ੁਵਾਂਜ਼ਾ ਗੌਫ ਰਿਪਬਲਿਕਨਾਂ ਨਾਲ ਕੰਮਕਾਜੀ ਰਿਸ਼ਤਾ ਕਾਇਮ ਰੱਖਦਿਆਂ ਰਾਸ਼ਟਰਪਤੀ ਜੋਅ ਬਾਈਡੇਨ ਦੇ ਏਜੰਡੇ ਨੂੰ ਸਦਨ ਅਤੇ ਸੈਨੇਟ ਵਿੱਚ ਅੱਗੇ ਵਧਣ ’ਚ ਅਹਿਮ ਭੂਮਿਕਾ ਨਿਭਾਏਗੀ। ਜ਼ਿਕਰਯੋਗ ਹੈ ਕਿ ਉਸ ਨੂੰ ਪਹਿਲਾਂ ਵ੍ਹਾਈਟ ਹਾਊਸ ਆਫਿਸ ਆਫ਼ ਲੈਜਿਸਲੇਟਿਵ ਅਫੇਅਰਜ਼ ਦੀ ਡਿਪਟੀ ਡਾਇਰੈਕਟਰ ਨਿਯੁਕਤ ਕੀਤਾ ਗਿਆ ਸੀ ਤੇ ਉਹ ਹਾਊਸ ਆਫ਼ ਰਿਪ੍ਰਜ਼ੈਂਟੇਟਿਵ ਸੀ। ਰਾਸ਼ਟਰਪਤੀ ਬਾਈਡੇਨ ਨੇ ਸੋਮਵਾਰ ਨੂੰ ਇਕ ਬਿਆਨ ਵਿੱਚ ਉਸ ਦੀ ਭੂਮਿਕਾ ਨਿਭਾਉਣ ’ਚ ਉਸ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਵੀ ਕੀਤੀ। ਰਾਸ਼ਟਰਪਤੀ ਬਾਈਡੇਨ ਨੇ ਇਕ ਬਿਆਨ ਵਿੱਚ ਕਿਹਾ, ‘ਸ਼ੁਵਾਂਜ਼ਾ ਇਕ ਸਾਬਤ ਨੇਤਾ ਅਤੇ ਭਰੋਸੇਮੰਦ ਆਵਾਜ਼ ਹੈ। ਉਹ ਕੈਪੀਟਲ ਹਿੱਲ ਵਾਸ਼ਿੰਗਟਨ ਵਿੱਚ ਇਕ ਦਹਾਕੇ ਤੋਂ ਵੱਧ ਸਮੇਂ ਤੋਂ ਦੋਵਾਂ ਚੈਂਬਰਾਂ ਵਿੱਚ ਮਜ਼ਬੂਤ ਸਬੰਧਾਂ ਦੇ ਨਾਲ ਵ ?ਹਾਈਟ ਹਾਊਸ ਵਿੱਚ ਵਾਪਸ ਆਈ ਹੈ। ਹਾਊਸ ਅਤੇ ਸੈਨੇਟ ’ਚ ਦਹਾਕਿਆਂ ਦੇ ਲੰਬੇ ਸਮੇਂ ਵਿੱਚ ਸ਼ੁਵਾਂਜ਼ਾ ਨਜ਼ਦੀਕੀ ਲੋਕਾਂ ਨਾਲ ਭਾਈਵਾਲੀ ਅਤੇ ਸੰਯੁਕਤ ਰਾਜ ਕਾਂਗਰਸ ਲਈ ਉਸ ਦੀ ਮੁਹਾਰਤ, ਪ੍ਰਵਿਰਤੀ ਅਤੇ ਡੂੰਘਾ ਸਤਿਕਾਰ ਸਾਡੇ ਪ੍ਰਸ਼ਾਸਨ ਤੇ ਅਮਰੀਕੀ ਲੋਕਾਂ ਦੀ ਚੰਗੀ ਤਰ੍ਹਾਂ ਸੇਵਾ ਕਰਨਾ ਜਾਰੀ ਰੱਖੇਗੀ।’ ਦੱਸਣਯੋਗ ਹੈ ਕਿ ਗੌਫ ਹਾਊਸ ਫਲੋਰ ਡਾਇਰੈਕਟਰ ਦੀ ਭੂਮਿਕਾ ਨਿਭਾਉਣ ਵਾਲੀ ਪਹਿਲੀ ਕਾਲੀ ਔਰਤ ਵੀ ਸੀ, ਜਿਸ ਨੇ ਬਾਈਡੇਨ ਪ੍ਰਸ਼ਾਸਨ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ 2019 ’ਚ ਇਹ ਅਹੁਦਾ ਸੰਭਾਲਿਆ ਸੀ।




### ਭਾਰਤ ਦੇ ਫ਼ੈਸਲੇ ਨੇ ਅਮਰੀਕਾ 'ਚ ਮਚਾਈ ਤੜਥੱਲੀ

# ਲੱਗਿਆ ਨੋਟਿਸ- ਇਕ ਪਰਿਵਾਰ ਨੂੰ ਮਿਲਣਗੇ ਇਕ ਥੈਲੀ ਚੌਲ




ਵਾਸ਼ਿੰਗਟਨ :ਭਾਰਤ ਸਰਕਾਰ ਵਲੋਂ ਗੈਰ-ਬਾਸਮਤੀ ਚੌਲਾਂ ਦੀ ਬਰਾਮਦ 'ਤੇ ਪਾਬੰਦੀ ਲਾਉਣ ਤੋਂ ਬਾਅਦ ਇਸ ਦਾ ਅਸਰ ਅਮਰੀਕੀ ਬਾਜ਼ਾਰ ਵਿਚ ਦੇਖਣ ਨੂੰ ਮਿਲ ਰਿਹਾ ਹੈ। ਪਾਬੰਦੀ ਲੱਗਣ ਤੋਂ ਬਾਅਦ ਚੌਲ ਖਾਣ ਦੇ ਸ਼ੌਕੀਨ ਲੋਕਾਂ ਨੇ ਇਸ ਦਾ ਭੰਡਾਰਨ ਕਰਨਾ ਸ਼ੁਰੂ ਕਰ ਦਿੱਤਾ ਹੈ, ਜਿਸ ਕਾਰਨ ਚੌਲਾਂ ਦੀਆਂ ਕੀਮਤਾਂ ਵਿਚ ਉਛਾਲ ਵੀ ਆਇਆ ਹੈ। ਅਮਰੀਕਾ ਦੇ ਸਟੋਰਾਂ ਵਿਚ ਚੌਲਾਂ ਦੇ ਬੈਗ ਖਰੀਦਣ ਲਈ ਲਾਈਨਾਂ ਲੱਗ ਰਹੀਆਂ ਹਨ। ਉਥੇ ਹੀ ਸਥਿਤੀ ਨੂੰ ਕਾਬੂ ਵਿਚ ਰੱਖਣ ਅਤੇ ਸਹੀ ਵੰਡ ਨੂੰ ਯਕੀਨੀ ਬਣਾਉਣ ਲਈ, ਬਹੁਤ ਸਾਰੇ ਕਰਿਆਨਾ ਸਟੋਰਾਂ ਨੇ ਚੌਲਾਂ ਦੀਆਂ ਥੈਲੀਆਂ ਦੀ ਗਿਣਤੀ ਸੀਮਤ ਕਰਦੇ ਹੋਏ 'ਪ੍ਰਤੀ ਪਰਿਵਾਰ ਸਿਰਫ ਇੱਕ ਚੌਲਾਂ ਦੀ ਥੈਲੀ' ਦਾ ਨੋਟਿਸ ਲਗਾ ਦਿੱਤਾ ਹੈ। ਹਾਲਾਂਕਿ, ਜਮਾਖੋਰੀ ਨੂੰ ਲੈ ਕੇ ਚਿੰਤਾਵਾਂ ਪੈਦਾ ਹੋ ਗਈਆਂ ਹਨ। ਇਸ ਗੱਲ ਦਾ ਖ਼ਦਸ਼ਾ ਵੱਧ ਗਿਆ ਹੈ ਕਿ ਲੋਕ ਚੌਲਾਂ ਨੂੰ ਸਟੋਰ ਕਰਕੇ ਬਾਅਦ ਵਿਚ ਆਨਲਾਈਨ ਪਲੇਟਫੋਰਮਾਂ ਰਾਹੀਂ ਕਾਫੀ ਉੱਚੀਆਂ ਕੀਮਤਾਂ 'ਤੇ ਵੇਚਣ ਦੀ ਕੋਸ਼ਿਸ਼ ਕਰ ਸਕਦੇ ਹਨ।

ਅਮਰੀਕਾ ਦੇ ਸਟੋਰਾਂ ਦੇ ਕਈ ਵੀਡੀਓਜ਼ ਸਾਹਮਣੇ ਆਈਆਂ ਹਨ ਜਿਥੇ ਚੌਲਾਂ ਦੀਆਂ ਥੈਲੀਆਂ ਖਰੀਦਣ ਲਈ ਲੋਕਾਂ ਦੀ ਭਾਰੀ ਭੀੜ ਉਮੜ ਰਹੀ ਹੈ। ਇਸ ਦਾ ਇਕ ਵੱਡਾ ਕਾਰਨ ਇਹ ਹੈ ਕਿ ਅਮਰੀਕਾ ਵਿਚ ਵੱਡੇ ਪੈਮਾਨੇ 'ਤੇ ਭਾਰਤੀ ਰਹਿੰਦੇ ਹਨ ਅਤੇ ਬਿਨਾਂ ਚੌਲਾਂ ਦੇ ਭਾਰਤੀ ਰਸੋਈ ਅਧੂਰੀ ਹੀ ਮੰਨੀ ਜਾਂਦੀ ਹੈ। ਇਹੀ ਕਾਰਨ ਹੈ ਕਿ ਜਿਵੇਂ ਹੀ ਭਾਰਤ ਦੇ ਗੈਰ-ਬਾਸਮਤੀ ਚੌਲਾਂ ਦੀ ਬਰਾਮਦ 'ਤੇ ਬੈਨ ਦੀ ਖਬਰ ਫੈਲੀ, ਲੋਕ ਸਟੋਰਾਂ ਵੱਲ ਟੁੱਟ ਪਏ ਅਤੇ ਚੌਲਾਂ ਦੀਆਂ ਬੋਰੀਆਂ ਗੱਡੀਆਂ ਵਿਚ ਭਰ ਕੇ ਲਿਜਾਣ ਲੱਗੇ। ਦੱਸਿਆ ਜਾ ਰਿਹਾ ਹੈ ਕਿ ਭਾਰਤ ਦੀ ਇਸ ਪਾਬੰਦੀ ਨਾਲ ਅਮਰੀਕੀ ਸਟੋਰ ਮਾਲਕਾਂ ਦੀ ਚਾਂਦੀ ਹੋ ਗਈ ਹੈ। ਇਹ ਮਨਮਰਜ਼ੀ ਨਾਲ ਚੌਲਾਂ ਦੀਆਂ ਕੀਮਤਾਂ ਵਿਚ ਵਾਧਾ ਕਰ ਕੇ ਖ਼ੂਬ ਮੁਨਾਫਾ ਕਮਾ ਰਹੇ ਹਨ।

ਜ਼ਿਕਰਯੋਗ ਹੈ ਕਿ ਭਾਰਤ ਦੁਨੀਆ ਦੇ 100 ਤੋਂ ਵੱਧ ਦੇਸ਼ਾਂ ਵਿਚ ਚੌਲਾਂ ਦੀ ਬਰਾਮਦ ਕਰਦਾ ਹੈ। ਭਾਰਤ 2012 ਤੋਂ ਚੌਲਾਂ ਦਾ ਸਭ ਤੋਂ ਵੱਡਾ ਬਰਾਮਦਕਾਰ ਰਿਹਾ ਹੈ। ਭਾਰਤ ਦੇ ਇਸ ਕਦਮ ਨਾਲ ਕਈ ਦੇਸ਼ਾਂ ਵਿਚ ਚੌਲਾਂ ਦਾ ਸੰਕਟ ਆ ਸਕਦਾ ਹੈ ਅਤੇ ਕੀਮਤਾਂ ਵਿਚ ਭਾਰੀ ਵਾਧੇ ਦੀਆਂ ਸੰਭਾਵਨਾਵਾਂ ਹਨ। ਕਿਹਾ ਜਾ ਰਿਹਾ ਹੈ ਕਿ ਭਾਰਤ ਸਰਕਾਰ ਕਣਕ ਅਤੇ ਦਾਲਾਂ ਦੀਆਂ ਕੀਮਤਾਂ ਨੂੰ ਕੰਟਰੋਲ ਕਰਨ ਲਈ ਵੀ ਕੁਝ ਹੋਰ ਸਖਤ ਕਦਮ ਚੁੱਕ ਸਕਦੀ ਹੈ।

# ਮਣੀਪੁਰ 'ਚ ਦੋ ਔਰਤਾਂ ਨਾਲ ਹੋਈ ਹੈਵਾਨੀਅਤ ਦੀ ਅਮਰੀਕਾ ਨੇ ਕੀਤੀ ਨਿੰਦਾ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਦੇ ਇਕ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਨੇ ਕਿਹਾ ਹੈ ਕਿ ਮਣੀਪੁਰ ਵਿਚ ਦੋ ਔਰਤਾਂ 'ਤੇ ਹੋਏ ਹਮਲੇ ਦੀ ਵੀਡੀਓ ਤੋਂ ਅਮਰੀਕਾ ਹੈਰਾਨ ਅਤੇ ਪ੍ਰੇਸ਼ਾਨ ਹੈ ਅਤੇ ਉਹਨਾਂ ਦਾ ਦੇਸ਼ ਨਿਆਂ ਦਿਵਾਉਣ ਲਈ ਭਾਰਤ ਸਰਕਾਰ ਦੀਆਂ ਕੋਸ਼ਿਸ਼ਾਂ ਦਾ ਸਮਰਥਨ ਕਰਦਾ ਹੈ। 19 ਜੁਲਾਈ ਨੂੰ ਮਣੀਪੁਰ ਦੇ ਕਾਂਗਪੋਕਪੀ ਜ਼ਿਲੇ ਵਿੱਚ ਭੀੜ ਵੱਲੋਂ ਦੋ ਔਰਤਾਂ ਨੂੰ ਨਿਰਵਸਤਰ ਕਰਕੇ ਘੁੰਮਾਏ ਜਾਣ ਦਾ ਵੀਡੀਓ ਸਾਹਮਣੇ ਆਇਆ ਸੀ, ਜਿਸ ਦੀ ਦੇਸ਼ ਵਿਆਪੀ ਨਿੰਦਾ ਹੋਈ ਸੀ। ਇਹ ਘਟਨਾ 4 ਮਈ ਦੀ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਉਪ ਬੁਲਾਰੇ ਵੇਦਾਂਤ ਪਟੇਲ ਨੇ ਰੋਜ਼ਾਨਾ ਪ੍ਰੈੱਸ ਕਾਨਫਰੰਸ 'ਚ ਕਿਹਾ ਕਿ "ਅਸੀਂ ਮਣੀਪੁਰ 'ਚ ਦੋ ਔਰਤਾਂ 'ਤੇ ਬੇਰਹਿਮੀ ਨਾਲ ਹੋਏ ਹਮਲੇ ਦੀ ਵੀਡੀਓ ਤੋਂ ਹੈਰਾਨ ਅਤੇ ਪਰੇਸ਼ਾਨ ਹਾਂ। ਅਸੀਂ ਲਿੰਗ-ਅਧਾਰਤ ਹਿੰਸਾ ਦੀ ਇਸ ਕਾਰਵਾਈ ਦੀਆਂ ਪੀੜਤ ਔਰਤਾਂ ਨਾਲ ਹਮਦਰਦੀ ਰੱਖਦੇ ਹਾਂ ਅਤੇ ਉਨ੍ਹਾਂ ਨੂੰ ਨਿਆਂ ਦਿਵਾਉਣ ਲਈ ਭਾਰਤ ਸਰਕਾਰ ਦੇ ਯਤਨਾਂ ਦਾ ਸਮਰਥਨ ਕਰਦੇ ਹਾਂ। ਪਟੇਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖ਼ੁਦ ਕਿਹਾ ਹੈ ਕਿ ਔਰਤਾਂ ਵਿਰੁੱਧ ਇਸ ਤਰ੍ਹਾਂ ਦੀ ਹਿੰਸਾ ਕਿਸੇ ਵੀ ਸੱਭਿਅਕ ਸਮਾਜ ਲਈ ਸ਼ਰਮ ਵਾਲੀ ਗੱਲ ਹੈ ਅਤੇ ਜਿਵੇਂ ਕਿ ਅਸੀਂ ਪਹਿਲਾਂ ਕਿਹਾ ਹੈ, ਅਸੀਂ ਮਣੀਪੁਰ ਵਿੱਚ ਹਿੰਸਾ ਦੇ ਸ਼ਾਂਤਮਈ ਅਤੇ ਸਮਾਵੇਸ਼ੀ ਹੱਲ ਨੂੰ ਉਤਸ਼ਾਹਿਤ



ਕਰਦੇ ਹਾਂ ਅਤੇ ਅਧਿਕਾਰੀਆਂ ਨੂੰ ਮਨੁੱਖੀ ਲੋੜਾਂ ਨੂੰ ਪੂਰਾ ਕਰਨ ਅਤੇ ਸਾਰੇ ਸਮੂਹਾਂ ਦੇ ਜੀਵਨ ਅਤੇ ਸੰਪਤੀ ਦੀ ਰੱਖਿਆ ਕਰਨ ਲਈ ਕੰਮ ਕਰਨ ਦਾ ਸੱਦਾ ਦਿੰਦੇ ਹਾਂ। ਪ੍ਰਧਾਨ ਮੰਤਰੀ ਮੋਦੀ ਨੇ ਪਿਛਲੇ ਹਫ਼ਤੇ ਮਨੀਪੁਰ 'ਤੇ ਆਪਣੀ ਪਹਿਲੀ ਜਨਤਕ ਟਿੱਪਣੀ ਕਰਦਿਆਂ ਇਸ ਘਟਨਾ 'ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਇਹ ਘਟਨਾ ਕਿਸੇ ਵੀ ਸੱਭਿਅਕ ਸਮਾਜ ਲਈ ਸ਼ਰਮਨਾਕ ਹੈ ਅਤੇ ਇਸ ਵਹਿਸ਼ੀ ਘਟਨਾ ਦੇ ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ "ਮੇਰਾ ਦਿਲ ਦਰਦ ਅਤੇ ਗੁੱਸੇ ਨਾਲ ਭਰਿਆ ਹੋਇਆ ਹੈ। ਮਣੀਪੁਰ ਵਿੱਚ ਜੋ ਘਟਨਾ ਸਾਹਮਣੇ ਆਈ ਹੈ, ਉਹ ਕਿਸੇ ਵੀ ਸੱਭਿਅਕ ਸਮਾਜ ਨੂੰ ਸ਼ਰਮਸਾਰ ਕਰਨ ਵਾਲੀ ਹੈ। ਪਾਪ ਕਰਨ ਵਾਲੇ, ਅਪਰਾਧ ਕਰਨ ਵਾਲੇ ਕੌਣ ਅਤੇ ਕਿੰਨੇ ਹਨ, ਇਹ ਆਪਣੀ ਜਗ ?ਹਾ ਹੈ... ਪਰ ਪੂਰੇ ਦੇਸ਼ ਦਾ ਅਪਮਾਨ ਹੋ ਰਿਹਾ ਹੈ। 140 ਕਰੋੜ ਦੇਸ਼ਵਾਸੀਆਂ ਨੂੰ ਸ਼ਰਮਸਾਰ ਹੋਣਾ ਪੈ ਰਿਹਾ ਹੈ।" ਇੱਥੇ ਦੱਸ ਦਈਏ ਕਿ ਮਣੀਪੁਰ ਨੇ ਅਨੁਸੂਚਿਤ ਜਨਜਾਤੀ ਦਾ ਦਰਜਾ ਦੇਣ ਦੀ ਮੰਗ ਨੂੰ ਲੈ ਕੇ ਮੇਤੇਈ ਭਾਈਚਾਰੇ ਦੀ ਮੰਗ ਦੇ ਵਿਰੋਧ ਵਿੱਚ 3 ਮਈ ਨੂੰ ਪਹਾੜੀ ਜ਼ਿਲ੍ਹਿਆਂ ਵਿੱਚ 'ਕਬਾਇਲੀ ਏਕਤਾ ਮਾਰਚ' ਆਯੋਜਿਤ ਕੀਤੇ ਜਾਣ ਤੋਂ ਬਾਅਦ ਹੁਣ ਤੱਕ ਰਾਜ ਵਿੱਚ ਨਸਲੀ ਹਿੰਸਾ ਹੋਈ ਹੈ, ਜਿਸ ਵਿਚ 160 ਲੋਕਾਂ ਦੀ ਮੌਤ ਹੋ ਚੁੱਕੀ ਹੈ। ਮਣੀਪੁਰ ਦੀ ਆਬਾਦੀ ਦਾ ਮੀਤੀ ਲਗਭਗ 53 ਪ੍ਰਤੀਸ਼ਤ ਹੈ ਅਤੇ ਮੁੱਖ ਤੌਰ 'ਤੇ ਇੰਫਾਲ ਘਾਟੀ ਵਿੱਚ ਰਹਿੰਦੇ ਹਨ। ਜਦੋਂ ਕਿ ਨਾਗਾ ਅਤੇ ਕੁਕੀ ਵਰਗੇ ਆਦਿਵਾਸੀ ਆਬਾਦੀ ਦਾ 40 ਪ੍ਰਤੀਸ਼ਤ ਬਣਦੇ ਹਨ ਅਤੇ ਜ਼ਿਆਦਾਤਰ ਪਹਾੜੀ ਜ਼ਿਲ੍ਹਿਆਂ ਵਿੱਚ ਰਹਿੰਦੇ ਹਨ। ਇੱਕ ਇੰਟਰਵਿਊ ਵਿੱਚ ਉੱਤਰੀ ਮਣੀਪੁਰ ਕਬਾਇਲੀ ਐਸੋਸੀਏਸ਼ਨ ਦੇ ਪ੍ਰਧਾਨ ਫਲੋਰੈਂਸ ਲੋਵੇ ਨੇ ਕਿਹਾ ਕਿ "ਮੈਂ ਇਸ ਮਾਮਲੇ ਬਾਰੇ ਗੱਲ ਕਰਦਿਆਂ ਥੱਕ ਗਈ ਹਾਂ ਅਸੀਂ ਕੀ ਕਰ ਸਕਦੇ ਹਾਂ ? ਭਾਰਤ ਵਿੱਚ ਇਸ ਦਾ ਇੱਕ ਬਹੁਤ ਹੀ ਸਰਲ ਹੱਲ ਹੈ, ਜੋ ਕਿ ਰਾਸ਼ਟਰਪਤੀ ਰਾਜ ਹੈ। ਸਰਕਾਰ ਨੇ ਆਪਣੇ ਕੁਝ ਕਾਰਨਾਂ ਕਰਕੇ ਕੁਝ ਨਾ ਕਰਨ ਜਾਂ ਕਹਿਣ ਦਾ ਫ਼ੈਸਲਾ ਕੀਤਾ ਹੈ।" ਫਲੋਰੈਂਸ ਉੱਤਰ ਪ੍ਰਦੇਸ਼ ਕੇਡਰ ਦੇ ਸਾਬਕਾ ਭਾਰਤੀ ਪੁਲਸ ਸੇਵਾ ਅਧਿਕਾਰੀ ਦੀ ਧੀ ਹੈ।

# ਕਾਮੇਡੀ ਕਲਾਕਾਰ ਚਾਰਲੀ ਚੈਪਲਿਨ ਦੀ ਧੀ ਜੋਸੇਫਿਨ ਦਾ 74 ਸਾਲ ਦੀ ਉਮਰ 'ਚ ਦੇਹਾਂਤ

ਵਾਸ਼ਿੰਗਟਨ ਡੀਸੀ : ਦੁਨੀਆ ਭਰ ਵਿੱਚ ਵਿਲੱਖਣ ਕਾਮੇਡੀ ਕਲਾਕਾਰ ਚਾਰਲੀ ਚੈਪਲਿਨ ਦੀ ਧੀ ਅਤੇ ਅਦਾਕਾਰ ਜੋਸੇਫਿਨ ਚੈਪਲਿਨ ਦਾ 74 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਉਨ੍ਹਾਂ ਦੀ ਮੌਤ 13 ਜੁਲਾਈ ਨੂੰ ਪੈਰਿਸ ਵਿੱਚ ਹੋਈ। 28 ਮਾਰਚ 1949 ਨੂੰ ਸੈਂਟਾ ਮੋਨਿਕਾ ਕੈਲੀਫੋਰਨੀਆ ਵਿੱਚ ਪੈਦਾ ਹੋਈ, ਜੋਸਫਿਨ ਚੈਪਲਿਨ ਚਾਰਲੀ ਚੈਪਲਿਨ ਅਤੇ ਓਨਾ ਓ'ਨੀਲ ਦੇ ਜਨਮੇ ਅੱਠ ਬੱਚਿਆਂ ਵਿੱਚੋਂ ਤੀਜੇ ਨੰਬਰ 'ਤੇ ਸੀ। ਉਸ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਛੋਟੀ ਉਮਰ ਵਿੱਚ ਆਪਣੇ ਪਿਤਾ ਦੀ 1952 ਦੀ ਫਿਲਮ 'ਲਾਈਮਲਾਈਟ' ਤੋਂ ਕੀਤੀ ਸੀ। ਉਸ ਦੇ ਪਰਿਵਾਰ ਵਿੱਚ ਤਿੰਨ ਪੁੱਤਰ ਚਾਰਲੀ, ਆਰਥਰ ਅਤੇ ਜੂਲੀਅਨ ਰੋਨੇਟ ਹਨ।



American Freight Corp.

ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ

ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)

ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ

ਡਰਾਈਵਰਾਂ ਦੀ ਜ਼ਰੂਰਤ ਹੈ
Need Team & Solo Driver
With 2 Year Experience




(209) 405-1544

127 Darcy Parkway, Lathrop, CA 95330

# BASRA
## Heating & Air Conditioning

ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

ਤੁਹਾਡੇ ਢੇਰ ਸਾਰੇ ਪੈਸੇ




Reasonable price first class work ਅਤੇ

100% ਗਰੰਟੀ

Basra Heating & Air Conditioning has trained technicians and the right equipment to solve the problem fast and at a reasonable price.

**AC REPAIR**

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

**Thermostat Concerns**

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



**From Basra Heating & Air Conditioning**

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

ਹੋਰ ਜਾਣਕਾਰੀ ਲਈ ਕਾਲ ਕਰੋ

ਸ. ਰਜਿੰਦਰ ਸਿੰਘ ਬਸਰਾ (209) 834-6188

Address: 231 Portico Ln, Tracy, CA 95377

*ਪੈਂਟਾਗਨ ਦਾ ਖੁਲਾਸਾ*

# ਯੂਕ੍ਰੇਨ ਦੀ ਬਲੈਕ ਮਾਰਕਿਟ 'ਚ ਵੇਚੇ ਜਾ ਰਹੇ ਹਨ ਅਮਰੀਕੀ ਫੌਜੀ ਹਥਿਆਰ



ਵਾਸ਼ਿੰਗਟਨ - ਅਮਰੀਕਾ ਤੋਂ ਯੂਕ੍ਰੇਨ ਭੇਜੇ ਗਏ ਕਈ ਫੌਜੀ ਹਥਿਆਰ ਅਪਰਾਧੀਆਂ ਦੇ ਹੱਥ ਲੱਗ ਚੁੱਕੇ ਹਨ। ਇੰਨਾ ਹੀ ਨਹੀਂ ਹੁਣ ਇਹ ਹਥਿਆਰ ਯੂਕ੍ਰੇਨ ਦੀ ਬਲੈਕ ਮਾਰਕਿਟ 'ਚ ਵੇਚੇ ਜਾ ਰਹੇ ਹਨ। ਇਸ ਦਾ ਖੁਲਾਸਾ ਸਭ ਤੋਂ ਪਹਿਲਾਂ ਇਸ ਸਾਲ ਦੇ ਸ਼ੁਰੂ ਵਿੱਚ ਅਮਰੀਕੀ ਖੋਜੀ ਪੱਤਰਕਾਰ ਸੀਮੌਰ ਹਰਸ਼ ਵੱਲੋਂ ਕੀਤਾ ਗਿਆ ਸੀ, ਜਿਸ ਨੇ ਦੱਸਿਆ ਸੀ ਕਿ ਪੱਛਮੀ ਦੇਸ਼ਾਂ ਨੂੰ ਪਤਾ ਹੈ ਕਿ ਉਸਨੇ ਯੂਕ੍ਰੇਨ ਨੂੰ ਜੋ ਹਥਿਆਰ ਸਪਲਾਈ ਕੀਤੇ ਸਨ, ਉਹ ਬਲੈਕ ਮਾਰਕਿਟ ਵਿੱਚ ਵੇਚੇ ਜਾ ਰਹੇ ਹਨ। ਹੁਣ ਅਮਰੀਕੀ ਰੱਖਿਆ ਮੰਤਰਾਲਾ ਪੈਂਟਾਗਨ ਨੇ ਵੀ ਬਲੈਕ ਮਾਰਕਿਟ 'ਚ ਅਮਰੀਕੀ ਹਥਿਆਰਾਂ ਦੀ ਵਿਕਰੀ ਦੀ ਪੁਸ਼ਟੀ ਕੀਤੀ ਹੈ। ਪੈਂਟਾਗਨ ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ, ਇੱਕ ਅਮਰੀਕੀ ਮਿਲਟਰੀ ਸਮਾਚਾਰ ਆਊਟਲੈੱਟ ਨੇ ਦਾਅਵਾ ਕੀਤਾ ਹੈ ਕਿ ਯੂਕ੍ਰੇਨੀ ਫੌਜਾਂ ਲਈ ਪੱਛਮੀ ਦੇਸ਼ਾਂ ਤੋਂ ਮਿਲੇ ਕੁਝ ਹਥਿਆਰ ਅਤੇ ਉਪਕਰਣਾਂ ਨੂੰ ਪਿਛਲੇ ਸਾਲ ਤਸਕਰਾਂ, ਅਪਰਾਧੀਆਂ ਅਤੇ ਵਾਲੰਟੀਅਰ ਫਾਈਟਰਾਂ ਨੇ ਚੋਰੀ ਕਰ ਲਿਆ ਸੀ। ਅਮਰੀਕਾ ਦੇ ਇਸ ਖੁਲਾਸੇ ਨੇ ਨਾਟੋ ਦੇਸ਼ਾਂ ਵਿੱਚ ਹਲਚਲ ਮਚਾ ਦਿੱਤੀ ਹੈ। ਆਊਟਲੈੱਟ ਨੇ ਪੈਂਟਾਗਨ ਦੇ ਇੰਸਪੈਕਟਰ ਜਨਰਲ (ਆਈਜੀ) ਦੀ ਰਿਪੋਰਟ ਦਾ ਹਵਾਲੇ ਨਾਲ ਯੂਕ੍ਰੇਨ ਵਿੱਚ ਅਮਰੀਕੀ ਹਥਿਆਰਾਂ ਦੀ ਤਸਕਰੀ ਦਾ ਖੁਲਾਸਾ ਕੀਤਾ ਹੈ। ਇੰਸਪੈਕਟਰ ਜਨਰਲ ਨੇ ਆਪਣੀ ਜਾਂਚ ਵਿਚ ਕਿਹਾ ਹੈ ਕਿ ਫਰਵਰੀ 2022 ਤੋਂ ਸਤੰਬਰ 2022 ਦਰਮਿਆਨ ਭੇਜੇ ਗਏ ਕੁੱਝ ਹਥਿਆਰ ਯੂਕ੍ਰੇਨੀ ਫ਼ੌਜ ਤੱਕ ਨਹੀਂ ਪੁੱਜੇ। ਪੈਂਟਾਗਨ ਵਿਚ ਡਿਫੈਂਸ ਪਾਲਿਸੀ ਦੇ ਸਾਬਕਾ ਅੰਡਰ ਸੈਕਰੇਟਰੀ ਨੇ ਕਿਹਾ ਹੈ ਕਿ ਅਮਰੀਕੀ ਸਰਕਾਰ ਨੇ ਫ਼ੈਸਲਾ ਕੀਤਾ ਹੈ ਕਿ ਉਹ ਖ਼ੁਦ ਯੂਕ੍ਰੇਨ ਵਿਚ ਮੋਰਚੇ 'ਤੇ ਹਥਿਆਰਾਂ ਦੇ ਡਿਪੋ ਦੇ ਆਨਸਾਈਟ ਇੰਸਪੈਕਸ਼ਨ ਦਾ ਜ਼ਿੰਮਾ ਸੰਭਾਲੇਗੀ।

# ਅਮਰੀਕਾ 'ਚ ਭਾਰਤੀ ਮੂਲ ਦੇ ਦੋ ਵਿਅਕਤੀਆਂ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਦੋਸ਼ ਕੀਤਾ ਸਵੀਕਾਰ




ਨਿਊਯਾਰਕ : ਭਾਰਤੀ ਮੂਲ ਦੇ ਦੋ ਵਿਅਕਤੀਆਂ ਨੇ ਅਮਰੀਕਾ ਦੇ ਦੱਖਣ-ਪੱਛਮੀ ਸ਼ਹਿਰ ਵਿੱਚ ਇੱਕ ਮੋਟਲ ਤੋਂ ਚੱਲ ਰਹੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਕਾਰੋਬਾਰ ਅਤੇ ਹਥਿਆਰਾਂ ਦੇ ਦੋਸ਼ਾਂ ਨੂੰ ਸਵੀਕਾਰ ਕੀਤਾ ਹੈ। ਨਿਊ ਮੈਕਸੀਕੋ ਦੇ ਅਟਾਰਨੀ ਦਫਤਰ ਦੁਆਰਾ ਜਾਰੀ ਕੀਤੀ ਗਈ ਇੱਕ ਰੀਲੀਜ਼ ਵਿੱਚ ਕਿਹਾ ਗਿਆ ਕਿ ਕਮਲ ਭੂਲਾ (44) ਅਤੇ ਪ੍ਰਗਨੇਸ਼ਕੁਮਾਰ (36) 'ਪੀਟ' ਪਟੇਲ ਨੂੰ ਨਿਊ ਮੈਕਸੀਕੋ ਦੇ ਅਲਬੂਕਰਕ ਸ਼ਹਿਰ ਵਿੱਚ ਨਸ਼ੀਲੇ ਪਦਾਰਥਾਂ ਨਾਲ ਜੁੜੇ ਇੱਕ ਕੰਪਲੈਕਸ ਨੂੰ ਕਾਇਮ ਰੱਖਣ ਲਈ ਇੱਕ-ਇੱਕ ਮਾਮਲੇ ਵਿਚ ਦੋਸ਼ੀ ਠਹਿਰਾਇਆ ਗਿਆ।

ਭੁੱਲਾ ਅਤੇ ਪਟੇਲ ਦੇ ਨਾਲ ਉਨ੍ਹਾਂ ਦੇ ਸਾਥੀ ਜੋਨਾਥਨ ਕ੍ਰਾਫਟ ਨੂੰ ਵੀ ਸਾਜ਼ਿਸ਼ ਰਚਣ ਅਤੇ ਹਥਿਆਰ ਜਾਂ ਗੋਲਾ-ਬਾਰੂਦ ਰੱਖਣ ਲਈ ਦੋਸ਼ੀ ਠਹਿਰਾਇਆ ਗਿਆ। ਭੂਲਾ ਅਤੇ ਕ੍ਰਾਫਟ, ਜਿਨ੍ਹਾਂ ਨੂੰ 2019 ਵਿੱਚ ਇੱਕ ਸੰਘੀ ਗ੍ਰੈਂਡ ਜਿਊਰੀ ਦੁਆਰਾ ਦੋਸ਼ੀ ਠਹਿਰਾਇਆ ਗਿਆ ਸੀ, ਸਜ਼ਾ ਸੁਣਾਏ ਜਾਣ ਤੱਕ ਹਿਰਾਸਤ ਵਿੱਚ ਰਹਿਣਗੇ। ਅਦਾਲਤੀ ਰਿਕਾਰਡਾਂ ਦੇ ਅਨੁਸਾਰ ਪਟੇਲ 7640 ਸੈਂਟਰਲ ਐਵੇਨਿਊ SE ਵਿਖੇ ਬੈਸਟ ਚੁਆਇਸ ਇਨ ਦਾ ਮਾਲਕ ਸੀ ਅਤੇ ਸਤੰਬਰ 2017 ਤੋਂ ਮਾਰਚ 2018 ਤੱਕ ਉਹ ਆਨ-ਸਾਈਟ ਮੈਨੇਜਰ ਸੀ, ਜਦੋਂਕਿ ਭੁੱਲਾ ਨੇ ਪਟੇਲ ਤੋਂ ਜਾਇਦਾਦ ਲੀਜ਼ 'ਤੇ ਲਈ ਅਤੇ ਆਨ-ਸਾਈਟ ਮੈਨੇਜਰ ਦਾ ਅਹੁਦਾ ਸੰਭਾਲ ਲਿਆ। ਕ੍ਰਾਫਟ ਬੈਸਟ ਚੁਆਇਸ ਇਨ ਵਿੱਚ ਰਹਿੰਦਾ ਸੀ ਅਤੇ ਕੰਮ ਕਰਦਾ ਸੀ, ਜਦੋਂਕਿ ਭੁੱਲਾ ਦੂਰ ਸੀ ਤਾਂ ਇੰਚਾਰਜ ਹੋਣ ਦਾ ਦਾਅਵਾ ਕਰਦਾ ਸੀ।

ਕ੍ਰਾਫਟ ਨੇ ਆਪਣੇ ਕਮਰੇ ਵਿੱਚ ਨਸ਼ੀਲੇ ਪਦਾਰਥ ਵੇਚੇ, ਦੂਜਿਆਂ ਨੂੰ ਅਜਿਹਾ ਕਰਨ ਦੀ ਇਜਾਜ਼ਤ ਦਿੱਤੀ ਅਤੇ ਵਿਅਕਤੀਆਂ ਨੂੰ ਕੰਪਲੈਕਸ ਵਿੱਚ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਦੀ ਇਜਾਜ਼ਤ ਦਿੱਤੀ ਅਤੇ ਉਸ ਕੋਲ ਗੈਰ-ਕਾਨੂੰਨੀ ਤੌਰ 'ਤੇ ਹਥਿਆਰ ਵੀ ਸਨ। ਭੁੱਲਾ ਅਤੇ ਪਟੇਲ ਨੇ ਮੋਟਲ 'ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੀ ਇਜਾਜ਼ਤ ਦਿੱਤੀ ਅਤੇ ਨਿੱਜੀ ਤੌਰ 'ਤੇ ਉਨ੍ਹਾਂ ਲੋਕਾਂ ਤੋਂ ਲਾਭ ਉਠਾਇਆ ਜੋ ਅਹਾਤੇ 'ਤੇ ਨਿਯੰਤਰਿਤ ਪਦਾਰਥਾਂ ਦੀ ਵਰਤੋਂ ਕਰਦੇ ਸਨ। ਭੁੱਲਾ, ਕ੍ਰਾਫਟ ਅਤੇ ਪਟੇਲ ਨੂੰ 20 ਸਾਲ ਤੱਕ ਦੀ ਕੈਦ ਹੋ ਸਕਦੀ ਹੈ। ਡਰੱਗ ਇਨਫੋਰਸਮੈਂਟ ਏਜੰਸੀ ਅਨੁਸਾਰ 18 ਜੂਨ, 2019 ਨੂੰ 50 ਤੋਂ ਵੱਧ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੇ ਹਾਲ ਹੀ ਵਿੱਚ ਓਵਰਡੋਜ਼ ਨਾਲ ਹੋਈਆਂ ਮੌਤਾਂ ਦੀਆਂ ਕਈ ਰਿਪੋਰਟਾਂ ਤੋਂ ਬਾਅਦ ਬੈਸਟ ਚੁਆਇਸ ਇਨ 'ਤੇ ਛਾਪਾ ਮਾਰਿਆ ਸੀ। ਭੁੱਲਾ ਅਤੇ ਕ੍ਰਾਫਟ ਉਨ੍ਹਾਂ ਪੰਜ ਲੋਕਾਂ ਵਿੱਚ ਸ਼ਾਮਲ ਸਨ, ਜਿਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ 'ਤੇ ਸਾਜ਼ਿਸ਼ ਰਚਣ, ਮਨੀ ਲਾਂਡਰਿੰਗ, ਸੈਕਸ ਤਸਕਰੀ, ਰੈਕੇਟਰਿੰਗ ਅਤੇ ਵੱਖ-ਵੱਖ ਨਸ਼ੀਲੇ ਪਦਾਰਥਾਂ ਦੇ ਦੋਸ਼ ਲਗਾਏ ਗਏ ਸਨ।

# ਆਸਟਰੇਲੀਆ ਲੱਖਾਂ ਡਾਲਰ ਦੀ ਕੀਮਤ ਚ ਅਮਰੀਕਾ ਤੋਂ ਖਰੀਦੇਗਾ 20 ਸੀ-130 ਹਰਕਿਊਲਿਸ ਜਹਾਜ਼



ਕੈਨਬਰਾ : ਆਸਟਰੇਲੀਆ ਸੁਰੱਖਿਆ ਚਿੰਤਾਵਾਂ ਦੇ ਮੱਦੇਨਜ਼ਰ 9.8 ਬਿਲੀਅਨ ਆਸਟਰੇਲੀਆਈ ਡਾਲਰ (6.6 ਬਿਲੀਅਨ ਡਾਲਰ) ਦੇ ਸੌਦੇ ਵਿੱਚ ਅਮਰੀਕਾ ਤੋਂ 20 ਨਵੇਂ ਸੀ-130 ਹਰਕਿਊਲਸ ਖਰੀਦੇਗਾ, ਜੋ ਆਸਟ ?ਰੇਲੀਆਈ ਹਵਾਈ ਸੈਨਾ ਦੇ ਦੂਜੇ ਸਭ ਤੋਂ ਵੱਡੇ ਭਾਰੀ ਆਵਾਜਾਈ ਜਹਾਜ਼ਾਂ ਦੇ ਬੇੜੇ ਦੇ ਆਕਾਰ ਵਿਚ ਦੋ ਤਿਹਾਈ ਵਾਧਾ ਕਰੇਗਾ। ਸੋਮਵਾਰ ਨੂੰ ਇਸ ਸਬੰਧੀ ਜਾਣਕਾਰੀ ਦਿੱਤੀ ਗਈ। ਇਹ ਘੋਸ਼ਣਾ ਪਿਛਲੇ ਸਾਲ ਅਮਰੀਕੀ ਕਾਂਗਰਸ ਦੁਆਰਾ ਲਾਕਹੀਡ ਮਾਰਟਿਨ ਨਿਰਮਿਤ ਪ੍ਰੋਪੈਲਰ-ਚਾਲਿਤ 24 ਜਹਾਜ਼ਾਂ ਦੀ ਇੱਕ ਵੱਡੀ ਵਿਕਰੀ ਦੀ ਮਨਜ਼ੂਰੀ ਤੋਂ ਬਾਅਦ ਹੈ।

ਆਮਰੀਕਾ ਅਤੇ ਆਸਟਰੇਲੀਆ ਵਰਤਮਾਨ ਵਿੱਚ ਆਸਟਰੇਲੀਆਈ ਤੱਟ ਦੇ ਨਾਲ ਆਪਣੇ ਦੋ-ਸਾਲਾ ਤਾਲਿਸਮੈਨ ਸਾਬਰ ਫੌਜੀ ਅਭਿਆਸ ਦਾ ਆਯੋਜਨ ਕਰ ਰਹੇ ਹਨ, ਜਿਸ ਵਿੱਚ ਇਸ ਸਾਲ 13 ਦੇਸ਼ ਅਤੇ 30,000 ਤੋਂ ਵੱਧ ਕਰਮਚਾਰੀ ਸ਼ਾਮਲ ਹਨ ਕਿਉਂਕਿ ਤੇਜ਼ੀ ਨਾਲ ਚੀਨ ਦੇ ਵੱਧ ਰਹੇ ਦਬਦਬੇ ਨੂੰ ਲੈ ਕੇ ਵਿਸ਼ਵਵਿਆਪੀ ਚਿੰਤਾਵਾਂ ਤੇਜ਼ ਹੋ ਰਹੀਆਂ ਹਨ। ਰੱਖਿਆ ਉਦਯੋਗ ਮੰਤਰੀ ਪੈਟ ਕੋਨਰੋਏ ਨੇ ਕਿਹਾ ਕਿ ਨਵੇਂ ਚਾਰ ਇੰਜਣਾਂ ਵਾਲੇ ਹਰਕਿਊਲਸ ਵਿੱਚੋਂ ਪਹਿਲਾ 2027 ਵਿੱਚ ਡਿਲੀਵਰ ਕੀਤੇ ਜਾਣ ਦੀ ਉਮੀਦ ਹੈ ਅਤੇ ਨਵਾਂ ਜਹਾਜ਼ ਆਖਰਕਾਰ ਸਿਡਨੀ ਨੇੜੇ RAAF ਬੇਸ ਰਿਚਮੰਡ ਤੋਂ ਰਾਇਲ ਆਸਟਰੇਲੀਅਨ ਏਅਰ ਫੋਰਸ ਦੁਆਰਾ ਚਲਾਏ ਜਾ ਰਹੇ 12 ਹਰਕੂਲਸ ਦੇ ਫਲੀਟ ਦੀ ਥਾਂ ਲਵੇਗਾ। ਕੋਨਰੋਏ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਖਰੀਦ 'ਫਲੀਟ ਨੂੰ ਲਗਭਗ ਦੁੱਗਣਾ ਕਰ ਦੇਵੇਗੀ ਅਤੇ ਰਾਇਲ ਆਸਟ ?ਰੇਲੀਅਨ ਏਅਰ ਫੋਰਸ ਲਈ ਗਤੀਸ਼ੀਲਤਾ ਅਤੇ ਆਵਾਜਾਈ ਵਿੱਚ ਸਮਰੱਥਾ ਵਿੱਚ ਵਾਧਾ ਹੋਵੇਗਾ।'

ਆਸਟਰੇਲੀਆਈ ਹਵਾਈ ਸੈਨਾ ਅੱਠ ਵੱਡੇ ਬੋਇੰਗ C-17A ਗਲੋਬਮਾਸਟਰ ਹੈਵੀ ਟਰਾਂਸਪੋਰਟ ਜੈੱਟ ਜਹਾਜ਼ਾਂ ਦਾ ਸੰਚਾਲਨ ਵੀ ਕਰਦੀ ਹੈ। ਇਸ ਸੌਦੇ ਦੀ ਪੁਸ਼ਟੀ ਅਮਰੀਕੀ ਰੱਖਿਆ ਸਕੱਤਰ ਲੋਇਡ ਔਸਟਿਨ ਅਤੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਦੇ ਆਸਟਰੇਲੀਆ ਦੌਰੇ ਤੋਂ ਪਹਿਲਾਂ ਕੀਤੀ ਗਈ। ਦੋ ਮਹੀਨਿਆਂ ਤੋਂ ਵੀ ਘੱਟ ਸਮੇਂ ਵਿੱਚ ਬਲਿੰਕੇਨ ਦੀ ਏਸ਼ੀਆ ਦੀ ਇਹ ਤੀਜੀ ਯਾਤਰਾ ਹੈ, ਜੋ ਖੇਤਰ ਵਿੱਚ ਵਧ ਰਹੇ ਚੀਨੀ ਪ੍ਰਭਾਵ ਦਾ ਮੁਕਾਬਲਾ ਕਰਨ ਲਈ ਅਮਰੀਕਾ ਦੇ ਯਤਨਾਂ ਨੂੰ ਉਜਾਗਰ ਕਰਦੀ ਹੈ। ਆਸਟਰੇਲੀਅਨ ਨਿਰਮਾਤਾ ਔਸਟਲ ਦੁਆਰਾ ਬਣਾਇਆ ਗਿਆ ਸੁਤੰਤਰਤਾ-ਵੇਰੀਐਂਟ ਲਿਟੋਰਲ ਲੜਾਕੂ ਜਹਾਜ਼, ਵਿਦੇਸ਼ੀ ਬੰਦਰਗਾਹ ਵਿੱਚ ਚਾਲੂ ਹੋਣ ਵਾਲਾ ਪਹਿਲਾ ਅਮਰੀਕੀ ਜੰਗੀ ਜਹਾਜ਼ ਬਣ ਗਿਆ। ਜ਼ਿਕਰਯੋਗ ਹੈ ਕਿ ਸੋਲੋਮਨ ਇਕ ਵਾਰ ਫਿਰ ਅਮਰੀਕਾ ਅਤੇ ਉਸ ਦੇ ਸਹਿਯੋਗੀਆਂ ਲਈ ਸੁਰੱਖਿਆ ਚਿੰਤਾ ਦਾ ਵਿਸ਼ਾ ਹੈ, ਜਿਸ 'ਤੇ ਹਾਲ ਹੀ ਵਿਚ ਦੱਖਣੀ ਪ੍ਰਸ਼ਾਂਤ ਦੇਸ਼ ਨੇ ਚੀਨ ਨਾਲ ਹਸਤਾਖਰ ਕੀਤੇ ਹਨ।

# ਸਿੱਖ ਨੌਜਵਾਨ ਨੂੰ ਮੌਤ ਮਗਰੋਂ ਮਿਲਿਆ ਕਾਰਨੇਗੀ ਹੀਰੋ ਐਵਾਰਡ


*8 ਸਾਲਾ ਅਮਰੀਕੀ ਬੱਚੀ ਨੂੰ ਬਚਾਉਂਦਿਆਂ ਗਵਾਈ ਸੀ ਜਾਨ*

ਸੈਨ ਫਰਾਂਸਿਸਕੋ : ਕੈਲੀਫੋਰਨੀਆ ਵਿੱਚ 2020 ਵਿੱਚ 8 ਸਾਲਾ ਬੱਚੀ ਨੂੰ ਬਚਾਉਣ ਦੀ ਕੋਸ਼ਿਸ਼ ਵਿੱਚ ਮਾਰੇ ਗਏ 31 ਸਾਲਾ ਸਿੱਖ ਕਿਸਾਨ ਨੂੰ ਨਾਗਰਿਕ ਬਹਾਦਰੀ ਲਈ ਉੱਤਰੀ ਅਮਰੀਕਾ ਦੇ ਸਰਵਉੱਚ ਸਨਮਾਨ ਕਾਰਨੇਗੀ ਹੀਰੋ ਐਵਾਰਡ ਨਾਲ ਨਿਵਾਜਿਆ ਗਿਆ ਹੈ। ਫਰਿਜ਼ਨੋ ਦੇ ਮਨਜੀਤ ਸਿੰਘ ਦੀ 5 ਅਗਸਤ 2020 ਨੂੰ ਰੀਡਲੇ ਵਿੱਚ ਕਿੰਗਜ਼ ਰਿਵਰ ਤੋਂ ਸਮੰਥਾ ਕਰੂਜ਼ ਪੇਡਰੋ ਨੂੰ ਬਚਾਉਣ ਦੀ ਕੋਸ਼ਿਸ਼



ਕਰਦੇ ਹੋਏ ਮੌਤ ਹੋ ਗਈ ਸੀ। ਪੇਡਰੋ ਨੂੰ ਤੈਰਨ ਲਈ ਸੰਘਰਸ਼ ਕਰਨਾ ਪਿਆ, ਕਿਉਂਕਿ ਉਹ ਨਦੀ ਵਿੱਚ ਖੇਡ ਰਹੇ ਬੱਚਿਆਂ ਦੇ ਇੱਕ ਸਮੂਹ ਤੋਂ ਵੱਖ ਹੋ ਗਈ ਸੀ ਅਤੇ ਤੇਜ਼ ਵਹਾ ਉਸਨੂੰ ਹੇਠਾਂ ਵੱਲ ਲੈ ਗਿਆ। ਤੈਰਾਕੀ ਦੀ ਜਾਣਕਾਰੀ ਨਾ ਹੋਣ ਦੇ ਬਾਵਜੂਦ ਮਨਜੀਤ ਸਿੰਘ ਬੱਚੀ ਨੂੰ ਬਚਾਉਣ ਲਈ ਨਦੀ ਵਿੱਚ ਉਤਰ ਗਏ। ਉਨ੍ਹਾਂ ਨੇ ਆਪਣੀ ਪੱਗ ਉਤਾਰੀ ਅਤੇ ਇਸ ਨੂੰ ਜੀਵਨ ਰੇਖਾ ਵਜੋਂ ਵਰਤਣ ਦੀ ਕੋਸ਼ਿਸ਼ ਕੀਤੀ ਅਤੇ ਉਹ ਛੋਟੀ ਕੁੜੀ ਦੀ ਮਦਦ ਕਰਨ ਦੀ ਕੋਸ਼ਿਸ਼ ਕਰਨ ਲਈ ਆਪਣੀ ਗਰਦਨ ਤੱਕ ਪਾਣੀ ਵਿੱਚ ਚਲੇ ਗਏ।


ਇਸ ਤੋਂ ਥੋੜ੍ਹੀ ਦੇਰ ਬਾਅਦ, ਉਹ ਡੁੱਬ ਗਏ ਅਤੇ ਹਫੜਾ-ਦਫੜੀ ਵਿਚ ਮੌਕੇ 'ਤੇ ਮੌਜੂਦ ਲੋਕਾਂ ਦੀ ਨਜ਼ਰ ਉਨ੍ਹਾਂ 'ਤੇ ਨਹੀਂ ਪਈ। ਇੱਕ ਆਦਮੀ ਨੇ ਪੇਡਰੋ ਦਾ ਪਤਾ ਲਗਾਇਆ ਅਤੇ ਉਸਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ 6 ਦਿਨਾਂ ਬਾਅਦ ਉਸ ਦੀ ਮੌਤ ਹੋ ਗਈ।



ਬਾਅਦ ਵਿਚ ਸਿੰਘ ਨੂੰ ਨਦੀ ਵਿਚੋਂ ਬਾਹਰ ਕੱਢਿਆ ਗਿਆ ਅਤੇ ਉਨ੍ਹਾਂ ਨੂੰ ਮੁੜ ਸੁਰਜੀਤ ਕਰਨ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫ਼ਲ ਰਹੀਆਂ। ਕਾਰਨੇਗੀ ਮੈਡਲ ਪੂਰੇ ਅਮਰੀਕਾ ਅਤੇ ਕੈਨੇਡਾ ਵਿੱਚ ਉਹਨਾਂ ਲੋਕਾਂ ਨੂੰ ਦਿੱਤਾ ਜਾਂਦਾ ਹੈ ਜੋ ਦੂਜਿਆਂ ਦੀਆਂ ਜਾਨਾਂ ਬਚਾਉਣ ਜਾਂ ਬਚਾਉਣ ਦੀ ਕੋਸ਼ਿਸ਼ ਕਰਦੇ ਹੋਏ ਬਹੁਤ ਜ਼ਿਆਦਾ ਖ਼ਤਰੇ ਵਿੱਚ ਪੈ ਜਾਂਦੇ ਹਨ। 1904 ਵਿੱਚ ਪਿਟਸਬਰਗ-ਅਧਾਰਿਤ ਫੰਡ ਦੀ ਸ਼ੁਰੂਆਤ ਤੋਂ ਹੁਣ ਤੱਕ 10,371 ਵਿਅਕਤੀਆਂ ਨੂੰ ਕਾਰਨੇਗੀ ਮੈਡਲ ਦਿੱਤਾ ਜਾ ਚੁੱਕਾ ਹੈ।

# ਅਮਰੀਕਾ ਦੇ ਫੀਨਿਕਸ ਏਅਰਪੋਰਟ ਨੇੜੇ ਲੱਗੀ ਭਿਆਨਕ ਅੱਗ

ਵਾਸ਼ਿੰਗਟਨ : ਅਮਰੀਕਾ ਦੇ ਐਰੀਜ਼ੋਨਾ ਸੂਬੇ ਦੇ ਫੀਨਿਕਸ ਸਕਾਈ ਹਾਰਬਰ ਕੌਮਾਂਤਰੀ ਹਵਾਈ ਅੱਡੇ ਨੇੜੇ ਪ੍ਰੋਪੇਨ ਟੈਂਕਾਂ ਵਿਚ ਧਮਾਕੇ ਕਾਰਨ ਭਿਆਨਕ ਅੱਗ ਲੱਗ ਗਈ। ਰਾਹਤ ਦੀ ਗੱਲ ਇਹ ਹੈ ਕਿ ਇਸ ਹਾਦਸੇ ਵਿੱਚ ਕਿਸੇ ਜਾਨੀ ਨੁਕਸਾਨ ਦੀ ਕੋਈ ਖਬਰ ਨਹੀਂ ਹੈ। ਫੀਨਿਕਸ ਫਾਇਰ ਡਿਪਾਰਟਮੈਂਟ ਨੇ ਵੀਰਵਾਰ ਸ਼ਾਮ ਨੂੰ ਜਾਰੀ ਕੀਤੀ ਇੱਕ ਰਿਪੋਰਟ ਵਿੱਚ ਕਿਹਾ ਕਿ 100 ਤੋਂ ਵੱਧ ਫਾਇਰਫਾਈਟਰ ਅੱਗ 'ਤੇ ਕਾਬੂ ਪਾਉਣ ਲਈ ਸਖ਼ਤ ਮਿਹਨਤ ਕਰ ਰਹੇ ਹਨ। ਇਸ ਘਟਨਾ ਵਿੱਚ ਕਿਸੇ ਜਾਨੀ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਹੈ। ਇਸ ਦੌਰਾਨ, ਫੀਨਿਕਸ ਸਕਾਈ ਹਾਰਬਰ ਏਅਰਪੋਰਟ ਨੇ ਕਿਹਾ ਕਿ ਅੱਗ ਨਾਲ ਉਸ ਦਾ ਸੰਚਾਲਨ ਪ੍ਰਭਾਵਿਤ ਨਹੀਂ ਹੋਇਆ ਹੈ। ਟਰਮੀਨਲ ਅਤੇ ਰਨਵੇ ਖੁੱਲ੍ਹੇ ਹਨ। ਹਵਾਈ ਅੱਡੇ ਦੇ ਅਧਿਕਾਰੀਆਂ ਨੇ ਯਾਤਰੀਆਂ ਨੂੰ ਉਨ੍ਹਾਂ ਦੀਆਂ ਉਡਾਣਾਂ ਦੀ ਸਥਿਤੀ ਦੀ ਜਾਂਚ ਕਰਨ ਦੀ ਸਲਾਹ ਦਿੱਤੀ ਹੈ।



# ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ




# Fresno California

## ਵਿਚ ਖੁੱਲ੍ਹ ਰਿਹਾ ਨਵਾਂ ਦਫ਼ਤਰ

### ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ

• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ

• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ

**ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ**

## Law office of Anthony Nwosu

239 West Yosemite Ave Manteca CA 95336

ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ

ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।



**209-481-7750**

**510-472-0608**

**PH. : 209-624-3919**



ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ

Anthony Nwosu
Attorney at Law

# ਅਸਲੀ ਪੰਜਾਬੀ ਗੁਰੂ ਸਾਹਿਬਾਨ ਵੱਲੋਂ ਦਰਸਾਏ 'ਸਰਬੱਤ ਦਾ ਭਲਾ' ਸਿਧਾਂਤ ਵਿਚ ਭਰੋਸਾ ਰੱਖਦੈ



ਪੰਜ ਨਦੀਆਂ ਦਾ ਵਿਸ਼ਾਲ ਦੇਸ਼ ਦੀ ਵੰਡ ਤੋਂ ਬਾਅਦ ਚੜ੍ਹਦੇ ਤੇ ਲਹਿੰਦੇ ਪੰਜਾਬਾਂ ਵਿਚ ਤਕਸੀਮ ਹੋ ਗਿਆ ਸੀ। ਪਹਿਲੀ ਨਵੰਬਰ 1966 ਵਿਚ ਪੁਨਰਗਠਨ ਤੋਂ ਬਾਅਦ ਇਸ ਨੂੰ ਹੋਰ ਛਾਂਗਿਆ ਗਿਆ। ਕੀ ਇਹ ਉਹੀ ਪੰਜਾਬ ਹੈ ਜਿਸ ਨੂੰ ਹਰੇਕ ਨੇ ਕਿਸੇ ਫਿਲਮ ਵਿਚ ਸਰ੍ਹੋਂ ਦੇ ਖੇਤਾਂ ਵਿਚਲੇ ਸੀਨ ਵਿਚ ਜਾਂ ਫੁਲਕਾਰੀ ਕੱਢਦੀਆਂ ਸੋਹਣੀਆਂ ਮੁਟਿਆਰਾਂ ਵਿਚ ਜਾਂ ਢੋਲ ਦੇ ਡਗੇ 'ਤੇ ਭੰਗੜਾ ਪਾਉਂਦੇ ਉੱਚੇ-ਲੰਮੇ ਗੱਭਰੂਆਂ ਜਾਂ ਮੂੰਹ ਹਨੇਰੇ ਆਪਣੇ ਕੰਮਾਂ ਨੂੰ ਨਿਕਲੇ ਕਿਰਤੀ ਲੋਕਾਂ ਦੇ ਖਿੜੇ ਚਿਹਰਿਆਂ ਵਿਚ ਵੇਖਿਆ ਜਾਂਦਾ ਸੀ ?

ਜਾਂ ਇਹ ਉਹ ਪੰਜਾਬ ਹੈ ਜਿਹੜਾ ਜ਼ੁਲਮ ਖ਼ਿਲਾਫ਼ ਹਰੇਕ ਸਦੀ ਵਿਚ ਵਿਦੇਸ਼ੀ ਧਾੜਵੀਆਂ ਖ਼ਿਲਾਫ਼ ਹਿੱਕ ਡਾਹ ਕੇ ਲੜਦਾ ਤੇ ਹੱਕ ਤੇ ਸੱਚ ਲਈ ਜੂਝਦਾ ਵੇਖਿਆ ਜਾਂ ਉਹ ਪੰਜਾਬ ਜਿਹੜਾ ਕਿਸਾਨ ਅੰਦੋਲਨ ਵਿਚ ਦਿੱਲੀ ਦੀ ਬਰੂਹਾਂ 'ਤੇ ਹਕੂਮਤਾਂ ਨੂੰ ਵੰਗਾਰਦਿਆਂ ਵੇਖਿਆ। ਕੀ ਇਹ ਉਹ ਪੰਜਾਬ ਹੈ ਜਿਹੜਾ ਹੜ੍ਹ ਵਿਚ ਆਪਣਾ ਸਭ ਕੁਝ ਗੁਆ ਕੇ ਫਿਰ ਪੰਜ-ਪੰਜ ਫੁੱਟ ਪਾਣੀ ਵਿਚ ਦੀ ਲੰਗਰ-ਪ੍ਰਸ਼ਾਦਾ ਵੰਡਦਿਆਂ ਵੇਖ ਰਹੇ ਹਾਂ।

ਸਹਿਜੇ ਹੀ ਸਭ ਦੇ ਮਨਾਂ ਵਿਚ ਪੰਜਾਬ ਨੂੰ ਲੈ ਕੇ ਵੱਖ-ਵੱਖ ਖਾਕੇ ਬਣ ਜਾਂਦੇ ਹਨ ਪਰ ਅਸਲ ਵਿਚ ਪੰਜਾਬ ਹੈ ਕੀ ? ਆਦਿ ਮਾਨਵ ਤੋਂ ਪੂਰਨ ਮਾਨਵ ਬਣਨ ਦੇ ਸਫ਼ਰ ਵਿਚ ਜਿੱਥੇ ਮਨੁੱਖ ਦਾ ਕੁਦਰਤੀ ਸਰੀਰਕ ਅਤੇ ਮਾਨਸਿਕ ਵਿਕਾਸ ਹੋਇਆ, ਉਸ ਦੇ ਨਾਲ-ਨਾਲ ਉਸ ਨੂੰ ਆਪਣੀਆਂ ਜ਼ਰੂਰਤਾਂ ਅਤੇ ਸੁਰੱਖਿਆ ਲਈ ਇਕੱਠੇ ਰਹਿਣ ਦੀ ਲੋੜ ਮਹਿਸੂਸ ਹੋਈ।

ਇਸ ਤੋਂ ਬਾਅਦ ਵਧਦੀ ਆਬਾਦੀ ਨੇ ਆਪਣੇ ਹਿੱਸੇ ਦੇ ਭੋਜਨ ਅਤੇ ਕੁਦਰਤੀ ਸੋਮਿਆਂ ਨੂੰ ਆਪਣੇ ਤਕ ਸੀਮਤ ਰੱਖਣ ਲਈ ਜੰਗਾਂ ਲੜ ਕੇ ਆਪੋ-ਆਪਣੇ ਇਲਾਕੇ ਵੰਡ ਲਏ ਅਤੇ ਉਨ੍ਹਾਂ ਇਲਾਕਿਆਂ ਨੂੰ ਰਾਜਾਂ ਤੇ ਦੇਸ਼ਾਂ ਦਾ ਨਾਮ ਮਿਲਿਆ। ਇਸੇ ਤਰ੍ਹਾਂ ਪੰਜ ਆਬ ਯਾਨੀ ਪੰਜਾਂ ਦਰਿਆਵਾਂ ਦੀ ਧਰਤੀ ਨੂੰ ਪੰਜਾਬ ਆਖਿਆ ਜਾਣ ਲੱਗਿਆ ਜੋ ਪਹਿਲਾਂ ਸਪਤ-ਸਿੰਧੂ (ਸੱਤ ਦਰਿਆਵਾਂ ਦੀ ਧਰਤੀ) ਸੀ। ਵੱਖ-ਵੱਖ ਸਮਿਆਂ ਵਿਚ ਗੁਰੂਆਂ, ਪੀਰਾਂ-ਪੈਗੰਬਰਾਂ ਨੇ ਇਸ ਧਰਤ ਨੂੰ ਇਨਸਾਨੀ ਕਦਰਾਂ-ਕੀਮਤਾਂ, ਪਿਆਰ-ਮੁਹੱਬਤ, ਆਪਸੀ ਭਾਈਚਾਰੇ, ਇਤਫ਼ਾਕ, ਸਰਬ-ਸਾਂਝੀਵਾਲਤਾ, ਲਿੰਗ, ਆਰਥਿਕ ਸਮਾਨਤਾ ਅਤੇ ਧਾਰਮਿਕ ਸਹਿਣਸ਼ੀਲਤਾ ਦੀ ਮਹੱਤਤਾ ਦਾ ਪਾਠ ਪੜ੍ਹਾ ਕੇ ਪੰਜਾਬ ਨੂੰ ਵਿਲੱਖਣ ਪਛਾਣ ਦਿੱਤੀ। ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਹਾਨ ਵਾਕ "ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ, ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।" ਅਤੇ "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ" ਜਦੋਂ ਇਸ ਧਰਤ 'ਤੇ ਉਚਾਰੇ ਗਏ ਤਾਂ ਪੰਜਾਬ ਦੀ ਕੁੱਖੋਂ ਪੰਜਾਬੀਅਤ ਜਨਮੀ।

ਜੇਕਰ ਸਰੀਰ ਵਿੱਚੋਂ ਰੂਹ ਨਿਕਲ ਜਾਵੇ ਤਾਂ ਉਹ ਇਕ ਲੋਥ ਬਣ ਜਾਵੇਗੀ। ਇਸੇ ਤਰ੍ਹਾਂ ਜੇ ਪੰਜਾਬ 'ਚੋਂ ਪੰਜਾਬੀਅਤ ਨੂੰ ਕੱਢ ਦਿੱਤਾ ਜਾਵੇ ਤਾਂ ਉਹ ਪੰਜਾਬ ਨਹੀਂ ਰਹਿ ਜਾਂਦਾ। ਇਸ ਲਈ ਇਹ ਕਹਿਣਾ ਸਾਰਥਕ ਹੋਵੇਗਾ ਕਿ ਪੰਜਾਬ ਕਿਸੇ ਧਰਤ ਜਾਂ ਖਿੱਤੇ ਦਾ ਨਾਮ ਨਹੀਂ ਹੋ ਸਕਦਾ ਕਿਉਂਕਿ ਪੰਜਾਬ ਅਤੇ ਪੰਜਾਬੀਅਤ ਇਕ ਵਿਚਾਰਧਾਰਾ ਹੈ, ਇਕ ਚੇਤਨਾ ਹੈ।

ਜਿੱਥੇ ਕਿਤੇ ਪਿਆਰ-ਮੁਹੱਬਤ ਆਪਸੀ ਭਾਈਚਾਰੇ, ਇਤਫ਼ਾਕ ਦੀ ਭਾਵਨਾ ਰੂਪੀ ਧਰਤ ਬਣਦੀ ਹੈ, ਸਮਝ ਲਓ, ਪੰਜਾਬ ਦਾ ਬੂਟਾ ਉਸ ਧਰਤੀ ਦੀ ਕੁੱਖੋਂ ਜੰਮ ਉੱਠਦਾ ਹੈ। ਪੰਜਾਬ ਜਾਂ ਪੰਜਾਬੀਅਤ ਕਿਸੇ ਧਰਮ ਜਾਂ ਜਾਤ-ਪਾਤ ਨਾਲ ਨਹੀਂ ਬੱਝੀਆਂ ਹੋਈਆਂ। ਇਸ 'ਤੇ ਕਿਸੇ ਵਿਸ਼ੇਸ਼ ਧਰਮ ਦਾ ਕੋਈ ਮਾਲਕਾਨਾ ਹੱਕ ਨਹੀਂ ਹੈ। ਪੰਜਾਬ ਦਾ ਅਲਬੇਲਾ ਕਵੀ ਪ੍ਰੋ. ਪੂਰਨ ਸਿੰਘ ਕਹਿੰਦਾ ਹੈ, "ਪੰਜਾਬ ਨਾ ਹਿੰਦੂ ਨਾ ਮੁਸਲਮਾਨ, ਪੰਜਾਬ ਜੀਂਦਾ ਗੁਰਾਂ ਦੇ ਨਾਂ 'ਤੇ।" ਹਾਂ, ਪੰਜਾਬੀਅਤ ਦੀ ਸੋਚ ਦੇ ਧਾਰਨੀ ਵਰਗ ਨੂੰ ਇਸ ਦੇ ਰਾਖੇ ਕਹਿਣਾ ਮੁਨਾਸਿਬ ਹੋਵੇਗਾ। ਸਮੇਂ-ਸਮੇਂ ਦੇ ਹਾਕਮਾਂ ਨੇ ਨਿੱਜੀ ਸਵਾਰਥਾਂ ਲਈ ਪੰਜਾਬ ਨੂੰ ਕਈ-ਕਈ ਵਾਰ ਕੱਟਿਆ-ਵੱਢਿਆ ਅਤੇ ਵੰਡਿਆ ਗਿਆ। ਪਹਿਲਾਂ 1947 ਵਿਚ ਵੱਡਾ ਹਿੱਸਾ ਪੰਜਾਬ ਦਾ ਪਾਕਿਸਤਾਨ ਵਿਚ ਚਲਾ ਗਿਆ। ਫਿਰ ਇਸ 'ਚੋਂ ਹਿਮਾਚਲ ਤੇ ਹਰਿਆਣਾ ਬਣਾ ਦਿੱਤੇ ਗਏ ਪਰ ਜਦੋਂ ਤਕ ਓਥੇ ਪੰਜਾਬੀਅਤ ਭਾਵ ਇਨਸਾਨੀ ਕਦਰਾਂ-ਕੀਮਤਾਂ ਰਹੀ ਜਾਂ ਰਹੇਗੀ, ਪੰਜਾਬ ਓਥੋਂ ਨਹੀਂ ਮੁੱਕ ਸਕਦਾ।

ਇਸ ਦੀ ਝਲਕ ਕਦੇ ਉੱਥੇ ਦੀ ਜ਼ੁਬਾਨ ਵਿਚ, ਖਾਣ-ਪੀਣ, ਪਹਿਰਾਵੇ, ਸੱਭਿਆਚਾਰ ਤੇ ਫ਼ੈਸਲਿਆਂ 'ਚ ਅੱਜ ਵੀ ਝਲਕਦੀ ਹੈ। ਜਿੱਥੇ ਕਿਤੇ ਵੀ ਆਪਾਂ ਇਨਸਾਨੀ ਕਦਰਾਂ-ਕੀਮਤਾਂ ਦਾ ਘਾਣ ਵੇਖਿਆ, ਜਬਰ-ਜ਼ੁਲਮ, ਧਾਰਮਿਕ-ਅਸਹਿਣਸ਼ੀਲਤਾ ਵੇਖੀ, ਓਥੇ ਪਹਿਲਾਂ ਪੰਜਾਬੀਅਤ ਮੁੱਕਦੀ ਵੇਖੀ ਤੇ ਫਿਰ ਪੰਜਾਬ ਮੁੱਕਦਾ ਵੇਖਿਆ। ਇਸੇ ਤਰ੍ਹਾਂ ਅਮਰੀਕਾ-ਕੈਨੇਡਾ ਜਾਂ ਸਾਰੇ ਵਿਸ਼ਵ ਵਿਚ ਜਿੱਥੇ ਕਿਤੇ ਵੀ ਪੰਜਾਬੀਅਤ ਪੁੱਜੀ ਉੱਥੇ ਨਵੇਂ ਪੰਜਾਬ ਨੂੰ ਜੰਮਦਿਆਂ ਵੇਖ ਰਹੇ ਹਾਂ ਅਤੇ ਹੋਰ ਵਧਦਾ-ਫੁੱਲਦਾ ਵੀ ਦੇਖ ਰਹੇ ਹਾਂ।

ਪੰਜਾਬ ਨੂੰ ਪਿਆਰ ਕਰਨ ਵਾਲੇ ਹਰੇਕ ਵਿਅਕਤੀ ਨੂੰ ਪਹਿਲਾਂ ਆਪਣੇ ਕਿਰਦਾਰ ਨੂੰ ਚੰਗਾ ਬਣਾਉਣ ਦੀ ਲੋੜ ਹੈ। ਪੰਜਾਬ ਕੋਈ ਸਟੇਟ ਨਹੀਂ, ਪੰਜਾਬ ਇਕ ਵਿਚਾਰਧਾਰਾ ਹੈ। ਜਿੱਥੇ ਵੀ ਪੰਜਾਬੀ ਪੁੱਜੇਗਾ, ਉਹ ਪੰਜਾਬੀਅਤ ਦੀ ਬਦੌਲਤ ਉੱਥੇ ਨਵੇਂ ਪੰਜਾਬ ਨੂੰ ਸਿਰਜ ਦੇਵੇਗਾ।

ਪੰਜਾਬੀ ਦੁਨੀਆ ਦੇ ਕਿਸੇ ਕੋਨੇ ਵਿਚ ਵੀ ਵਸਦਾ ਹੋਵੇ, ਉਹ ਆਪਣੇ ਅਮੀਰ ਸੱਭਿਅਚਾਰਕ ਤੇ ਅਧਿਆਤਮਕ ਵਿਰਸੇ ਕਰਕੇ ਦੂਰੋਂ ਪਛਾਣਿਆ ਜਾਂਦਾ ਹੈ। ਅਸਲੀ ਪੰਜਾਬੀ ਗੁਰੂ ਸਾਹਿਬਾਨ ਵੱਲੋਂ ਦਰਸਾਏ 'ਸਰਬੱਤ ਦਾ ਭਲਾ' ਵਿਚ ਯਕੀਨ ਰੱਖਦਾ ਹੈ। ਲੋੜਵੰਦਾਂ ਦੀ ਇਮਦਾਦ ਕਰਨਾ ਹਰ ਸੱਚੇ ਪੰਜਾਬੀ ਦੀ ਅਕੀਦਤ ਵਿਚ ਸ਼ੁਮਾਰ ਹੈ। ਕੁਦਰਤੀ ਆਫ਼ਤਾਂ ਵੇਲੇ ਬਿਪਤਾ ਮਾਰੀ ਲੋਕਾਈ ਕੋਲ ਉਹ ਆਪਣੀ ਜਾਨ ਨੂੰ ਜੋਖ਼ਮ ਵਿਚ ਵੀ ਪਾ ਕੇ ਪੁੱਜ ਜਾਂਦਾ ਹੈ। ਅਫ਼ਸੋਸ! ਸਭ ਦੀ ਖ਼ੈਰ-ਸੁੱਖ ਮੰਗਣ ਵਾਲੇ ਪੰਜਾਬੀਆਂ ਨੂੰ ਕਈ ਵਾਰ ਉਹ ਇਨਸਾਫ਼ ਨਹੀਂ ਮਿਲਦਾ ਜਿਸ ਦੇ ਉਹ ਹੱਕਦਾਰ ਹਨ।

-ਗੁਰਵਿੰਦਰ ਸਿੰਘ ਲਾਂਬਾ

# ਭ੍ਰਿਸ਼ਟ ਸਿਆਸੀ ਫੰਡਿੰਗ ਤੇ ਪੂੰਜੀਪਤੀ ਤਾਣਾ

**ਟੀਕੇ ਅਰੁਣ**

ਇਹ ਤਰਕ ਅਜੀਬ ਜਾਪ ਸਕਦਾ ਹੈ ਕਿ ਭਾਰਤ ਵਿਚ ਕਾਰਪੋਰੇਟ ਸੰਚਾਲਨ ਅਤੇ ਬੈਂਕਾਂ ਦੀ ਸੰਪਤੀ ਦਾ ਮਿਆਰ, ਸਿਆਸੀ ਫੰਡਿੰਗ (ਸਿਆਸੀ ਪਾਰਟੀਆਂ ਨੂੰ ਮਿਲਣ ਵਾਲਾ ਚੰਦਾ) ਦੀ ਸਫ਼ਾਈ (ਭ੍ਰਿਸ਼ਟਾਚਾਰ ਰਹਿਤ ਕਰਨ) ਉਤੇ ਨਿਰਭਰ ਕਰਦਾ ਹੈ ਪਰ ਅਜਿਹਾ ਹੋ ਨਹੀਂ ਰਿਹਾ। ਇਹ ਕੌੜੀ ਅਤੇ ਕਠੋਰ ਸੱਚਾਈ ਹੈ। ਜਦੋਂ ਤੱਕ ਸੁਧਾਰ ਨਹੀਂ ਹੋ ਜਾਂਦੇ, ਉਦੋਂ ਤੱਕ ਮਜ਼ਬੂਤ ਵਿੱਤੀ ਸੈਕਟਰ ਅਤੇ ਕਾਰਪੋਰੇਟ ਸੰਚਾਲਨ ਵਿਚ ਸੁਧਾਰ ਲਿਆਉਣ ਪੱਖੋਂ ਸੇਬੀ ਨੂੰ ਲਗਾਤਾਰ ਕਾਮਯਾਬੀ ਮਿਲਣ ਦੇ ਦਾਅਵੇ ਓਨੇ ਹੀ ਖੋਖਲੇ ਹਨ ਜਿੰਨਾ ਖੋਖਲਾ ਇਹ ਦਾਅਵਾ ਹੈ ਕਿ ਜਮਹੂਰੀਅਤ ਭਾਰਤ ਦੇ ਡੀਐੱਨਏ ਵਿਚ ਹੈ। ਭਾਰਤ ਲੰਮਾ ਸਮਾਂ ਜਾਤੀਵਾਦੀ ਊਚ-ਨੀਚ ਅਤੇ ਸਮਾਜਿਕ ਤੇ ਸੱਭਿਆਚਾਰਕ ਤਾਕਤਾਂ ਦੀ ਬਹੁਤ ਅਸਾਵੀਂ ਵੰਡ ਦਾ ਸ਼ਿਕਾਰ ਰਿਹਾ ਹੈ।

ਕਾਰਪੋਰੇਟ ਸੰਚਾਲਨ ਅਤੇ ਬੈਂਕਾਂ ਵੱਲੋਂ ਕਰਜ਼ ਸਬੰਧੀ ਫ਼ੈਸਲੇ ਕਰਨ ਵਰਗੇ ਮਾਮਲਿਆਂ ਉਤੇ ਚਰਚਾ ਕਰਦੇ ਵਕਤ ਗੰਧਲੀ ਸਿਆਸੀ ਫੰਡਿੰਗ ਦਾ ਮੁੱਦਾ ਕਿਉਂ ਸਾਹਮਣੇ ਆਉਂਦਾ ਹੈ ? ਦੋਵੇਂ ਹੀ ਭਾਰਤ ਵਿਚ ਚੱਲਣ ਵਾਲੀ ਸਿਆਸਤ ਦੀ ਦਲਦਲ ਤੋਂ ਬਹੁਤ ਦੂਰ ਵਾਪਰਨ ਵਾਲੇ ਮਾਮਲੇ ਹਨ ਅਤੇ ਭਾਰਤੀ ਸਿਆਸਤ ਉਹ ਥਾਂ ਹੈ ਜਿਥੇ ਵਿਧਾਇਕਾਂ/ਸੰਸਦ ਮੈਂਬਰਾਂ ਦੀਆਂ ਕੀਮਤਾਂ ਗਰਮੀਆਂ ਵਿਚ ਟਮਾਟਰਾਂ ਦੀਆਂ ਕੀਮਤਾਂ ਵਧਣ ਨਾਲੋਂ ਵੱਧ ਤੇਜ਼ੀ ਨਾਲ ਵਧਦੀਆਂ ਹਨ ਅਤੇ ਇਹ ਸਾਰਾ ਕੁਝ ਉਸ ਰਾਜਨੀਤੀ ਤੋਂ ਵੱਖਰਾ ਹੈ ਜਿਹੜੀ ਵਿੱਦਿਅਕ ਅਦਾਰਿਆਂ ਵਿਚ ਪੜ੍ਹਾਈ ਜਾਂਦੀ ਹੈ। ਅਜਿਹਾ ਇਸ ਕਾਰਨ ਕਿ ਬਹੁਤੇ ਭਾਰਤੀ ਕਿਸੇ ਪਾਰਟੀ ਦੀ ਇਮਦਾਦ ਲਈ ਇਕ ਪੈਸੇ ਦੀ ਵੀ ਮਦਦ ਨਹੀਂ ਕਰਦੇ। ਉਨ੍ਹਾਂ ਨੂੰ ਜਾਪਦਾ ਹੈ ਕਿ ਉਨ੍ਹਾਂ ਦਾ ਲੋਕਤੰਤਰ ਵਿਚ ਯੋਗਦਾਨ ਵੋਟ ਪਾ ਕੇ ਤੇ ਵੱਟਸਐਪ ਸੁਨੇਹੇ ਅੱਗੇ ਭੇਜ ਕੇ ਹੀ ਪੂਰਾ ਹੋ ਜਾਂਦਾ ਹੈ ਅਤੇ ਉਹ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਦਾ ਹਿੱਸਾ ਹੋਣ 'ਤੇ ਮਾਣ ਮਹਿਸੂਸ ਕਰਦੇ ਹਨ। ਇਸ ਕਾਰਨ ਸਿਆਸੀ ਪਾਰਟੀਆਂ ਕੋਲ ਫੰਡ ਜੁਟਾਉਣ ਲਈ ਵੱਡੇ ਸਰਮਾਏਦਾਰਾਂ ਤੇ ਕਾਰਪੋਰੇਟਾਂ ਵੱਲ ਦੇਖਣ ਦਾ ਰਾਹ ਹੀ ਬਾਕੀ ਬਚਦਾ ਹੈ।

ਤੁਸੀਂ ਪੁੱਛ ਸਕਦੇ ਹੋ ਕਿ ਇਲੈਕਟੋਰਲ ਬਾਂਡਾਂ (ਚੋਣ ਬਾਂਡ) ਦੇ ਦੌਰ ਵਿਚ ਕੈਸ਼ (ਨਕਦੀ) ਦੀਆਂ ਗੱਲਾਂ ਕਿਉਂ ? ਅਜਿਹਾ ਇਸ ਕਾਰਨ ਕਿ ਵਿਹਾਰ-ਵਰਤਾਅ ਪੱਖੋਂ ਸਿਆਸਤ ਗੰਧਲੀ ਹੁੰਦੀ ਹੈ ਤੇ ਇਸ ਲਈ ਨਕਦ ਅਦਾਇਗੀਆਂ ਦੀ ਲੋੜ ਪੈਂਦੀ ਹੈ। ਮੰਨ ਲਵੋ, ਕਿਸੇ ਹਲਕੇ ਦੇ ਸਾਰੇ ਨੌਂ ਉਮੀਦਵਾਰ ਚੋਣਾਂ ਦੌਰਾਨ ਸ਼ਰਾਬ ਵੰਡਦੇ ਹਨ ਸਗੋਂ ਕੁਝ ਤਾਂ ਵੋਟਰਾਂ ਨੂੰ ਨਕਦ ਨੋਟ ਵੀ ਵੰਡਦੇ ਹਨ, ਤਾਂ ਕੀ ਇਸ ਖ਼ਰਚੇ ਲਈ ਪਾਰਟੀ ਦੇ ਵਹੀ-ਖ਼ਾਤਿਆਂ ਵਿਚ ਦਰਜ ਦਾਨ ਵਾਲੇ ਪੈਸਿਆਂ ਦਾ ਇਸਤੇਮਾਲ ਕੀਤਾ ਜਾਵੇਗਾ, ਫਿਰ ਇਹ ਭਾਵੇਂ ਚੈੱਕ ਰਾਹੀਂ ਹਾਸਲ ਕੀਤੇ ਹੋਣ ਜਾਂ ਚੋਣ ਬਾਂਡ ਰਾਹੀਂ ? ਜੇ ਕੁਝ ਦਰਜਨ ਵਿਧਾਇਕਾਂ ਦੀ ਦਲਬਦਲੀ ਕਰਵਾ ਕੇ ਉਨ੍ਹਾਂ ਨੂੰ ਉਸ ਆਗੂ ਦੇ ਹੱਕ ਵਿਚ ਲਿਆਉਣਾ ਹੈ ਜਿਸ ਖ਼ਿਲਾਫ਼ ਉਨ੍ਹਾਂ ਚੋਣਾਂ ਲੜੀਆਂ ਤੇ ਜ਼ੋਰਦਾਰ ਚੋਣ ਪ੍ਰਚਾਰ ਕੀਤਾ ਸੀ ਅਤੇ ਇਸ ਲਈ ਪ੍ਰਤੀ ਵਿਧਾਇਕ 20 ਕਰੋੜ ਰੁਪਏ ਦੇਣੇ ਪੈਂਦੇ ਹਨ ਅਤੇ ਅਜਿਹਾ ਅਪਰੇਸ਼ਨ ਕਈ ਸੂਬਿਆਂ ਵਿਚ ਦੁਹਰਾਉਣਾ ਪੈਂਦਾ ਹੈ, ਤਾਂ ਇਸ ਲਈ ਵੀ ਕਾਫ਼ੀ ਭਾਰੀ ਰਕਮ ਦੀ ਲੋੜ ਪੈਂਦੀ ਹੈ। ਇਸ ਸੂਰਤ ਵਿਚ ਪਾਰਟੀ ਵੱਲੋਂ ਚੋਣ ਕਮਿਸ਼ਨ ਨੂੰ ਭੇਜੇ ਆਪਣੇ ਖ਼ਾਤਿਆਂ ਵਿਚ ਕਿਸੇ ਅਜਿਹੀ ਮੱਦ ਦੀ ਕਲਪਨਾ ਕਰੋ ਜਿਸ ਵਿਚ ਲਿਖਿਆ ਹੋਵੇ, 'ਵਿਰੋਧੀ ਧਿਰ ਦੇ ਵਿਧਾਇਕਾਂ ਨੂੰ ਖ਼ਰੀਦਣ ਲਈ ਸਾਲਾਨਾ ਖ਼ਰਚ' ਜਿਸ



ਵਿਚ ਅਗਾਂਹ ਖ਼ਰਚ ਦੇ ਵੇਰਵੇ ਦਿੰਦਾ ਫੁੱਟਨੋਟ ਲੱਗਾ ਹੋਵੇ। ਇਸ ਲਈ ਇਸ ਤਰ੍ਹਾਂ ਦੇ ਖ਼ਰਚਿਆਂ ਲਈ ਰਕਮਾਂ ਬੇਹਿਸਾਬੇ ਵਸੀਲਿਆਂ ਤੋਂ ਆਉਂਦੀਆਂ ਹਨ। ਇਸੇ ਤਰ੍ਹਾਂ ਜਨਤਕ ਆਗੂਆਂ ਦੀਆਂ ਵਿਸ਼ਾਲ ਰੈਲੀਆਂ ਵਿਚ ਸ਼ਾਮਲ ਹੋਣ ਵਾਲੇ ਭਗਤਨੁਮਾ ਹਮਾਇਤੀਆਂ ਨੂੰ ਕੀਤੀ ਜਾਣ ਵਾਲੀ ਦਿਹਾੜੀ ਦੀ ਅਦਾਇਗੀ ਸੂਬਾ ਦਰ ਸੂਬਾ ਵੱਖੋ-ਵੱਖ ਹੁੰਦੀ ਹੈ। ਖ਼ੁਸ਼ਹਾਲ ਸੂਬਿਆਂ ਵਿਚ ਇਹ ਅਦਾਇਗੀ ਪ੍ਰਤੀ ਵਿਅਕਤੀ 1500 ਰੁਪਏ ਤੱਕ ਹੋ ਸਕਦੀ ਹੈ ਪਰ ਕੋਈ ਵੀ ਪਾਰਟੀ ਕਦੇ ਇਹ ਨਹੀਂ ਮੰਨੇਗੀ ਕਿ ਉਸ ਨੇ ਆਪਣੀ ਰੈਲੀ ਵਾਸਤੇ ਭੀੜ ਜੁਟਾਉਣ ਲਈ ਪੈਸੇ ਦਿੱਤੇ ਹਨ। ਅਜਿਹਾ ਪੈਸਾ ਨਕਦੀ ਰੂਪ ਵਿਚ ਹੀ ਆਉਣਾ ਹੁੰਦਾ ਹੈ।

ਆਖ਼ਰ ਇਸ ਨਕਦੀ ਦੀ ਅਦਾਇਗੀ ਕੌਣ ਕਰਦਾ ਹੈ ? ਬਹੁਤਾ ਕਰ ਕੇ ਛੋਟੀਆਂ ਤੇ ਵੱਡੀਆਂ ਕੰਪਨੀਆਂ ਦੇ ਮਾਲਕ। ਵੱਡੀਆਂ ਕੰਪਨੀਆਂ ਵਾਲੇ ਅਜਿਹੀ ਫੰਡਿੰਗ, ਜਵਾਬ ਵਿਚ ਲਾਹੇ ਲੈਣ ਲਈ ਕਰਦੇ ਹਨ; ਤੇ ਛੋਟੀਆਂ ਕੰਪਨੀਆਂ ਵਾਲੇ ਉਸੇ ਤਰ੍ਹਾਂ ਅਦਾਇਗੀ ਕਰਦੇ ਹਨ ਜਿਵੇਂ ਉਹ ਆਪਣੇ ਸ਼ਹਿਰ/ਕਸਬੇ ਵਿਚ ਸੁਰੱਖਿਆ ਰੈਕਟ ਚਲਾਉਣ ਵਾਲਿਆਂ ਨੂੰ ਕਰਦੇ ਹਨ। ਕੁਝ ਇਸ ਨੂੰ ਆਪਣੇ ਕਾਰੋਬਾਰ ਤੇ ਲੈਣ-ਦੇਣ ਦਾ ਹੀ ਹਿੱਸਾ ਹੀ ਮੰਨਦੇ ਹਨ। ਜੇ ਕਾਰੋਬਾਰ ਵਿਚ ਵੱਡੇ ਸਰਕਾਰੀ ਪ੍ਰਾਜੈਕਟਾਂ ਨੂੰ ਮੁਕੰਮਲ ਕਰਨਾ/ਅਮਲ ਵਿਚ ਲਿਆਉਣਾ ਸ਼ਾਮਲ ਹੋਵੇ ਤਾਂ ਉਸ ਦੇ ਠੇਕੇ ਹਾਸਲ ਕਰਨ ਦਾ ਮਤਲਬ ਸਬੰਧਿਤ ਵਿਭਾਗ ਦੇ ਇੰਚਾਰਜ ਮੰਤਰੀ ਨੂੰ ਪ੍ਰਾਜੈਕਟ ਦੀ ਲਾਗਤ ਦਾ ਇਕ ਹਿੱਸਾ ਅਦਾ ਕਰਨ ਲਈ ਰਾਜ਼ੀ ਹੋਣਾ ਵੀ ਸ਼ਾਮਲ ਹੁੰਦਾ ਹੈ।

ਸਭ ਤੋਂ ਪਹਿਲਾਂ ਤਾਂ ਸਵਾਲ ਇਹ ਉੱਠਦਾ ਹੈ ਕਿ ਕੰਪਨੀਆਂ ਨੂੰ ਇਹ ਬੇਹਿਸਾਬੀ ਦੌਲਤ ਕਿਥੋਂ ਮਿਲਦੀ ਹੈ, ਖ਼ਾਸਕਰ ਅਜੋਕੇ ਡਿਜੀਟਲ ਅਦਾਇਗੀਆਂ ਦੇ ਦੌਰ ਵਿਚ ਅਤੇ ਜਦੋਂ ਕਿਸੇ ਕਾਰਪੋਰੇਟ ਘਪਲੇ ਦਾ ਪਤਾ ਲਾਉਣ ਲਈ ਹਿੰਡਨਬਰਗ ਵਾਲੇ ਸੂਹਾਂ ਲੈਂਦੇ ਫਿਰਦੇ ਹੋਣ ? ਦਰਅਸਲ ਜਦੋਂ ਕੰਪਨੀਆਂ ਬੈਂਕ ਤੋਂ ਕਰਜ਼ ਲੈਂਦੀਆਂ ਹਨ ਤਾਂ ਉਹ ਪ੍ਰਾਜੈਕਟ ਦੀ ਲਾਗਤ ਨੂੰ ਵਧਾ-ਚੜ੍ਹਾਅ ਕੇ ਦੱਸਦੀਆਂ ਹਨ ਅਤੇ ਪ੍ਰਾਜੈਕਟ ਲਈ ਅਸਲ ਵਿਚ ਜਿੰਨੀ ਰਕਮ ਦੀ ਲੋੜ ਹੁੰਦੀ ਹੈ, ਉਸ ਤੋਂ ਕਿਤੇ ਜ਼ਿਆਦਾ ਰਕਮ ਦਾ ਕਰਜ਼ ਲੈ ਲੈਂਦੀਆਂ ਹਨ। ਪ੍ਰਾਜੈਕਟ ਨੂੰ ਵੱਖ-ਵੱਖ ਕੰਪਨੀਆਂ ਵੱਲੋਂ ਅਮਲ ਵਿਚ ਲਿਆਂਦਾ ਜਾਂਦਾ ਹੈ ਜਿਨ੍ਹਾਂ ਵਿਚੋਂ ਕੁਝ ਪ੍ਰੋਮੋਟਰ ਨਾਲ ਜੁੜੀਆਂ ਹੁੰਦੀਆਂ ਹਨ। ਪੈਸੇ ਦੀ ਹੇਰਾਫੇਰੀ ਇਨ੍ਹਾਂ ਰਾਹੀਂ ਹੀ ਕੀਤੀ ਜਾਂਦੀ ਹੈ; ਜਾਂ ਫਿਰ ਜਦੋਂ ਕੰਪਨੀਆਂ ਵੱਲੋਂ ਦੂਜੀਆਂ ਕੰਪਨੀਆਂ ਨੂੰ ਖ਼ਰੀਦਿਆ ਜਾਂਦਾ ਹੈ ਤਾਂ ਵਿਕਰੇਤਾ ਬੜੀ ਖੁਲ੍ਹਦਿਲੀ ਨਾਲ ਅਦਾਇਗੀ ਦਾ ਇਕ ਹਿੱਸਾ, ਖ਼ਰੀਦਣ ਵਾਲੀ ਕੰਪਨੀ ਦੇ ਪ੍ਰੋਮੋਟਰ ਵੱਲੋਂ ਦੱਸੇ ਕਿਸੇ ਵਿਦੇਸ਼ੀ ਬੈਂਕ ਦੇ ਖ਼ਾਤੇ ਵਿਚ ਪਹੁੰਚਾ ਦਿੰਦਾ ਹੈ। ਹਕੀਕਤ ਵਿਚ ਖ਼ਰੀਦਣ ਵਾਲੀ ਕੰਪਨੀ ਜ਼ਿਆਦਾ ਅਦਾਇਗੀ ਕਰਦੀ ਹੈ।

ਜਦੋਂ ਵਧਾ ਕੇ ਦਿੱਤੀ ਗਈ ਪ੍ਰਾਜੈਕਟ ਲਾਗਤ ਨੂੰ ਮਨਜ਼ੂਰੀ ਦੇ ਦਿੱਤੀ ਜਾਂਦੀ ਹੈ ਅਤੇ ਲੋੜ ਨਾਲੋਂ ਜ਼ਿਆਦਾ ਕਰਜ਼ ਵੰਡ ਦਿੱਤੇ ਜਾਂਦੇ ਹਨ ਤਾਂ ਸੰਭਾਵੀ ਗੜਬੜ ਲਈ ਜ਼ਮੀਨ ਤਿਆਰ ਹੋ ਜਾਂਦੀ ਹੈ। ਜਿਸ ਪ੍ਰਾਜੈਕਟ ਲਈ ਕਰਜ਼ ਲਿਆ ਗਿਆ ਸੀ, ਉਸ ਵੱਲੋਂ ਨਕਦੀ ਪੈਦਾ ਕਰਨਾ ਸ਼ੁਰੂ ਕੀਤੇ ਜਾਣ ਤੋਂ ਪਹਿਲਾਂ ਉਸ ਵਾਸਤੇ ਹਾਸਲ ਕੀਤੇ ਗਏ ਵਾਧੂ ਕਰਜ਼ ਦੀ ਅਦਾਇਗੀ ਵਾਸਤੇ ਪ੍ਰੋਮੋਟਰ ਹੋਰ ਕਈ ਪ੍ਰਾਜੈਕਟ ਚਾਲੂ ਕਰ ਦਿੰਦਾ ਹੈ ਤੇ ਉਨ੍ਹਾਂ ਸਾਰਿਆਂ ਲਈ ਕਰਜ਼ ਲੈ ਲੈਂਦਾ ਹੈ। ਫਿਰ ਉਸ ਕਰਜ਼ ਦੇ ਇਕ ਹਿੱਸੇ ਦਾ ਇਸਤੇਮਾਲ ਮੂਲ ਕਰਜ਼ ਦੀ ਅਦਾਇਗੀ ਲਈ ਕੀਤਾ ਜਾਂਦਾ ਹੈ। ਜੇ ਸਾਰਾ ਕੁਝ ਮਿਥੇ ਮੁਤਾਬਕ ਚੱਲਦਾ ਹੈ ਤਾਂ ਸਾਰੇ ਪ੍ਰਾਜੈਕਟ ਮੁਕੰਮਲ ਕਰ ਲਏ ਜਾਂਦੇ ਹਨ ਤੇ ਸਾਰੇ ਕਰਜ਼ ਨਬਿੜ ਦਿੱਤੇ ਜਾਂਦੇ ਹਨ। ਜੇ ਅਜਿਹਾ ਨਹੀਂ ਹੁੰਦਾ ਤਾਂ ਬਸ ਕਰਜ਼ ਗੜਬੜਾ ਜਾਂਦੇ ਹਨ ਅਤੇ ਇਸ ਦੇ ਸਿੱਟੇ ਵਜੋਂ ਬੈਂਕਾਂ ਦੇ ਵੱਟੇ ਖ਼ਾਤੇ ਪਏ ਕਰਜ਼ਿਆਂ (ਐੱਨਪੀਏ) ਦਾ ਭਾਰ ਵਧ ਜਾਂਦਾ ਹੈ।

ਭਾਰਤ ਵਿਚ ਸਿਆਸੀ ਫੰਡਿੰਗ ਵਿਚ ਕੋਈ ਸੁਧਾਰ ਨਹੀਂ ਹੋਇਆ। ਇਹ ਸਾਰੇ ਸਰਮਾਏਦਾਰਾਂ ਨੂੰ ਘੱਟ ਜਾਂ ਵੱਧ ਪੱਧਰ ਤੱਕ ਕਰੋਨੀ ਪੂੰਜੀਵਾਦੀ (ਸਿਸਟਮ ਨਾਲ ਮਿਲੀਭੁਗਤ ਰਾਹੀਂ ਚੱਲਣ ਵਾਲੇ ਸਰਮਾਏਦਾਰ) ਬਣਾ ਲੈਂਦੀ ਹੈ। ਨਾਲ ਹੀ ਇਹ ਦੁਨੀਆ ਦੇ ਹੋਰ ਹਿੱਸਿਆਂ ਵਾਂਗ ਹੀ ਭਾਰਤ ਵਿਚ ਵੀ ਭ੍ਰਿਸ਼ਟਾਚਾਰ ਨੂੰ ਮੌਕਾਪ੍ਰਸਤ ਦੀ ਥਾਂ ਸਿਲਸਿਲੇਵਾਰ ਬਣਾ ਦਿੰਦੀ ਹੈ। ਭਾਰਤੀ ਲੋਕਤੰਤਰ ਭ੍ਰਿਸ਼ਟਾਚਾਰ ਦੀ ਕਮਾਈ ਉਤੇ ਚੱਲਦਾ ਹੈ।

ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਵੱਲੋਂ ਹਾਲ ਹੀ ਵਿਚ ਜਾਰੀ ਵਿੱਤੀ ਸਥਿਰਤਾ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕੁੱਲ ਤੇ ਸ਼ੁੱਧ ਐੱਨਪੀਏ ਤੇਜ਼ੀ ਨਾਲ ਘਟੇ ਹਨ ਅਤੇ ਪੂੰਜੀ ਤੋਂ ਜੋਖ਼ਮ ਸੰਪਤੀ ਅਨੁਪਾਤ 17 ਫ਼ੀਸਦੀ ਤੋਂ ਵੱਧ ਹੈ ਜਿਸ ਨਾਲ ਡੁੱਬੇ (ਅਣਮੁੜੇ) ਕਰਜ਼ਿਆਂ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਸਿੱਟਾ ਇਹ ਕੱਢਿਆ ਹੈ ਕਿ ਭਾਰਤੀ ਵਿੱਤੀ ਪ੍ਰਬੰਧ ਮੁਕਾਬਲਤਨ ਮਜ਼ਬੂਤ ਹੈ ਜਿਸ ਨੂੰ ਮੁੱਖ ਖ਼ਤਰਾ ਭਾਰਤ ਤੋਂ ਬਾਹਰੋਂ ਹੋਣ ਵਾਲੀ ਵਿੱਤੀ ਅਸਥਿਰਤਾ ਕਾਰਨ ਆਉਂਦਾ ਹੈ। ਇਹ ਦਲੀਲ ਇਸ ਤੱਥ ਨੂੰ ਨਜ਼ਰਅੰਦਾਜ਼ ਕਰਦੀ ਹੈ ਕਿ ਰਸਮੀ ਵਿੱਤੀ ਸੈਕਟਰ ਛੋਟੇ ਤੇ ਦਰਮਿਆਨੇ ਉੱਦਮਾਂ ਨੂੰ ਕਰਜ਼ ਨਹੀਂ ਦਿੰਦਾ ਜਿਹੜੇ ਆਪਣੀਆਂ ਕਰਜ਼ ਲੋੜਾਂ ਦਾ ਵੱਧ ਤੋਂ ਵੱਧ 25 ਫ਼ੀਸਦੀ ਬੈਂਕਾਂ ਤੋਂ ਲੈਂਦੇ ਹਨ। ਉਨ੍ਹਾਂ ਨੂੰ ਬਾਕੀ ਕਰਜ਼ ਗ਼ੈਰ-ਬੈਂਕਿੰਗ ਵਿੱਤੀ ਕੰਪਨੀਆਂ ਜਾਂ ਗ਼ੈਰ-ਰਸਮੀ ਚੈਨਲਾਂ ਤੋਂ ਮਿਲਦਾ ਹੈ; ਜਿਵੇਂ ਚਾਰਟਰਡ ਅਕਾਊਂਟੈਂਟਾਂ ਤੋਂ ਜਿਹੜੇ ਸਿਆਸਤਦਾਨਾਂ ਤੇ ਉਨ੍ਹਾਂ ਨੂੰ ਵਿੱਤ ਮੁਹੱਈਆ ਕਰਨ ਵਾਲਿਆਂ ਦੀ ਦੌਲਤ ਦੇ ਭੰਡਾਰਾਂ ਦਾ ਹਿਸਾਬ-ਕਿਤਾਬ ਦੇਖਦੇ ਹਨ।

ਨਿੱਜੀ ਬੁਨਿਆਦੀ ਢਾਂਚਾ ਨਿਵੇਸ਼ ਮਹਾਮਾਰੀ ਤੋਂ ਬਾਅਦ ਢਹਿ ਢੇਰੀ ਹੋ ਗਿਆ ਹੈ ਕਿਉਂਕਿ ਨਿਜੀ ਬੁਨਿਆਦੀ ਢਾਂਚਾ ਡਿਵੈਲਪਰਾਂ ਨੂੰ ਕੋਈ ਵੀ ਕਰਜ਼ ਨਹੀਂ ਦੇ ਰਿਹਾ। ਆਈਐੱਲ ਐਂਡ ਐੱਫਐੱਸ, ਦੀਵਾਨ ਹਾਊਸਿੰਗ ਅਤੇ ਇਨ੍ਹਾਂ ਨਾਲ ਸਬੰਧਿਤ ਧੋਖਾਧੜੀਆਂ ਸਾਹਮਣੇ ਆਉਣ ਤੋਂ ਬਾਅਦ ਆਰਬੀਆਈ ਨੇ ਬੁਨਿਆਦੀ ਢਾਂਚਾ ਪ੍ਰਾਜੈਕਟਾਂ ਲਈ ਕਰਜ਼ ਦੇਣ ਵਾਲੇ ਗ਼ੈਰ-ਬੈਂਕਿੰਗ ਬੁਨਿਆਦੀ ਢਾਂਚਾ ਅਦਾਰਿਆਂ (ਐੱਨਬੀਐੱਫਸੀਜ਼) ਦਾ ਸ਼ਿਕੰਜਾ ਕਸ ਦਿੱਤਾ ਹੈ। ਹੁਣ ਬੁਨਿਆਦੀ ਢਾਂਚੇ ਲਈ ਕਰਜ਼ ਦੇਣ ਵਾਲਿਆਂ ਨੂੰ ਛੱਡ ਕੇ ਸ਼ਾਇਦ ਹੀ ਕੋਈ ਨਿਜੀ ਬੁਨਿਆਦੀ ਢਾਂਚਾ ਨਿਵੇਸ਼ ਹੋ ਰਿਹਾ ਹੋਵੇ। ਕੋਈ ਜੋਸ਼ੀਲਾ ਕਾਰਪੋਰੇਟ ਕਰਜ਼ ਬਾਜ਼ਾਰ ਬੁਨਿਆਦੀ ਢਾਂਚੇ ਅਤੇ ਐੱਮਐੱਸਐੱਮਈਜ਼ ਨੂੰ ਸਿੱਧਿਆਂ ਜਾਂ ਉਨ੍ਹਾਂ ਐੱਨਬੀਐੱਫਸੀਜ਼ ਜੋ ਇਸ ਖੇਤਰ ਨੂੰ ਕਰਜ਼ ਦਿੰਦੇ ਹਨ, ਰਾਹੀਂ ਫੰਡ ਮੁਹੱਈਆ ਕਰਵਾ ਸਕਦਾ ਹੈ। ਅਸੀਂ ਕਾਰਪੋਰੇਟ ਕਰਜ਼ ਬਾਜ਼ਾਰ ਨੂੰ ਵੀ ਕਾਫ਼ੀ ਕਮਜ਼ੋਰ ਕਰ ਦਿੱਤਾ ਹੈ। ਦੂਜੇ ਸ਼ਬਦਾਂ ਵਿਚ ਆਖਿਆ ਜਾਵੇ ਤਾਂ ਬੈਂਕਿੰਗ ਢਾਂਚੇ ਦੇ ਮੌਜੂਦਾ ਹਾਲਾਤ ਗੁਜ਼ਰਦਾ ਹੋਇਆ ਇੱਕ ਪੜਾਅ ਹੈ। ਸਿਆਸੀ ਫੰਡਿੰਗ ਵਿਚ ਸੁਧਾਰਾਂ ਦੀ ਅਣਹੋਂਦ ਵਿਚ ਜਦੋਂ ਬੈਂਕ ਦੁਬਾਰਾ, ਹੋਰ ਕਰਜ਼ ਦੇਣੇ ਸ਼ੁਰੂ ਕਰ ਦਿੰਦੇ ਹਨ ਤਾਂ ਕੁਝ ਤਾਕਤਾਂ ਇਨ੍ਹਾਂ ਨੂੰ ਡੁੱਬੇ ਕਰਜ਼ਿਆਂ ਵਿਚ ਬਦਲਣ ਲਈ ਮਜਬੂਰ ਕਰ ਦੇਣਗੀਆਂ।

ਸਾਡੇ ਲੋਕ
SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

**Office : (925) 243-1300 | Cell : (510) 706-1300 | Fax : (925) 373-1300 | India : 783 706 1300**
**1406 Janis CT Livermore CA 94551**

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

**ALL DISPUTES SUBJECTED TO THE COUNTY OF ALAMEDA CALIFORINA.** ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।


ਸਿਹਤ ਵਿਗਿਆਨ
ਡਾ.ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.
Dublin ca 94568 Ph. : (408) 687-1899
Email: homeomedicine@yahoo.com
http://www.homeomedicineatoz.com




**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਔਰਤ ਦੇ ਅੰਦਰੂਨੀ ਜਣਨ ਅੰਗ**

ਬੱਚੇਦਾਨੀ ਨਾਲ ਦੋਹੀਂ ਪਾਸੀਂ ਜੁੜੀਆਂ ਦੋ ਟਿਉਬਾ

ਪਿਛਲੇ ਲੈਕਚਰ ਤੋਂ ਅਸੀਂ ਔਰਤ ਦੇ ਅੰਦਰੂਨੀ ਜਣਨ ਅੰਗਾਂ ਦੀ ਵਿਆਖਿਆ ਤੇ ਕਾਰਕਰਦਗੀ ਕਰਦੇ ਆ ਰਹੇ ਹਾਂ। ਉਸੇ ਲੜੀ ਨੂੰ ਹੀ ਅੱਗੇ ਤੋਰਦਿਆਂ ਆਉ ਜਾਣਦੇ ਹਾਂ ਕਿ ਬੱਚੇਦਾਨੀ ਦਾ ਮਸਲ ਪਰਦਾ ਯਾਨੀ ਮਾਇਓਮੈਟਰੀਅਮ ਤਿੰਨ ਤਰ੍ਹਾਂ ਦੇ ਫਾਈਬਰ ਯਾਨੀ ਰਸੀਆ ਦਾ ਬਣਿਆ ਹੁੰਦਾ ਹੈ। ਲੌਂਗੀਚੂਡੀਨਲ ਜਾਂ ਵਰਟੀਕਲ ਫਾਈਬਰ ਜਿਹੜੇ ਉੱਪਰ ਤੋਂ ਹੇਠਾਂ ਤੱਕ ਬੱਚੇਦਾਨੀ ਦੀ ਪੂਰੀ ਲੰਬਾਈ ਵਿੱਚ ਹੁੰਦੇ ਹਨ। ਦੂਸਰੇ ਸਰਕੁਲਰਫਾਈਬਰ ਜਿਹੜੇ ਬੱਚੇਦਾਨੀ ਦੇ ਘੇਰੇ ਘੇਰੇ ਘੁੰਮਦੇ ਹਨ ਅਤੇ ਤੀਸਰੇ ਜਿਹਨਾਂ ਨੂੰ ਓਬਲੀਕ ਫਾਈਬਰ ਕਹਿੰਦੇ ਹਨ ਉੱਪਰ ਦੱਸੇ ਦੋਹਾਂ ਤਰ੍ਹਾਂ ਦੇ ਫਾਬਰਾ ਯਾਨੀ ਰਸੀਆ ਤੋਂ ਉਲਟ ਟੇਡੀ ਤਰ੍ਹਾਂ ਦੇ ਹੁੰਦੇ ਹਨ। ਸੋ ਤਿੰਨ ਹੀ ਤਰ੍ਹਾਂ ਦੀਆਂ ਮਾਸਪੇਸੀਆਂ ਦੀਆਂ ਰਸੀਆ ਇਕਦੂਜੀ ਨਾਲ ਮਿਲਕੇ ਬੱਚੇਦਾਨੀ ਨੂੰ ਪੂਰੀ ਤਰ੍ਹਾਂ ਮਜ਼ਬੂਤ ਬਣਾਉਂਦੀਆਂ ਹਨ। ਤੇ ਇਹੀ ਮਾਸਪਸੀਆ ਫੈਲੋਪੀਅਨ ਟਿਉਬ ਵਿੱਚ ਵੀ ਉਸੇ ਤਰ੍ਹਾਂ ਕੰਮ ਕਰਦੀਆਂ ਹਨ।

ਬੱਚੇਦਾਨੀ ਦੀ ਨਾਰਮਲ ਹਾਲਾਤ ਦੀ ਪੁਜ਼ੀਸ਼ਨ ਨੂੰ ਐਂਟੇਵਰਟਿਡ ਕਹਿੰਦੇ ਹਨ ਭਾਵ ਯੂਟਰਸ ਅੱਗੇ ਵੱਲ ਨੂੰ ਆਪਣੀ ਸਰਵਿਕਸ ਉੱਪਰ ਝੁਕੀ ਹੋਈ ਹੁੰਦੀ ਹੈ। ਕੁਝ ਹਾਲਤਾਂ ਵਿੱਚ ਜਦ ਇਹਦੀ ਪੁਜ਼ੀਸ਼ਨ ਪਿਛੇ ਵੱਲ ਝੁਕ ਜਾਵੇ ਤਾਂ ਇਸਨੂੰ ਰੀਟਰੋਵਰਟਿਡ ਯੂਟਰਸ ਕਹਿੰਦੇ ਹਨ। ਜੋ ਆਮ ਤੌਰ 'ਤੇ ਇਕ ਬਿਮਾਰ ਅਵਸਥਾ ਹੈ ਜਿਸਦਾ ਵਿਸਥਾਰ ਅੱਗੇ ਬਿਮਾਰੀਆਂ ਵਾਲੇ ਲੈਕਚਰ ਵਿਚ ਕੀਤਾ ਜਾਵੇਗਾ।

ਫੈਲੋਪੀਂਅਨ ਟਿਉਬਾਂ ਬੱਚੇਦਾਨੀ ਦੇ ਦੋ ਹੀ ਪਾਸੀ ਉੱਪਰ ਵਾਲੇ ਹਿੱਸੇ ਵਿੱਚ ਯਾਨੀ ਫੰਡਸ ਯਾਨੀ ਬੱਚੇਦਾਨੀ ਦੀ ਟੋਪੀ ਤੇ ਬੱਚੇਦਾਨੀ ਦੀ ਅਸਲ ਬਾਡੀ ਦੇ ਜੁੜਣ ਅਸਥਾਨ ਤੇ ਲੱਗੀਆਂ ਹੁੰਦੀਆਂ ਹਨ ਤੇ ਬਰੌਡ ਲਿਗਾਮੈਂਟ ਦੇ ਵਿੱਚ ਵਿੱਚ ਤੈਰਦੀਆਂ ਰਹਿੰਦੀਆਂ ਹਨ। ਆਓ ਜਾਣਦੇ ਹਾਂ ਇਨ੍ਹਾਂ ਟਿਊਬਾ ਬਾਰੇ ਜਿਨ੍ਹਾਂ ਦਾ ਅਸਲ ਮਕਸਦ ਓਵਰੀ ਵਿਚੋ ਆਉਂਦੇ ਓਵਮ ਨੂੰ ਆਦਮੀ ਵਲੋਂ ਆਏ ਸਪਰਮ ਨਾਲ ਮਿਲਾਪ ਕਰਵਾਉਣਾ ਤੇ ਇਸ ਮਿਲਾਪ ਬਾਅਦ ਇਸ ਨਵਨਿਰਮਿਤ ਜੀਵਨ ਨੂੰ ਬੱਚੇਦਾਨੀ ਵਿੱਚ ਪਹੁੰਚਣ ਲਈ ਰਸਤਾ ਬਨਣਾ ਹੁੰਦਾ ਹੈ। ਇਨ੍ਹਾਂ ਨੂੰ ਓਵੀ ਡਕਟ ਜਾ ਯੂਟੇਰਾਈਨ ਟਿਊਬਾਂ ਵੀ ਕਹਿੰਦੇ ਹਨ।

**ਬੱਚੇਦਾਨੀ ਨਾਲ ਜੁੜਦੀ ਟਿਉਬਾਂ ਦੀ ਅੰਦਰ ਦੀ ਬਣਤਰ**

**ਬੱਚੇਦਾਨੀ ਤੇ ਓਵਰੀ ਵਿਚਕਾਰ ਸਾਂਝ ਵਾਲੀ ਨਾਲੀ** – ਫੈਲੋਪੀਅਨ ਟਿਊਬਾਂ ਦਾ ਨਾ ਇਟਲੀ ਦੇ ਅਨਾਟੋਮੀ ਯਾਨੀ ਸਰੀਰਕ ਬਣਤਰ ਦੇ ਵਿਗਿਆਨੀ ਮਿਸਟਰ ਗੈਬਰੀਅਲ ਫਿਲੌਪੀ ਦੇ ਨਾਤੇ ਰੱਖਿਆ ਗਿਆ ਸੀ ਜਦ ਸੋਹਲਵੀ ਸਦੀ ਵਿੱਚ ਉਸ ਨੇ ਪਹਿਲੀ ਦਫ਼ਾ ਇਨ੍ਹਾਂ ਟਿਊਬਾਂ ਬਾਰੇ ਵਿਸਥਾਰ ਜਾਣਕਾਰੀ ਦਿੱਤੀ ਸੀ। ਫੈਲੋਪੀਅਨ ਟਿਊਬਾਂ ਬੱਚੇਦਾਨੀ ਦੇ ਦੋਹੀਂ ਪਾਸੀ ਬੱਚੇਦਾਨੀ ਦੀ ਚੋਟੀ ਯਾਨੀ ਫੰਡਸ ਅਤੇ ਬੌਡੀ ਦੇ ਜੋੜ ਤੇ ਇਕ ਤਰ੍ਹਾਂ ਨਾਲ ਬੱਚੇਦਾਨੀ ਦੀ ਬਣਤਰ ਦੇ ਪਰਦਿਆਂ ਨਾਲ ਉਸੇ ਤਰ੍ਹਾਂ ਲਗਾਤਾਰ ਸ਼ੁਰੂ ਰਹਿੰਦੀਆਂ ਹਨ ਜਿਵੇਂ ਬੱਚੇਦਾਨੀ ਦੀ ਬਣਤਰ ਦਾ ਹੀ ਭਾਗ ਹੋਣ ਬਲਕਿ ਹਨ ਹੀ ਬੱਚੇਦਾਨੀ ਦਾ ਅਟੁੱਟ ਅੱਗ। ਕਹਿਣ ਤੋਂ ਭਾਵ ਕੋਈ ਜੋੜ ਨਹੀਂ ਹੈ। ਹੋਰ ਸਪਸ਼ਟ ਕਰਾ ਜਿਵੇਂ ਸਾਡੀ ਕਮੀਜ਼ ਨਾਲ ਸਾਡੀ ਕਮੀਜ਼ ਦੀਆਂ ਬਾਹਵਾਂ ਦਰਜੀ ਜੋੜਦਾ ਹੈ ਉਸ ਤਰ੍ਹਾਂ ਨਹੀਂ ਬਲਕਿ ਇੰਜ ਜਿਵੇਂ ਇਕ ਹੀ ਕੱਪੜੇ ਵਿੱਚ ਕਮੀਜ਼ ਤੇ ਬਾਹਵਾਂ ਕੈਂਚੀ ਨਾਲ ਇੰਜ ਕੱਟੀਆਂ ਹੋਣ ਕਿ ਬਾਹਵਾਂ ਨੂੰ ਜੋੜ ਨਾ ਪਾਉਣਾ ਪਵੇ। ਇਹ ਫੈਲੋਪੀਅਨ ਟਿਊਬਾਂ ਠੀਕ ਸਾਡੀ ਕਮੀਜ਼ ਦੀਆਂ ਬਾਹਵਾਂ ਵਾਂਗ ਲਮਕ ਰਹੀਆਂ ਹੁੰਦੀਆਂ ਹਨ। ਫਿਰ ਯਾਦ ਕਰਵਾ ਦਿਆਂ ਕਿ ਬੱਚੇਦਾਨੀ ਤੇ ਇਸ ਨਾਲ ਸੰਬੰਧਿਤ ਟਿਊਬਾਂ ਤੇ ਓਵਰੀਆਂ ਬਰੌਡ ਲਿਗਾਮੈਂਟ ਨਾਦੇ ਗਿਲਾਫ ਵਿੱਚ ਕੱਜੀਆਂ ਰਹਿੰਦੀਆਂ ਹਨ ਜਿਹੜਾ ਖਿਲਾਫ ਪੇਰੀਟੋਨੀਅਮ ਗ਼ਲਾਫ਼ ਦਾ ਹੀ ਇਕ ਵੱਖ ਕੀਤਾ ਹੋਇਆ ਛੋਟਾ ਹਿੱਸਾ ਯਾਨੀ ਛੋਟਾ ਗ਼ਲਾਫ਼ ਹੈ। ਵੱਡਾ ਹਿੱਸਾ ਪੇਟ ਵਿੱਚ ਮੌਜੂਦ ਸਾਰੇ ਅੰਗਾਂ ਨੂੰ ਆਪਣੇ ਵਿੱਚ ਲਿਪੇਟੀ ਰੱਖਦਾ ਹੈ ਤੇ ਛੋਟਾ ਹਿੱਸਾ ਔਰਤ ਦੇ ਜਣਨ ਅੰਗਾਂ ਨੂੰ ਲਿਪੇਟੀ ਰੱਖਦਾ ਹੈ। ਇਕ ਪਾਸੇ ਬੱਚੇਦਾਨੀ ਨਾਲ ਜੁੜੀਆਂ ਇਹ ਫੈਲੋਪੀਅਨ ਟਿਊਬਾਂ ਦੂਜੇ ਪਾਸੇ ਦੇ ਸਿਰੇ ਤੋ ਖੁਲੇਆਮਬਰੌਡ ਲਿਗਾਮੈਂਟ ਦੇ ਗ਼ਲਾਫ਼ ਵਿੱਚ ਹਿਲ-ਜੁਲ ਕਰ ਰਹੀਆ ਹੁੰਦੀਆ ਹਨ।

**ਟਿਊਬਾਂ ਦੀ ਲੰਬਾਈ ਗੁਲਾਈ ਅਤੇ ਹਿੱਸਿਆਂ ਦੇ ਨਾ** – ਦੋਹਾਂ ਟਿਊਬਾਂ ਦੀ ਲੰਬਾਈ 10 ਤੋਂ 13 ਸੈਂਟੀਮੀਟਰ ਯਾਨੀ 4 ਤੋ 5 ਇੰਚ ਤੱਕ ਹੁੰਦੀ ਹੈ। ਇਹਨਾਂ ਦੀ ਮੁਟਾਈ ਜਾ ਗੁਲਾਈ ਅੱਧੇਸੈਂਟੀਮੀਟਰ ਤੋਂ ਲੈਕੇ ਡੇਢ ਸੈਂਟੀਮੀਟਰ ਤੱਕ ਹੁੰਦੀ ਹੈ ਯਾਨੀ ਅੱਧੇ ਇੰਚ ਦੇ ਕਰੀਬ ਹੁੰਦੀ ਹੈ। ਇਨ੍ਹਾਂ ਨੂੰ ਸਲਪਿੰਜਸ ਵੀ ਕਹਿੰਦੇ ਹਨ। ਅੰਦਰ ਦੀ ਗੁਲਾਈ ਬੱਚੇਦਾਨੀ ਨਾਲ ਜੁੜਨ ਵਾਲੀ ਜਗ੍ਹਾ ਤੋ ਤਕਰੀਬਨ ਇਕ ਮਿਲੀਮੀਟਰ ਹੁੰਦੀ ਹੈ ਤੇ ਦੂਸਰੇ ਸਿਰੇ ਤੱਕ ਪਹੁੰਚਦਿਆਂ ਥੋੜ੍ਹੀ ਜ਼ਿਆਦਾ ਹੁੰਦੀ ਹੈ। ਫੈਲੋਪੀਅਨ ਟਿਉਬ ਦੀ ਲੰਬਾਈ ਨੂੰ ਅਸੀ ਤਿੰਨ ਹਿੱਸਿਆ ਵਿੱਚ ਵੰਡ ਕੇ ਵੇਖ ਸਕਦੇ ਹਾਂ। ਪਹਿਲਾ ਗੁਲਾਈ ਵਿੱਚ ਬਰੀਕ ਹਿੱਸਾ ਜਿਹੜਾ ਬੱਚੇਦਾਨੀ ਨਾਲ ਜੁੜਿਆ ਹੁੰਦਾ ਹੈ ਉਸਨੂੰ ਇਸਥਮਸ ਕਹਿੰਦੇ ਹਨ ਉਸ ਤੋਂ ਅਗਲਾ ਹਿੱਸਾ ਜਿਹੜਾ ਇਸਥਮਸ ਤੋਂ ਜ਼ਿਆਦਾ ਮੁਟਾਈ ਵਾਲਾ ਹੁੰਦਾ ਹੈ ਉਸਨੂੰ ਐਮਪੁਲਾ ਕਹਿੰਦੇ ਹਨ ਜਿਵੇਂ ਪਹਾੜਾਂ ਤੋ ਪਿੰਘਲੀ ਬਰਫ ਦੀਆਂ ਧਰਾਵਾ ਹੇਠਾਂ ਆਕੇ ਇਕੱਠੇ ਕੀਤੇ ਪਾਣੀ ਦੇ ਰੂਪ ਵਿੱਚ ਇਕ ਝੀਲ ਵਾਂਗ ਫੈਲੇ ਪਾਣੀ ਦੇ ਰੂਪ ਵਿਚ ਹੁੰਦੀਆਂ ਹਨ ਤਿਵੇਂ ਹੀ ਫੈਲੋਪੀਅਨ ਦਾ ਦੂਜਾ ਹਿੱਸਾ ਪਹਿਲੇ ਇਸਥਮਸ ਹਿੱਸੇ ਨਾਲੋਂ ਗੁਲਾਈ ਵਿਚ ਅੰਦਰੋ ਵੀ ਤੇ ਬਾਹਰੋਂ ਵੀ ਵੱਡਾ ਹੁੰਦਾ ਹੈ। ਇਨ੍ਹਾਂ ਦਾ ਅਗਲਾ ਤੀਜਾ ਹਿੱਸਾ ਜਿਸਨੂੰ ਫਿਮਬਰੀਏਟਡ ਸਿਰਾ ਕਹਿੰਦੇ ਹਨ ਯਾਨੀ ਝਾਲਰ ਵਰਗਾ ਆਖਰੀ ਸਿਰਾ ਹੁੰਦਾ ਹੈ। ਇਹ ਸਭ ਕੁਝ ਬਰੌਡ ਲਿਗਾਮੈਂਟ ਦੇ ਗ਼ਲਾਫ਼ ਵਿੱਚ ਹੀ ਲਪੇਟਿਆ ਤਰਦਾ ਰਹਿੰਦਾ ਹੈ। ਓਵਰੀ ਵੀ ਬੱਚੇਦਾਨੀ ਸਮੇਤ ਕਿਉਂਕਿ ਇਸੇ ਵਿੱਚ ਹੀ ਲਿਪੇਟੀ ਹੁੰਦੀ ਹੈ ਇਸ ਲਈ ਇਹਦੇ ਵਿਚੋਂ ਵਿੱਚ ਹੀ ਸਮੇਂ ਅਨੁਸਾਰ ਯਾਨੀ ਓਵੂਲੇਸਨ ਦੇ ਸਮੇਂ ਓਵਰੀ ਵਿਚੋ ਨਿਕਲ ਕੇ ਓਵਮ ਅਸਾਨੀ ਨਾਲ ਫੈਲੋਪੀਅਨ ਟਿਉਬ ਦੇ ਝਾਲਰ ਵਰਗੇ ਖੁੱਲੇ ਮੂੰਹ ਵਿੱਚ ਦਾਖਲ ਹੋ ਜਾਂਦਾ ਹੈ।

**ਫੈਲੋਪੀਅਨ ਟਿਊਬਾ ਦਾ ਕੰਮ** – ਫੈਲੋਪੀਅਨ ਟਿਊਬਾਂ ਦਾ ਕੰਮ ਓਵਰੀ ਵਿਚੋਂ ਨਿੱਕਲੇ ਔਰਤ ਦੇ ਆਂਡੇ ਯਾਨੀ ਓਵਮ ਨੂੰ ਬਰੌਡ ਲਿਗਾਮੈਂਟ ਵਿੱਚ ਤਰਦੇ ਨੂੰ ਆਪਣੇ ਕਬਜ਼ੇ ਵਿੱਚ ਕਰਨਾ ਤੇ ਬੱਚੇਦਾਨੀ ਵੱਲ ਅੱਗੇ ਤੋਰਨਾ ਹੁੰਦਾ ਹੈ।

ਫੈਲੋਪੀਅਨ ਟਿਊਬਾਂ ਦੀ ਵੱਧ ਜਾਂ ਘੱਟ ਲੰਬਾਈ ਵੀ ਕਈ ਤਰਾਂ ਦੀਆਂ ਮੈਡੀਕਲ ਕੰਡੀਸ਼ਨਾਂ ਪੈਦਾ ਕਰਦੀ ਹੈ। ਸਟਿਰਲਿਟੀ ਯਾਨੀ ਮਾਨਾ ਬਣ ਸਕਣ ਦਾ ਹਾਲਾਤ ਖ਼ਾਸ ਕਰ ਸਭ ਕੁਝ ਬਾਹਰੀ ਤੌਰ 'ਤੇ ਠੀਕ ਠਾਕ ਹੁੰਦਿਆਂ ਵੀ ਮਾਂ ਨਾ ਬਣ ਸਕਣ ਦਾ ਹਾਲਾਤ ਜਾ ਟਿਊਬਲਜੈਸਟੇਸਨ ਯਾਨੀ ਟਿਊਬ ਦੇ ਵਿੱਚ ਹੀ ਪ੍ਰੈਗਨੈਂਸੀ ਦਾ ਵਧਣ ਲੱਗਣਾ ਜਾ ਪ੍ਰੈਗਨੈਂਸੀ ਨਾ ਹੋਣ ਦੇ ਕਾਰਨਾਂ ਵਿਚ ਵਾਧਾ ਕਰਦੀਆਂ ਹਨ ਤੇ ਕਈ ਮੈਡੀਕਲ ਕੰਡੀਸ਼ਨਾਂ ਦਾ ਔਰਤ ਨੂੰ ਸਾਹਮਣਾ ਕਰਨਾ ਪੈ ਸਕਦਾ ਹੈ।

(ਚੱਲਦਾ)


HOMEOPATHIC NATURAL MEDICINES
When Tired of All Treatments, For any Disease, At any Age
Try Alternative Treatment
Safe and Effective Medicines without any Side Effects

Consultant/Physician Since 1973
DHMS-Gold Medalist, BAMS, MDEH
Ex Prof, Principal, & CMO Medical Colleges/Hospitals in India
GURDIP S SANDHU
(408) 687-1899 (925) 999-8278
7021 Village Parkway, Dublin, CA 94568
PRACTICE UNDER PROVISION OF ACT SB_-577 STATE OF CA



CAPITAL ACCOUNTING & TAX SERVICES


Kuldip Singh Kang


Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
ਸਾਨੂੰ 16 ਸਾਲਾਂ ਦਾ ਤਜਰਬਾ ਹੈ।
Same Day Plates Same Day Plates Same Day Plates
PH : 530-669-5780 Fax : 530-669-5775,
Cell : 530-908-9386 Cell : 530-405-6020
Tax Returns- Corporations, LLC, Non-Profits, Small Business and Individuals
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# ਅਮਰੀਕਾ ਦੇ ਜਾਰਜੀਆ ਰਾਜ 'ਚ ਹਿਰਾਸਤ ਵਿਚ ਹੋਈ ਮੌਤ ਦੇ ਮਾਮਲੇ ਵਿਚ 6 ਪੁਲਿਸ ਅਫਸਰਾਂ ਵਿਰੁੱਧ ਨਹੀਂ ਚੱਲੇਗਾ ਮੁਕੱਦਮਾ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਕਲੇਟਨ ਕਾਊਂਟੀ ਜਾਰਜੀਆ ਦੀ ਇਕ ਗਰੈਂਡ ਜਿਊਰੀ ਨੇ ਜੇਲ ਵਿਚ ਹਿਰਾਸਤ ਦੌਰਾਨ ਇਕ ਵਿਅਕਤੀ ਦੀ ਹੋਈ ਮੌਤ ਦੇ ਮਾਮਲੇ ਵਿਚ 6 ਸਾਬਕਾ ਸ਼ੈਰਿਫ ਡਿਪਟੀਆਂ ਵਿਰੁੱਧ ਦੋਸ਼ ਆਇਦ ਨਾ ਕਰਨ ਦਾ ਰਾਹ ਚੁਣਿਆ ਹੈ। ਇਹ ਜਾਣਕਾਰੀ ਅਦਾਲਤ ਦੇ ਦਸਤਾਵੇਜਾਂ ਤੋਂ ਮਿਲੀ ਹੈ। ਪਿੱਛਲੇ ਸਾਲ ਨਵੰਬਰ ਵਿਚ 38 ਸਾਲਾ ਟੈਰੀ ਲੀ ਥੁਰਮੌਂਡ ਨਾਮੀ ਵਿਅਕਤੀ ਜਿਸ ਨੂੰ ਕਲੇਟਨ ਕਾਊਂਟੀ ਜੇਲ ਵਿਚ ਰਖਿਆ ਗਿਆ ਸੀ, ਦੀ ਹੋਈ ਮੌਤ ਉਪਰੰਤ ਇਨਾਂ 6 ਪੁਲਿਸ ਅਫਸਰਾਂ ਨੂੰ ਨੌਕਰੀਆਂ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ। ਕਾਊਂਟੀ ਦੇ ਮੈਡੀਕਲ ਜਾਂਚ ਦਫਤਰ ਨੇ ਇਸ ਮੌਤ ਨੂੰ ਹੱਤਿਆ ਕਰਾਰ ਦਿੱਤਾ ਸੀ। 28 ਨਵੰਬਰ ਨੂੰ ਵਾਪਰੀ ਘਟਨਾ ਵਿਚ ਇਕ ਹਵਾਈ ਅੱਡੇ 'ਤੇ ਅਪਰਾਧਕ ਘੁਸਪੈਠ ਦੇ ਮਾਮਲੇ ਵਿਚ ਗ੍ਰਿਫਤਾਰ ਥੁਰਮੌਂਡ ਨੂੰ ਪੁਲਿਸ ਅਫਸਰਾਂ ਨੇ ਜੇਲ ਦੀ ਦੂਸਰੀ ਮੰਜਿਲ ਤੋਂ ਛਾਲ ਮਾਰਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਜਿਸ ਦੌਰਾਨ ਥੁਰਮੌਂਡ ਪੁਲਿਸ ਅਫਸਰਾਂ ਨਾਲ ਉਲਝ ਗਿਆ ਜਿਸ ਦਾ ਸਿੱਟਾ ਥੁਰਮੌਂਡ ਦੀ ਮੌਤ ਦੇ ਰੂਪ ਵਿਚ ਨਿਕਲਿਆ। ਥੁਰਮੌਂਡ ਦੀ ਮੌਤ ਉਸ ਨੂੰ ਹਿਰਾਸਤ ਵਿਚ ਲੈਣ ਦੇ ਇਕ ਦਿਨ ਬਾਅਦ ਹੀ ਹੋ ਗਈ ਸੀ। 6 ਪੁਲਿਸ ਅਫਸਰਾਂ ਵਿਚ ਈਲੋਂਨਟੇ ਜੌਹਨਸਨ, ਰੈਂਡੀ ਗੈਡੀ, ਡਿਓਨਟੇ ਮੈਕੂਲੇਅ, ਫਰੈਡ ਡੈਨਸਨ, ਡੈਰਿਕ ਡੋਇਲੇ ਤੇ ਡੈਨੀਲੋ ਜੋਨਸ ਲਮੌਂਟ ਸ਼ਾਮਿਲ ਹਨ।



# ਫਲੋਰਿਡਾ 'ਚ ਇਕ 10 ਸਾਲ ਦੀ ਬੱਚੀ 133 ਡਿਗਰੀ ਫਾਰਨਹੀਟ ਤਾਪਮਾਨ 'ਚ 5 ਘੰਟੇ ਰਹੀ ਕਾਰ ਵਿੱਚ ਬੰਦ, ਹੋਈ ਮੌਤ


## ਇਕ ਔਰਤ ਨੂੰ ਕੀਤਾ ਗ੍ਰਿਫਤਾਰ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਫਲੋਰਿਡਾ ਦੀ ਇਕ ਔਰਤ ਨੂੰ 10 ਸਾਲ ਦੀ ਬੱਚੀ ਦੀ ਮੌਤ ਦੇ ਮਾਮਲੇ ਵਿਚ ਹੱਤਿਆ ਦੇ ਗੰਭੀਰ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਹੈ। ਬੇਕਰ ਕਾਊਂਟੀ ਸ਼ੈਰਿਫ ਦਫਤਰ ਦੀ ਗ੍ਰਿਫਤਾਰੀ ਰਿਪੋਰਟ ਅਨੁਸਾਰ ਇਕ 10 ਸਾਲ ਦੀ ਬੱਚੀ, ਜਿਸ ਨੂੰ ਇਹ ਔਰਤ ਆਪਣੇ ਨਾਲ ਲੈ ਕੇ ਗਈ ਸੀ, ਇਕ ਕਾਰ ਵਿਚੋਂ ਬੇਸ਼ੁੱਧ ਹਾਲਤ ਵਿਚ ਮਿਲੀ ਸੀ ਜਿਸ ਕਾਰ ਦਾ ਅੰਦਰਲਾ ਤਾਪਮਾਨ 133 ਡਿਗਰੀ ਤੋਂ ਵਧ ਸੀ। ਰਿਪੋਰਟ ਅਨੁਸਾਰ ਰੌਂਡਾ ਜੈਵਲ ਨਾਮੀ ਔਰਤ ਵਿਰੁੱਧ ਦੋਸ਼ ਹੈ ਕਿ ਉਸ ਨੇ ਬੱਚੀ ਨੂੰ ਘੱਟੋ ਘੱਟ 5 ਘੰਟੇ ਇਕ ਕਾਰ ਵਿਚ ਬੰਦ ਰਖਿਆ ਜਿਸ ਕਾਰਨ ਉਸ ਦੀ ਗਰਮੀ ਤੇ ਘੁਟਣ ਕਾਰਨ ਮੌਤ ਹੋ ਗਈ। ਰਿਪੋਰਟ ਅਨੁਸਾਰ ਜੈਵਲ ਨੇ 10 ਸਾਲ ਦੀ ਬੱਚੀ ਸਮੇਤ 3 ਹੋਰ ਬੱਚਿਆਂ ਨਾਲ ਸਮਾਂ ਬਿਤਾਉਣਾ ਸੀ। ਉਸ ਨੇ ਬੱਚੀ ਨੂੰ ਉਸ ਦੇ ਮਾਪਿਆਂ ਦੇ ਘਰੋਂ ਲਿਆ ਤੇ ਦੂਸਰੀ ਜਗਾ 'ਤੇ ਚਲੀ ਗਈ ਜਿਥੇ 3 ਹੋਰ ਬੱਚੇ ਮੌਜੂਦ ਸਨ। ਜੈਵਲ ਨੇ ਜਾਂਚਕਾਰਾਂ ਨੂੰ ਦੱਸਿਆ ਕਿ ਜਦੋਂ ਉਹ ਦੂਸਰੀ ਜਗਾ 'ਤੇ ਪੁੱਜੀ ਤਾਂ ਉਸ ਨੇ ਸਮਝਿਆ ਕਿ ਬੱਚੀ ਸੌਂ ਗਈ ਹੈ ਤੇ ਉਹ ਉਸ ਨੂੰ ਕਾਰ ਵਿਚ ਛੱਡ ਕੇ ਘਰ ਦੇ ਅੰਦਰ ਚਲੀ ਗਈ। ਉਹ ਦੂਸਰੇ ਬੱਚਿਆਂ ਨਾਲ ਗੱਲਾਂਬਾਤਾਂ ਵਿਚ ਏਨਾ ਰੁਝ ਗਈ ਕਿ ਬੱਚੀ ਨੂੰ ਭੁੱਲ ਗਈ। ਬੱਚੀ ਦੀ ਮਾਂ ਜਦੋਂ ਉਸ ਨੂੰ ਲੈਣ ਗਈ ਤਾਂ ਉਸ ਨੇ ਵੇਖਿਆ ਕਿ ਉਸ ਦੀ ਬੱਚੀ ਅੱਤ ਦੀ ਗਰਮੀ ਵਿਚ ਕਾਰ ਵਿੱਚ ਬੰਦ ਹੈ। ਬੱਚੀ ਨੂੰ ਕਾਰ ਵਿਚੋਂ ਕੱਢ ਕੇ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮੈਡੀਕਲ ਸਟਾਫ ਅਨੁਸਾਰ ਬੱਚੀ ਦਾ ਅੰਦਰਲਾ ਤਾਪਮਾਨ 110 ਡਿਗਰੀ ਫਾਰਨਹੀਟ ਸੀ ਤੇ ਉਸ ਦੀ ਚਮੜੀ ਬਹੁਤ ਗਰਮ ਸੀ। ਜੈਵਲ ਨੂੰ ਗ੍ਰਿਫਤਾਰ ਕਰਕੇ ਬੇਕਰ ਕਾਊਂਟੀ ਡਿਟੈਨਸ਼ਨ ਸੈਂਟਰ ਵਿਚ ਲਿਜਾਇਆ ਗਿਆ ਹੈ।



# ਅਮਰੀਕਾ ਵਿਚ ਇਕ 'ਫਾਇਰ ਫਾਇਟਰ' ਵਿਰੁੱਧ ਅਗਜ਼ਨੀ ਦੇ ਦੋਸ਼ ਆਇਦ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਅਮਰੀਕਾ ਦੇ ਐਰੀਜ਼ੋਨਾ ਰਾਜ ਦੇ ਇਕ 'ਫਾਇਰ ਫਾਇਟਰ' ਵਿਰੁੱਧ ਅੱਗ ਲਾਉਣ ਦੀਆਂ ਘਟਨਾਵਾਂ ਵਿਚ ਸ਼ਾਮਿਲ ਹੋਣ ਦੇ ਦੋਸ਼ ਆਇਦ ਕੀਤੇ ਗਏ ਹਨ। ਯਾਵਾਪਾਈ ਕਾਊਂਟੀ ਸ਼ੈਰਿਫ ਦਫਤਰ ਅਨੁਸਾਰ ਉਸ ਨੇ ਕਥਿੱਤ ਤੌਰ 'ਤੇ ਪਿਛਲੇ ਕੁਝ ਹਫਤਿਆਂ ਦੌਰਾਨ ਦੋ ਕਾਊਂਟੀਆਂ ਵਿਚ ਕਈ ਥਾਵਾਂ 'ਤੇ ਅੱਗਾਂ ਲਾਉਣ ਦਾ ਗੁਨਾਹ ਕਬੂਲ ਕਰ ਲਿਆ ਹੈ। ਅਧਿਕਾਰੀਆਂ ਨੇ ਇਸ ਫਾਇਰ ਫਾਇਟਰ ਦੀ ਕਰਸਨ ਨੂਟਰ (18) ਵਜੋਂ ਪਛਾਣ ਕੀਤੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ 8 ਥਾਵਾਂ 'ਤੇ ਅੱਗ ਲੱਗਣ ਦੀਆਂ ਘਟਨਾਵਾਂ ਵਿਚ ਪ੍ਰਮੁੱਖ ਸ਼ੱਕੀ ਦੋਸ਼ੀ ਹੈ। ਇਨਾਂ ਵਿਚ 15 ਜੂਨ ਤੋਂ ਬਾਅਦ ਯਾਵਾਪਾਈ ਤੇ ਕੋਕੋਨੀਨੋ ਕਾਉਂਟੀਆਂ ਵਿਚ 4 ਇਮਾਰਤਾਂ ਨੂੰ ਅੱਗ ਲੱਗਣ ਤੇ 4 ਥਾਵਾਂ 'ਤੇ ਜੰਗਲ ਵਿਚ ਅੱਗ ਲੱਗਣ ਦੀਆਂ ਘਟਨਾਵਾਂ ਸ਼ਾਮਿਲ ਹਨ। ਸ਼ੈਰਿਫ ਦਫਤਰ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਲੰਘੇ ਵੀਰਵਾਰ ਅੱਗ ਲੱਗਣ ਦੀ ਇਕ ਛੋਟੀ ਘਟਨਾ ਤੋਂ ਬਾਅਦ ਪੁਲਿਸ ਅਫਸਰਾਂ ਨੇ ਨੂਟਰ ਦੀ ਸ਼ੱਕੀ ਦੋਸ਼ੀ ਵਜੋਂ ਪਛਾਣ ਕੀਤੀ। ਬਿਆਨ ਵਿਚ ਕਿਹਾ ਗਿਆ ਹੈ ਕਿ ਨੂਟਰ ਐਸ਼ ਫੋਰਕ ,ਐਰੀਜ਼ੋਨਾ ਦੇ ਅੱਗ ਬੁਝਾਊ ਵਿਭਾਗ ਵਿਚ ਫਾਇਰ ਫਾਇਟਰ ਵਜੋਂ ਕੰਮ ਕਰਦਾ ਹੈ। ਸ਼ੈਰਿਫ ਦਫਤਰ ਅਨੁਸਾਰ ਨੂਟਰ ਦੀ ਜਾਂਚ ਦੀ ਸ਼ੁਰੂਆਤ ਵਿਚ ਹੀ ਪ੍ਰਮੁੱਖ ਸ਼ੱਕੀ ਦੋਸ਼ੀ ਦੇ ਰੂਪ ਵਿਚ ਪਛਾਣ ਕੀਤੀ ਗਈ ਹੈ। ਉਸ ਵਿਰੁੱਧ ਯਾਵਾਪਾਈ ਕਾਊਂਟੀ ਸ਼ੈਰਿਫ ਦਫਤਰ ਡੀਟੈਨਸ਼ਨ ਸੈਂਟਰ ਵਿਚ ਇਮਰਾਤਾਂ ਜਾਂ ਜਾਇਦਾਦ ਨੂੰ ਅੱਗ ਲਾਉਣ ਦੇ 3 ਦੋਸ਼ ਤੇ ਲਾਅ ਇਨਫੋਰਸਮੈਂਟ ਨੂੰ ਝੂਠੀਆਂ ਰਿਪੋਰਟਾਂ ਕਰਨ ਦੇ 5 ਦੋਸ਼ ਲਾਏ ਗਏ ਹਨ।



# ਟੈਕਸਾਸ ਰਸਤੇ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਨ ਵਾਲੇ ਪ੍ਰਵਾਸੀਆਂ ਨੂੰ ਰੋਕਣ ਸਬੰਧੀ ਨੀਤੀਆਂ ਦੀ ਵੱਡੀ ਪੱਧਰ ਉਪਰ ਅਲੋਚਨਾ

## ਇਕ ਜਵਾਨ ਵੱਲੋਂ ਆਪਣੇ ਸੀਨੀਅਰ ਨੂੰ ਭੇਜੀ ਈ ਮੇਲ ਉਪੰਰਤ ਮਾਮਲੇ ਨੇ ਤੂਲ ਫੜਿਆ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਅਮਰੀਕਾ ਦੇ ਟੈਕਸਾਸ ਰਾਜ ਦੀ ਸਰਹੱਦ ਰਾਹੀਂ ਗੈਰ ਕਾਨੂੰਨੀ ਢੰਗ ਨਾਲ ਦਾਖਲ ਹੋਣ ਵਾਲੇ ਪ੍ਰਵਾਸੀਆਂ ਨੂੰ ਰੋਕਣ ਸਬੰਧੀ ਅਪਣਾਈਆਂ ਜਾ ਰਹੀਆਂ ਨੀਤੀਆਂ ਦੀ ਵੱਡੀ ਪੱਧਰ ਉਪਰ ਅਲੋਚਨਾ ਹੋ ਰਹੀ ਹੈ। ਰਾਜ ਦੇ ਇਕ ਜਵਾਨ ਵੱਲੋਂ ਪ੍ਰਗਟਾਵਾ ਕੀਤਾ ਗਿਆ ਹੈ ਕਿ ਸਰਹੱਦ 'ਤੇ ਤਾਇਨਾਤ ਮੁਲਾਜ਼ਮਾਂ ਨੂੰ ਕਿਹਾ ਗਿਆ ਹੈ ਕਿ ਜੋ ਵੀ ਪ੍ਰਵਾਸੀ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਨ ਉਨਾਂ ਨੂੰ ਗਵਰਨਰ ਗਰੇਗ ਅਬੋਟ ਦੇ ਸਰਹੱਦ ਸੁਰੱਖਿਆ ਕਦਮਾਂ ਤਹਿਤ ਦੁਬਾਰਾ ਰੀਓ ਗਰੈਂਡ ਦਰਿਆ ਵਿਚ ਧੱਕ ਦਿੱਤਾ ਜਾਵੇ। ਇਸ ਪ੍ਰਗਟਾਵੇ ਉਪਰੰਤ ਮਾਮਲਾ ਤੂਲ ਫੜ ਗਿਆ ਹੈ। ਇਕ ਅਖਬਾਰ ਵਿਚ ਛੱਪੀ ਇਕ ਰਿਪੋਰਟ ਜਿਸ ਵਿਚ ਟੈਕਸਾਸ ਡਿਪਾਰਟਮੈਂਟ ਆਫ ਪਬਲਿਕ ਸੇਫਟੀ ਨੂੰ ਇਕ ਜਵਾਨ ਵੱਲੋਂ ਭੇਜੀ ਇਕ ਈ ਮੇਲ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਗਵਰਨਰ ਅਬੋਟ ਦੇ ਆਪਰੇਸ਼ਨ ਲੋਨ ਸਟਾਰ ਕਾਰਨ ਪ੍ਰਵਾਸੀਆਂ ਦੀ ਜਿੰਦਗੀ ਖਤਰੇ ਵਿਚ ਪਾ ਦਿੱਤੀ ਗਈ ਹੈ। ਜਵਾਨ ਜੋ ਇਕ ਡਾਕਟਰ ਹੈ, ਨੇ ਆਪਣੇ ਸੀਨੀਅਰ ਨੂੰ ਭੇਜੀ ਈ ਮੇਲ ਵਿਚ ਸਪਸ਼ਟ ਕੀਤਾ ਹੈ ਕਿ ਉਹ ਪ੍ਰਵਾਸੀਆਂ ਨੂੰ ਰੋਕਣ ਦੇ ਕਦਮਾਂ ਦਾ ਸਮਰਥਕ ਹੈ ਪਰੰਤੂ ਇਸ ਦੇ ਨਾਲ ਹੀ ਉਸ ਨੇ ਡੈਲ ਰੀਓ ਖੇਤਰ ਵਿਚ ਇਸ ਸਾਲ ਜੂਨ ਦੇ ਅੰਤ ਵਿਚ ਤੇ ਜੁਲਾਈ ਦੇ ਸ਼ੁਰੂ ਵਿਚ ਵਾਪਰੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਹੈ ਜਿਨਾਂ ਵਿਚ ਪ੍ਰਵਾਸੀਆਂ ਨੂੰ ਤੰਗ ਪ੍ਰੇਸ਼ਾਨ ਕੀਤਾ ਗਿਆ ਹੈ। ਇਨ੍ਹਾਂ ਵਿਚ ਪ੍ਰਵਾਸੀ ਬੱਚਿਆਂ ਦੇ ਜ਼ਖਮੀ ਹੋਣ, ਇਕ ਗਰਭਵੱਤੀ ਔਰਤ ਨਾਲ ਗਲਤ ਵਿਵਹਾਰ ਤੇ ਹੋਰ ਬਹੁਤ ਸਾਰਿਆਂ ਨੂੰ ਭਿਆਨਕ ਗਰਮੀ ਦੇ ਬਾਵਜੂਦ ਪਾਣੀ ਨਾ ਦੇਣ ਜਾਂ ਉਚਿੱਤ ਡਾਕਟਰੀ ਸਹਾਇਤਾ ਨਾ ਦੇਣ ਵਰਗੀਆਂ ਘਟਨਾਵਾਂ ਦਾ ਜ਼ਿਕਰ ਹੈ। ਜਵਾਨ ਨੇ ਕਿਹਾ ਹੈ ਕਿ ਟੈਕਸਾਸ ਰਾਜ ਵੱਲੋਂ ਰੀਓ ਗਰੈਂਡ ਦਰਿਆ ਦੇ ਨਾਲ ਲਾਈ ਗਈ ਕੰਡਿਆਲੀ ਵਾੜ ਦੇ ਸਿੱਟੇ ਵਜੋਂ 5 ਪ੍ਰਵਾਸੀ ਦਰਿਆ ਵਿਚ ਡੁੱਬ ਗਏ ਸਨ ਜਦ ਕਿ ਕੁਝ ਹੋਰ ਕੰਡਿਆਲੀ ਵਾੜ ਵਿਚ ਫੱਸ ਕੇ ਜ਼ਖਮੀ ਹੋ ਗਏ ਸਨ। ਜਵਾਨ ਨਿਕੋਲਸ ਵਿੰਗੇਟ ਨੇ ਟੈਕਸਾਸ ਡਿਪਾਰਟਮੈਂਟ ਆਫ ਪਬਲਿਕ ਸੇਫਟੀ ਸਾਰਜੈਂਟ ਨੂੰ ਭੇਜੀ ਈ ਮੇਲ ਵਿਚ ਹੋਰ ਕਿਹਾ ਹੈ ਕਿ "ਮੈਂ ਸੱਚੇ ਦਿੱਲੋਂ ਆਪਰੇਸ਼ਨ ਲੋਨ ਸਟਾਰ ਦੇ ਮਿਸ਼ਨ ਵਿਚ ਵਿਸ਼ਵਾਸ਼ ਰੱਖਦਾ ਹਾਂ ਪਰੰਤੂ ਮੇਰਾ ਵਿਸ਼ਵਾਸ਼ ਹੈ ਕਿ ਅਸੀਂ ਅਣਮਨੁੱਖੀ ਸੀਮਾ ਨੂੰ ਪਾਰ ਕੀਤਾ ਹੈ। ਸਾਨੂੰ ਇਸ ਆਪਰੇਸ਼ਨ ਨੂੰ ਉਸ ਪ੍ਰਮਾਤਮਾ ਦੀ ਨਜਰ ਅਨੁਸਾਰ ਠੀਕ ਤਰਾਂ ਲਾਗੂ ਕਰਨਾ ਪਵੇਗਾ। ਸਾਨੂੰ ਇਹ ਮਾਨਤਾ ਦੇਣ ਦੀ ਲੋੜ ਹੈ ਕਿ ਇਹ ਲੋਕ ਉਸ ਪ੍ਰਮਾਤਮਾ ਦਾ ਹੀ ਰੂਪ ਹਨ ਤੇ ਉਨ੍ਹਾਂ ਨਾਲ ਇਸ ਅਨੁਸਾਰ ਹੀ ਵਿਵਹਾਰ ਕਰਨ ਦੀ ਲੋੜ ਹੈ।"



# ਅਮਰੀਕਾ ਵਿਚ ਭਾਰਤੀ ਮੂਲ ਦੇ ਪੰਜਾਬੀ ਜੋੜੇ ਵਿਰੁੱਧ ਇਕ ਵਿਦੇਸ਼ੀ ਵਰਕਰ ਦੇ ਇਮੀਗ੍ਰੇਸ਼ਨ ਦਸਤਾਵੇਜ਼ ਜ਼ਬਤ ਕਰਨ ਤੇ ਬੰਧੂਆ ਮਜ਼ਦੂਰੀ ਕਰਵਾਉਣ ਸਮੇਤ ਹੋਰ ਕਈ ਦੋਸ਼ ਆਇਦ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਇਕ ਭਾਰਤੀ ਅਮਰੀਕੀ ਜੋੜੇ ਨੂੰ ਇਕ ਵਰਕਰ ਦੇ ਇਮੀਗ੍ਰੇਸ਼ਨ ਦਸਤਾਵੇਜ਼ ਜ਼ਬਤ ਕਰਨ, ਘੱਟ ਤਨਖਾਹ 'ਤੇ ਵਧ ਕੰਮ ਕਰਵਾਉਣ ਤੇ ਧਮਕੀਆਂ ਦੇਣ ਸਮੇਤ ਹੋਰ ਕਈ ਦੋਸ਼ ਆਇਦ ਕੀਤੇ ਜਾਣ ਦੀ ਖਬਰ ਹੈ। ਰਿਚਮੌਂਡ ਵਿਚ ਇਕ ਫੈਡਰਲ ਜਿਊਰੀ ਨੇ ਉੱਤਰੀ ਚੈਸਟਰਫੀਲਡ ਖੇਤਰ ਦੇ ਵਾਸੀ ਹਰਮਨਪ੍ਰੀਤ ਸਿੰਘ (30) ਤੇ ਕੁਲਬੀਰ ਕੌਰ (42) ਵਿਰੁੱਧ ਕੁਲ 6 ਦੋਸ਼ ਆਇਦ ਕਰਨ ਦਾ ਆਦੇਸ਼ ਦਿੱਤਾ ਹੈ। ਆਇਦ ਦੋਸ਼ਾਂ ਵਿਚ ਬੰਧੂਆ ਮਜ਼ਦੂਰੀ ਕਰਵਾਉਣ ਦੀ ਸਾਜਿਸ਼ ਰਚਣ, ਬੰਧੂਆ ਮਜ਼ਦੂਰੀ ਕਰਵਾਉਣਾ, ਆਪਣੇ ਵਿੱਤੀ ਲਾਭ ਲਈ ਵਿਦੇਸ਼ੀ ਨੂੰ ਪਨਾਹ ਦੇਣਾ, ਦਸਤਾਵੇਜ਼ੀ ਗੁਲਾਮੀ, ਦਿਵਾਲੀਆਪਣ ਫਰਾਡ ਲਈ ਸਾਜਿਸ਼ ਰਚਣ ਤੇ ਦਿਵਾਲੀਆਪਣ ਪ੍ਰਕ੍ਰਿਆ ਮੁਕੰਮਲ ਕਰਨ ਲਈ ਝੂਠੇ ਤਬਾਦਲੇ ਕਰਨੇ ਸ਼ਾਮਿਲ ਹਨ। ਅਦਾਲਤ ਦੇ ਦਸਤਾਵੇਜ਼ਾਂ ਅਨੁਸਾਰ ਇਸ ਪੰਜਾਬੀ ਜੋੜੇ ਨੇ ਮਾਰਚ 2018 ਤੋਂ ਮਈ 2021 ਦਰਮਿਆਨ ਪੀੜਤ ਨੂੰ ਆਪਣੇ ਸਟੋਰ ਵਿਚ ਕਥਿੱਤ ਤੌਰ 'ਤੇ ਮਜ਼ਦੂਰੀ ਕਰਨ ਤੇ ਹੋਰ ਸੇਵਾਵਾਂ ਦੇਣ ਲਈ ਮਜ਼ਬੂਰ ਕੀਤਾ। ਨਿਆਂ ਵਿਭਾਗ ਅਨੁਸਾਰ ਪੀੜਤ ਨੇ ਖਜ਼ਾਨਚੀ , ਖਾਣਾ ਬਣਾਉਣ, ਸਫਾਈ ਕਰਨ ਤੇ ਸਟੋਰ ਰਿਕਾਰਡ ਦਾ ਪ੍ਰਬੰਧ ਕਰਨ ਸਮੇਤ ਹੋਰ ਕਈ ਤਰਾਂ ਦੇ ਕੰਮ ਕੀਤੇ। ਉਸ ਨੂੰ ਮਾੜੇ ਹਾਲਾਤ ਵਿਚ ਰੱਖਿਆ ਗਿਆ ਤੇ ਘੱਟੋ ਘੱਟ ਤਨਖਾਹ 'ਤੇ ਲੰਬਾ ਸਮਾਂ ਕੰਮ ਕਰਨ ਲਈ ਮਜ਼ਬੂਰ ਕੀਤਾ ਗਿਆ। ਲਾਏ ਦੋਸ਼ਾਂ ਅਨੁਸਾਰ ਜੋੜੇ ਨੇ ਵੀਜ਼ੇ ਦੀ ਮਿਆਦ ਖਤਮ ਹੋਣ ਦੇ ਬਾਵਜੂਦ ਆਪਣੇ ਲਾਭ ਲਈ ਪੀੜਤ ਨੂੰ ਪਨਾਹ ਦਿੱਤੀ। ਜੋੜੇ ਨੂੰ ਸਜ਼ਾ ਬਾਰੇ ਫੈਸਲਾ ਫੈਡਰਲ ਡਿਸਟ੍ਰਿਕਟ ਕੋਰਟ ਜੱਜ ਕਰੇਗਾ। ਇਥੇ ਜਿਕਰਯੋਗ ਹੈ ਕਿ ਬੰਧੂਆਂ ਮਜ਼ਦੂਰੀ ਲਈ ਵਧ ਤੋਂ ਵਧ 20 ਸਾਲ ਲਈ ਜੇਲ ਹੋ ਸਕਦੀ ਹੈ। ਇਸ ਵਿਚ 5 ਸਾਲ ਲਈ ਨਿਗਰਾਨੀ ਤਹਿਤ ਰਿਹਾਈ ਦੀ ਵਿਵਸਥਾ ਹੈ। 2,50,000 ਡਾਲਰ ਦਾ ਜੁਰਮਾਨਾ ਵੀ ਲੱਗ ਸਕਦਾ ਹੈ।

# ਅਮਰੀਕੀ ਮੈਡੀਕਲ ਖੋਜੀਆਂ ਵੱਲੋਂ ਬਿਮਾਰੀ ਦੀ ਗਲਤ ਪਛਾਣ ਵਿਰੁੱਧ ਚਿਤਾਵਨੀ

## ਲੱਖਾਂ ਅਮਰੀਕੀਆਂ ਦੀ ਸਹੀ ਬਿਮਾਰੀ ਦੀ ਪਛਾਣ ਨਾ ਹੋਣ ਕਾਰਨ ਹੁੰਦੀ ਹੈ ਮੌਤ ਜਾਂ ਹੋ ਰਹੇ ਹਨ ਅਪਾਹਜ਼

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਡਾਕਟਰੀ ਖੇਤਰ ਦੇ ਚੋਟੀ ਦੇ ਖੋਜ਼ੀਆਂ ਨੇ ਬਿਮਾਰੀ ਦੀ ਸਹੀ ਪਛਾਣ ਨਾ ਹੋਣ ਕਾਰਨ ਗਲਤ ਦਵਾਈ ਦੇਣ ਦੇ ਸਿੱਟੇ ਵਜੋਂ ਹੁੰਦੀਆਂ ਮੌਤਾਂ ਵਿਰੁੱਧ ਚਿਤਾਵਨੀ ਦਿੱਤੀ ਹੈ। ਇਨਾਂ ਖੋਜ਼ੀਆਂ ਨੇ ਕਿਹਾ ਹੈ ਕਿ ਇਕ ਅਨੁਮਾਨ ਅਨੁਸਾਰ ਹਰ ਸਾਲ 7,95,000 ਅਮਰੀਕੀ ਮਰੀਜ਼ ਮਰ ਰਹੇ ਹਨ ਜਾਂ ਸਥਾਈ ਤੌਰ 'ਤੇ ਅਪਾਹਜ਼ ਹੋ ਰਹੇ ਹਨ ਕਿਉਂਕਿ ਉਨਾਂ ਦੀ ਬਿਮਾਰੀ ਦੀ ਪਛਾਣ ਕਰਨ ਵਿੱਚ ਗਲਤੀ ਹੋ ਰਹੀ ਹੈ। ਉਨਾਂ ਦੀ ਬਿਮਾਰੀ ਦੀ ਪਛਾਣ ਗਲਤ ਹਾਲਾਤ ਵਿਚ ਕੀਤੀ ਗਈ ਹੈ। ਜੌਹਨਜ ਹੋਪਕਿਨਜ ਆਰਮਸਟਰਾਂਗ ਇੰਸਟੀਚਿਊਟ ਸੈਂਟਰ ਫਾਰ ਡਾਇਆਗਨੋਸਟਿਕ ਐਕਸੇਲੈਂਸ ਵੱਲੋਂ ਜਾਰੀ ਨਵੀਂ ਰਿਪੋਰਟ ਵਿਚ ਉਕਤ ਪ੍ਰਗਟਾਵਾ ਕਰਦਿਆਂ ਕਿਹਾ ਗਿਆ ਹੈ ਕਿ ਕਈ ਸਾਲਾਂ ਤੱਕ 'ਮੈਡੀਕਲ ਮਿਸਡਾਇਆਗਨੋਜ' ਜੋ ਅਮਰੀਕਾ ਵਿਚ ਹੁੰਦਾ ਰਿਹਾ ਹੈ, ਬਾਰੇ ਆਮ ਲੋਕ ਜਿਆਦਾ ਨਹੀਂ ਜਾਣਦੇ ਸਨ। ਹੁਣ ਇਸ ਬਾਰੇ ਡੂੰਘਾਈ ਤੱਕ ਖੋਜ਼ ਕਰਕੇ ਸਿੱਟੇ ਕੱਢੇ ਗਏ ਹਨ। ਰਿਪੋਰਟ ਅਨੁਸਾਰ ਇਕ ਅਨੁਮਾਨ ਅਨੁਸਾਰ ਸਹੀ ਬਿਮਾਰੀ ਲਈ ਦਵਾਈ ਨਾ ਦੇਣ ਕਾਰਨ ਹਰ ਸਾਲ 3,71,000 ਮਰੀਜ਼ ਮਰ ਜਾਂਦੇ ਹਨ ਜਾਂ ਸਥਾਈ ਤੌਰ 'ਤੇ ਅਪਾਹਜ਼ ਹੋ ਜਾਂਦੇ ਹਨ। ਅਜਿਹਾ ਨਾ ਕੇਵਲ ਸਿਹਤ ਸੰਭਾਲ ਵਿਵਸਥਾ ਵਿਚ ਹੋ ਰਿਹਾ ਹੈ ਬਲਕਿ ਪਰਿਵਾਰਕ ਡਾਕਟਰ ਵੀ ਗਲਤ ਬਿਮਾਰੀ ਦਾ ਇਲਾਜ਼ ਕਰ ਰਹੇ ਹਨ ਜਿਸ ਕਾਰਨ ਮਰੀਜ਼ ਠੀਕ ਹੋਣ ਦੀ ਥਾਂ ਹੋਰ ਬਿਮਾਰ ਹੋ ਰਹੇ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਨੁਮਾਨਤ ਅੰਕੜੇ ਪਹਿਲਾਂ ਹੋਏ ਅਨੇਕਾਂ ਅਧਿਅਨਾਂ 'ਤੇ ਅਧਾਰਤ ਹਨ ਜੋ ਅਧਿਅਨ ਐਂਬੂਲੇਟਰੀ ਕਲੀਨਿਕਸ ਤੇ ਐਮਰਜੈਂਸੀ ਵਿਭਾਗਾਂ ਦੁਆਰਾ ਅਤੇ ਮਰੀਜ਼ਾਂ ਦੇ ਇਲਾਜ਼ ਦੌਰਾਨ ਬਿਮਾਰੀ ਦੀ ਗਲਤ ਪਛਾਣ ਬਾਰੇ ਕੀਤੇ ਗਏ ਹਨ। ਰਿਪੋਰਟ ਵਿਚ ਡਾ ਡੇਵਿਡ ਨਿਊਮੈਨ ਟੋਕਰ ਡਾਇਰੈਕਟਰ ਜੌਹਨਜ ਹੋਪਕਿਨਜ ਡਾਇਆਗਨੋਸਟਿਕ ਐਕਸੇਲੈਂਸ ਸੈਂਟਰ ਨੇ ਕਿਹਾ ਹੈ ਕਿ ਗਲਤ ਬਿਮਾਰੀ ਦੀ ਪਛਾਣ ਦੇ ਜਿਆਦਾਤਰ ਮਾਮਲੇ ਪਬਲਿਕ ਹੈਲਥ ਐਮਰਜੈਂਸੀ ਨਾਲ ਸਬੰਧਤ ਹਨ। ਉਨਾਂ ਕਿਹਾ ਕਿ ਬਿਮਾਰੀ ਦੀ ਪਛਾਣ ਬਾਰੇ ਗਲਤੀ ਦਾ ਘੇਰਾ ਵਿਆਪਕ ਹੈ ਜਿਸ ਦਾ ਸਾਹਮਣਾ ਅਸੀਂ ਕਰ ਰਹੇ ਹਾਂ। ਟੋਕਰ ਨੇ ਕਿਹਾ ਹੈ ਕਿ ਡਾਕਟਰੀ ਪੇਸ਼ਾਵਰ ਹਮੇਸ਼ਾਂ ਬਿਮਾਰੀ ਦਾ ਗਲਤ ਅਨੁਮਾਨ ਉਸ ਵੇਲੇ ਲਾਉਂਦੇ ਹਨ ਜਦੋਂ ਕਿਸੇ ਵਿਅਕਤੀ ਦੀ ਬਿਮਾਰੀ ਦੇ ਲੱਛਣ ਸੰਭਾਵੀ ਉਨਾਂ ਲੱਛਣਾਂ ਵਰਗੇ ਹੁੰਦੇ ਹਨ ਜੋ ਵੱਖਰੇ ਹਾਲਾਤ ਦੀ ਦੇਣ ਹੁੰਦੇ ਹਨ। ਉਨਾਂ ਕਿਹਾ ਕਿ ਜਿੰਨੇ ਜਿਆਦਾ ਲੱਛਣ ਕਠਿਨ ਪ੍ਰਤੀਤ ਹੁੰਦੇ ਹਨ ਓਨੀ ਹੀ ਬਿਮਾਰੀ ਦੀ ਪਛਾਣ ਵਿੱਚ ਗਲਤੀ ਦੀ ਸੰਭਾਵਨਾ ਵਧ ਜਾਂਦੀ ਹੈ ਤੇ ਮਰੀਜ਼ ਦੀ ਸਮੱਸਿਆ ਦਾ ਇਲਾਜ਼ ਗਲਤ ਦਵਾਈ ਨਾਲ ਹੋਣ ਦੀ ਸੰਭਾਵਨਾ ਹੁੰਦੀ ਹੈ। ਰਿਪੋਰਟ ਅਨੁਸਾਰ ਸਮੁੱਚੇ ਤੌਰ 'ਤੇ ਬਿਮਾਰੀ ਦੀ ਗਲਤ ਪਛਾਣ ਦੇ ਮਾਮਲੇ ਤਕਰੀਬਨ 11% ਹਨ। ਗਲਤ ਬਿਮਾਰੀ ਦੀ ਪਛਾਣ ਦੇ ਕੇਵਲ 1.5% ਮਾਮਲੇ ਦਿੱਲ ਦੀ ਬਿਮਾਰੀ ਨਾਲ ਸਬੰਧਤ ਹਨ ਜਦ ਕਿ ਰੀੜ ਦੀ ਹੱਡੀ ਦੇ 62% ਮਾਮਲਿਆਂ ਵਿਚ ਬਿਮਾਰੀ ਦੀ ਪਛਾਣ ਗਲਤ ਹੁੰਦੀ ਹੈ। ਟੋਕਰ ਨੇ ਕਿਹਾ ਕਿ ਦਿੱਲ ਦੀ ਬਿਮਾਰੀ ਦੀ ਗਲਤ ਪਛਾਣ ਦੀ ਦਰ ਇਸ ਲਈ ਘੱਟ ਹੈ ਕਿਉਂਕਿ ਪਿਛਲੇ ਸਮੇਂ ਦੌਰਾਨ ਇਸ ਖੇਤਰ ਵਿਚ ਅਸੀਂ ਠੋਸ ਨਿਵੇਸ਼ ਕੀਤਾ ਹੈ ਜਿਸ ਕਾਰਨ ਬਿਮਾਰੀ ਦੀ ਪਛਾਣ ਦੇ ਬੇਹਤਰ ਸਾਧਨ ਵਿਕਸਤ ਹੋਏ ਹਨ।

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਉਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਉਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੁਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ


ਕੈਪਟਨ ਅਮਰਜੀਤ ਸਿੰਘ ਕਾਲੇਕਾ

# ਸੰਸਾਰ ਭਰ ਵਿੱਚ ਦਰਦ

(**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**)


ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 12 ਅਗਸਤ 2012 ਨੂੰ ਗੁਰਦੁਆਰਾ ਮੰਜੀ ਸਾਹਿਬ ਵਿਖੇ ਸ਼ਹੀਦਾਂ ਦੀ ਯਾਦ ਵਿਚ ਅਖੰਡ ਪਾਠ ਸਾਹਿਬ ਦਾ ਭੋਗ ਪਾਇਆ ਗਿਆ। ਕਿਉਂਕਿ ਕਾਲੇਕੇ ਪਰਿਵਾਰ ਦਾ ਇਕੱਲਾ ਮੈਂਬਰ ਮੈਂ ਹੀ ਭਾਰਤ ਵਿੱਚ ਸੀ, ਇਸ ਲਈ ਐੱਸ.ਜੀ.ਪੀ.ਸੀ. ਵੱਲੋਂ ਮੈਨੂੰ ਪਾਠ ਦੇ ਭੋਗ ਦੌਰਾਨ ਸ਼ਾਮਲ ਹੋਣ ਲਈ ਸੁਨੇਹਾ ਆਇਆ। ਰੋਜ਼ਾਨਾ ਕਈ ਸੌ ਬੰਦੇ ਮੇਰੇ ਘਰ ਅਫ਼ਸੋਸ ਕਰਨ ਲਈ ਆ ਰਹੇ ਸੀ, ਇਸ ਲਈ ਮੈਂ ਉਹਨਾਂ ਨੂੰ ਆਪਣੀ ਮਜਬੂਰੀ ਦੱਸੀ।

ਗੁਰਦੁਆਰਾ ਨਵੀਨ ਸਿੰਘ ਸਭਾ, ਧਰਮਪੁਰਾ ਬਾਜ਼ਾਰ, ਪਟਿਆਲਾ ਵਿਖੇ ਵੀ 12 ਅਗਸਤ 2012 ਨੂੰ ਸ਼ਹੀਦਾਂ ਦੀ ਯਾਦ ਵਿਚ ਅਖੰਡ ਪਾਠ ਰੱਖਿਆ ਗਿਆ ਅਤੇ ਭੋਗ ਪਾਏ ਗਏ।

16 ਅਗਸਤ, ਨੂੰ ਸਾਡੇ ਪਰਿਵਾਰ ਵੱਲੋਂ ਸ਼ਹੀਦਾਂ ਦੀ ਯਾਦ ਵਿਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਲ ਰੋਡ, ਪਟਿਆਲਾ ਵਿਖੇ ਸਮਾਗਮ ਕਰਵਾਇਆ ਗਿਆ। ਜਿਸ ਵਿਚ 10 ਹਜ਼ਾਰ ਤੋਂ ਵੱਧ ਲੋਕ ਸ਼ਾਮਲ ਹੋਏ। ਕੋਈ ਅਦਾਰਾ ਨਹੀਂ ਸੀ ਬਚਿਆ, ਜੋ ਸਮਾਗਮ ਵਿਚ ਸ਼ਾਮਿਲ ਨਾ ਹੋਇਆ ਹੋਵੇ। ਸ੍ਰੀਮਤੀ ਸੋਨੀਆ ਗਾਂਧੀ ਜੋ ਕਿ ਉਸ ਵਾਲੇ ਭਾਰਤੀ ਕਾਂਗਰਸ ਪਾਰਟੀ ਦੇ ਪ੍ਰਧਾਨ ਸਨ ਦੀ ਚਿੱਠੀ ਲੈ ਕੇ ਪਹੁੰਚੀ ਮਹਾਰਾਣੀ ਪਰਨੀਤ ਕੌਰ ਨੇ ਸੰਗਤ ਨੂੰ ਸੰਬੋਧਨ ਕੀਤਾ। ਆਪਣੇ ਪਰਿਵਾਰ ਅਤੇ ਕਾਂਗਰਸ ਪਾਰਟੀ ਵੱਲੋਂ ਅਫ਼ਸੋਸ ਜ਼ਾਹਿਰ ਕੀਤਾ। ਸੰਗਰੂਰ ਦੇ ਐਮ.ਪੀ. ਸ੍ਰੀ ਵਿਜੈਇੰਦਰ ਸਿੰਗਲਾ ਨੇ ਵੀ ਸ਼ਹੀਦਾਂ ਨੂੰ ਯਾਦ ਕੀਤਾ ਅਤੇ ਕਾਲੇਕਾ ਪਰਿਵਾਰ ਦੇ ਪਿਛੋਕੜ ਬਾਰੇ ਸੰਗਤ ਨੂੰ ਦੱਸਿਆ। ਬੁੱਢਾ ਦਲ ਦੇ ਮੁੱਖੀ ਸ. ਬਲਬੀਰ ਸਿੰਘ ਨੇ ਵੀ ਸੰਗਤ ਨੂੰ ਸੰਬੋਧਿਤ ਕੀਤਾ। ਐੱਸ.ਜੀ.ਪੀ.ਸੀ. ਦੇ ਉਸ ਵੇਲੇ ਦੇ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਨੇ ਸੰਗਤ ਨੂੰ ਸੰਬੋਧਿਤ ਕਰਦਿਆਂ ਅਫ਼ਸੋਸ ਪ੍ਰਗਟਾਇਆ ਅਤੇ ਸ. ਸਤਵੰਤ ਸਿੰਘ ਕਾਲੇਕਾ ਅਤੇ ਲਫਟੈਨ ਬ੍ਰਾਇਨ ਮਰਫੀ ਨੂੰ ਗੋਲਡ ਮੈਡਲ ਦੇਣ ਦਾ ਐਲਾਨ ਕੀਤਾ। ਨਾਲ ਹੀ ਉਹਨਾਂ ਨੇ ਦੱਸਿਆ ਕਿ ਸ. ਸਤਵੰਤ ਸਿੰਘ ਕਾਲੇਕਾ ਦੀ ਬਹਾਦਰੀ ਅਤੇ ਸ਼ਹਾਦਤ ਨੂੰ ਸਤਿਕਾਰਿਆ ਜਾਵੇਗਾ।

ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਜੋ ਪੰਜਾਬ ਕਾਂਗਰਸ ਪਾਰਟੀ ਦੇ ਪ੍ਰਧਾਨ ਸਨ ਸਮੇਤ ਕਈ ਹੋਰ ਲੀਡਰਾਂ ਦੇ ਸੁਨੇਹੇ ਵੀ ਆਏ। ਪੰਜਾਬ ਦੇ ਮੁੱਖ ਮੰਤਰੀ ਵੱਲੋਂ ਸ. ਕੋਹਾੜ ਜੋ ਕਿ ਸੀਨੀਅਰ ਮੰਤਰੀ ਸਨ, ਪ੍ਰਤੀਨਿਧਤਾ ਕਰ ਰਹੇ ਸਨ।

ਸਾਰੇ ਸਮਾਗਮ ਦੀ ਸਟੇਜ ਸੰਭਾਲਣ ਦਾ ਕੰਮ ਸ਼ਹੀਦ ਸਤਵੰਤ ਸਿੰਘ ਦੇ ਅਧਿਆਪਕ ਡਾ. ਰਣਬੀਰ ਸਿੰਘ ਸਰਾਓ ਨੇ ਕੀਤੀ।




12 ਸਤੰਬਰ ਨੂੰ ਪਿੰਡ ਵਾਸੀਆਂ ਦੇ ਕਹਿਣ ਤੇ ਇੱਕ ਸਮਾਗਮ ਦੁਗਾਲ ਪਿੰਡ ਵਿਖੇ ਕਰਵਾਇਆ ਗਿਆ। ਜਿਸ ਵਿਚ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵੀ ਸ਼ਾਮਿਲ ਹੋਏ। ਉਹਨਾਂ ਨੇ ਰੱਖੜਾ ਪਰਿਵਾਰ ਵੱਲੋਂ ਚਲਾਇਆ ਮੈਗਜ਼ੀਨ ਸਮੁੰਦਰੋਂ ਪਾਰ ਦਾ ਵਿਸ਼ੇਸ਼ ਅੰਕ ਜੋ ਸਤਵੰਤ ਸਿੰਘ ਕਾਲੇਕਾ ਬਾਰੇ ਅਤੇ ਸ਼ਹੀਦਾਂ ਬਾਰੇ ਸੀ, ਰਿਲੀਜ਼ ਕੀਤਾ ਅਤੇ ਉਸ ਦੀਆਂ ਚਾਰ ਹਜ਼ਾਰ ਕਾਪੀਆਂ ਵੰਡੀਆਂ ਗਈਆਂ। ਉਹਨਾਂ ਨੇ ਆਪਣੇ ਦਿਲ ਦੀਆਂ ਗਹਿਰਾਈਆਂ ਵਿਚੋਂ ਇਸ ਮੌਕੇ ਤੇ ਅਫ਼ਸੋਸ ਕੀਤਾ ਅਤੇ ਸੰਗਤ ਨੂੰ ਦੱਸਿਆ ਕਿ ਅਮਰੀਕਾ ਜੋ ਪ੍ਰੋਗਰਾਮ 12 ਅਗਸਤ ਨੂੰ ਹੋਇਆ ਸੀ ਉਹ ਬਹੁਤ ਹੀ ਵੱਡੇ ਪੱਧਰ ਦਾ ਸੀ। ਲੋਕਾਂ ਨੇ ਦੁਗਾਲ ਦੇ ਸਕੂਲ ਦਾ ਨਾਂ ਸਤਵੰਤ ਦੇ ਨਾਂ ਉਤੇ ਰੱਖਣ ਲਈ ਬੇਨਤੀ ਕੀਤੀ। ਜੋ ਉਹਨਾਂ ਨੇ ਪ੍ਰਵਾਨ ਕਰ ਲਈ। ਪਿੰਡ ਵਾਸੀਆਂ ਨੇ ਪਿੰਡ ਵਿਚ ਸਤਵੰਤ ਦਾ ਬੁੱਤ ਲਗਾਉਣ ਲਈ ਵੀ ਅਰਜ਼ੋਈ ਕੀਤੀ। ਬਾਦਲ ਸਾਹਿਬ ਨੇ ਆਸ਼ਵਾਸਨ ਦਿਵਾਇਆ ਕਿ ਦੋਵੇਂ ਕੰਮ ਜਲਦੀ ਹੋ ਜਾਣਗੇ। ਪਿੰਡ ਦੇ ਸਕੂਲ ਦਾ ਨਾਂ ਬਦਲ ਕੇ ਸਤਵੰਤ ਦੇ ਨਾਂ ਤੇ ਹੋ ਚੁੱਕਾ ਹੈ। ਪ੍ਰੰਤੂ ਸ਼ਹੀਦ ਦੀ ਪਤਨੀ ਦੇ ਕਹਿਣ ਤੇ ਕਿ ਛੋਟੀ ਥਾਵਾਂ ਤੇ ਬੁੱਤ ਦੀ ਚੰਗੀ ਤਰ੍ਹਾਂ ਸਾਂਭ-ਸੰਭਾਲ ਨਹੀਂ ਹੁੰਦੀ, ਇਸ ਲਈ ਪਿੰਡ ਵਿਚ ਬੁੱਤ ਨਹੀਂ ਲਗਾਇਆ ਗਿਆ। ਮੈਂ ਵੱਡੇ ਭਰਾ ਦੇ ਰੂਪ ਵਿਚ ਇਸ ਸਕੂਲ ਨੂੰ ਅਪਣਾ ਲਿਆ ਹੈ ਅਤੇ ਆਪਣੇ ਜੀਵਨ ਕਾਲ ਤੱਕ 51 ਹਜ਼ਾਰ ਰੁਪਏ ਸਾਲਾਨਾ ਦੇਣਾ ਦਾ ਵਾਅਦਾ ਕੀਤਾ ਹੈ। ਇਸ ਖ਼ਰਚੇ ਦੀ ਦੇਖਭਾਲ ਲਈ ਇਕ ਕਮੇਟੀ ਬਣਾ ਦਿੱਤੀ ਹੈ।

ਇੱਧਰ 28-8-2012 ਨੂੰ ਪੰਜਾਬ ਕੈਬਨਿਟ ਦੀ ਉਚੇਚੀ ਮੀਟਿੰਗ ਹੋਈ ਜਿਸ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਦੋ ਮਿੰਟ ਦਾ ਮੋਨ ਰੱਖ ਕੇ ਸ਼ਹੀਦਾਂ ਦੀ ਯਾਦ ਵਿਚ ਅਫ਼ਸੋਸ ਕੀਤਾ ਗਿਆ। 2017 ਵਿਚ ਸ਼ਹੀਦ ਸਤਵੰਤ ਸਿੰਘ ਕਾਲੇਕਾ ਦੀ ਸ਼ਹਾਦਤ ਨੂੰ ਸਤਿਕਾਰਨ ਵੱਜੋਂ ਉਸ ਦਾ ਚਿੱਤਰ ਸਿੱਖ ਅਜਾਇਬ ਘਰ, ਸ੍ਰੀ ਹਰਿਮੰਦਰ ਸਾਹਿਬ ਵਿਚ ਲਗਾਇਆ ਗਿਆ ਹੈ, ਤਾਂ ਜੋ ਆਉਣ ਵਾਲੀਆਂ ਪੀੜੀਆਂ ਇਹਨਾਂ ਦੀ ਬਹਾਦਰੀ ਤੋਂ ਪ੍ਰੇਰਨਾ ਲੈ ਸਕਣ।

16 ਨਵੰਬਰ, 2017 ਨੂੰ ਵਿਸ਼ੇਸ਼ ਸਮਾਗਮ ਵਿਚ ਸਤਵੰਤ ਦੀ ਪਤਨੀ ਤੋਂ ਇਲਾਵਾ ਮੈਂ ਅਤੇ ਮੇਰੀ ਪਤਨੀ ਅਤੇ ਮੇਰੀ ਵੱਡੀ ਭੈਣ ਪ੍ਰੋਫੈਸਰ ਜਸਵਿੰਦਰ ਕੌਰ ਢਿੱਲੋਂ ਨੇ ਹਿੱਸਾ ਲਿਆ। ਮੀਡੀਆ ਦੇ ਕਾਫ਼ੀ ਪ੍ਰਤੀਨਿਧ ਆਏ ਹੋਏ ਸਨ। ਉਹਨਾਂ ਨੇ ਸ਼ਹੀਦ ਦੀ ਪਤਨੀ ਸਤਪਾਲ ਕੌਰ ਅਤੇ ਮੇਰੇ ਨਾਲ ਗੱਲ ਕੀਤੀ ਅਤੇ ਸਵਾਲ ਪੁੱਛੇ। ਸਤਪਾਲ ਕੌਰ ਨੇ ਐੱਸ.ਜੀ.ਪੀ.ਸੀ. ਦੇ ਇਸ ਕਦਮ ਤੇ ਸੰਤੁਸ਼ਟਤਾ ਜਤਾਈ। ਜਦ ਮੇਰੇ ਤੋਂ ਇਹ ਸਵਾਲ ਪੁੱਛਿਆ ਕਿ, ਕੀ ਤੁਹਾਡੇ ਭਰਾ ਨੇ ਐਸਾ ਕਰਕੇ ਠੀਕ ਕੀਤਾ ਤਾਂ ਮੈਂ ਇਹ ਉੱਤਰ ਦਿੱਤਾ, "ਸਤਵੰਤ ਨੇ ਉਹੀ ਕੀਤਾ ਜੋ ਹਰ ਸਿੱਖ ਨੂੰ ਸੰਗਤ ਨੂੰ ਬਚਾਉਣ ਵਾਸਤੇ ਅਤੇ ਗੁਰਦੁਆਰਾ ਸਾਹਿਬ ਦੀ ਸ਼ਾਨ ਨੂੰ ਬਰਕਰਾਰ ਰੱਖਣ ਲਈ ਕਰਨਾ ਚਾਹੀਦਾ ਹੈ। ਮੈਨੂੰ ਮਾਣ ਹੈ ਕਿ ਸਤਵੰਤ ਨੇ ਅੱਛਾ ਕੰਮ ਕੀਤਾ।" ਸ਼੍ਰੋਮਣੀ ਕਮੇਟੀ ਦਾ ਇਹ ਕਦਮ ਸ਼ਲਾਘਾਯੋਗ ਹੈ। ਉਹਨਾਂ ਨੇ ਉਹੀ ਕੀਤਾ ਜੋ ਉਹਨਾਂ ਨੇ ਵਾਅਦਾ ਕੀਤਾ ਸੀ।

(ਚਲਦਾ)





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

• ਇਸ ਤਰ੍ਹਾਂ ਸਹੀ ਮਾਇਨੇ ਵਿਚ ਇਨ੍ਹਾਂ ਇਕਤ੍ਰਤਾਵਾਂ ਨੂੰ ਪੰਥਕ ਇਕੱਠ ਕਿਹਾ ਜਾ ਸਕਦਾ ਹੈ।

• ਇਨ੍ਹਾਂ ਦੋਨਾਂ ਦਿਨਾਂ ਵਿਚ ਕਾਫ਼ੀ ਸੰਜੀਦਗੀ ਨਾਲ ਵਿਚਾਰ ਵਟਾਂਦਰੇ ਹੋਏ ਅਤੇ ਸਭ ਤੋਂ ਪਹਿਲਾਂ ਰਹੁ-ਰੀਤ ਕਮੇਟੀ ਦੇ ਕਨਵੀਨਰ ਪ੍ਰੋਫੈਸਰ ਤੇਜਾ ਸਿੰਘ ਜੀ ਨੇ ਰਿਪਰਟ ਪੜ੍ਹ ਕੇ ਸੁਣਾਈ।

• ਇਸ ਦੀ ਸ਼ੁਰੂਆਤ ਵਿਚ ਹੀ ਕੁਝ ਸੱਜਣਾਂ ਨੇ ਰਹਿਤ ਮਰਯਾਦਾ ਦੀ ਲੋੜ 'ਤੇ ਹੀ ਸਵਾਲ ਚੁੱਕੇ ਜਿਸ 'ਤੇ ਪ੍ਰੋ. ਤੇਜਾ ਸਿੰਘ ਜੀ ਨੂੰ ਕਹਿਣਾ ਪਿਆ ਕਿ ਕੁਝ ਸੱਜਣ ਰਹਿਤ ਮਰਯਾਦਾ ਨਿਯਤ ਕਰਨ ਦੇ ਮਾਮਲੇ ਨੂੰ ਲਮਕਾਣਾ ਚਾਹੁੰਦੇ ਹਨ ਪਰ ਇਸ ਦੇ ਪਾਸ ਕਰਨ ਦੀ ਸਖ਼ਤ ਜ਼ਰੂਰਤ ਹੈ।

• ਇਸ ਵਿਚ ਰਹਿਤ ਮਰਯਾਦਾ ਦੇ ਵਿਚਾਰ ਲਈ ਜਿਹੜੇ ਨਿਯਮ ਅਪਣਾਏ ਗਏ ਹਨ ਉਨ੍ਹਾਂ ਦਾ ਵਿਸਥਾਰ ਦਿੱਤਾ ਗਿਆ ਅਤੇ ਪ੍ਰੋ. ਤੇਜਾ ਸਿੰਘ ਜੀ ਨੇ ਸਪਸ਼ਟ ਕੀਤਾ ਕਿ ਪ੍ਰਚਲਤ ਮਰਯਾਦਾ ਨੂੰ ਬਿਲਕੁਲ ਨਹੀਂ ਬਦਲਿਆ ਜਾਏਗਾ। ਕੇਵਲ ਉਨ੍ਹਾਂ ਗੱਲਾਂ ਸਬੰਧੀ ਬਹਿਸ ਹੋਵੇਗੀ, ਜਿਥੇ ਮਰਯਾਦਾ ਇਕ ਹੈ ਹੀ ਨਹੀਂ। ਇਥੇ ਵੀ ਫੈਸਲਾ ਗੁਰਬਾਣੀ, ਇਤਿਹਾਸ, ਰਹਿਤਨਾਮਿਆਂ, ਹੁਕਮ-ਨਾਮਿਆਂ, ਪ੍ਰਸਿੱਧ ਗੁਰਦੁਆਰਿਆਂ ਅਤੇ ਤਖਤ ਸਾਹਿਬਾਨ ਦੇ ਪੁਰਾਣੇ ਰਿਵਾਜ ਦੀ ਰੌਸ਼ਨੀ ਵਿਚ ਕੀਤਾ ਜਾਏਗਾ।

• ਇਸ ਇਕਤ੍ਰਤਾ ਜਿਨ੍ਹਾਂ ਮੁੱਦਿਆਂ 'ਤੇ ਵਿਸਥਾਰ ਸਹਿਤ ਵਿਚਾਰ ਵਟਾਂਦਰਾ ਕੀਤਾ ਗਿਆ ਉਨ੍ਹਾਂ ਵਿਚ ਪ੍ਰਮੁੱਖ ਸਨ, ਸਿੱਖ ਦੀ ਤਾਰੀਫ਼ (ਪਰਿਭਾਸ਼ਾ), ਸ਼ਖ਼ਸੀ ਰਹਿਣੀ, ਨਾਮ ਬਾਣੀ ਦਾ ਅਭਿਆਸ, ਇਸ਼ਨਾਨ, ਨਿਤਨੇਮ ਦਾ ਪਾਠ ਅਤੇ ਬਾਣੀਆਂ ਆਦਿ। ਇਸ ਵਿਚ ਹਾਜ਼ਰ ਸੱਜਣਾਂ ਨੇ ਖੁੱਲ੍ਹ ਕੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਵਿਚ ਕਈ ਤਰਮੀਮਾਂ ਵਾਪਸ ਲੈ ਲਈਆਂ ਗਈਆਂ ਅਤੇ ਪਾਸ ਹੋ ਗਈਆਂ। ਨਿਤਨੇਮ ਦੀਆਂ ਬਾਣੀਆਂ 'ਤੇ ਕਾਫ਼ੀ ਵਿਚਾਰ ਚਰਚਾ ਹੋਈ ਪਰ ਇਕ ਰਾਇ ਨਾ ਕਾਇਮ ਹੋ ਸਕੀ। ਇਸ ਇਕੱਤ੍ਰਤਾ ਦਾ ਮਕਸਦ ਰਾਇ ਜਾਣਨਾ ਅਤੇ ਸਹਿਮਤੀ ਹਾਸਲ ਕਰਨਾ ਸੀ ਪਰ ਜਿਨ੍ਹਾਂ ਮਾਮਲਿਆਂ 'ਤੇ ਸਹਿਮਤੀ ਨਹੀਂ ਸੀ ਹੋ ਸਕੀ ਉਹ ਰਹੁ-ਰੀਤ ਕਮੇਟੀ ਦੇ ਸਪੁਰਦ ਕਰ ਦਿੱਤੇ ਜਾਂਦੇ ਸਨ।


• ਇਸ ਇਕੱਤ੍ਰਤਾ ਵਿਚ ਇਹ ਵੀ ਪ੍ਰਵਾਨ ਕੀਤਾ ਗਿਆ ਕਿ ਸਮਾਗਮ ਵਿਚ ਓਹ ਗੱਲ ਪਾਸ ਹੋਈ ਸਮਝੀ ਜਾਵੇਗੀ ਜੋ 90 ਫੀਸਦੀ ਰਾਵਾਂ ਨਾਲ ਪਾਸ ਹੋਵੇ।

• ਇਹ ਇਕਤ੍ਰਤਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿਚ ਹੋਈਆਂ ਅਤੇ ਅਰੰਭਤਾ ਅਤੇ ਸਮਾਪਤੀ ਸਮੇਂ ਹੁਕਮਨਾਵਾ ਲਿਆ ਗਿਆ।

• ਦੋ ਦਿਨ ਚੱਲੀ ਇਸ ਇਕਤ੍ਰਤਾ ਦੀ ਚੌਦਾਂ ਸਫ਼ਿਆਂ ਦੀ ਪੂਰੀ ਰਿਪੋਰਟ ਗੁਰਦੁਅਰਾ ਗਜ਼ਟ ਦੇ ਜਨਵਰੀ 1934 ਅੰਕ ਵਿਚ ਛਾਪੀ ਗਈ।

• ਇਸ ਤਰ੍ਹਾਂ ਦੋ ਦਿਨਾਂ ਦੀ ਇਹ ਇਕ ਕਾਮਯਾਬ ਅਤੇ ਸਾਰਥਕ ਇਕਤ੍ਰਤਾ ਸੀ ਪਰ ਬਿਨਾਂ ਇਸ ਰਿਪੋਰਟ ਨੂੰ ਪੜ੍ਹੇ ਅਤੇ ਵੇਖੇ ਹੀ ਕੇਵਲ ਸੁਣੀ ਸੁਣਾਈ ਗੱਲ 'ਤੇ ਹੀ ਗ਼ਲਤ ਟਿੱਪਣੀਆਂ ਕਰ ਦਿੱਤੀਆਂ ਗਈਆਂ ਹਨ ਜੋ ਕਿ ਮੁੱਦਿਆਂ ਪ੍ਰਤੀ ਸਾਡੀ ਪਹੁੰਚ ਅਤੇ ਗੰਭੀਰਤਾ 'ਤੇ ਪ੍ਰਸ਼ਨਚਿੰਨ੍ਹ ਲਗਾਉਂਦੀ ਹੈ।

ਇਸ ਤੋਂ ਸਪਸ਼ਟ ਹੈ ਕਿ ਸਿੱਖ ਰਹਿਤ ਮਰਯਾਦਾ ਦੇ ਖਰੜੇ 'ਤੇ ਲਗਾਤਾਰ ਦੋ ਦਿਨ ਲੰਮੀ ਵਿਚਾਰ ਚਲੀ ਅਤੇ ਇਸ ਵਿਚ ਕਈ ਮੱਦਾਂ 'ਤੇ ਡੂੰਘੀ ਵਿਚਾਰ ਹੋ ਕੇ ਕਈ ਸਾਰਥਕ ਸਿੱਟੇ ਵੀ ਨਿਕਲੇ। ਇਸ ਵਿਚ ਸਾਰਿਆਂ ਦੇ ਵਿਚਾਰ ਸੁਣੇ ਗਏ ਅਤੇ ਰਿਕਾਰਡ ਵੀ ਕੀਤੇ ਗਏ। ਆਮ ਤੌਰ 'ਤੇ ਇਸ ਤਰ੍ਹਾਂ ਦੀਆਂ ਇਕਤ੍ਰਤਾਵਾਂ ਘਟ ਹੀ ਹੁੰਦੀਆਂ ਹਨ। ਪਰ ਹੈਰਾਨੀ ਹੈ ਕਿ ਇਸ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ ਪੁਸਤਕ ਦੇ ਪੰਨਾ 114 'ਤੇ ਇਹ ਭੁਲੇਖਾ ਪਾਊ ਟਿੱਪਣੀ ਛਾਪ ਦਿੱਤੀ :




**ਖਾਲਸਾ ਰਹਿਤ ਮਰਯਾਦਾ ਦਾ ਖਰੜਾ**

"ਸੰਤ ਤੇਜਾ ਸਿੰਘ ਜੀ ਹੈਡ ਗ੍ਰੰਥੀ ਸ੍ਰੀ ਨਨਕਾਣਾ ਸਾਹਿਬ ਨੇ ਇਸ ਇਕਤ੍ਰਤਾ ਦਾ ਅਰਦਾਸਾ ਸੋਧਿਆ। ਫੇਰ ਕਾਰਵਾਈ ਸ਼ੁਰੂ ਹੋਣ 'ਤੇ ਪ੍ਰੋ. ਤੇਜਾ ਸਿੰਘ ਜੀ ਕਨਵੀਨਰ ਰਹੁ-ਰੀਤ ਸਬ-ਕਮੇਟੀ ਨੇ ਸਿੱਖ ਰਹਿਤ ਮਰਯਾਦਾ ਦਾ ਖਰੜਾ ਪੇਸ਼ ਕੀਤਾ, ਜੋ ਦੋ ਦਿਨਾਂ ਦੀ ਗਰਮਾ ਗਰਮ ਬਹਿਸ ਤੋਂ ਬਾਅਦ ਕੁਝ ਕੁ ਮਤਭੇਦ ਪੈਦਾ ਹੋਣ ਕਰਕੇ ਪਾਸ ਨਾ ਹੋ ਸਕਿਆ ਤੇ ਇਹ ਵਿਚਾਰ ਅਨਿਸਚਿਤ ਸਮੇਂ ਲਈ ਮੁਲਤਵੀ ਕਰ ਦਿੱਤੀ ਗਈ।"

ਇਸ ਟਿੱਪਣੀ ਨੂੰ ਅਧਾਰ ਬਣਾ ਕੇ ਹੁਣ ਕਈਆਂ ਨੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਅਕਾਲ ਤਖਤ ਸਾਹਿਬ 'ਤੇ ਹੋਈ ਦੋ ਦਿਨਾਂ ਦੀ ਇਕੱਤ੍ਰਤਾ ਵਿਚ ਰੌਲਾ-ਰੱਪਾ ਹੀ ਪੈਂਦਾ ਰਿਹਾ ਤੇ ਸਿੱਟਾ ਕੁਝ ਵੀ ਨਹੀਂ ਨਿਕਲਿਆ। ਇਸ ਤਰ੍ਹਾਂ ਦਾ ਬਿਆਨ ਨਾ ਹੋਕੇ ਗ਼ਲਤ-ਬਿਆਨੀ ਹੋ ਗਿਆ। ਇਸ ਲਈ ਜ਼ਰੂਰੀ ਹੈ ਕਿ 30 ਅਤੇ 31 ਦਸੰਬਰ, 1933 ਨੂੰ ਸ਼੍ਰੋਮਣੀ ਕਮੇਟੀ ਦੇ ਉਚੇਚੇ ਜਨਰਲ ਸਮਗਾਮ 'ਤੇ ਸਿੱਖ ਰਹੁ-ਰੀਤ ਕਮੇਟੀ ਦੀ ਸਾਂਝੀ ਇਕੱਤਰਤਾ ਦੀ ਇਸ ਕਾਰਵਾਈ ਨੂੰ ਸਹੀ ਪਰਿਪੇਖ ਵਿਚ ਵਾਚਿਆ ਜਾਏ।

**1 ਅਗਸਤ, 1936**

**ਸਰਬ ਹਿੰਦ ਸਿੱਖ ਮਿਸ਼ਨ ਬੋਰਡ ਵਲੋਂ ਰਹਿਤ ਮਰਯਾਦਾ ਦਾ ਖਰੜਾ ਪ੍ਰਵਾਨ**

1936 ਦੀ ਵਿਸਾਖੀ ਦੇ ਮੌਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਸਰਬ ਹਿੰਦ ਸ਼੍ਰੋਮਣੀ ਸਿੱਖ ਪ੍ਰਚਾਰ ਕਾਨਫਰੰਸ ਕੀਤੀ ਗਈ। ਇਸ ਵਿਚ ਵੱਡੀ ਗਿਣਤੀ ਵਿਚ ਅੰਮ੍ਰਿਤ ਸੰਚਾਰ ਵੀ ਹੋਇਆ। ਇਥੇ ਹੀ ਦੂਰ-ਦੁਰਾਡੇ ਤੱਕ ਸਿੱਖ ਮਤ ਦਾ ਪ੍ਰਚਾਰ ਪ੍ਰਸਾਰ ਕਰਨ ਲਈ ਸਰਬ ਹਿੰਦ ਸਿੱਖ ਮਿਸ਼ਨ ਦੀ ਸਥਾਪਨਾ ਹੋਈ।

ਇਸ ਮਿਸ਼ਨ ਨੇ ਥੋੜ੍ਹੇ ਹੀ ਸਮੇਂ ਵਿਚ ਅਲੀਗੜ੍ਹ ਅਤੇ ਹਾਪੁੜ (ਉਤਰ ਪ੍ਰਦੇਸ਼), ਬੁਰਹਾਨਪੁਰ (ਮੱਧ ਪ੍ਰਦੇਸ਼), ਨਾਗਰਪੁਰ (ਮਹਾਰਾਸ਼ਟਰਾ) ਅਤੇ ਏਰਨਾਕੁਲਮ ਅਤੇ ਰਾਨੀ (ਕੇਰਲਾ) ਵਿਚ ਧਰਮ ਪ੍ਰਚਾਰ ਕੇਂਦਰ ਸਥਾਪਤ ਕੀਤੇ। ਮਿਸ਼ਨ ਨੇ ਇਕ ਸਾਲ ਦੇ ਅੰਦਰ ਹੀ ਬੰਬਈ ਵਿਚ ਖਾਲਸਾ ਕਾਲਜ ਦੀ ਸਥਾਪਨਾ ਕੀਤੀ। ਹਾਲਾਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਦਾਇਰਾ ਖੇਤਰ ਕਾਨੂੰਨੀ ਤੌਰ 'ਤੇ ਪੰਜਾਬ ਤੱਕ ਸੀਮਤ ਸੀ ਇਸ ਲਈ ਸਰਬ ਹਿੰਦ ਸਿੱਖ ਮਿਸ਼ਨ ਬੋਰਡ ਦਾ ਕਾਰਜ ਖੇਤਰ ਸਾਰੇ ਭਾਰਤ ਵਿਚ ਵਧਾ ਦਿੱਤਾ ਗਿਆ।

(ਚਲਦਾ)

# ਜੀ.ਐਚ.ਜੀ. ਅਕੈਡਮੀ ਵੱਲੋਂ ਸਲਾਨਾ 13ਵੇਂ ਅੰਤਰ-ਰਾਸ਼ਟਰੀ ਯੁਵਕ ਮੇਲੇ ਨੇ ਛੱਡੀਆਂ ਅਮਿੱਟ ਪੈੜਾ





ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ) : ਜੀ.ਐਚ.ਜੀ. ਡਾਂਸ ਅਤੇ ਸੰਗੀਤ ਅਕੈਡਮੀ ਫਰਿਜ਼ਨੋ ਵੱਲੋਂ ਤੇਰਵਾਂ ਸਲਾਨਾ ਅੰਤਰ-ਰਾਸ਼ਟਰੀ ਯੁਵਕ ਮੇਲਾ ਫਰਿਜ਼ਨੋ ਦੇ "ਵਿਲੀਅਮ ਸਰੋਏਨ ਥੀਏਟਰ" (William Saroyan Theater) ਵਿੱਚ ਕਰਵਾਇਆ ਗਿਆ। ਜਿਸ ਦੀ ਸ਼ੁਰੂਆਤ ਜੀ. ਐਚ. ਜੀ. ਖਾਲਸਾ ਦੀ ਚਲੀ ਆ ਰਹੀ ਮਰਿਯਾਦਾ ਅਨੁਸਾਰ ਸਭ ਨੇ ਰਲ ਕੇ ਪ੍ਰੋਗਰਾਮ ਦੀ ਸਫਲਤਾ ਲਈ ਅਰਦਾਸ ਕੀਤੀ। ਇਸ ਉਪਰੰਤ ਧੰਨ-ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਤਸਵੀਰ ਨੂੰ ਨਤਮਸਤਕ ਹੋਏ। ਪੰਜਾਬੀ ਸੱਭਿਆਚਾਰ ਨੂੰ ਸਿਜਦਾ ਕਰਦੇ ਹੋਏ ਗਿੱਧੇ ਅਤੇ ਭੰਗੜੇ ਦਾ ਦੌਰ ਵਿੱਚ ਪਹਿਲਾ ਜੀ. ਐਚ. ਜੀ. ਅਕੈਡਮੀਂ ਦੇ ਵੱਲੋਂ ਤਿਆਰ ਟੀਮਾਂ ਦੇ ਬੱਚਿਆਂ ਦੀਆਂ ਟੀਮਾਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਇਸ ਉਪਰੰਤ ਚੱਲੇ ਭੰਗੜੇ ਦੇ ਮੁਕਾਬਲੇ ਦੇ ਮਹਾਂ ਯੁੱਧ ਵਿੱਚ ਕੈਲੇਫੋਰਨੀਆਂ ਦੇ ਵੱਖ-ਵੱਖ ਸ਼ਹਿਰ ਦੀਆਂ ਦੋ ਟੀਮਾਂ ਨੇ ਖ਼ੂਬ ਰੰਗ ਬੰਨੇ।

ਭੰਗੜੇ ਦੇ ਮੁਕਾਬਲੇ ਦਾ ਪਹਿਲੇ ਇਨਾਮ ਦੀ ਸਪਾਂਸਰਸਿਪ ਹਮੇਸਾ ਦੀ ਤਰਾਂ 'ਸ਼ਾਨੇ-ਏ-ਪੰਜਾਬ' ਇੰਡੀਅਨ ਗਰੋਸਰੀ ਸਟੋਰ ਦੇ ਮਾਲਕ ਸ. ਸੁਖਦੇਵ ਸਿੰਘ ਵੱਲੋਂ ਦਿੱਤਾ ਗਿਆ। ਜਦਕਿ ਬਾਕੀ ਇਨਾਮ ਹੋਰਨਾਂ ਵੱਲੋ ਸਪਾਂਸਰ ਸਨ। ਜੀ. ਐਚ. ਜੀ. ਅਕੈਡਮੀ ਟੀਮ ਨੇ ਵੀ ਬਾ-ਕਮਾਲ ਪੇਸ਼ਕਾਰੀ ਕੀਤੀ। ਇਸੇ ਤਰਾਂ ਕਈ ਟੀਮਾਂ ਵੱਲੋਂ ਲਾਈਵ ਬੋਲੀਆਂ ਨਾਲ ਭੰਗੜੇ ਦੀ ਪੇਸ਼ਕਾਰੀ ਵੀ ਦਰਸ਼ਕਾਂ ਦੇ ਮਨ ਨੂੰ ਭਾਅ ਗਈ। ਸਮੁੱਚੇ ਪ੍ਰੋਗਰਾਮ ਦੌਰਾਨ ਬਾਬਿਆਂ ਦਾ "ਮਲਵਈ ਗਿੱਧਾ" ਅਤੇ "ਮਾਂਵਾਂ ਦਾ ਗਿੱਧਾ" ਦੀ ਪੇਸ਼ਕਾਰੀ ਨੇ ਪੰਜਾਬੀ ਸੱਭਿਆਚਾਰ ਦੀ ਅਸਲ ਤਸਵੀਰ ਪੇਸ਼ ਕਰਦੇ ਹੋਏ ਰੂਬ ਰੰਗ ਬੰਨੇ। ਇਸੇ ਤਰ੍ਹਾਂ ਸਭ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਸਨਮਾਨ ਚਿੰਨ ਦਿੱਤੇ ਗਏ।

ਇਨ੍ਹਾਂ ਮੁਕਾਬਲਿਆਂ ਵਿੱਚ ਪਹਿਲਾ ਸਥਾਨ "ਗੱਭਰੂ ਗੁਲਾਬ ਵਰਗੇ" ਬੇ-ਏਰੀਆਂ, ਦੂਜਾ ਸਥਾਨ "ਸ਼ੇਰਨੀਆਂ ਰੰਗਲਾ ਪੰਜਾਬ ਆਰਟ ਅਕੈਡਮੀਂ" ਸਰੀ, ਕੈਨੇਡਾ ਅਤੇ ਤੀਜਾ "ਸਥਾਨ ਨੌਰਕਲ ਨੌਜਵਾਨ" ਬੇ-ਏਰੀਆਂ ਦੀ ਟੀਮ ਦੇ ਹਿੱਸੇ ਆਇਆ। ਜਿਨ੍ਹਾਂ ਵਿੱਚ ਪਹਿਲੇ ਇਨਾਮ ਦੇ ਸਪਾਂਸਰ ਸ. ਸੁਖਦੇਵ ਸਿੰਘ 'ਸ਼ਾਨ-ਏ-ਪੰਜਾਬ', ਦੂਜਾ ਇਨਾਮ ਜਸਪ੍ਰੀਤ ਸਿੰਘ ਅਟਾਰਨੀ ਅਤੇ ਤੀਜਾ ਇਨਾਮ 'ਜਗਦੀਪ ਸਿੰਘ ਇੰਸੋਰੈਸ਼ ਏਜੰਸੀ' ਵੱਲੋਂ ਦਿੱਤਾ ਗਿਆ।

ਇਸ ਸਮੇਂ ਅਕੈਡਮੀ ਦੇ ਫਾਊਡਰ ਅਤੇ ਸਰਪ੍ਰਸਤ ਡਾ. ਦਲਜਿੰਦਰ ਸਿੰਘ ਜੌਹਲ , ਜਿਨ੍ਹਾਂ ਨੂੰ ਲਾਈਫ ਟਾਈਮ ਅਚੀਵਮੈਂਟ ਅਵਾਰਡ ਦੇ ਕੇ ਸਨਮਾਨਿਤ ਕਰਨਾ ਸੀ। ਪਰ ਆਪਣੀ ਅਚਾਨਕ ਸਿਹਤ ਖ਼ਰਾਬ ਹੋਣ ਕਰਕੇ ਨਹੀਂ ਪਹੁੰਚ ਸਕੇ। ਪਰ ਪ੍ਰਬੰਧਕਾਂ ਵੱਲੋਂ ਉਨ੍ਹਾਂ ਨੂੰ ਸੱਭਿਆਚਾਰ ਸੇਵਾਵਾਂ ਦਾ ਜ਼ਿਕਰ ਕਰਦੇ ਹੋਏ ਯਾਦ ਕੀਤਾ ਗਿਆ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਦੀ ਮੁੱਖ ਭੂਮਿਕਾ ਬੀਬੀ ਆਸ਼ਾ ਸ਼ਰਮਾਂ ਅਤੇ ਗੁਰਦੀਪ ਸ਼ੇਰਗਿੱਲ ਨੇ ਨਾ-ਖ਼ੂਬੀ ਨਿਭਾਈ। ਇਸ ਸਮੁੱਚੇ ਕਾਰਜ ਨੂੰ ਨੇਪਰੇ ਚਾੜਨ ਵਿੱਚ ਸਭ ਪ੍ਰਬੰਧਕ ਵਧਾਈ ਦੇ ਪਾਤਰ ਹਨ। ਜਿਸ ਤੋਂ ਸਭ ਹਾਜ਼ਰੀਨ ਬਹੁਤ ਖੁਸ਼ ਸਨ। ਅੱਜ ਦੇ ਸਮੇਂ ਅੰਦਰ ਬੱਚਿਆਂ ਨੂੰ ਘਰ ਦੀ ਚਾਰ ਦੀਵਾਰੀ ਤੋਂ ਬਾਹਰ ਕੱਢ ਵੀਡੀਓ ਗੇਮ ਵਰਗੀ ਆਦਤ ਤੋਂ ਦੂਰ ਕਰਨਾ ਅਤੇ ਆਪਣੇ ਸੱਭਿਆਚਾਰਕ ਵਿਰਸੇ ਅਤੇ ਧਰਮ ਨਾਲ ਜੋੜਨ ਦਾ ਇਹ ਇਕ ਪ੍ਰਬੰਧਕਾ ਦਾ ਬਹੁਤ ਵੱਡਾ ਉਪਰਾਲਾ ਹੈ। ਅੱਜ ਇਹ ਲੋੜ ਵੀ ਹੈ ਕਿ ਬੱਚੇ ਘਰ ਦੀ ਚਾਰ ਦੀਵਾਰੀ ਅੰਦਰ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਬਾਹਰ ਬੱਚਿਆਂ ਵਿੱਚ ਲਿਆਉਣਾ ਅਤੇ ਆਪਣੇ ਸੱਭਿਆਚਾਰ ਨਾਲ ਜੋੜਨਾ, ਜਿੱਥੇ ਉਨ੍ਹਾਂ ਦੀ ਮਾਨਸਿਕਤਾ ਨੂੰ ਕਾਇਮ ਰੱਖਦਾ ਹੈ। ਉੱਥੇ ਉਨ੍ਹਾਂ ਵਿੱਚ ਤੰਦਰੁਸਤੀ ਅਤੇ ਸਵੈ-ਵਿਸ਼ਵਾਸ ਵੀ ਪੈਦਾ ਹੁੰਦਾ ਹੈ। ਸਮੁੱਚੇ ਪ੍ਰੋਗਰਾਮ ਦੀ ਸਫਲਤਾ ਲਈ "ਧਾਲੀਆਂ ਅਤੇ ਮਾਛੀਕੇ ਮੀਡੀਆ ਅਮਰੀਕਾ" ਵੱਲੋਂ ਸਮੂੰਹ ਟੀਮ ਨੂੰ ਮੁਬਾਰਕਾਂ।

ਅਜਿਹੇ ਪ੍ਰੋਗਰਾਮ ਹੀ ਪੰਜਾਬੀ ਸੱਭਿਆਚਾਰ ਅਤੇ ਬੋਲੀ ਨੂੰ ਆਉਣ ਵਾਲੀਆ ਪੀੜ੍ਹੀਆਂ ਤੱਕ ਚੱਲਦੇ ਰੱਖਣ ਵਿੱਚ ਬਹੁਤ ਸਹਾਇਕ ਹੋਣਗੇ। ਇਸ ਸਮੁੱਚੇ ਕਾਰਜ ਲਈ ਪਰਮਜੀਤ ਸਿੰਘ ਧਾਲੀਵਾਲ, ਉਦੈਦੀਪ ਸਿੰਘ ਸਿੱਧੂ, ਗੁਰਦੀਪ ਸਿੰਘ ਸ਼ੇਰਗਿੱਲ ਅਤੇ ਸਮੂੰਹ ਪ੍ਰਬੰਧਕ ਵਧਾਈ ਦੇ ਪਾਤਰ ਹਨ। ਅੰਤ ਆਪਣੀਆਂ ਅਮਿੱਟ ਪੈੜਾ ਛੱਡਦਾ ਹੋਇਆ ਇਹ ਅੰਤਰ-ਰਾਸ਼ਟਰੀ ਯੁਵਕ ਮੇਲਾ ਯਾਦਗਾਰੀ ਹੋ ਨਿਬੜਿਆ।




# Balsani Welders & Builders

## We Design, Manufacture & Ship Nationwide

### All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।





## ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।


**ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ**

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।

- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- \- FABRICATION TO INSTALLATION














ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।



**S. Iqbal Singh**

844-573-3824 | 510-915-9144

433 W Scotts Ave Stockton, CA 95203

PH: (925) 487-7117


# ਸਰਕਾਰ-ਏ-ਖਾਲਸਾ ਦੀ ਪ੍ਰਾਪਤੀ ਲਈ ਠਾਠਾਂ ਮਾਰਦੇ ਵਿਸ਼ਾਲ ਇਕੱਠ ਨੇ ਮੰਨਿਆ ਸਰਦਾਰ ਜਸਕਰਨ ਸਿੰਘ ਕਾਹਨਸਿੰਘਵਾਲਾ ਨੂੰ ਕੌਮੀ ਲੀਡਰ

## ਅਸੀਂ ਅਮਰੀਕਾ ਦੀ ਸੰਗਤ ਸਰਦਾਰ ਜਸਕਰਨ ਸਿੰਘ ਕਾਹਨਸਿੰਘਵਾਲਾ ਨਾਲ ਹਰ ਸਮੇਂ ਚੱਟਾਨ ਵਾਂਗ ਤਨ ਮਨ ਧੰਨ ਨਾਲ ਖੜ੍ਹੇ ਹਾਂ







ਦੇਗ ਤੇਗ ਫ਼ਤਹਿ ॥ ਪੰਥ ਕੀ ਜੀਤ ॥

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫ਼ਤਹਿ)

SHIROMANI AKALI DAL AMRITSAR (FATEH)

HEAD OFFICE : VILL. KAHAN SINGH WALA, TEH. GURUHARSAHAI DISTT. FEROZEPUR-152022, PUNJAB (INDIA) +91 99149-40000

ਮੁੱਖ ਦਫ਼ਤਰ : ਪਿੰਡ : ਕਾਹਨ ਸਿੰਘ ਵਾਲਾ ਤਹਿਸੀਲ : ਗੁਰੂਹਰਸਹਾਏ ਜ਼ਿਲ੍ਹਾ : ਫਿਰੋਜ਼ਪੁਰ - 152022 ਪੰਜਾਬ (ਇੰਡੀਆ) ਫੋਨ : +91 99149-40000

PRESIDENT : JASKARAN SINGH KAHAN SINGH WALA

**ਮੈਮੋਰੰਡਮ**

ਪੱਤਰ ਨੰ. : ਸ਼੍ਰੋਅਦਅਫ਼/ਲਧ/ਮੈਮੋ/00002 ਮਿਤੀ 23 ਜੁਲਾਈ 2023

ਵੱਲੋ :
ਜਸਕਰਨ ਸਿੰਘ ਕਾਹਨ ਸਿੰਘ ਵਾਲਾ
ਪ੍ਰਧਾਨ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫ਼ਤਹਿ)
ਅਤੇ ਸਮੂਹ ਪਾਰਟੀ ਅਤੇ ਆਗੂ

ਲੁਧਿਆਣਾ (ਪੰਜਾਬ)

ਵੱਲ :
ਮਾਨਯੋਗ ਗ੍ਰਹਿ ਮੰਤਰੀ,
ਭਾਰਤ ਸਰਕਾਰ, ਨਵੀਂ ਦਿੱਲੀ

ਰਾਹੀਂ :
ਸਤਿਕਾਰਯੋਗ, ਡਿਪਟੀ ਕਮਿਸ਼ਨਰ
ਲੁਧਿਆਣਾ।

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਹਿਗੁਰੂ ਜੀ ਕੀ ਫ਼ਤਹਿ ॥

ਵਿਸ਼ਾ : ਪੰਥ, ਪੰਜਾਬ ਅਤੇ ਪੰਜਾਬੀਅਤ ਨੂੰ ਬਚਾਉਣ ਲਈ ਕੁੱਝ ਕਾਫੀ ਸਮੇਂ ਤੋਂ ਲਟਕਦੀਆਂ ਆ ਰਹੀਆਂ ਹੱਕੀ ਮੰਗਾਂ ਜ਼ਿੰਨ੍ਹਾਂ ਨੂੰ ਜਾਣਬੁੱਝ ਕੇ ਸੈਂਟਰ ਦੀ ਸਰਕਾਰ ਅਤੇ ਪੰਜਾਬ ਦੀ ਸਰਕਾਰ ਨੇ ਲਟਕਾ ਦੇ ਸਿੱਖ ਕੌਮ ਤੇ ਪੰਜਾਬ ਅੰਦਰ ਕਿਸਾਨਾਂ, ਜਵਾਨਾਂ, ਮਜ਼ਦੂਰਾਂ , ਦੁਕਾਨਦਾਰਾਂ ਸਮੇਤ ਸਮੁੱਚੀਆਂ ਘੱਟ– ਗਿਣਤੀਆਂ ਨੂੰ ਰੋਲ ਕੇ ਘਸਿਆਰੇ ਬਣਾ ਦਿੱਤਾ ਹੈ ਅਤੇ ਸਾਡੇ ਨੌਜ਼ਵਾਨਾਂ ਨੂੰ ਇੱਕ ਨੀਤੀ ਤਹਿਤ ਜਾਣਬੁੱਝ ਕੇ ਪੰਜਾਬ ਅਤੇ ਭਾਰਤ ਦੀਆਂ ਵੱਖ–ਵੱਖ ਜੇਲ੍ਹਾਂ ਵਿੱਚ 25–25 ਸਾਲਾਂ ਤੋਂ ਬੰਦੀ ਬਣਾ ਕੇ ਰੱਖਿਆ ਹੈ ਉਪਰੰਤ ਐਨ.ਐਸ.ਏ. ਲਗਾ ਕੇ ਗੈਰਕਾਨੂੰਨੀ ਝੂਠੇ ਕੇਸਾਂ ਰਾਹੀਂ ਬੰਦ ਕਰਕੇ ਗੁਲਾਮੀ ਦਾ ਅਹਿਸਾਸ ਕਰਾਇਆ ਹੈ ਦੋਨੋਂ ਸਰਕਾਰ ਇੰਨ੍ਹਾਂ ਸਾਰੇ ਮਸਲਿਆਂ ਨੂੰ ਤੁਰੰਤ ਹੱਲ ਕਰੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਪਿਛਲੇ 12 ਸਾਲਾਂ ਤੋਂ ਲਟਕ ਰਹੀਆਂ ਚੋਣਾਂ ਨੂੰ ਤੁਰੰਤ ਕਰਵਾਇਆ ਜਾਵੇ।








ਅਮਰੀਕਾ ਦੇ ਨੌਜਵਾਨ ਸਿੱਖ ਆਗੂ ਕੌਮੀ ਜਥੇਬੰਦਕ ਸਕੱਤਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫਤਿਹ)

**ਸ. ਰਮਿੰਦਰਜੀਤ ਸਿੰਘ ਮਿੰਟੂ (ਸੰਧੂ)**


TRUE STORY OF
KARTAR SINGH SARABHA
ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ
SARABHA
A FILM BY KAVI RAZ
RELEASING WORLDWIDE IN CINEMAS
3RD NOVEMBER 2023
WRITTEN & DIRECTED BY KAVI RAZ
PRODUCERS ARVIND SINGLA, KULDEEP SHARMA, VEEPASHA KASHYAP, DR. SARBJIT HUNDAL,
NEAL UPPAL, ANIL YADAV, JATINDER JAY MINHAS, KAVI RAZ
STARRING JAPTEJ SINGH, MUKUL DEV, KAVI RAZ, KANWAR GAREWAL JASBIR JASSI, MAHAVIR BHULLAR,
JASPINDER CHEEMA, MALKEET RAUNI, MAHABIR BHULLAR, MALKIAT MEET, JOBANPREET SINGH, SUMEND WANKHANDE,
GURPREET RATOL, BAAZ, AMANINDER DHILLON, SAMEER SHARMA, KABIR GILL, PUNEET, AMAN RANDHAWA, ALEX REECE
DIRECTOR OF PHOTOGRAPHY INDERJIT BANSEL (INDIA), AARON C SMITH (USA)
ASSIT. DIRECTOR VICKY KADAM EDITOR HARPER GAHUNIA BACKGROUND SCORE SHEZAN SHEIKH
LINE PRODUCER SWARAN SINGH MARKETING DIRECTOR HARPER GAHUNIA

# ਪੱਤਰਕਾਰ ਗੁਰਦੀਪ ਸਿੰਘ ਗਰੇਵਾਲ ਅਤੇ ਜਸਵੰਤ ਸਿੰਘ ਢਿੱਲੋਂ ਦੇ ਬੱਚੇ ਵਿਆਹ ਦੇ ਬੰਧਨ ਵਿੱਚ ਬੱਝੇ



ਵੈਨਕੂਟਰ/ਬੀਸੀ (ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ) : ਲੰਘੇ ਸਨੀਵਾਰ ਵੈਨਕੂਵਰ ਬੀਸੀ ਦੇ ਪੁਰਾਣੇ ਗੁਰੂਘਰ ਗੁਰਦਵਾਰਾ ਅਕਾਲੀ ਸਿੰਘ ਵਿਖੇ ਉੱਘੇ ਪੱਤਰਕਾਰ ਸ. ਗੁਰਦੀਪ ਸਿੰਘ ਗਰੇਵਾਲ ਅਤੇ ਸਰਦਾਰਨੀ ਬਲਜਿੰਦਰ ਕੌਰ ਗਰੇਵਾਲ ਦੇ ਬੇਟੇ ਹਰਜੀਤ ਸਿੰਘ ਗਰੇਵਾਲ ਦਾ ਸ਼ੁੱਭ ਵਿਆਹ ਸ. ਜਸਵੰਤ ਸਿੰਘ ਢਿਲੋਂ ਅਤੇ ਸਰਦਾਰਨੀ ਹਰਪ੍ਰੀਤ ਕੌਰ ਢਿਲੋਂ ਦੀ ਬੇਟੀ ਗੁਰਲੀਨ ਕੌਰ ਢਿਲੋਂ ਜਿਹੜੀ ਕਿ ਹੁਣ ਗਰੇਵਾਲ ਬਣ ਚੁੱਕੀ ਹੈ, ਨਾਲ ਸਿੱਖੀ ਰੌਹ ਰੀਤਾਂ ਮੁਤਾਬਿਕ ਹੋਇਆ। ਇਸ ਮੌਕੇ ਇਲਾਕੇ ਦੀਆਂ ਮੀਡੀਏ ਨਾਲ ਜੁੜੀਆਂ ਬਹੁਤ ਸਾਰੀਆਂ ਸਖਸ਼ੀਅਤਾਂ ਪਹੁੰਚੀਆਂ ਹੋਈਆਂ ਸਨ। ਇਸ ਵਿਆਹ ਵਿੱਚ ਹੋਰ ਪਤਵੰਤੇ ਸੱਜਣਾਂ ਤੋਂ ਬਿਨਾਂ ਕਨੇਡਾ ਦੇ ਸਿਰਕੱਢ ਰਾਜਨੀਤਕ ਲੀਡਰ ਨੇ ਵੀ ਸ਼ਿਰਕਤ ਕੀਤੀ ਅਤੇ ਅਨੰਦ ਕਾਰਜ਼ ਦੀ ਰਸਮ ਮਗਰੋਂ ਬੀਸੀ ਦੇ ਹਿੱਲਥ ਮਨਿਸਟਰ ਏਡਰੀਅਨ ਡਿਕਸ ਨੇ ਵਿਉਹਤਾ ਜੋੜੀ ਨੂੰ ਅਸ਼ੀਰਵਾਦ ਦਿੱਤਾ। ਇਸ ਮੌਕੇ ਬੇਟੀ ਗੁਰਲੀਨ ਦੇ ਨਾਨਾ ਜੀ ਸ. ਗੁਰਨਾਮ ਸਿੰਘ ਖੰਘੂੜਾ ਨੇ ਸਿੱਖਿਆ ਬੋਲੀ, ਅਤੇ ਕੈਲੀਫੋਰਨੀਆਂ ਤੋ ਪੱਤਰਕਾਰ ਨੀਟਾ ਮਾਛੀਕੇ ਨੇ ਦੋਹਾਂ ਪਰਿਵਾਰਾਂ ਨੂੰ ਵਧਾਈਆਂ ਦਿੱਤੀਆਂ। ਹਫ਼ਤਾ ਭਰ ਚੱਲੇ ਵਿਆਹ ਦੌਰਾਨ ਰਿਸ਼ਤੇਦਾਰ-ਮਿੱਤਰ ਇੰਗਲੈਂਡ, ਆਸਟਰੇਲੀਆ, ਇੰਡੀਆ, ਅਮਰੀਕਾ ਅਤੇ ਕਨੇਡਾ ਦੇ ਵੱਖੋ ਵੱਖ ਸ਼ਹਿਰਾਂ ਤੋਂ ਦੋਹਾਂ ਪਰਿਵਾਰਾਂ ਦੀਆਂ ਖੁਸ਼ੀਆਂ ਵਿੱਚ ਸ਼ਾਮਲ ਹੋਣ ਲਈ ਪਹੁੰਚੇ ਹੋਏ ਸਨ।

# ਕੈਨੇਡਾ 'ਚ ਕਤਲ ਕੀਤੇ ਗਏ ਪੰਜਾਬੀ ਗੱਭਰੂ ਦੀ ਮ੍ਰਿਤਕ ਦੇਹ 27 ਜੁਲਾਈ ਨੂੰ ਲਿਆਂਦੀ ਜਾਵੇਗੀ ਭਾਰਤ





ਟੋਰਾਂਟੋ : ਕੈਨੇਡਾ ਵਿੱਚ ਫੂਡ ਡਿਲੀਵਰੀ ਕੰਪਨੀ ਦੇ ਕਰਮਚਾਰੀ ਵਜੋਂ ਕੰਮ ਕਰ ਰਹੇ ਇੱਕ 24 ਸਾਲਾ ਭਾਰਤੀ ਵਿਦਿਆਰਥੀ ਦੀ ਹਿੰਸਕ ਹਮਲੇ ਦੇ ਕੁੱਝ ਦਿਨਾਂ ਬਾਅਦ ਮੌਤ ਹੋ ਗਈ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਪੰਜਾਬ ਦੇ ਪਿੰਡ ਕਰੀਮਪੁਰ ਚਾਹਵਾਲਾ ਦੇ ਰਹਿਣ ਵਾਲੇ ਗੁਰਵਿੰਦਰ ਨਾਥ ਨੂੰ 9 ਜੁਲਾਈ ਨੂੰ ਦੇਰ ਰਾਤ 2:10 ਵਜੇ ਖਾਣੇ ਦਾ ਆਰਡਰ ਦੇਣ ਦੇ ਬਹਾਨੇ ਬ੍ਰਿਟਾਨੀਆ ਰੋਡ ਅਤੇ ਕ੍ਰੈਡਿਟਵਿਊ, ਮਿਸੀਸਾਗਾ ਦੇ ਇਲਾਕੇ ਵਿੱਚ ਹਮਲਾਵਰਾਂ ਨੇ ਬੁਲਾਇਆ ਸੀ। ਟੋਰਾਂਟੋ ਦੇ ਲੌਇਲਿਸਟ ਕਾਲਜ ਦੇ ਵਿਦਿਆਰਥੀ ਨਾਥ ਦੇ ਪਹੁੰਚਣ 'ਤੇ ਉਸ 'ਤੇ ਅਣਪਛਾਤੇ ਹਮਲਾਵਰਾਂ ਨੇ ਹਿੰਸਕ ਹਮਲਾ ਕੀਤਾ ਅਤੇ ਉਸ ਨੂੰ ਜ਼ਖ਼ਮੀ ਹਾਲਤ ਵਿਚ ਛੱਡ ਕੇ ਉਸਦੀ ਗੱਡੀ ਖੋਹ ਕੇ ਫਰਾਰ ਹੋ ਗਏ। ਮੌਕੇ 'ਤੇ ਕਈ ਲੋਕ ਮਦਦ ਲਈ ਅੱਗੇ ਆਏ ਅਤੇ ਮਦਦ ਦੀ ਗੁਹਾਰ ਲਗਾਈ। ਨਾਥ ਨੂੰ ਟਰਾਮਾ ਸੈਂਟਰ ਲਿਜਾਇਆ ਗਿਆ ਜਿੱਥੇ 14 ਜੁਲਾਈ ਨੂੰ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਕੈਨੇਡੀਅਨ ਬ੍ਰੌਡਕਾਸਟਿੰਗ ਕਾਰਪੋਰੇਸ਼ਨ (ਸੀਬੀਸੀ) ਦੀ ਰਿਪੋਰਟ ਮੁਤਾਬਕ ਟੋਰਾਂਟੋ ਵਿੱਚ ਭਾਰਤ ਦੇ ਕੌਂਸਲ ਜਨਰਲ ਸਿਧਾਰਥ ਨਾਥ ਨੇ ਗੁਰਵਿੰਦਰ ਦੀ ਮੌਤ ਨੂੰ 'ਦਿਲ-ਦਹਿਲਾਉਣ ਵਾਲਾ ਘਾਟਾ' ਕਿਹਾ ਅਤੇ ਉਸਦੇ ਪਰਿਵਾਰ, ਦੋਸਤਾਂ ਅਤੇ ਭਾਈਚਾਰੇ ਪ੍ਰਤੀ ਹਮਦਰਦੀ ਪ੍ਰਗਟ ਕੀਤੀ। ਕੌਂਸਲ ਜਨਰਲ ਨੇ ਗੁਰਵਿੰਦਰ ਦੇ ਪਰਿਵਾਰ ਨਾਲ ਵੀ ਸੰਪਰਕ ਕੀਤਾ। ਉਨ੍ਹਾਂ ਕਿਹਾ, "ਜਿਸ ਤਰ੍ਹਾਂ ਭਾਈਚਾਰੇ ਨੇ ਮਦਦ ਦਾ ਹੱਥ ਵਧਾਇਆ ਹੈ, ਉਸ ਨਾਲ ਮੈਨੂੰ ਖੁਸ਼ੀ ਹੋਈ ਕਿ ਕਿਵੇਂ ਉਹ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਦੀ ਸਹਾਇਤਾ ਲਈ ਅੱਗੇ ਆਏ ਹਨ।" ਕੌਂਸਲ ਜਨਰਲ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਵੇਗਾ। ਸੀ.ਬੀ.ਸੀ. ਨੇ ਦੱਸਿਆ ਕਿ ਨਾਥ ਦੀ ਮ੍ਰਿਤਕ ਦੇਹ ਨੂੰ ਟੋਰਾਂਟੋ ਵਿੱਚ ਭਾਰਤੀ ਕੌਂਸਲੇਟ ਜਨਰਲ ਦੀ ਮਦਦ ਨਾਲ 27 ਜੁਲਾਈ ਨੂੰ ਭਾਰਤ ਲਿਆਂਦਾ ਜਾਵੇਗਾ।

ਪੀਲ ਰੀਜਨਲ ਪੁਲਸ ਦੇ ਹੋਮੀਸਾਈਡ ਬਿਊਰੋ ਦੇ ਇੰਸਪੈਕਟਰ ਫਿਲ ਕਿੰਗ ਨੇ ਕਿਹਾ, "ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਇਸ ਵਿੱਚ ਬਹੁਤ ਸਾਰੇ ਸ਼ੱਕੀ ਸ਼ਾਮਲ ਹਨ ਅਤੇ ਖਾਣੇ ਦਾ ਆਰਡਰ ਡਰਾਈਵਰ ਨੂੰ ਇਸ ਖੇਤਰ ਵਿੱਚ ਬੁਲਾਉਣ ਲਈ ਦਿੱਤਾ ਗਿਆ ਸੀ।"ਉਨ੍ਹਾਂ ਦੱਸਿਆ ਕਿ ਜਾਂਚਕਰਤਾਵਾਂ ਨੇ ਹਮਲੇ ਤੋਂ ਪਹਿਲਾਂ ਮੰਗਵਾਏ ਗਏ ਪੀਜ਼ਾ ਆਰਡਰ ਦੀ ਇੱਕ ਆਡੀਓ ਰਿਕਾਰਡਿੰਗ ਪ੍ਰਾਪਤ ਕਰ ਲਈ ਹੈ। ਕਿੰਗ ਨੇ ਕਿਹਾ ਕਿ ਭਾਵੇਂ ਜਾਂਚ ਮੁੱਢਲੇ ਪੜਾਅ 'ਤੇ ਹੈ ਪਰ ਪੁਲਸ ਦਾ ਮੰਨਣਾ ਹੈ ਕਿ ਨਾਥ ਬੇਕਸੂਰ ਸੀ। ਪੁਲਸ ਨੇ ਇੱਕ ਸ਼ੱਕੀ ਵਾਹਨ ਦੀ ਪਛਾਣ ਕੀਤੀ ਹੈ। ਪੁਲਸ ਨੇ ਕਿਹਾ ਕਿ ਇੱਕ ਸੀਸੀਟੀਵੀ ਫੁਟੇਜ ਵਿੱਚ, ਗੂੜ੍ਹੇ ਰੰਗ ਦੇ ਕੱਪੜੇ ਪਹਿਨੇ ਇੱਕ ਪੁਰਸ਼ ਨੂੰ ਵਾਹਨ ਵਿੱਚੋਂ ਬਾਹਰ ਨਿਕਲਦੇ ਹੋਏ ਦੇਖਿਆ ਗਿਆ ਹੈ। ਪੁਲਸ ਨੇ ਕਿਹਾ ਕਿ ਨਾਥ ਅਤੇ ਉਸਦੇ ਹਮਲਾਵਰਾਂ ਵਿਚਕਾਰ ਕੋਈ ਜਾਣਿਆ-ਪਛਾਣਿਆ ਸਬੰਧ ਨਹੀਂ ਹੈ।

ਕਿੰਗ ਨੇ ਦੱਸਿਆ ਕਿ ਨਾਥ ਦੀ ਗੱਡੀ ਨੂੰ ਅਪਰਾਧ ਵਾਲੀ ਥਾਂ ਤੋਂ 5 ਕਿਲੋਮੀਟਰ ਤੋਂ ਵੀ ਘੱਟ ਦੂਰੀ 'ਤੇ ਓਲਡ ਕ੍ਰੈਡਿਟਵਿਊ ਅਤੇ ਓਲਡ ਡੇਰੀ ਰੋਡ ਦੇ ਖੇਤਰ ਵਿੱਚ ਛੱਡ ਦਿੱਤਾ ਗਿਆ ਸੀ। ਕਿੰਗ ਨੇ ਕਿਹਾ ਕਿ ਵਾਹਨ ਦੀ ਫੋਰੈਂਸਿਕ ਤੌਰ 'ਤੇ ਜਾਂਚ ਕੀਤੀ ਗਈ ਹੈ ਅਤੇ ÷ਕਈ÷ ਸਬੂਤ ਬਰਾਮਦ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਫਿਲਹਾਲ ਪੁਲਸ ਇਸ ਗੱਲ ਤੋਂ ਅਣਜਾਣ ਹੈ ਕਿ ਹਮਲੇ ਵਿੱਚ ਹਥਿਆਰ ਦੀ ਵਰਤੋਂ ਕੀਤੀ ਗਈ ਸੀ ਜਾਂ ਨਹੀਂ। ਨਾਥ ਦੀ ਦੇਸ਼ ਵਾਪਸੀ ਲਈ ਪੈਸਾ ਇਕੱਠਾ ਕਰਨ ਅਤੇ ਅੰਤਿਮ ਸੰਸਕਾਰ ਦੇ ਖਰਚਿਆਂ ਵਿੱਚ ਪਰਿਵਾਰ ਦੀ ਮਦਦ ਕਰਨ ਲਈ ਇੱਕ GoFundMe ਪੇਜ ਸਥਾਪਤ ਕੀਤਾ ਗਿਆ ਹੈ। ਸ਼ਨੀਵਾਰ ਨੂੰ ਮਿਸੀਸਾਗਾ ਵਿੱਚ 200 ਤੋਂ ਵੱਧ ਭਾਈਚਾਰੇ ਦੇ ਲੋਕ ਨਾਥ ਦੀ ਮੌਤ ਦਾ ਸੋਗ ਮਨਾਉਣ ਲਈ ਇਕੱਠੇ ਹੋਏ। ਭਾਰਤ ਤੋਂ ਨਾਥ ਜੁਲਾਈ 2021 ਵਿੱਚ ਕੈਨੇਡਾ ਗਿਆ ਸੀ ਅਤੇ ਉਸ ਨੇ ਆਪਣਾ ਕਾਰੋਬਾਰ ਸ਼ੁਰੂ ਕਰਨ ਦੀ ਯੋਜਨਾ ਬਣਾਈ ਸੀ।

# ਅ.ਫਗਾਨਿਸਤਾਨ: ਹੜ੍ਹਾਂ ਕਾਰਨ 31 ਮੌਤਾਂ, 74 ਜ਼ਖ਼ਮੀ ਤੇ 41 ਲਾਪਤਾ




ਕਾਬੁਲ : ਅਫ਼ਗਾਨਿਸਤਾਨ ਵਿੱਚ ਹੜ੍ਹਾਂ ਕਾਰਨ ਲੰਘੇ 72 ਘੰਟਿਆਂ 'ਚ ਘੱਟੋ-ਘੱਟ 31 ਜਣੇ ਮਾਰੇ ਗਏ ਅਤੇ 74 ਹੋਰ ਜ਼ਖ਼ਮੀ ਹੋਏ ਹਨ। ਹੜ੍ਹਾਂ ਕਾਰਨ 41 ਲੋਕ ਲਾਪਤਾ ਹਨ। ਇਹ ਜਾਣਕਾਰੀ ਟੋਲੋ ਨਿਊਜ਼ ਦੀਆਂ ਰਿਪੋਰਟਾਂ 'ਚ ਰਾਜ ਕੌਮੀ ਆਫ਼ਤ ਪ੍ਰਬੰਧਨ ਮੰਤਰਾਲੇ ਦੇ ਤਰਜਮਾਨ ਸ਼ਫੀਉੱਲਾ ਰਹੀਮੀ ਦੇ ਹਵਾਲੇ ਨਾਲ ਦਿੱਤੀ ਗਈ। ਖਬਰਾਂ ਮੁਤਾਬਕ ਹੜ੍ਹਾਂ ਕਾਰਨ 604 ਤੋਂ ਵੱਧ ਘਰਾਂ ਨੂੰ ਨੁਕਸਾਨ ਪਹੁੰਚਿਆ ਹੈ।

# ਅਮਰੀਕਾ 'ਚ ਨਿਹੱਥੇ ਕਾਲੇ ਵਿਅਕਤੀ 'ਤੇ ਇਕ ਪੁਲਿਸ ਅਫਸਰ ਨੇ ਛੱਡਿਆ ਕੁੱਤਾ

## *ਮਨੁੱਖੀ ਹੱਕਾਂ ਬਾਰੇ ਐਸੋਸੀਏਸ਼ਨ ਨੇ ਘਟਨਾ ਨੂੰ ਸ਼ਰਮਨਾਕ ਤੇ ਜੰਗਲੀ ਕਰਾਰ ਦਿੱਤਾ*

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਵਿਚ ਇਕ ਪੁਲਿਸ ਅਫਸਰ ਵੱਲੋਂ ਇਕ ਨਿਹੱਥੇ ਕਾਲੇ ਵਿਅਕਤੀ ਉਪਰ ਕੁੱਤਾ ਛੱਡਣ ਦੀ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਮਨੁੱਖੀ ਹੱਕਾਂ ਬਾਰੇ ਇਕ ਸੰਗਠਨ ਨੇ ਇਸ ਘਟਨਾ ਨੂੰ ਸ਼ਰਮਨਾਕ ਤੇ ਅਸਭਿਅਕ ਕਰਾਰ ਦਿੱਤਾ ਹੈ। ਓਹੀਓ ਸਟੇਟ ਹਾਈਵੇਅ ਪੈਟਰੋਲ ਵੱਲੋਂ ਜਾਰੀ ਇਕ ਵੀਡੀਓ ਤੋਂ ਸਾਫ ਨਜਰ ਆਉਂਦਾ ਹੈ ਕਿ ਇਕ ਅਫਸਰ ਨੇ ਇਕ ਕਮਰਸ਼ੀਅਲ ਸੈਮੀ ਟਰੱਕ ਨੂੰ ਜਾਂਚ ਵਾਸਤੇ ਰੋਕਣ ਦਾ ਯਤਨ ਕੀਤਾ ਪਰੰਤੂ ਉਹ ਨਹੀਂ ਰੁਕਿਆ। ਜੈਕਸਨ ਕਾਊਂਟੀ ਵਿਚ ਯੂ ਐਸ 35 ਉਪਰ ਵਾਪਰੀ ਇਸ ਘਟਨਾ ਵਿਚ ਪੁਲਿਸ ਤੇ ਲਾਅ ਇਨਫੋਰਸਮੈਂਟ ਦੀਆਂ ਗੱਡੀਆਂ ਵੱਲੋਂ ਲੰਬਾ ਸਮਾਂ ਸੈਮੀ ਟਰੱਕ ਦਾ ਪਿੱਛਾ ਕੀਤਾ ਗਿਆ ਤੇ ਆਖਰਕਾਰ ਟਰੱਕ ਖੜਾ ਹੋ ਗਿਆ ਤੇ ਉਸ ਵਿਚੋਂ ਜਾਡਾਰੀਅਸ ਰੋਸ ਨਾਮੀ 23 ਸਾਲਾ ਡਰਾਈਵਰ ਨਿਕਲਿਆ ਜਿਸ ਨੇ ਆਪਣੇ ਹੱਥ ਉਪਰ ਕੀਤੇ ਹੋਏ ਸਨ। ਉਸ ਨੂੰ ਪੁਲਿਸ ਦੀਆਂ ਕਾਰਾਂ ਤੇ ਅਫਸਰਾਂ ਨੇ ਘੇਰਿਆ ਹੋਇਆ ਹੈ। ਡਰਾਈਵਰ ਨੂੰ ਇਕ ਪੁਲਿਸ ਅਫਸਰ ਜਮੀਨ ਉਪਰ ਲੇਟਣ ਲਈ ਕਹਿੰਦਾ ਹੈ। ਸਟੇਟ ਪੁਲਿਸ ਦੇ ਇਕ ਅਫਸਰ ਵੱਲੋਂ ਕੁੱਤਾ ਨਾ ਛੱਡਣ ਲਈ ਵਾਰ ਵਾਰ ਕਹਿਣ ਦੇ ਬਾਵਜੂਦ ਮੌਕੇ 'ਤੇ ਪੁੱਜੇ ਇਕ ਸਿਰਕਲਵਿਲੇ ਕੇ 9 ਅਫਸਰ ਵੱਲੋਂ ਕੁੱਤਾ ਛੱਡ ਦਿੱਤਾ ਜਾਂਦਾ ਹੈ ਜੋ ਡਰਾਈਵਰ ਉਪਰ ਹਮਲਾ ਕਰ ਦਿੰਦਾ ਹੈ ਤੇ ਉਸ ਨੂੰ ਜ਼ਖਮੀ ਕਰ ਦਿੰਦਾ ਹੈ। ਬਾਅਦ ਵਿਚ ਪੁਲਿਸ ਅਫਸਰ ਡਰਾਈਵਰ ਨੂੰ ਹਿਰਾਸਤ ਵਿਚ ਲੈ ਕੇ ਮੁੱਢਲੀ ਸਹਾਇਤਾ ਦਿੰਦੇ ਹਨ। ਮਨੁੱਖੀ ਹੱਕਾਂ ਬਾਰੇ ਸੰਗਠਨ 'ਨੈਸ਼ਨਲ ਐਸੋਸੀਏਸ਼ਨ ਫਾਰ ਦਾ ਐਡਵਾਂਸਮੈਂਟ ਆਫ ਕਲਰਡ ਪੀਓਪਲ' ਨੇ ਇਸ ਘਟਨਾ ਨੂੰ ਅੱਤ ਸ਼ਰਮਨਾਕ ਕਰਾਰ ਦਿੱਤਾ ਹੈ। ਐਸੋਸੀਏਸ਼ਨ ਦੇ ਕੋਲੰਬਸ ਬਰਾਂਚ ਦੇ ਪ੍ਰਧਾਨ ਨਾਨਾ ਵਾਟਸਨ ਨੇ ਕਿਹਾ ਹੈ ਕਿ ਇਸ ਕਿਸਮ ਦੇ ਜੰਗਲੀ ਵਿਵਹਾਰ ਤੋਂ 1960 ਵਿਆਂ ਵਿਚ ਦੱਖਣ ਵਿਚ ਵਾਪਰੀਆਂ ਭਿਆਨਕ ਘਟਨਾਵਾਂ ਦੀ ਯਾਦ ਤਾਜਾ ਹੋ ਜਾਂਦੀ ਹੈ ਜਦੋਂ ਮਨੁੱਖੀ ਹੱਕਾਂ ਬਾਰੇ ਕਾਰਕੁੰਨਾਂ ਉਪਰ ਕੁੱਤੇ ਛੱਡੇ ਗਏ ਸਨ। ਵਾਟਸਨ ਨੇ ਕਿਹਾ ਹੈ ਕਿ ਇਕ ਨਿਹੱਥੇ ਕਾਲੇ ਵਿਅਕਤੀ ਨਾਲ ਕੀਤੇ ਵਿਵਹਾਰ ਤੋਂ ਅਨਿਆਂ ਤੇ ਭੇਦਭਾਵ ਦੀ ਝਲਕ ਵੀ ਮਿਲਦੀ ਹੈ। ਵਾਟਸਨ ਨੇ ਆਸ ਪ੍ਰਗਟਾਈ ਹੈ ਕਿ ਸਮੁੱਚੀ ਘਟਨਾ ਦੀ ਜਾਂਚ ਉਪਰੰਤ ਨਿਆਂ ਹੋਵੇਗਾ ਤੇ ਕਸੂਰਵਾਰ ਪੁਲਿਸ ਅਫਸਰ ਵਿਰੁੱਧ ਕਾਰਵਾਈ ਹੋਵੇਗੀ। ਡਰਾਈਵਰ ਨੂੰ ਰੋਸ ਕਾਊਂਟੀ ਜੇਲ ਵਿਚ ਲਿਜਾਇਆ ਗਿਆ ਹੈ।


# ਵਿਰਾਸਤ-ਏ-ਖਾਲਸਾ, ਦਾਸਤਾਨ-ਏ-ਸ਼ਹਾਦਤ, ਗੋਲਡਨ ਟੈਂਪਲ ਪਲਾਜ਼ਾ 31 ਜੁਲਾਈ ਤੱਕ ਸੈਲਾਨੀਆਂ ਲਈ ਰਹਿਣਗੇ ਬੰਦ



ਚੰਡੀਗੜ੍ਹ : ਪੰਜਾਬ ਦੇ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਅਧੀਨ ਆਉਂਦੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਅਜਾਇਬ ਘਰ ਵਿਰਾਸਤ-ਏ-ਖਾਲਸਾ, ਸ੍ਰੀ ਚਮਕੌਰ ਸਾਹਿਬ ਵਿਖੇ ਦਾਸਤਾਨ-ਏ-ਸ਼ਹਾਦਤ ਅਤੇ ਅੰਮ੍ਰਿਤਸਰ ਵਿਖੇ ਗੋਲਡਨ ਟੈਂਪਲ ਪਲਾਜ਼ਾ ਛਿਮਾਹੀ ਰੱਖ-ਰਖਾਅ ਦੇ ਮੱਦੇਨਜ਼ਰ 31 ਜੁਲਾਈ ਤੱਕ ਸੈਲਾਨੀਆਂ ਲਈ ਬੰਦ ਰਹਿਣਗੇ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਅਜਾਇਬ ਘਰਾਂ ਨੂੰ ਹਰ ਸਾਲ ਦੀ ਤਰਜ਼ ਤੇ ਜਨਵਰੀ ਅਤੇ ਜੁਲਾਈ ਦੇ ਅਖੀਰਲੇ ਹਫਤੇ 'ਚ ਸੈਲਾਨੀਆਂ ਲਈ ਬੰਦ ਰੱਖਿਆ ਜਾਂਦਾ ਹੈ ਤਾਂ ਜੋ ਇਨ੍ਹਾਂ ਦੀ ਮੁਰੰਮਤ ਅਤੇ ਰੱਖ-ਰਖਾਅ ਸਬੰਧੀ ਕੰਮ ਕੀਤੇ ਜਾ ਸਕਣ ਜੋਕਿ ਅਜਾਇਬ ਘਰਾਂ ਦੀਆਂ ਗੈਲਰੀਆਂ ਵਿੱਚ ਸੈਲਾਨੀਆਂ ਦੀ ਲਗਾਤਾਰ ਆਵਾਜਾਈ ਦੌਰਾਨ ਨਹੀਂ ਕੀਤੇ ਜਾ ਸਕਦੇ।

# ਅਮਰੀਕਾ ਦੇ ਹੋਸਟਨ ਸ਼ਹਿਰ 'ਚ ਇਕ ਛੋਟਾ ਜਹਾਜ਼ ਤਬਾਹ, ਇਕ ਮੌਤ, ਬਿਜਲੀ ਗੁੱਲ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਰਾਜ ਟੈਕਸਾਸ ਦੇ ਹੋਸਟਨ ਸ਼ਹਿਰ ਵਿਚ ਇਕ ਛੋਟਾ ਜਹਾਜ਼ ਬਿਜਲੀ ਦੀ ਲਾਈਨ ਨਾਲ ਟਕਰਾ ਕੇ ਜਮੀਨ ਉਪਰ ਆ ਡਿੱਗਾ। ਇਸ ਘਟਨਾ ਵਿਚ ਇਕ ਵਿਅਕਤੀ ਮਾਰਿਆ ਗਿਆ। ਹੈਰਿਸ ਕਾਊਂਟੀ ਸ਼ੈਰਿਫ ਦਫਤਰ ਅਨੁਸਾਰ ਇਸ ਘਟਨਾ ਕਾਰਨ ਇਲਾਕੇ ਵਿਚ ਬਿਜਲੀ ਗੁੱਲ ਹੋ ਗਈ । ਹੈਰਿਸ ਕਾਊਂਟੀ ਸ਼ੈਰਿਫ ਐਡ ਗੋਂਜ਼ਾਲੇਜ਼ ਨੇ ਕਿਹਾ ਹੈ ਕਿ ਤਬਾਹ ਹੋਇਆ ਕਰਾਪ ਡਸਟਰ ਕਿਸਮ ਦਾ ਜਹਾਜ਼ ਹੈ ਜਿਸ ਦੀ ਵਰਤੋਂ ਫਸਲਾਂ ਉਪਰ ਕੀੜੇ ਮਾਰ ਦਵਾਈਆਂ ਛਿੜਕਣ ਜਾਂ ਹੋਰ ਸਮਗਰੀ ਲਿਜਾਣ ਲਈ ਕੀਤੀ ਜਾਂਦੀ ਹੈ। ਘਟਨਾ ਦੀ ਜਾਂਚ ਟੈਕਸਾਸ ਡਿਪਾਰਟਮੈਂਟ ਆਫ ਪਬਲਿਕ ਸੇਫਟੀ ਕਰ ਰਿਹਾ ਹੈ।



ਹੋਸਟਨ ਵਿਚ ਜਮੀਨ ਉਪਰ ਡਿੱਗਾ ਛੋਟਾ ਜਹਾਜ਼


ਸ. ਬਲਬੀਰ ਸਿੰਘ ਰਾਗੀ

ਇੰਗਲੈਂਡ ਦੇ ਇਤਿਹਾਸ ਨੂੰ ਉਜਾਗਰ ਕਰਨ ਦੇ ਲਈ ਸ.ਬਲਵੀਰ ਸਿੰਘ ਰਾਗੀ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਧਰਤੀ ਉਪਰ ਵਸਣ ਵਾਲੇ ਇਨ੍ਹਾਂ ਲੋਕਾਂ ਨੇ ਕੀ-ਕੀ ਸਹਿਣ ਨਹੀਂ ਕੀਤਾ, ਉਨ੍ਹਾਂ ਦੇ ਕਾਰਨ ਹੀ ਅੱਜ ਅਸੀਂ ਮਾਣ ਸਨਮਾਨ ਵਾਲਾ ਜੀਵਨ ਜੀਅ ਰਹੇ ਹਾਂ ਅਤੇ ਹੁਣ ਬ੍ਰਿਟੇਨ ਦੀ ਸੰਸਦ 'ਚ ਸਾਡੇ ਸੰਸਦ ਮੈਂਬਰ ਵੀ ਹਨ ਅਤੇ ਇੰਗਲੈਂਡ ਦੇ ਹਰ ਖੇਤਰ ਵਿਚ ਸਿੱਖ ਭਾਈਚਾਰੇ ਨੇ ਮੱਲ੍ਹਾਂ ਮਾਰੀਆਂ ਹਨ। ਇਸ ਸਭ ਬਾਰੇ ਜਾਗਰੂਕ ਕਰਨ ਲਈ ਹੁਣ ਅਸੀਂ ਅਮਰੀਕਾ ਦੇ ਉਘੇ ਸਿੱਖ ਆਗੂ ਸ. ਬਲਵੀਰ ਸਿੰਘ ਰਾਗੀ ਜੀ ਦੀ ਲਿਖੀ ਕਿਤਾਬ 'ਇਨ ਸਰਵਿਸ ਆਫ਼ ਹਿਜ਼ ਮਾਸਟਰ' ਕਿਤਾਬ ਨੂੰ ਲੜੀਵਾਰ 'ਸਾਡੇ ਲੋਕ' ਅਖ਼ਬਾਰ ਵਿਚ ਛਾਪ ਕੇ ਇੰਗਲੈਂਡ ਦੇ ਇਤਿਹਾਸ ਬਾਰੇ ਅਮਰੀਕਾ 'ਚ ਵਸਦੇ ਭਾਰਤੀ ਭਾਈਚਾਰੇ ਨੂੰ ਜਾਣੂ ਕਰਵਾਉਣਾ ਚਾਹੁੰਦੇ ਹਾਂ, ਤਾਂ ਜੋ 'ਸਾਡੇ ਲੋਕ' ਦੇ ਸਮੂਹ ਪਾਠਕ ਇਸ ਲੜੀਵਾਰ ਪੁਸਤਕ ਨੂੰ ਪੜ੍ਹ ਕੇ ਇੰਗਲੈਂਡ ਅਤੇ ਸਿੱਖਾਂ ਦੇ ਇਤਿਹਾਸ ਦੀ ਨੀਂਹ ਰੱਖ ਕੇ ਗੁਰੂਘਰ ਬਣਾਉਣ ਦੀ ਕਹਾਣੀ ਉਨ੍ਹਾਂ ਦੇ ਪਿਤਾ ਸ. ਧਰਮ ਸਿੰਘ ਰਾਗੀ, ਮਾਤਾ ਨਸੀਬ ਕੌਰ ਰਾਗੀ ਅਤੇ ਉਨ੍ਹਾਂ ਸਿੱਖਾਂ ਦੀ ਹੈ, ਜਿਨ੍ਹਾਂ ਨੇ ਇੰਗਲੈਂਡ ਵਿਚ ਪਹਿਲੇ ਗੁਰਦੁਆਰੇ ਦੀ ਨੀਂਹ ਰੱਖ ਕੇ ਵਿਦੇਸ਼ 'ਚ ਸਿੱਖੀ ਦਾ ਮੁੱਢ ਬੰਨ੍ਹਿਆ। ਇਹ ਸਿੱਖ ਜਗਤ ਦੀ ਚੜ੍ਹਦੀਕਲਾ ਦੀ ਕਹਾਣੀ ਹੈ। - ਸਤਨਾਮ ਸਿੰਘ ਖਾਲਸਾ

# 'ਕਿਰਪਾ ਕਰਕੇ ਅੱਗੇ ਵਧੋ, ਜੋ ਇੱਥੋਂ ਸ਼ੁਰੂ ਕੀਤਾ ਗਿਆ ਹੈ, ਉਸਦਾ ਵਿਸਥਾਰ ਕਰੋ'

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਪਾਪਾ ਜੀ ਨੇ ਮੇਅਰ ਨੂੰ ਚਾਬੀਆਂ ਪ੍ਰਦਾਨ ਕੀਤੀਆਂ। ਮੇਅਰ ਨੇ ਸਿੱਖ ਭਾਈਚਾਰੇ ਨੂੰ ਇਸ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਇਸ ਦੇ ਦਰਵਾਜ਼ੇ ਹਮੇਸ਼ਾਂ ਭਾਈਚਾਰੇ ਲਈ ਖੁੱਲ੍ਹੇ ਰਹਿਣਗੇ। ਕੋਵੈਂਟਰੀ ਦੇ ਬਿਸ਼ਪ ਨੇ ਵੀ ਬੋਲਿਆ ਅਤੇ ਇਸ ਉਪਲਬਧੀ 'ਤੇ ਸਾਰਿਆਂ ਨੂੰ ਵਧਾਈ ਦਿੱਤੀ। ਪੀਟਰ ਬੇਰੀ ਨੇ ਕਿਹਾ ਕਿ ਉਸਨੂੰ ਸਿੱਖ ਭਾਈਚਾਰੇ ਵੱਲੋਂ ਹਮੇਸ਼ਾਂ ਹੀ ਬੇਹੱਦ ਸਤਿਕਾਰ ਦਿੱਤਾ ਗਿਆ ਹੈ ਅਤੇ ਉਹ ਖੁਦ ਨੂੰ ਇਸ ਭਾਈਚਾਰੇ ਦਾ ਹੀ ਮੈਂਬਰ ਸਮਝਦਾ ਹੈ।

ਭਾਈਚਾਰੇ ਨੇ ਸਟੋਨੀ ਸਟੈਂਟਨ ਸਕੂਲ ਦੇ ਰੱਖਿਅਕ ਮਿਸਟਰ ਹਨਕੋਕ ਨੂੰ 'ਕਲਾਕ' ਦੇ ਕੇ ਸਨਮਾਨਤ ਕੀਤਾ ਜਿਸਨੇ ਜਦੋਂ ਸਕੂਲ ਵਿੱਚ ਸਮਾਗਮ ਕੀਤਾ ਜਾਂਦਾ ਸੀ, ਉਸ ਲਈ ਮਦਦ ਕੀਤੀ ਸੀ।

ਜਦੋਂ ਰਸਮੀ ਸਮਾਗਮ ਸਮਾਪਤ ਹੋ ਗਿਆ, ਮਹਿਮਾਨ ਆਪਣੀਆਂ ਕਾਰਾਂ ਵੱਲ ਜਾਣ ਲੱਗੇ, ਪਰ ਅੰਦਰ ਸ਼ਬਦ ਗਾਇਨ ਚੱਲ ਰਿਹਾ ਸੀ। ਨਾਲ ਲੱਗਦੇ ਸ਼ਹਿਰਾਂ ਤੋਂ ਅਤੇ ਸਥਾਨਕ ਲੋਕ ਸ਼ਬਦ ਗਾਉਣ ਲਈ ਆਏ ਹੋਏ ਸਨ। ਹਰ ਪਾਸੇ ਇਕੱਠ ਸੀ, ਜਿਹੜੇ ਲੋਕ ਪਾਪਾ ਜੀ ਨੂੰ ਨਹੀਂ ਜਾਣਦੇ ਸਨ, ਉਹ ਦੂਜਿਆਂ ਨੂੰ ਪੁੱਛ ਰਹੇ ਸਨ ਕਿ ਉਹ ਕਿਵੇਂ ਦੇ ਲੱਗਦੇ ਹਨ। ਮੈਨੂੰ ਲੱਗਦਾ ਹੈ ਕਿ ਕਈ ਉਨ੍ਹਾਂ ਨੂੰ ਕਲੀਨ ਸ਼ੇਵ ਸਿੱਖ ਦੇਖ ਕੇ ਬਹੁਤ ਲੋਕ ਹੈਰਾਨ ਹੋਏ ਹੋਣਗੇ। ਹਰ ਕੋਈ ਉਨ੍ਹਾਂ ਨਾਲ ਹੱਥ ਮਿਲਾਉਣਾ ਚਾਹੁੰਦਾ ਸੀ, ਕਈ ਬਜ਼ੁਰਗ ਉਨ੍ਹਾਂ ਦਾ ਹੱਥ ਫੜ ਕੇ ਚੁੰਮ ਰਹੇ ਸਨ। ਪਾਪਾ ਜੀ ਇਸ ਤਰ੍ਹਾਂ ਦੇ ਵਿਵਹਾਰ ਦੇ ਆਦੀ ਨਹੀਂ ਸਨ ਅਤੇ ਇਸ ਤੋਂ ਕਾਫ਼ੀ ਅਸਹਿਜ ਮਹਿਸੂਸ ਕਰ ਰਹੇ ਸਨ। ਸੱਚ ਇਹ ਸੀ ਕਿ ਇਸ ਪਿੱਛੇ ਉਨ੍ਹਾਂ ਦਾ ਹੱਥ ਨਹੀਂ ਸੀ, ਬਲਕਿ ਇਹ ਪਰਮਾਤਮਾ ਦੇ ਹੱਥਾਂ ਦੀ ਖੇਡ ਸੀ। ਉਹ ਤਾਂ ਸਿਰਫ਼ ਜ਼ਰੀਆ ਬਣੇ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਉਹ ਆਪਣੇ ਗੁਰੂ ਦੀ ਸੇਵਾ ਵਿੱਚ ਇਹ ਸਭ ਕੁਝ ਕਰ ਰਹੇ ਸਨ। ਉੱਥੋਂ ਜ਼ਿਆਦਾਤਰ ਲੋਕ ਲਗਪਗ ਸ਼ਾਮ ਨੂੰ ਸੱਤ ਵਜੇ ਗਏ। ਜਿਹੜੇ ਉੱਥੇ ਰਹਿ ਗਏ ਉਹ ਸ਼ਾਮ ਦਾ ਪਾਠ ਰਹਿਰਾਸ ਦਾ ਪਾਠ ਅਤੇ ਕੀਰਤਨ ਸੋਹਲਾ ਕਰਨ ਲੱਗੇ।

ਪਾਪਾ ਜੀ ਨੇ ਭਾਈਚਾਰੇ ਦੇ ਸੀਨੀਅਰ ਸੇਵਾ ਮੁਕਤ ਮੈਂਬਰ ਬੇਅੰਤ ਸਿੰਘ ਚਿੱਟੀ ਨੂੰ ਮੌਜੂਦਾ ਸਮੇਂ ਇਸਦੇ ਨਿਗਰਾਨ ਵਜੋਂ ਸੇਵਾ ਕਰਨ ਲਈ ਕਿਹਾ।

ਬੇਅੰਤ ਸਿੰਘ ਨੇ ਸਾਨੂੰ ਵਿਦਾਈ ਦਿੱਤੀ ਅਤੇ ਸਾਡੇ ਪਿੱਛੋਂ ਦਰਵਾਜ਼ੇ ਬੰਦ ਕਰ ਦਿੱਤੇ। ਪਾਪਾ ਜੀ ਨੇ ਆਸਮਾਨ ਵੱਲ ਦੇਖਿਆ ਅਤੇ ਆਪਣੀਆਂ ਅੱਖਾਂ ਤੋਂ ਹੰਝੂ ਸਾਫ਼ ਕੀਤੇ ਅਤੇ ਆਪਣੇ ਹੱਥਾਂ ਨੂੰ ਜੋੜ ਕੇ ਫਾਰਸੀ ਵਿੱਚ ਕਿਹਾ ਜਿਸਦਾ ਮਤਲਬ ਸੀ, 'ਆਪਣੇ ਦਿਲ ਵਿੱਚੋਂ ਆਪਣੇ ਗੁਰੂ ਤੋਂ ਇਲਾਵਾ ਹਰ ਇੱਕ ਚੀਜ਼ ਨੂੰ ਬਾਹਰ ਕੱਢ ਦਿਓ, ਤੁਹਾਡਾ ਧਿਆਨ ਹਰ ਸਮੇਂ ਉਸ ਵੱਲ ਹੋਣਾ ਚਾਹੀਦਾ ਹੈ।'

ਇਹ ਬੀਜੀ ਸਨ ਜਿਨ੍ਹਾਂ ਨੇ ਪਾਪਾ ਜੀ ਨੂੰ ਦੱਸਿਆ ਸੀ ਕਿ ਉਹ ਪੰਜਾਬੀ ਨਹੀਂ ਪੜ੍ਹ ਸਕਦੇ, ਨਾ ਹੀ ਉਹ ਗੁਰੂ ਗ੍ਰੰਥ ਸਾਹਿਬ ਪੜ੍ਹ ਸਕਦੇ ਹਨ। ਉਹ ਇਸਨੂੰ ਕਿਵੇਂ ਪ੍ਰਾਪਤ ਕਰ ਸਕਦੇ ਹਨ? ਬੀਜੀ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਉਹ ਆਪਣਾ ਇਸ ਸਬੰਧੀ ਸਫ਼ਰ ਸ਼ੁਰੂ ਕਰਨ ਅਤੇ ਪਰਮਾਤਮਾ ਉਨ੍ਹਾਂ ਦਾ ਮਾਰਗ ਦਰਸ਼ਨ ਕਰੇਗਾ। ਅੱਜ ਉਹ ਦੋਵੇਂ ਮਹਿਸੂਸ ਕਰਦੇ ਸਨ ਕਿ ਅੱਜ ਜਿਵੇਂ ਉਹ ਉਨ੍ਹਾਂ ਦੀ ਸੇਵਾ ਵਿੱਚ ਹਨ, ਪਰਮਾਤਮਾ ਉਨ੍ਹਾਂ ਦਾ ਮਾਰਗ ਦਰਸ਼ਨ ਕਰ ਰਿਹਾ ਹੈ।

ਪਾਪਾ ਜੀ ਨੇ ਚੋਣ ਕਰਾਉਣ ਦਾ ਆਪਣਾ ਵਾਅਦਾ ਨਿਭਾਇਆ ਤਾਂ ਕਿ ਲੋਕ ਇਹ ਫੈਸਲਾ ਕਰ ਸਕਣ ਕਿ ਗੁਰਦੁਆਰੇ ਦਾ ਪ੍ਰਬੰਧ ਕਿਹੜਾ ਅਗਲਾ ਗਰੁੱਪ ਕਰੇਗਾ। ਉਨ੍ਹਾਂ ਨੇ ਚੌਥੇ ਸਮਾਗਮ ਦੌਰਾਨ ਵਾਅਦਾ ਕੀਤਾ ਸੀ ਕਿ ਜਦੋਂ ਗੁਰਦੁਆਰੇ ਦੀ ਉਸਾਰੀ ਹੋ ਜਾਵੇਗੀ ਤਾਂ ਪਹਿਲੀ ਵਿਸਾਖੀ ਨੂੰ ਇਸ ਦੀਆਂ ਚੋਣਾਂ ਹੋਣਗੀਆਂ। ਉਨ੍ਹਾਂ ਨੇ ਇਸ ਤਰ੍ਹਾਂ ਹੀ ਕੀਤਾ। ਵਿਸਾਖੀ 13 ਅਪ੍ਰੈਲ, 1967 ਨੂੰ ਸੀ ਅਤੇ 15 ਅਪ੍ਰੈਲ 1967 ਨੂੰ 15 ਅਪ੍ਰੈਲ ਨੂੰ ਜਨਰਲ ਬਾਡੀ ਦੀ ਮੀਟਿੰਗ ਰੱਖੀ ਗਈ ਅਤੇ 16 ਅਪ੍ਰੈਲ ਨੂੰ ਚੋਣਾਂ ਦਾ ਦਿਨ ਰੱਖ ਲਿਆ। ਵੋਟਰਾਂ ਦੀ ਸੂਚੀ ਅਤੇ ਵੋਟਰ ਆਈਡੀ ਕਾਰਡ ਬਣਾਏ ਗਏ। ਲੋਕਾਂ ਨੂੰ ਉਸ ਦਿਨ ਜਨਰਲ ਬਾਡੀ ਦੀ ਮੀਟਿੰਗ ਵਿੱਚ ਆਉਣ ਲਈ ਕਿਹਾ ਗਿਆ ਕਿ ਜਿਹੜੇ ਇਸ ਦੀਆਂ ਚੋਣਾਂ ਲੜਨਾ ਚਾਹੁੰਦੇ ਹਨ, ਉਹ ਆਪਣਾ ਨਾਂ ਦੇ ਦੇਣ।

ਚੋਣਾਂ ਵਾਲੇ ਦਿਨ ਪਾਪਾ ਜੀ ਨੇ ਗੁਰਦੁਆਰੇ ਦੀਆਂ ਸਾਰੀਆਂ ਬਹੀਆਂ ਅਤੇ ਚਾਬੀਆਂ ਗੁਰੂ ਗ੍ਰੰਥ ਸਾਹਿਬ ਅੱਗੇ ਰੱਖ ਦਿੱਤੀਆਂ। ਹਾਲ ਲੋਕਾਂ ਨਾਲ ਪੂਰੀ ਤਰ੍ਹਾਂ ਭਰਿਆ ਹੋਇਆ ਸੀ, ਪਰ ਕੋਈ ਵੀ ਨਾਂ ਅੱਗੇ ਨਹੀਂ ਆਇਆ।

ਪਾਪਾ ਜੀ ਨੇ ਸੰਗਤ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਉਨ੍ਹਾਂ ਲਈ ਸਨਮਾਨ ਦੀ ਗੱਲ ਹੈ ਕਿ ਉਨ੍ਹਾਂ ਦੇ ਪਰਿਵਾਰ ਨੂੰ ਭਾਈਚਾਰੇ ਦੀ ਸੇਵਾ ਦਾ ਇਹ ਵੱਡਾ ਕਾਰਜ ਸੌਂਪਿਆ ਗਿਆ। ਉਨ੍ਹਾਂ ਕਿਹਾ ਕਿ ਸਾਰੇ ਖਾਤੇ ਚੈੱਕ ਅਤੇ ਉਨ੍ਹਾਂ ਦਾ ਲੇਖਾ ਕੀਤਾ ਗਿਆ ਹੈ, ਸਾਰੀਆਂ ਖਾਤਾਂ ਬੁੱਕਾਂ ਅਤੇ ਚਾਬੀਆਂ ਅਤੇ ਗੁਰਦੁਆਰੇ ਨਾਲ ਸਬੰਧਿਤ ਸਾਰੀਆਂ ਚੀਜ਼ਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਰੱਖੀਆਂ ਗਈਆਂ ਹਨ।

ਉਨ੍ਹਾਂ ਕਿਹਾ, 'ਗੁਰੂ ਗ੍ਰੰਥ ਸਾਹਿਬ ਅਤੇ ਸੰਗਤ ਮਾਲਕ ਹਨ ਅਤੇ ਤੁਸੀਂ ਜਿਸਨੂੰ ਵੀ ਚੁਣੋਗੇ ਇਹ ਯਕੀਨੀ ਬਣਾਉਣਾ ਕਿ ਉਹ ਭਾਈਚਾਰੇ ਦੀ ਸੇਵਾ ਕਰਨ, ਉਹ ਭਾਈਚਾਰੇ ਦੀ ਭਲਾਈ ਨੂੰ ਆਪਣੇ ਪਰਿਵਾਰ ਤੋਂ ਵੀ ਅੱਗੇ ਰੱਖਣ।'

ਉਨ੍ਹਾਂ ਕਿਹਾ ਕਿ ਉਹ ਸ਼ੁਰੂਆਤ ਵਿੱਚ ਹੀ ਕਹਿ ਚੁੱਕੇ ਹਨ ਕਿ ਮੈਂ ਭਾਈਚਾਰੇ ਦਾ ਸੇਵਕ ਰਹਾਂਗਾ ਅਤੇ ਜਦੋਂ ਮੇਰਾ ਕੰਮ ਹੋ ਗਿਆ ਤਾਂ ਮੈਂ ਪਿੱਛੇ ਹਟ ਜਾਵਾਂਗਾ ਅਤੇ ਕਦੇ ਵੀ ਚੋਣ ਨਹੀਂ ਲੜਾਗਾਂ।

ਉਨ੍ਹਾਂ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਕਿਹਾ, 'ਮੈਂ ਪਰਮਾਤਮਾ ਨਾਲ ਵਾਅਦਾ ਕੀਤਾ ਹੈ ਕਿ ਮੇਰੇ ਪਰਿਵਾਰ ਦਾ ਕੋਈ ਵੀ ਮੈਂਬਰ ਚੋਣ ਨਹੀਂ ਲੜੇਗਾ। ਸਾਡਾ ਮਕਸਦ ਹੁਣਾ ਪੂਰਾ ਹੋ ਗਿਆ ਹੈ। ਮੈਂ ਤੁਹਾਡੇ ਤੋਂ ਛੁੱਟੀ ਮੰਗਦਾ ਹਾਂ। ਜੇਕਰ ਮੇਰੇ ਅਤੇ ਮੇਰੇ ਪਰਿਵਾਰ ਤੋਂ ਤੁਹਾਡੀ ਸੇਵਾ ਵਿੱਚ ਕੋਈ ਗਲਤੀ ਹੋ ਗਈ ਹੋਵੇ ਤਾਂ ਮੈਂ ਉਸ ਲਈ ਮੁਆਫ਼ੀ ਮੰਗਦਾ ਹਾਂ। ਮੈਂ ਇਸ ਗੱਲ ਤੋਂ ਬਹੁਤ ਖੁਸ਼ ਹਾਂ ਕਿ ਇਹ ਤੁਸੀਂ ਕਦੇ ਵੀ ਨਹੀਂ ਸੋਚ ਸਕਦੇ ਕਿ ਤੁਸੀਂ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਸੇਵਾ ਦਾ ਕਿੰਨਾ ਵੱਡਾ ਮੌਕਾ ਦਿੱਤਾ ਹੈ।'


'ਕਿਰਪਾ ਕਰਕੇ ਅੱਗੇ ਵਧੋ, ਜੋ ਇੱਥੋਂ ਸ਼ੁਰੂ ਕੀਤਾ ਗਿਆ ਹੈ, ਉਸਦਾ ਵਿਸਥਾਰ ਕਰੋ।'

ਉਹ ਗੁਰੂ ਗ੍ਰੰਥ ਸਾਹਿਬ ਅੱਗੇ ਝੁਕ ਗਏ, ਬੀਜੀ, ਕਸ਼ਮੀਰ, ਸੌਦਾਗਰ ਅਤੇ ਮੈਂ ਵੀ ਅਜਿਹਾ ਹੀ ਕੀਤਾ। (ਚਲਦਾ)




# ਰਾਜਪਾਲ ਨੇ ਦੋ ਰੋਜ਼ਾ ਸੈਸ਼ਨ ਅਸੰਵਿਧਾਨਕ ਹੋਣ ਦਾ ਕੀਤਾ ਦਾਅਵਾ

## ਮੁੱਖ ਮੰਤਰੀ ਭਗਵੰਤ ਮਾਨ ਨੂੰ ਲਿਖਿਆ ਮੋੜਵਾਂ ਪੱਤਰ; ਕਾਨੂੰਨੀ ਸਲਾਹ ਦਾ ਖਰੜਾ ਵੀ ਭੇਜਿਆ



ਚੰਡੀਗੜ੍ਹ : ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਮੋੜਵਾਂ ਪੱਤਰ ਲਿਖਦਿਆਂ ਸਰਕਾਰ ਵੱਲੋਂ 19 ਅਤੇ 20 ਜੂਨ ਨੂੰ ਬੁਲਾਏ ਗਏ ਦੋ ਰੋਜ਼ਾ ਸੈਸ਼ਨ ਦੇ ਅਸੰਵਿਧਾਨਕ ਹੋਣ ਦੇ ਸਟੈਂਡ ਨੂੰ ਸਹੀ ਕਰਾਰ ਦਿੱਤਾ ਹੈ। ਰਾਜਪਾਲ ਦੇ ਇਸ ਜਵਾਬ ਨਾਲ ਦੋ ਰੋਜ਼ਾ ਸੈਸ਼ਨ ਦੌਰਾਨ ਵਿਧਾਨ ਸਭਾ ਵੱਲੋਂ ਪਾਸ ਕੀਤੇ ਬਿੱਲਾਂ ਦੇ ਕਾਨੂੰਨੀ ਰੂਪ ਧਾਰਨ ਕਰਨ ਬਾਰੇ ਬਣਿਆ ਰੇੜਕਾ ਬਰਕਰਾਰ ਹੈ। ਸ੍ਰੀ ਪੁਰੋਹਿਤ ਨੇ ਆਪਣੇ ਪੱਤਰ ਦੇ ਨਾਲ ਵਿਧਾਨ ਸਭਾ ਸੈਸ਼ਨ ਦੇ ਕਾਨੂੰਨੀ ਅਤੇ ਸੰਵਿਧਾਨਕ ਨਾ ਹੋਣ ਬਾਰੇ ਦਿੱਤੀ ਗਈ ਕਾਨੂੰਨੀ ਸਲਾਹ ਦਾ ਖਰੜਾ ਵੀ ਮੁੱਖ ਮੰਤਰੀ ਨੂੰ ਭੇਜ ਦਿੱਤਾ ਹੈ। ਰਾਜਪਾਲ ਨੇ ਪੱਤਰ 'ਚ ਕਿਹਾ ਹੈ, "ਮੇਰੇ ਪੱਤਰਾਂ ਨੂੰ ਤੁਸੀਂ ਪ੍ਰੇਮ ਪੱਤਰ ਆਖ ਕੇ ਭਾਵੇਂ ਰੱਦ ਕਰ ਦਿੱਤਾ ਹੈ ਪਰ ਸੰਵਿਧਾਨ ਦੀ ਧਾਰਾ 167 ਤਹਿਤ ਰਾਜਪਾਲ ਵੱਲੋਂ ਮੰਗੀ ਗਈ ਸੂਚਨਾ ਮੁਹੱਈਆ ਕਰਾਉਣ ਲਈ ਸਰਕਾਰ ਪਾਬੰਦ ਹੈ।" ਉਨ੍ਹਾਂ ਕਿਹਾ ਕਿ ਸੂਚਨਾ ਨਾ ਦੇਣਾ ਸੰਵਿਧਾਨ ਦੀ ਧਾਰਾ 167 ਦੀ ਸਪੱਸ਼ਟ ਉਲੰਘਣਾ ਹੈ। ਸ੍ਰੀ ਪੁਰੋਹਿਤ ਨੇ ਕਿਹਾ ਹੈ ਕਿ ਅਸੈਂਬਲੀ ਵਿੱਚ ਬਹਿਸ ਦੌਰਾਨ ਤੁਸੀਂ (ਮੁੱਖ ਮੰਤਰੀ) ਰਾਜਪਾਲ (ਪੁਰੋਹਿਤ) ਬਾਰੇ ਭੜਾਸ ਕੱਢੀ ਹੈ, ਜਿਸ ਨੂੰ ਲੋਕਾਂ ਨੇ ਪਸੰਦ ਨਹੀਂ ਕੀਤਾ। ਰਾਜਪਾਲ ਨੇ ਮੁੱਖ ਮੰਤਰੀ ਨੂੰ ਮੁਖਾਤਬਿ ਹੁੰਦਿਆਂ ਕਿਹਾ,"ਤੁਹਾਨੂੰ ਇਹ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਮੈਂ, ਰਾਜਪਾਲ ਵਜੋਂ ਰਾਸ਼ਟਰਪਤੀ ਦੁਆਰਾ ਨਿਯੁਕਤ ਇੱਕ ਸੰਵਿਧਾਨਕ ਅਥਾਰਿਟੀ ਹਾਂ ਅਤੇ ਮੈਨੂੰ ਇੱਕ ਨਿਆਂਪੂਰਨ, ਨਿਰਪੱਖ ਅਤੇ ਇਮਾਨਦਾਰ ਪ੍ਰਸ਼ਾਸਨ ਯਕੀਨੀ ਬਣਾਉਣ ਦੀ ਡਿਊਟੀ ਸੌਂਪੀ ਗਈ ਹੈ।" ਉਨ੍ਹਾਂ ਕਿਹਾ ਕਿ ਸਰਕਾਰ ਵਿੱਚ ਭ੍ਰਿਸ਼ਟਾਚਾਰ ਹੋਣ ਦੀਆਂ ਵੱਖ-ਵੱਖ ਤਰ੍ਹਾਂ ਦੀਆਂ ਸ਼ਿਕਾਇਤਾਂ ਮਿਲ ਰਹੀਆਂ ਹਨ। 'ਤੁਹਾਨੂੰ ਬੇਨਤੀ ਕਰਦਾ ਹਾਂ ਕਿ ਮੈਨੂੰ ਬਿਨਾਂ ਕਿਸੇ ਦੇਰੀ ਦੇ ਚਿੱਠੀਆਂ ਦਾ ਜਵਾਬ ਜਲਦੀ ਤੋਂ ਜਲਦੀ ਦਿਓ। ਨਹੀਂ ਤਾਂ ਇਸ ਨੂੰ ਸੰਵਿਧਾਨ ਦੀ ਘੋਰ ਉਲੰਘਣਾ ਮੰਨਿਆ ਜਾਵੇਗਾ।' ਰਾਜਪਾਲ ਨੇ ਮਾਰਚ 'ਚ ਬਜਟ ਇਜਲਾਸ ਨੂੰ ਜੂਨ ਵਿੱਚ ਲਗਾਤਾਰਤਾ ਵਜੋਂ ਬੁਲਾਏ ਜਾਣ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਸਦਨ ਦੀ ਕਾਰਵਾਈ ਜਾਂ ਕਹਿ ਲਓ ਕਿ ਵਿਧਾਨ ਸਭਾ ਦੇ ਸੈਸ਼ਨ ਨੂੰ ਅਣਮਿੱਥੇ ਸਮੇਂ ਲਈ ਮੁਲਤਵੀ ਕਰਨਾ ਮਾਨਯੋਗ ਸਪੀਕਰ ਦੇ ਅਧਿਕਾਰ ਵਿੱਚ ਹੈ ਪਰ ਇੱਕ ਵਾਰ ਜਦੋਂ ਸੈਸ਼ਨ ਦਾ ਕੰਮਕਾਰ ਖਤਮ ਹੋ ਜਾਂਦਾ ਹੈ ਤਾਂ ਸੈਸ਼ਨ ਨੂੰ ਅਸਥਾਈ ਤੌਰ 'ਤੇ ਕਾਇਮ ਨਹੀਂ ਰੱਖਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜੂਨ ਦੇ ਸੈਸ਼ਨ ਦੌਰਾਨ ਘੱਟੋ-ਘੱਟ 4 ਬਿੱਲ ਪਾਸ ਕੀਤੇ ਗਏ ਹਨ, ਜਿਨ੍ਹਾਂ ਦਾ ਬਜਟ ਸੈਸ਼ਨ ਨਾਲ ਕੋਈ ਸਬੰਧ ਨਹੀਂ ਹੈ। ਇਨ੍ਹਾਂ ਵਿੱਚ ਪੰਜਾਬ ਐਫੀਲੀਏਟਿਡ ਕਾਲਜ (ਸੇਵਾ ਸੁਰੱਖਿਆ) ਸੋਧ ਬਿੱਲ 2023, ਪੰਜਾਬ ਪੁਲੀਸ (ਸੋਧ) ਬਿੱਲ, 2023 ਅਤੇ ਸਿੱਖ ਗੁਰਦੁਆਰਾ (ਸੋਧ) ਬਿੱਲ, 2023 ਅਤੇ ਪੰਜਾਬ ਯੂਨੀਵਰਸਿਟੀਜ਼ ਲਾਅਜ਼ (ਸੋਧ) ਬਿੱਲ, 2023 ਸ਼ਾਮਲ ਹਨ, ਜਿਨ੍ਹਾਂ ਨੂੰ ਸਦਨ ਦੇ ਸਾਹਮਣੇ ਆਉਣ ਲਈ ਮੌਨਸੂਨ ਸੈਸ਼ਨ ਤੱਕ ਇੰਤਜ਼ਾਰ ਕਰਨਾ ਪਵੇਗਾ। ਜ਼ਿਕਰਯੋਗ ਹੈ ਕਿ ਪੰਜਾਬ ਵਿਧਾਨ ਸਭਾ ਵੱਲੋਂ ਉਕਤ ਬਿੱਲ 19 ਅਤੇ 20 ਜੂਨ ਨੂੰ ਪਾਸ ਕੀਤੇ ਗਏ ਸਨ ਤੇ ਇਨ੍ਹਾਂ 'ਤੇ ਸਹੀ ਪਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਰਾਜਪਾਲ ਨੂੰ ਪੱਤਰ ਲਿਖਿਆ ਗਿਆ ਸੀ। ਰਾਜਪਾਲ ਨੇ ਮੋੜਵਾਂ ਪੱਤਰ ਲਿਖਦਿਆਂ ਸੈਸ਼ਨ ਦੇ ਅਸੰਵਿਧਾਨਕ ਅਤੇ ਗੈਰ-ਕਾਨੂੰਨੀ ਹੋਣ ਦੀ ਗੱਲ ਆਖਦਿਆਂ ਬਿੱਲ ਅਟਾਰਨੀ ਜਨਰਲ ਕੋਲ ਭੇਜਣ ਦੀ ਗੱਲ ਆਖੀ ਸੀ।

## ਮੁੱਖ ਮੰਤਰੀ ਦਾ ਰਾਜਪਾਲ ਨੂੰ ਜਵਾਬ

# ਪੈਂਡਿੰਗ ਚਾਰੇ ਬਿੱਲ ਜਲਦ ਪਾਸ ਹੋਣਗੇ, ਥੋੜ੍ਹਾ ਇੰਤਜ਼ਾਰ ਕਰੋ : ਭਗਵੰਤ ਮਾਨ



ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅਧਿਕਾਰੀਆਂ ਨਾਲ ਪੰਜਾਬ ਯੂਨੀਵਰਸਿਟੀ ਦਾ ਦੌਰਾ ਕੀਤਾ ਜਿਸ ਦੌਰਾਨ ਉਹਨਾਂ ਨੇ ਪੰਜਾਬ ਯੂਨੀਵਰਸਿਟੀ ਦੇ ਹੋਸਟਲਾਂ ਦੇ ਨਵੀਨੀਕਰਨ ਦੀ ਗੱਲ ਕੀਤੀ। ਉਹਨਾਂ ਨੇ ਗੱਲਬਾਤ ਦੌਰਾਨ ਕਿਹਾ ਕਿ ਉਹਨਾਂ ਕੋਲੋਂ ਵਿਦਿਆਰਥੀਆਂ ਲਈ ਨਵੇਂ ਹੋਸਟਲਾਂ ਦੀ ਮੰਗ ਕੀਤੀ ਗਈ ਸੀ ਜਿਸ ਮੰਗ ਨੂੰ ਹੁਣ ਬੂਰ ਪੈਣ ਵਾਲਾ ਹੈ। ਮੁੱਖ ਮੰਤਰੀ ਨੇ ਇਸ ਮੰਗ ਦੇ ਮੱਦੇਨਜ਼ਰ ਕੁੜੀਆਂ ਲਈ 5 ਮੰਜ਼ਿਲਾ ਹੋਸਟਲ ਦੇ ਨਵੀਨੀਕਨ ਦੀ ਗੱਲ ਕੀਤੀ ਹੈ ਕਿਉਂਕਿ ਕੁੜੀਆਂ ਲਈ 2 ਮੰਜ਼ਿਲਾ ਹੋਸਟਲ ਪਹਿਲਾਂ ਤੋਂ ਹੀ ਬਣਿਆ ਹੋਇਆ ਹੈ ਤੇ ਹੁਣ ਉਸ ਦੇ ਉੱਪਰ ਹੀ 5 ਮੰਜ਼ਿਲਾ ਹੋਰ ਹੋਸਟਲ ਉਸਾਰਿਆ ਜਾਵੇਗਾ। ਇਸ ਦੇ ਨਾਲ ਹੀ ਉਹਨਾਂ ਨੇ ਲੜਕਿਆਂ ਦੇ ਹੋਸਟਲ ਬਾਰੇ ਕਿਹਾ ਕਿ ਲੜਕਿਆਂ ਲਈ ਵੀ 6 ਮੰਜ਼ਿਲਾਂ ਹੋਸਟਲ ਉਸਾਰਿਆ ਜਾਵੇਗਾ ਤੇ ਇਹਨਾਂ ਹੋਸਟਲਾਂ ਵਿਚ ਸਾਰੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ। ਇਸ ਦੇ ਨਾਲ ਹੀ ਉਹਨਾਂ ਨੇ ਕਿਹਾ ਕਿ ਇਹਨਾਂ ਹੋਸਟਲਾਂ ਲਈ 49 ਕਰੋੜ ਰੁਪਏ ਸਰਕਾਰ ਨੇ ਜਾਰੀ ਕੀਤੇ ਹਨ ਤੇ ਜਦੋਂ ਉਹਨਾਂ ਨੂੰ ਪੰਜਾਬੀ ਯੂਨੀਵਰਸਿਟੀ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਲਈ ਵੀ ਹਰ ਮਹੀਨੇ 30 ਕਰੋੜ ਰੁਪਏ ਜਾਰੀ ਹੁੰਦੇ ਹਨ। ਇਸ ਗੱਲਬਾਤ ਦੌਰਾਨ ਮੁੱਖ ਮੰਤਰੀ ਨੂੰ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਬਾਰੇ ਵੀ ਸਵਾਲ ਕੀਤਾ ਗਿਆ ਜਿਸ ਦੇ ਜਵਾਬ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਰਾਜਪਾਲ ਨੇ ਤਾਂ ਉਹਨਾਂ ਨੂੰ ਸੈਸ਼ਨ ਬੁਲਾਉਣ ਦੀ ਵੀ ਇਜਾਜ਼ਤ ਨਹੀਂ ਦਿੱਤੀ ਸੀ ਜਿਸ ਦੇ ਲਈ ਉਹਨਾਂ ਨੂੰ ਸੁਪਰੀਮ ਕੋਰਟ ਜਾਣਾ ਪਿਆ ਸੀ ਤੇ ਜੇ ਗੱਲ ਪੈਂਡਿੰਗ ਬਿੱਲਾਂ ਦੀ ਕੀਤੀ ਜਾਵੇ ਤਾਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਜਲਦ ਹੀ ਚਾਰੇ ਪੈਂਡਿੰਗ ਬਿੱਲ ਪਾਸ ਕਰਵਾਉਣਗੇ।

# ਸ਼੍ਰੋਮਣੀ ਕਮੇਟੀ ਦੇ ਵੈੱਬ ਚੈਨਲ ਨਾਲ ਕਰੀਬ 1 ਲੱਖ ਤੋਂ ਵੱਧ ਲੋਕ ਜੁੜੇ

## ਲੋਕਾਂ ਨੇ ਚੈਨਲ ਕੀਤਾ ਪਸੰਦ; ਫੇਸਬੁੱਕ ਪੇਜ 'ਤੇ ਜੁੜੇ ਲੋਕਾਂ ਦੀ ਗਿਣਤੀ 4 ਲੱਖ ਦੇ ਨੇੜੇ ਪੁੱਜੀ




ਅੰਮ੍ਰਿਤਸਰ : ਸ੍ਰੀ ਹਰਿਮੰਦਰ ਸਾਹਿਬ ਵਿੱਚ ਹੁੰਦੇ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਸ਼ੁਰੂ ਕੀਤੇ ਗਏ ਆਪਣੇ ਵੈੱਬ ਚੈਨਲ 'ਐੱਸਜੀਪੀਸੀ ਸ੍ਰੀ ਅੰਮ੍ਰਿਤਸਰ' ਨੂੰ ਸੰਗਤ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ ਅਤੇ ਪਹਿਲੇ ਦਿਨ ਹੀ ਯੂਟਿਊਬ ਰਾਹੀਂ ਗੁਰਬਾਣੀ ਦੇ ਪ੍ਰਸਾਰਨ ਨੂੰ ਦੇਖਣ ਵਾਲਿਆਂ ਦੀ ਗਿਣਤੀ ਕਰੀਬ 1 ਲੱਖ ਤੋਂ ਵੱਧ ਹੋ ਗਈ ਹੈ। ਸ੍ਰੀ ਹਰਿਮੰਦਰ ਸਾਹਿਬ ਵਿੱਚ ਹੁੰਦੇ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਨ ਤੜਕੇ ਸਾਢੇ ਤਿੰਨ ਵਜੇ ਤੋਂ 8:30 ਵਜੇ ਤੱਕ, ਦੁਪਹਿਰ ਸਾਢੇ 12 ਵਜੇ ਤੋਂ ਢਾਈ ਵੱਜੇ ਤੱਕ ਅਤੇ ਰਾਤ ਸਾਢੇ ਛੇ ਵਜੇ ਤੋਂ 8:30 ਵਜੇ ਤੱਕ ਕੀਤਾ ਗਿਆ। ਮਿਲੇ ਵੇਰਵਿਆਂ ਮੁਤਾਬਕ ਸਵੇਰ ਵੇਲੇ ਸਿੱਧਾ ਪ੍ਰਸਾਰਣ ਦੇਖਣ ਵਾਲਿਆਂ ਦੀ ਗਿਣਤੀ ਲਗਭਗ 14000 ਸੀ ਅਤੇ ਸ਼ਾਮ ਵੇਲੇ ਇਹ ਗਿਣਤੀ ਵੱਧ ਕੇ 17000 ਹੋ ਗਈ। ਵੈੱਬ ਚੈਨਲ ਦੇ ਸਬਸਕ੍ਰਾਈਬਰਾਂ ਦੀ ਗਿਣਤੀ ਸ਼ਾਮ ਤੱਕ ਵੱਧ ਕੇ 71000 ਹੋ ਗਈ ਸੀ। ਇਸੇ ਤਰ੍ਹਾਂ ਫੇਸਬੁੱਕ ਪੇਜ 'ਤੇ ਜੁੜੇ ਲੋਕਾਂ ਦੀ ਗਿਣਤੀ 4 ਲੱਖ ਦੇ ਨੇੜੇ ਪੁੱਜ ਗਈ ਹੈ। ਇਸ ਪੇਜ ਨਾਲ ਪਹਿਲਾਂ ਹੀ 3 ਲੱਖ ਲੋਕ ਜੁੜੇ ਹੋਏ ਸਨ। ਲੋਕਾਂ ਨੇ ਆਪਣੇ ਪ੍ਰਤੀਕਰਮ ਦਿੰਦਿਆਂ ਚੈਨਲ ਅਤੇ ਇਸ ਦੀ ਕਾਰਗੁਜ਼ਾਰੀ ਨੂੰ ਪਸੰਦ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਦੱਸਿਆ ਕਿ ਵੈੱਬ ਚੈਨਲ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਸੰਗਤਾਂ ਵੱਲੋਂ ਇਸ ਨੂੰ ਪਸੰਦ ਕੀਤਾ ਗਿਆ ਹੈ ਅਤੇ ਸਿੱਖ ਸੰਸਥਾ ਨੂੰ ਵਧਾਈ ਵੀ ਦਿੱਤੀ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਜਲਦੀ ਹੀ ਸਬਸਕਰਾਈਬਰਾਂ ਦੀ ਗਿਣਤੀ ਲੱਖਾਂ ਵਿੱਚ ਹੋਵੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਜਲਦੀ ਹੀ ਆਪਣਾ ਸੈਟੇਲਾਈਟ ਚੈਨਲ ਵੀ ਸ਼ੁਰੂ ਕਰੇਗੀ ਅਤੇ ਇਸ ਸਬੰਧੀ ਪ੍ਰਕਿਰਿਆ ਸ਼ੁਰੂ ਕੀਤੀ ਹੋਈ ਹੈ।

**ਪੰਜ ਚੈਨਲਾਂ ਵੱਲੋਂ ਚੋਰੀਓਂ ਗੁਰਬਾਣੀ ਦੇ ਸਿੱਧੇ ਪ੍ਰਸਾਰਨ ਦਾ ਯਤਨ :** ਸ਼੍ਰੋਮਣੀ ਕਮੇਟੀ ਦੇ ਤਕਨੀਕੀ ਮਾਹਿਰਾਂ ਕੋਲੋਂ ਮਿਲੀ ਜਾਣਕਾਰੀ ਦੇ ਮੁਤਾਬਕ ਸ਼੍ਰੋਮਣੀ ਕਮੇਟੀ ਦੇ ਵੈੱਬ ਚੈਨਲ ਰਾਹੀਂ ਗੁਰਬਾਣੀ ਦੇ ਸਿੱਧੇ ਪ੍ਰਸਾਰਨ ਨੂੰ 5 ਚੈਨਲਾਂ ਵੱਲੋਂ ਚੋਰੀ ਕਰਕੇ ਆਪਣੇ ਚੈਨਲਾਂ ਤੋਂ ਦਿਖਾਉਣ ਦਾ ਯਤਨ ਕੀਤਾ ਗਿਆ ਹੈ ਅਤੇ ਇਨ੍ਹਾਂ ਦੀ ਸ਼ਨਾਖਤ ਕਰ ਲਈ ਗਈ ਹੈ ਤੇ ਇਸ ਸਬੰਧੀ ਯੂਟਿਊਬ ਮੰਚ 'ਤੇ ਉਨ੍ਹਾਂ ਖ਼ਿਲਾਫ਼ ਕਾਰਵਾਈ ਵੀ ਕੀਤੀ ਗਈ ਹੈ। ਇਸ ਮਗਰੋਂ ਚਾਰ ਚੈਨਲ ਤੋਂ ਉਨ੍ਹਾਂ ਦੀ ਇਹ ਪੇਸ਼ਕਾਰੀ ਹਟਾ ਦਿੱਤੀ ਗਈ ਹੈ।

**ਗੁਰਬਾਣੀ ਕੀਰਤਨ ਦਾ ਸੈਟੇਲਾਈਟ ਚੈਨਲ 'ਤੇ ਪ੍ਰਸਾਰਣ ਵੀ ਜਾਰੀ :** ਸ੍ਰੀ ਹਰਿਮੰਦਰ ਸਾਹਿਬ ਵਿੱਚ ਹੁੰਦੇ ਗੁਰਬਾਣੀ ਦੇ ਕੀਰਤਨ ਦਾ ਸੈਟੇਲਾਈਟ ਚੈਨਲ 'ਤੇ ਪ੍ਰਸਾਰਣ ਵੀ ਜਾਰੀ ਰਿਹਾ ਹੈ। ਇੱਥੇ ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਅਤੇ ਪੀਟੀਸੀ ਵਿਚਾਲੇ ਸਿੱਧੇ ਪ੍ਰਸਾਰਨ ਨੂੰ ਦਿਖਾਉਣ ਦਾ ਸਮਝੌਤਾ 23 ਜੁਲਾਈ ਤੱਕ ਸੀ ਪਰ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਗਈ ਅਪੀਲ 'ਤੇ ਇਸ ਨਿੱਜੀ ਚੈਨਲ ਨੇ ਫਿਲਹਾਲ ਸਿੱਧਾ ਪ੍ਰਸਾਰਨ ਜਾਰੀ ਰੱਖਿਆ ਹੈ।

# ਸਰਕਾਰ ਪਹਿਲਾਂ 218 ਕਰੋੜ ਰੁਪਏ ਲੋਕਾਂ ਨੂੰ ਵੰਡੇ: ਜਾਖੜ



ਸੰਗਰੂਰ : ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਿਹਾ ਕਿ ਪਹਿਲਾਂ 218 ਕਰੋੜ ਰੁਪਏ ਤਾਂ ਲੋਕਾਂ 'ਚ ਵੰਡ ਦਿਓ, ਗਿਰਦਾਵਰੀਆਂ ਬਾਅਦ ਵਿਚ ਹੁੰਦੀਆਂ ਰਹਿਣਗੀਆਂ। ਉਨ੍ਹਾਂ ਕਿਹਾ ਕਿ ਹੜ੍ਹਾਂ ਦਾ ਪਾਣੀ ਤਾਂ ਛੇ ਮਹੀਨੇ ਨਹੀਂ ਸੁੱਕਣਾ, ਉਹ ਗਿਰਦਾਵਰੀਆਂ ਕਦੋਂ ਕਰਾਉਣਗੇ। ਜਾਖੜ ਅੱਜ ਘੱਗਰ ਦੀ ਮਾਰ ਹੇਠ ਆਏ ਮੂਨਕ ਤੇ ਖਨੌਰੀ ਦੇ ਹੜ੍ਹ ਪ੍ਰਭਾਵਿਤ ਇਲਾਕੇ 'ਚ ਹਾਲਾਤ ਦਾ ਜਾਇਜ਼ਾ ਲੈਣ ਮਗਰੋਂ ਇੱਥੇ ਪੱਤਰਕਾਰਾਂ ਨੂੰ ਸੰਬੋਧਨ ਕਰ ਰਹੇ ਸਨ। ਜਾਖੜ ਨੇ ਕਿਹਾ ਕਿ ਮੁੱਖ ਮੰਤਰੀ ਦੇ ਆਪਣੇ ਜ਼ਿਲ੍ਹੇ ਦੇ ਪਿੰਡਾਂ 'ਚ ਅਜੇ ਵੀ ਗੋਡੇ-ਗੋਡੇ ਪਾਣੀ ਖੜ੍ਹਾ ਹੈ ਅਤੇ ਕਰੀਬ 47 ਹਜ਼ਾਰ ਏਕੜ ਰਕਬਾ ਪਾਣੀ ਦੀ ਲਪੇਟ ਵਿਚ ਹੈ। ਇਹੋ ਜਿਹੇ ਹਾਲਾਤ ਵਿੱਚ ਮੱਕੀ, ਮੂੰਗੀ ਅਤੇ ਹੋਰ ਫਸਲਾਂ ਦੀ ਗੱਲ ਛੱਡੋ, ਕਣਕ ਦੀ ਬਿਜਾਈ ਵੀ ਨਹੀਂ ਹੋਣੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਾਵੇਂ ਵੱਖ ਵੱਖ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਜਾ ਰਹੇ ਹਨ ਪਰ ਉਨ੍ਹਾਂ ਆਪਣਾ ਜ਼ਿਲ੍ਹਾ ਵਿਸਾਰ ਦਿੱਤਾ ਹੈ। ਜਾਖੜ ਨੇ ਕਿਹਾ ਕਿ ਉਹ ਮੁੱਖ ਮੰਤਰੀ ਤੋਂ 218 ਕਰੋੜ ਰੁਪਏ ਦਾ ਹਿਸਾਬ ਨਹੀਂ ਮੰਗਦੇ, ਇਹ ਹਿਸਾਬ ਤਾਂ ਲੋਕ ਖੁਦ ਲੈ ਲੈਣਗੇ ਪਰ ਉਹ ਸਰਕਾਰ ਦੀ ਕਾਰਗੁਜ਼ਾਰੀ ਦਾ ਹਿਸਾਬ ਮੰਗਦੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਹੜ੍ਹਾਂ ਤੋਂ ਬਚਾਅ ਲਈ ਪੁਖਤਾ ਪ੍ਰਬੰਧ ਕਰਨ 'ਚ ਸਰਕਾਰ ਨੇ ਅਣਗਹਿਲੀ ਵਰਤੀ ਹੈ।

ਮੀਡੀਆ ਵੱਲੋਂ ਪੁੱਛੇ ਸਵਾਲਾਂ ਦਾ ਜਵਾਬ ਦਿੰਦਿਆਂ ਜਾਖੜ ਨੇ ਕਿਹਾ ਕਿ ਮਨੀਪੁਰ ਦੀ ਘਟਨਾ 'ਤੇ ਭਾਜਪਾ ਚੁੱਪ ਨਹੀਂ ਹੈ। ਉਹ ਮਨੀਪੁਰ 'ਚ ਵਾਪਰੀ ਸ਼ਰਮਨਾਕ ਘਟਨਾ ਦੀ ਨਿਖੇਧੀ ਕਰਦੇ ਹਨ। ਉਨ੍ਹਾਂ ਕਿਹਾ ਕਿ ਚੰਡੀਗੜ੍ਹ 'ਚ ਹਰਿਆਣਾ ਨੂੰ ਕੋਈ ਜਗਾਹ ਨਹੀਂ ਦੇਣ ਦਿਆਂਗੇ। ਚੰਡੀਗੜ੍ਹ ਪੰਜਾਬ ਦਾ ਹੈ, ਕਿਸੇ ਨੂੰ ਚਿੰਤਾ ਕਰਨ ਦੀ ਲੋੜ ਨਹੀਂ।

# ਪਾਕਿਸਤਾਨ: ਇਕ ਹੋਰ ਗੁਰਦੁਆਰਾ ਸਾਹਿਬ ਖੰਡਰ ਬਣਨ ਦੀ ਕਗਾਰ 'ਤੇ, ਹੋਇਆ ਢਹਿ-ਢੇਰੀ

ਇਸਲਾਮਾਬਾਦ : ਪੰਜਾਬ ਦੇ ਕਸੂਰ ਜ਼ਿਲ੍ਹੇ ਦੇ ਲਲਿਆਣੀ ਕਸਬੇ (ਲਾਹੌਰ-ਫਿਰੋਜ਼ਪੁਰ ਰੋਡ) ਦੇ ਦਫਤੂ ਪਿੰਡ 'ਚ ਸਥਿਤ ਗੁਰਦੁਆਰਾ ਸਾਹਿਬ ਪਾਕਿਸਤਾਨ ਦੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ (ETPB) ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (PSGPC), ਪਾਕਿਸਤਾਨ ਦੀ ਸਰਵਉੱਚ ਸੰਸਥਾ ਦੀ ਅਣਗਹਿਲੀ ਕਾਰਨ ਹੌਲੀ-ਹੌਲੀ ਢਹਿ ਰਿਹਾ ਹੈ। ਗੁਰਦੁਆਰਾ ਕੰਪਲੈਕਸ ਦੀ ਅਗਲੀ ਕੰਧ ਅਤੇ ਇਸ ਦੀ ਦਰਸ਼ਨੀ ਡਿਓਢੀ, ਜੋ ਕਿ ਪਹਿਲਾਂ ਹੀ ਸਰਕਾਰੀ ਅਣਗਹਿਲੀ ਕਾਰਨ ਕਮਜ਼ੋਰ ਸੀ, 23 ਜੁਲਾਈ ਨੂੰ ਇਲਾਕੇ ਵਿੱਚ ਭਾਰੀ ਮੀਂਹ ਕਾਰਨ ਢਹਿ ਗਈ ਸੀ।



ਇਸ ਇਤਿਹਾਸਕ ਗੁਰਦੁਆਰੇ ਦੀ ਸਿੱਖ ਇਤਿਹਾਸ ਵਿਚ ਕਾਫ਼ੀ ਮਹੱਤਤਾ ਹੈ ਕਿਉਂਕਿ ਬਾਬਾ ਬੁੱਲ੍ਹੇ ਸ਼ਾਹ ਨੇ ਪੰਡੋਕੀ ਦੇ ਹਾਕਮ ਚੌਧਰੀਆਂ ਨੇ ਪਿੰਡ 'ਚੋਂ ਕੱਢਣ ਤੋਂ ਬਾਅਦ ਇੱਥੇ ਸ਼ਰਨ ਲਈ ਸੀ ਤੇ ਹੁਣ ਖ਼ਬਰ ਸਾਹਮਣੇ ਆਈ ਹੈ ਕਿ ਪਾਕਿਸਤਾਨ ਦੇ ਪੰਜਾਬ ਸੂਬੇ ਦੇ ਸਾਹੀਵਾਲ ਜ਼ਿਲ੍ਹੇ ਦੇ ਪਾਕਪਟਨ ਇਲਾਕੇ ਵਿਚ ਸਥਿਤ ਗੁਰਦੁਆਰਾ ਸ੍ਰੀ ਟਿੱਬਾ ਨਾਨਕਸਰ ਸਾਹਿਬ ਪਾਕਿਸਤਾਨ ਸਰਕਾਰ ਦੀ ਅਣਗਹਿਲੀ ਕਾਰਨ ਖੰਡਰ ਬਣਨ ਦੀ ਕਗਾਰ 'ਤੇ ਹੈ। ਪਾਕਪਟਨ ਤੋਂ ਲਗਭਗ 6 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਹ ਪਵਿੱਤਰ ਗੁਰਦੁਆਰਾ ਪਹਿਲੇ ਸਿੱਖ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਹੈ।

# Valley Real Estate Center



1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ 'ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।



ਹੋਰ ਜਾਣਕਾਰੀ ਲਈ ਸੰਪਰਕ ਕਰੋ

Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਐਨ. ਡੀ. ਏ. ਲਈ 38 ਪਾਰਟੀਆਂ ਕਾਫੀ ਨਹੀਂ... ਯੇ ਦਿਲ ਮਾਂਗੇ ਮੋਰ



ਨਵੀਂ ਦਿੱਲੀ : ਅਜਿਹਾ ਲਗਦਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਧ ਤੋਂ ਵੱਧ ਹੋਰ ਪਾਰਟੀਆਂ ਨੂੰ ਐੱਨ. ਡੀ. ਏ. ਵਿੱਚ ਸ਼ਾਮਲ ਕਰਨ ਲਈ ਉਤਸੁਕ ਹਨ ਕਿਉਂਕਿ ਉਹ ਵੱਡੀਆਂ ਜਾਂ ਛੋਟੀਆਂ, ਮਾਨਤਾ ਪ੍ਰਾਪਤ ਜਾਂ ਗੈਰ ਮਾਨਤਾ ਪ੍ਰਾਪਤ 38 ਪਾਰਟੀਆਂ ਨੂੰ ਇਕੱਠਾ ਕਰਨ 'ਤੇ ਅਜੇ ਸੰਤੁਸ਼ਟ ਨਹੀਂ ਹਨ। ਜੇ ਭਾਜਪਾ ਹੈੱਡਕੁਆਰਟਰ ਤੋਂ ਆ ਰਹੀਆਂ ਖਬਰਾਂ ਨੂੰ ਸੰਕੇਤ ਮੰਨਿਆ ਜਾਏ ਤਾਂ 5 ਹੋਰ ਪਾਰਟੀਆਂ ਐੱਨ. ਡੀ. ਏ. ਵਿੱਚ ਸ਼ਾਮਲ ਹੋਣਗੀਆਂ। ਉਨ੍ਹਾਂ ਨੂੰ ਲਿਆਉਣ ਲਈ ਗੱਲਬਾਤ ਜਾਰੀ ਹੈ।

ਸਾਬਕਾ ਪ੍ਰਧਾਨ ਮੰਤਰੀ ਐੱਚ. ਡੀ. ਦੇਵਗੌੜਾ ਦੀ ਅਗਵਾਈ ਵਾਲੀ ਜਨਤਾ ਦਲ (ਐੱਸ) ਪਹਿਲਾਂ ਹੀ ਕਹਿ ਚੁੱਕੀ ਹੈ ਕਿ ਜੇ ਕਾਂਗਰਸ ਪਾਰਟੀ ਉਸ ਨਾਲ ਗੱਠਜੋੜ ਕਰਨ ਤੋਂ ਇਨਕਾਰ ਕਰਦੀ ਹੈ ਤਾਂ ਉਹ ਐੱਨ. ਡੀ. ਏ. ਵਿੱਚ ਸ਼ਾਮਲ ਹੋਵੇਗੀ। ਭਾਜਪਾ ਵਿਕਾਸਸ਼ੀਲ ਇੰਸਾਨ ਪਾਰਟੀ (ਵੀ. ਆਈ. ਪੀ.) ਦੇ ਪ੍ਰਧਾਨ ਮੁਕੇਸ਼ ਸਾਹਨੀ ਨੂੰ ਐਨ. ਡੀ. ਏ. ਵਿੱਚ ਮੁੜ ਸ਼ਾਮਲ ਹੋਣ ਲਈ ਮਨਾ ਰਹੀ ਹੈ, ਜਦਕਿ ਭਾਜਪਾ ਨੇ ਬਿਹਾਰ ਵਿਧਾਨ ਸਭਾ 'ਚ ਉਸ ਦੇ 4 'ਚੋਂ 3 ਵਿਧਾਇਕਾਂ ਨੂੰ ਪਹਿਲਾਂ ਹੀ ਖੋਹ ਲਿਆ ਹੈ। ਮੁਕੇਸ਼ ਸਾਹਨੀ ਵੀ ਐਨ. ਡੀ. ਏ. 'ਚ ਵਾਪਸੀ ਦੇ ਇਛੁਕ ਦਿਸ ਰਹੇ ਹਨ। ਬਿਨਾਂ ਕਿਸੇ ਵਿਧਾਇਕ ਜਾਂ ਸੰਸਦ ਮੈਂਬਰ ਦੇ ਕੇਸ਼ਵ ਦੇਵ ਮੌਰਿਆ ਦੀ ਅਗਵਾਈ ਵਾਲੇ 'ਮਹਾਨ ਦਲ' ਨੂੰ ਵੀ ਕੁਝ ਐੱਸ. ਸੀ./ਓ. ਬੀ. ਸੀ. ਵੋਟਾਂ ਆਪਣੀ ਜੇਬ ਵਿੱਚ ਪਾਉਣ ਲਈ ਐਨ. ਡੀ. ਏ 'ਚ ਸ਼ਾਮਲ ਕੀਤਾ ਜਾ ਰਿਹਾ ਹੈ।

ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਭਾਜਪਾ ਲੀਡਰਸ਼ਿਪ ਨੇ ਹਰਿਆਣਾ ਜਨਹਿੱਤ ਪਾਰਟੀ ਦੇ ਆਗੂ ਗੋਪਾਲ ਕਾਂਡਾ ਨੂੰ ਸੱਦਾ ਦਿੱਤਾ ਹੈ ਜੋ ਵਿਧਾਨ ਸਭਾ ਵਿੱਚ ਵਿਧਾਇਕ ਹਨ। ਉਹ ਇੱਕ ਏਅਰ ਹੋਸਟੈੱਸ ਨੂੰ ਖੁਦਕੁਸ਼ੀ ਲਈ ਉਕਸਾਉਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ।

ਕਾਂਡਾ ਖੁਦ ਐੱਨ. ਡੀ. ਏ. ਦੀ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਏ ਪਰ ਉਨ੍ਹਾਂ ਆਪਣਾ ਪ੍ਰਤੀਨਿਧੀ ਭੇਜਿਆ ਸੀ। ਉਨ੍ਹਾਂ ਦੀ ਪਾਰਟੀ ਦਾ ਨਾਂ 38 ਪਾਰਟੀਆਂ ਦੀ ਸੂਚੀ ਵਿੱਚ ਨਹੀਂ ਸੀ ਪਰ ਦੱਸਿਆ ਗਿਆ ਹੈ ਕਿ ਉਹ ਐਨ. ਡੀ. ਏ. ਦਾ ਹਿੱਸਾ ਹਨ। ਪੰਜਾਬ, ਆਂਧਰਾ, ਤੇਲੰਗਾਨਾ ਅਤੇ ਹੋਰ ਸੂਬਿਆਂ ਤੋਂ ਵੀ ਵਧੇਰੇ ਪਾਰਟੀਆਂ ਨੂੰ ਐਨ. ਡੀ. ਏ. 'ਚ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਕਾਸ਼ ਜੇ ਕੋਈ ਰੱਬ ਹੁੰਦਾ

**ਕੁਲਦੀਪ ਸਿੰਘ ਸਾਹਿਲ**




ਬੇਸ਼ੱਕ ਭਾਰਤ ਰੱਬਾ ਦਾ ਦੇਸ਼ ਹੈ ਪਰ ਅੱਜ ਤੱਕ ਕਦੇ ਵੀ ਰੱਬ ਨੇ ਦੇਸ਼ ਦੀਆਂ ਬੇਗੁਨਾਹ, ਲਾਚਾਰ, ਮਸੂਮ, ਬੇਗੁਨਾਹ ਧੀਆਂ ਦੀ ਹਿਫ਼ਾਜ਼ਤ ਨਹੀਂ ਕੀਤੀ ਦੇਸ਼ ਦੀਆਂ ਹਜ਼ਾਰਾਂ ਹੀ ਧੀਆਂ ਬਹੁਤ ਵਾਰੀ ਰੱਬ ਨੂੰ ਗੁਹਾਰ ਲਾਉਂਦੀਆਂ ਲਾਉਂਦੀਆਂ ਬੇਰਹਿਮ ਅਤਿਆਚਾਰ ਦੀ ਬਲੀ ਚੜ੍ਹ ਚੁੱਕੀਆਂ ਹਨ ਰੱਬ ਨੂੰ ਮੰਨਣ ਵਾਲੇ ਇਨਸਾਨ ਵੀ ਇਹੋ ਜਿਹੀਆਂ ਘਿਣਾਉਣੀਆਂ ਹਰਕਤਾਂ ਕਰਨ ਲੱਗੇ ਬੋਲੇ ਅਤੇ ਅੰਨੇ ਹੋ ਜਾਂਦੇ ਹਨ। ਅਜੇ ਕੱਲ੍ਹ ਹੀ ਮਨੀਪੁਰ ਵਿੱਚ ਦੋ ਗਰੀਬ ਔਰਤਾਂ ਵਿੱਚੋਂ ਇੱਕ 21 ਸਾਲਾ ਕੁੜੀ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ ਅਤੇ ਉਨ੍ਹਾਂ ਨੂੰ ਨਿਰਵਸਤਰ ਕਰਕੇ ਸੜਕਾਂ ਤੇ ਦੌੜਾਇਆ ਗਿਆ। ਇਨ੍ਹਾਂ ਮਹਿਲਾਵਾਂ ਵਿੱਚੋਂ ਇੱਕ ਨੇ ਆਪਣੀ ਹੱਡਬੀਤੀ ਦੱਸਦਿਆਂ ਕਿਹਾ, "ਅਸੀਂ ਸੁਣਿਆ ਕਿ ਨੇੜਲੇ ਪਿੰਡ ਵਿੱਚ ਮੈਤਈ ਲੋਕਾਂ ਦੇ ਘਰਾਂ ਨੂੰ ਸਾੜਿਆ ਜਾ ਰਿਹਾ ਹੈ। ਇਹ ਸੁਣ ਕੇ ਅਸੀਂ ਭੱਜ ਗਏ। ਫਿਰ ਭੀੜ ਨੇ ਸਾਨੂੰ ਫੜ੍ਹ ਲਿਆ।" ਭੀੜ ਨੇ ਸਾਡੇ ਨਾਲ ਤਸ਼ੱਦਦ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਅਸੀਂ ਇਨਕਾਰ ਕੀਤਾ ਤਾਂ ਭੀੜ ਨੇ ਕਿਹਾ ਕਿ ਆਪਣੇ ਕੱਪੜੇ ਉਤਾਰੋ, ਨਹੀਂ ਤਾਂ ਤੁਹਾਨੂੰ ਮਾਰ ਦੇਵਾਂਗੇ। ਇਸ 40 ਸਾਲਾ ਔਰਤ ਨੇ ਕਿਹਾ, ਆਪਣੀ ਜਾਨ ਬਚਾਉਣ ਲਈ ਅਸੀਂ ਆਪਣੇ ਸਾਰੇ ਕੱਪੜੇ ਉਤਾਰ ਦਿੱਤੇ। ਇਸ ਦੌਰਾਨ ਮਰਦ ਸਾਡੇ ਥੱਪੜ ਮਾਰਦੇ ਰਹੇ। ਉਸਨੇ ਨੇ ਕਿਹਾ ਕਿ ਉਹ ਮੈਨੂੰ ਨੇੜਲੇ ਖੇਤ ਵਿੱਚ ਲੈ ਗਏ। ਪਰ ਮੈਂ ਖੁਸ਼ਕਿਸਮਤ ਸੀ ਕਿ ਮੇਰੇ ਨਾਲ ਬਲਾਤਕਾਰ ਨਹੀਂ ਹੋਇਆ ਪਰ ਦੂਜੀ 21 ਸਾਲਾਂ ਕੁੜੀ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ। ਆਧੁਨਿਕ ਹਥਿਆਰਾਂ ਨਾਲ ਲੈਸ ਹੋ ਕੇ 800 ਤੋਂ 1000 ਲੋਕਾਂ ਨੇ ਥੌਬਲ ਜ਼ਿਲ੍ਹੇ 'ਚ ਸਥਿਤ ਉਨ੍ਹਾਂ ਦੇ ਪਿੰਡ 'ਤੇ ਹਮਲਾ ਕੀਤਾ ਸੀ। ਇਨ੍ਹਾਂ ਲੋਕਾਂ ਨੇ ਪਿੰਡ ਨੂੰ ਲੁੱਟਣ ਦੇ ਨਾਲ-ਨਾਲ ਅੱਗ ਲਗਾਉਣੀ ਵੀ ਸ਼ੁਰੂ ਕਰ ਦਿੱਤੀ ਸੀ। ਅਜਿਹੇ 'ਚ ਦੋ ਔਰਤਾਂ ਅਤੇ ਇੱਕ ਨੌਜਵਾਨ ਮਹਿਲਾ ਆਪਣੇ ਪਿਤਾ ਅਤੇ ਭਰਾ ਦੇ ਨਾਲ ਜੰਗਲਾਂ ਵੱਲ ਭੱਜੇ ਜਿਥੇ ਇੱਕ ਵਾਰੀ ਪੁਲਿਸ ਇਨ੍ਹਾਂ ਔਰਤਾਂ ਨੂੰ ਬਚਾਉਣ ਵਿੱਚ ਵੀ ਕਾਮਯਾਬ ਵੀ ਹੋਈ। ਜਦੋਂ ਪੁਲਿਸ ਇਨ੍ਹਾਂ ਲੋਕਾਂ ਨੂੰ ਥਾਣੇ ਲੈ ਕੇ ਜਾ ਰਹੀ ਸੀ ਪਰ ਥਾਣੇ ਤੋਂ ਦੋ ਕਿਲੋਮੀਟਰ ਪਹਿਲਾਂ ਹੀ ਭੀੜ ਨੇ ਇਨ੍ਹਾਂ ਨੂੰ ਰੋਕ ਲਿਆ। ਇਸ ਤੋਂ ਬਾਅਦ ਪ੍ਰਦਰਸ਼ਨਕਾਰੀਆਂ ਨੇ ਇਨ੍ਹਾਂ ਔਰਤਾਂ ਨੂੰ ਪੁਲਿਸ ਤੋਂ ਖੋਹ ਲਿਆ, ਜਿਸ ਤੋਂ ਬਾਅਦ ਨੌਜਵਾਨ ਮਹਿਲਾ ਦੇ ਪਿਤਾ ਨੂੰ ਮੌਕੇ 'ਤੇ ਹੀ ਮਾਰ ਦਿੱਤਾ ਗਿਆ। ਤਿੰਨਾਂ ਮਹਿਲਾਵਾਂ ਨੂੰ ਭੀੜ ਦੇ ਸਾਹਮਣੇ ਨਗਨ ਹੋ ਕੇ ਚੱਲਣ ਲਈ ਮਜਬੂਰ ਕੀਤਾ ਗਿਆ ਅਤੇ ਨੌਜਵਾਨ ਮਹਿਲਾ ਨਾਲ ਜਨਤਕ ਤੌਰ 'ਤੇ ਸਮੂਹਿਕ ਬਲਾਤਕਾਰ ਵੀ ਕੀਤਾ ਗਿਆ ਜਦੋਂ ਇਸ ਨੌਜਵਾਨ ਮਹਿਲਾ ਦੇ 19 ਸਾਲਾ ਭਰਾ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਵੀ ਮਾਰ ਦਿੱਤਾ ਗਿਆ। ਜਿਥੇ ਇਸ ਘਟਨਾ ਨਾਲ ਦੇਸ਼ ਸ਼ਰਮਸਾਰ ਹੋਇਆ ਹੈ ਉਥੇ ਹੀ ਸਾਡੇ ਦੇਸ਼ ਦੇ ਸਿਸਟਮ ਅਤੇ ਲੋਕਤੰਤਰ ਤੇ ਵੀ ਸਵਾਲੀਆ ਨਿਸ਼ਾਨ ਲੱਗ ਗਏ ਹਨ। ਦੇਸ਼ ਦੇ ਨੇਤਾਵਾਂ ਵਿੱਚ ਬਿਆਨ ਦੇਣ ਦੀ ਹੋੜ ਲੱਗੀ ਹੋਈ ਹੈ ਪਰ ਸਵਾਲ ਉਥੇ ਹੀ ਖੜ੍ਹੇ ਹਨ ਕਿ ਇਹੋ ਜਿਹੇ ਹਾਲਾਤਾ ਨੂੰ ਨਜਿਠਣ ਲਈ ਸਾਡੇ ਦੇਸ਼ ਦਾ ਤੰਤਰ ਫੇਲ ਕਿਓਂ ਹੈ?

# 1984 ਸਿੱਖ ਨਸਲਕੁਸ਼ੀ ਮਾਮਲੇ ਦੀ ਸੁਣਵਾਈ 11 ਅਗਸਤ ਤਕ ਟਲੀ

## *ਰਾਉਜ਼ ਐਵੇਨਿਊ ਕੋਰਟ ਨੇ ਕਿਹਾ- ਫ਼ੈਸਲਾ ਲਿਖਣ ਲਈ ਅਜੇ ਲੱਗੇਗਾ 15 ਤੋਂ 20 ਦਿਨਾਂ ਦਾ ਸਮਾਂ*




ਨਵੀਂ ਦਿੱਲੀ : ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਵਿਚ 1984 ਸਿੱਖ ਕਤਲੇਆਮ ਮਾਮਲੇ ਦੀ ਸੁਣਵਾਈ ਟਲ ਗਈ ਹੈ। ਅਦਾਲਤ ਨੇ ਕਿਹਾ ਕਿ ਇਸ ਮਾਮਲੇ ਸਬੰਧੀ ਫ਼ੈਸਲਾ ਲਿਖਣ ਨੂੰ ਅਜੇ ਹੋਰ 15 ਤੋਂ 20 ਦਿਨਾਂ ਦਾ ਸਮਾਂ ਲੱਗੇਗਾ। ਇਸ ਦੇ ਚਲਦੇ ਹੁਣ ਇਸ ਮਾਮਲੇ ਦੀ ਸੁਣਵਾਈ 11 ਅਗਸਤ ਨੂੰ ਹੋਵੇਗੀ। ਇਸ ਮਾਮਲੇ ਵਿਚ ਕਾਂਗਰਸੀ ਨੇਤਾ ਸੱਜਣ ਕੁਮਾਰ 'ਤੇ ਕਤਲੇਆਮ ਭੜਕਾਉਣ ਦਾ ਦੋਸ਼ ਹੈ। ਜਾਣਕਾਰੀ ਅਨੁਸਾਰ ਸੱਜਣ ਕੁਮਾਰ ਨੂੰ ਅਜੇ ਵੀਡੀਓਕਾਨਫਰੰਸਿੰਗ ਜ਼ਰੀਏ ਅਦਾਲਤ ਵਿਚ ਪੇਸ਼ ਕੀਤਾ ਗਿਆ।

ਦੱਸ ਦੇਈਏ ਕਿ 1984 ਦੌਰਾਨ ਸੁਲਤਾਨਪੁਰੀ ਇਲਾਕੇ 'ਚ ਹੋਏ ਕਤਲੇਆਮ ਦੌਰਾਨ ਛੇ ਲੋਕਾਂ ਦੀ ਹੱਤਿਆ ਕੀਤੀ ਗਈ ਸੀ। ਪਹਿਲਾਂ ਇਸ ਕੇਸ ਦੀ ਸੁਣਵਾਈ ਪਟਿਆਲਾ ਹਾਊਸ ਅਦਾਲਤ ਵਿਚ ਚੱਲ ਰਹੀ ਸੀ। ਬਾਅਦ ਵਿਚ ਇਸ ਕੇਸ ਨੂੰ ਰਾਊਜ ਐਵੇਨਿਊ ਕੋਰਟ ਵਿਚ ਟ ?ਰਾਂਸਫਰ ਕੀਤਾ ਗਿਆ।

ਇਸ ਕੇਸ ਨੂੰ ਦਰਜ ਕਰਨ ਦਾ ਹੁਕਮ ਸਿੱਖ ਕਤਲੇਆਮ ਦੀ ਜਾਂਚ ਲਈ ਬਣਾਏ ਗਏ ਨਾਨਾਵਤੀ ਕਮਿਸ਼ਨ ਵਲੋਂ ਦਿਤਾ ਗਿਆ ਸੀ। 16 ਨਵੰਬਰ 2018 ਇਸ ਕੇਸ ਦੀ ਮੁੱਖ ਗਵਾਹ ਚਾਮ ਕੌਰ ਨੇ ਪਟਿਆਲਾ ਹਾਊਸ ਅਦਾਲਤ ਵਿਚ ਗਵਹੀ ਦੌਰਾਨ ਹਾਜ਼ਰ ਸੱਜਣ ਕੁਮਾਰ ਦੀ ਪਛਾਣ ਕੀਤੀ ਸੀ। ਇਸ ਤੋਂ ਪਹਿਲਾਂ 20 ਸਤੰਬਰ 2018 ਨੂੰ ਚਾਮ ਕੌਰ ਨੇ ਦੋਸ਼ ਲਗਾਇਆ ਸੀ ਕਿ ਉਨ੍ਹਾਂ ਨੂੰ ਅਦਾਲਤ ਵਿਚ ਗਵਹੀ ਦੇਣ ਤੋਂ ਰੋਕਿਆ ਜਾ ਰਿਹਾ ਹੈ। ਚਾਮ ਕੌਰ ਨੇ ਕਿਹਾ ਕਿ 19 ਸਤੰਬਰ ਦੀ ਰਾਤ ਦਿੱਲੀ ਦੇ ਸੁਲਤਾਨਪੁਰ ਮਾਜਰਾ ਦੇ ਸਾਬਕਾ ਕਾਂਗਰਸ ਵਿਧਾਇਕ ਜੈ ਕਿਸ਼ਨ ਦੇ ਲੋਕਾਂ ਨੇ ਉਨ੍ਹਾਂ ਦੇ ਘਰ ਆ ਕੇ ਧਮਕੀ ਦਿਤੀ ਅਤੇ ਉਨ੍ਹਾਂ ਨੂੰ ਪੈਸੇ ਦਾ ਵੀ ਲਾਲਚ ਦਿਤਾ ਗਿਆ।

ਜ਼ਿਕਰਯੋਗ ਹੈ ਕਿ ਇਕ ਹੋਰ ਸਿੱਖ ਕਤਲੇਆਮ ਮਾਮਲੇ ਵਿਚ ਇਸ ਸਾਲ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਸੱਜਣ ਕੁਮਾਰ ਦਿੱਲੀ ਦੀ ਮੰਡੋਲੀ ਜੇਲ ਵਿਚ ਬੰਦ ਹੈ। ਸੱਜਣ ਕੁਮਾਰ ਨੇ 31 ਦਸੰਬਰ 2018 ਨੂੰ ਦਿੱਲੀ ਦੀ ਕੜਕੜੂਮਾ ਅਦਾਲਤ ਵਿਚ ਸਰੰਡਰ ਕੀਤਾ ਸੀ।

# ਇਹ ਹੈ ! ਭਾਰਤ ਦੇਸ਼ ਸਾਡਾ, ਕਿਹੋ ਜਿਹਾ ਪਾਪ ਕਰ ਰਹੇ ਹਨ ਚੰਦ ਲੋਕ

ਕਦੀ ਆਪਣੇ ਉੱਚ ਆਦਰਸ਼ਾਂ ਲਈ ਪ੍ਰਸਿੱਧ ਭਾਰਤ 'ਚ ਅੱਜ ਕੁਝ ਲੋਕ ਆਪਣੀਆਂ ਸ਼ਰਮਨਾਕ ਕਰਤੂਤਾਂ ਨਾਲ ਮਨੁੱਖਤਾ ਨੂੰ ਸ਼ਰਮਿੰਦਾ ਕਰ ਰਹੇ ਹਨ ਜਿਸ ਦੀਆਂ ਸਿਰਫ ਪਿਛਲੇ 12 ਦਿਨਾਂ ਦੀਆਂ ਉਦਾਹਰਣਾਂ ਹੇਠਾਂ ਦਿੱਤੀਆਂ ਜਾ ਰਹੀਆਂ ਹਨ :

- 19 ਜੁਲਾਈ ਨੂੰ 'ਪ੍ਰਕਾਸ਼ਮ' (ਆਂਧਰਾ ਪ੍ਰਦੇਸ਼) ਜ਼ਿਲੇ ਦੇ 'ਓਂਗੋਲ' 'ਚ ਇਕ ਆਦਿਵਾਸੀ ਨੌਜਵਾਨ ਨਾਲ ਹੋਏ ਝਗੜੇ ਦੌਰਾਨ ਉਸ 'ਤੇ ਪੇਸ਼ਾਬ ਕਰਨ ਦੇ ਦੋਸ਼ 'ਚ 6 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ।
- 18 ਜੁਲਾਈ ਨੂੰ ਨਵੀਂ ਦਿੱਲੀ 'ਚ ਇਕ ਨੌਜਵਾਨ ਨੇ ਘਰੇਲੂ ਝਗੜੇ ਕਾਰਨ ਆਪਣੀ ਪਤਨੀ, ਸੱਸ ਅਤੇ ਚਚੇਰੇ ਸਹੁਰੇ 'ਤੇ ਚਾਕੂ ਨਾਲ ਹਮਲਾ ਕਰ ਕੇ ਉਨ੍ਹਾਂ ਨੂੰ ਗੰਭੀਰ ਤੌਰ 'ਤੇ ਜ਼ਖਮੀ ਕਰ ਦਿੱਤਾ।
- 18 ਜੁਲਾਈ ਨੂੰ ਹੀ ਉੱਜੈਨ (ਮੱਧ ਪ੍ਰਦੇਸ਼) 'ਚ ਬਾਬਾ ਮਹਾਕਾਲ ਦੀ ਸਵਾਰੀ ਦੇ ਜਲੂਸ 'ਚ ਸ਼ਾਮਲ ਸ਼ਰਧਾਲੂਆਂ 'ਤੇ ਥੁੱਕਣ ਦੇ ਦੋਸ਼ 'ਚ 3 ਲੋਕ ਫੜੇ ਗਏ। ਇਨ੍ਹਾਂ 'ਚੋਂ ਇਕ ਗ੍ਰਿਫਤਾਰ ਬਾਲਗ ਦੋਸ਼ੀ ਦੇ ਮਕਾਨ 'ਤੇ ਬੁਲਡੋਜ਼ਰ ਚਲਾ ਦਿੱਤਾ ਗਿਆ, ਜਦਕਿ 2 ਨਾਬਾਲਗਾਂ ਨੂੰ ਸੁਧਾਰ ਘਰ ਭੇਜਿਆ ਗਿਆ ਹੈ।
- 18 ਜੁਲਾਈ ਨੂੰ ਹੀ ਮਥੁਰਾ (ਉੱਤਰ ਪ੍ਰਦੇਸ਼) ਜ਼ਿਲੇ ਦੀ ਇਕ ਵਿਸ਼ੇਸ਼ ਅਦਾਲਤ ਨੇ 10 ਸਾਲਾ ਧੀ ਨਾਲ ਜਬਰ-ਜ਼ਨਾਹ ਕਰਨ ਦੇ ਦੋਸ਼ੀ ਪਿਤਾ ਨੂੰ ਪੂਰੀ ਜ਼ਿੰਦਗੀ ਉਮਰ ਕੈਦ ਤੋਂ ਇਲਾਵਾ 80,000 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ।
- 18 ਜੁਲਾਈ ਨੂੰ ਹੀ ਸ਼ਿਵਪੁਰੀ (ਮੱਧ ਪ੍ਰਦੇਸ਼) ਜ਼ਿਲੇ 'ਚ ਇਕ ਗ੍ਰਾਮ ਪੰਚਾਇਤ ਦੀ ਦਲਿਤ ਸਰਪੰਚ ਨੇ ਜਦ ਕੁਝ ਦਬੰਗਾਂ ਦੀ ਗੱਲ ਨਾ ਮੰਨੀ ਤਾਂ ਉਨ੍ਹਾਂ ਨੇ ਉਸ ਨੂੰ ਫੜ ਕੇ ਚਿੱਕੜ 'ਚ ਘਸੀਟਣ ਤੋਂ ਇਲਾਵਾ ਜੁੱਤੀਆਂ ਨਾਲ ਕੁੱਟਿਆ।
- 17 ਜੁਲਾਈ ਨੂੰ ਸ੍ਰੀ ਹਰਗੋਬਿੰਦਪੁਰ ਦੇ ਪਿੰਡ 'ਸਮਰਾਇ' 'ਚ ਇਕ ਨੌਜਵਾਨ ਨੇ ਪੈਸੇ ਨਾ ਦੇਣ 'ਤੇ ਡਾਂਗ ਨਾਲ ਕੁੱਟ-ਕੁੱਟ ਕੇ ਆਪਣੀ ਮਾਂ ਦੀ ਹੱਤਿਆ ਕਰ ਦਿੱਤੀ।
- 17 ਜੁਲਾਈ ਨੂੰ ਹੀ ਕੌਸ਼ੰਬੀ (ਉੱਤਰ ਪ੍ਰਦੇਸ਼) ਦੇ 'ਭਖੰਦਾ' ਪਿੰਡ 'ਚ ਇਕ ਬੱਚੀ ਦੇ ਜਨਮ ਲੈਂਦਿਆਂ ਹੀ ਉਸ ਦੇ ਘਰ ਵਾਲਿਆਂ ਨੇ ਉਸ ਦੇ ਸਰੀਰ 'ਤੇ ਤੇਜ਼ਧਾਰ ਹਥਿਆਰ ਨਾਲ 10 ਵਾਰ ਕਰ ਕੇ ਲਹੂ-ਲੁਹਾਨ ਕਰਨ ਪਿੱਛੋਂ ਪੋਲੀਥੀਨ ਦੇ ਲਿਫਾਫੇ 'ਚ ਪਾ ਕੇ ਖੇਤਾਂ 'ਚ ਸੁੱਟ ਦਿੱਤਾ, ਜਿੱਥੇ ਉਸ ਦੀ ਮੌਤ ਹੋ ਗਈ।
- 17 ਜੁਲਾਈ ਨੂੰ ਹੀ ਬੈਂਗਲੁਰੂ 'ਚ ਇਕ 27 ਸਾਲਾ ਨੌਜਵਾਨ ਨੇ ਕਿਸੇ ਗੱਲ 'ਤੇ ਝ.ਗੜੇ ਕਾਰਨ ਆਪਣੇ ਮਾਤਾ-ਪਿਤਾ ਦੇ ਸਿਰ 'ਤੇ ਵਾਰ ਕਰ ਕੇ ਉਨ੍ਹਾਂ ਨੂੰ ਮਾਰ ਦਿੱਤਾ।
- 17 ਜੁਲਾਈ ਨੂੰ ਹੀ ਸ਼ਿਮਲਾ (ਹਿਮਾਚਲ ਪ੍ਰਦੇਸ਼) ਦੇ 'ਕੋਟਖਾਈ' 'ਚ ਇਕ 4 ਸਾਲਾ ਬੱਚੀ ਨਾਲ ਜਬਰ-ਜ਼ਨਾਹ ਕਰਨ ਦੇ ਬਾਅਦ ਗਲਾ ਘੁੱਟ ਕੇ ਮਾਰ ਸੁੱਟਣ ਦੇ ਦੋਸ਼ 'ਚ ਉਸ ਦੇ ਚਾਚੇ ਨੂੰ ਗ੍ਰਿਫਤਾਰ ਕੀਤਾ ਗਿਆ।
- 17 ਜੁਲਾਈ ਨੂੰ ਹੀ ਪਠਾਨਕੋਟ (ਪੰਜਾਬ) ਦੇ ਪਿੰਡ 'ਖੋਬਾ' 'ਚ ਘਰ ਦੇ ਖਰਚ ਲਈ ਪੈਸੇ ਮੰਗਣ 'ਤੇ ਇਕ ਵਿਅਕਤੀ ਨੇ ਆਪਣੀ ਪਤਨੀ ਦੀ ਹੱਤਿਆ ਕਰ ਦਿੱਤੀ।
- 17 ਜੁਲਾਈ ਨੂੰ ਹੀ ਮਾਲਦਾ (ਪੱਛਮੀ ਬੰਗਾਲ) ਦੇ 'ਕੰਨਿਆਦੀਘੀ' ਪਿੰਡ 'ਚ ਪੰਚਾਇਤ ਚੋਣ 'ਚ ਤ੍ਰਿਣਮੂਲ ਕਾਂਗਰਸ ਦੀ ਉਮੀਦਵਾਰ ਆਪਣੀ ਪਤਨੀ ਦੀ ਹਾਰ ਤੋਂ ਗੁੱਸੇ 'ਚ ਆਏ ਵਿਅਕਤੀ ਨੇ ਆਪਣੇ ਭਾਜਪਾ ਹਮਾਇਤੀ ਪਿਤਾ ਦੀ ਹੱਤਿਆ ਕਰ ਦਿੱਤੀ।
- 17 ਜੁਲਾਈ ਨੂੰ ਹੀ ਪੀਲੀਭੀਤ 'ਚ 5 ਲੱਖ ਰੁਪਏ ਦਾਜ ਦੀ ਮੰਗ ਪੂਰੀ ਕਰਨ ਦੇ ਲਈ ਇਕ ਮਹਿਲਾ ਨੂੰ ਵੇਸਵਾਪੁਣੇ 'ਚ ਧੱਕਣ, ਉਸ ਨਾਲ ਗੈਰ-ਕੁਦਰਤੀ ਸੈਕਸ ਕਰਨ ਅਤੇ ਉਸ ਦੇ ਅਸ਼ਲੀਲ ਵੀਡੀਓ ਬਣਾਉਣ ਦੇ ਦੋਸ਼ 'ਚ ਮਹਿਲਾ ਦੇ ਪਤੀ, ਦਿਓਰ ਅਤੇ ਹੋਰ ਸਹੁਰੇ ਵਾਲਿਆਂ ਵਿਰੁੱਧ ਕੇਸ ਦਰਜ ਕੀਤਾ ਗਿਆ।
- 16 ਜੁਲਾਈ ਨੂੰ ਗੁਰੂਗ੍ਰਾਮ (ਹਰਿਆਣਾ) 'ਚ ਇਕ 29 ਸਾਲਾ ਵਿਅਕਤੀ ਨੂੰ ਆਪਣੀ ਸੌਂ ਰਹੀ ਨਾਬਾਲਿਗ ਧੀ ਨਾਲ ਜਬਰ-ਜ਼ਨਾਹ ਕਰਨ ਅਤੇ ਪਤਨੀ ਵੱਲੋਂ ਅਜਿਹਾ ਕਰਨ ਤੋਂ ਰੋਕਣ 'ਤੇ ਉਸ ਦੀ ਕੁੱਟਮਾਰ ਕਰਨ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਗਿਆ।
- 16 ਜੁਲਾਈ ਨੂੰ ਹੀ ਊਧਮ ਸਿੰਘ ਨਗਰ (ਉੱਤਰਾਖੰਡ) ਦੇ 'ਸਿਤਾਰਗੰਜ' 'ਚ ਇਕ ਵਿਅਕਤੀ ਨੂੰ ਆਪਣੀ ਨਾਬਾਲਿਗ ਧੀ ਨਾਲ ਜਬਰ-ਜ਼ਨਾਹ ਕਰਨ ਦੇ ਦੋਸ਼ 'ਚ ਉਸ ਦੇ 2 ਹੋਰ ਸਾਥੀਆਂ ਨਾਲ ਗ੍ਰਿਫਤਾਰ ਕੀਤਾ ਗਿਆ।
- 14 ਜੁਲਾਈ ਨੂੰ ਹੀ ਮੁੰਬਈ 'ਚ ਇਕ ਵਿਸ਼ੇਸ਼ ਅਦਾਲਤ ਨੇ ਆਪਣੀ 8 ਸਾਲਾ ਧੀ ਨਾਲ ਜਬਰ-ਜ਼ਨਾਹ ਕਰਨ ਦੇ ਦੋਸ਼ 'ਚ ਇਕ ਵਿਅਕਤੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ।
- 13 ਜੁਲਾਈ ਨੂੰ ਯਮੁਨਾਨਗਰ (ਹਰਿਆਣਾ) 'ਚ ਆਪਣੀ 16 ਸਾਲਾ ਇਕਲੌਤੀ ਧੀ ਨਾਲ ਜਬਰ-ਜ਼ਨਾਹ ਕਰਨ ਦੇ ਦੋਸ਼ 'ਚ ਸਥਾਨਕ ਅਦਾਲਤ ਨੇ ਉਸ ਦੇ ਪਿਤਾ ਨੂੰ ਆਖਰੀ ਸਾਹ ਤਕ ਜੇਲ 'ਚ ਰਹਿਣ ਅਤੇ ਡੇਢ ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ।
- 13 ਜੁਲਾਈ ਨੂੰ ਹੀ ਸ੍ਰੀ ਚਮਕੌਰ ਸਾਹਿਬ (ਪੰਜਾਬ) ਦੇ ਪਿੰਡ 'ਬਰਸਾਲਪੁਰ' 'ਚ ਇਕ ਵਿਅਕਤੀ ਨੇ ਘਰੇਲੂ ਝਗੜੇ 'ਚ ਆਪਣੀ ਪਤਨੀ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ।
- 7 ਜੁਲਾਈ ਨੂੰ ਗ੍ਰੇਟਰ ਨੋਇਡਾ (ਉੱਤਰ ਪ੍ਰਦੇਸ਼) 'ਚ ਧੀ ਨੂੰ ਜਨਮ ਦੇਣ 'ਤੇ ਪਤੀ ਅਤੇ ਸਹੁਰਿਆਂ ਵੱਲੋਂ ਔਰਤ ਦੀ ਕੁੱਟਮਾਰ ਕਰ ਕੇ ਘਰੋਂ ਕੱਢ ਦੇਣ ਦੇ ਵਿਰੁੱਧ ਪੀੜਤ ਔਰਤ ਨੇ ਥਾਣਾ ਸੂਰਜਪੁਰ 'ਚ ਆਪਣੇ ਪਤੀ, ਸੱਸ-ਸਹੁਰੇ ਅਤੇ ਜੇਠ ਵਿਰੁੱਧ ਸ਼ਿਕਾਇਤ ਦਰਜ ਕਰਵਾਈ।

ਉਕਤ ਘਟਨਾਵਾਂ ਤੋਂ ਸਪੱਸ਼ਟ ਹੈ ਕਿ ਅੱਜ ਚੰਦ ਲੋਕ ਕਿਸ ਤਰ੍ਹਾਂ ਰਿਸ਼ਤਿਆਂ ਦੀ ਹੱਤਿਆ ਕਰਨ ਦਾ ਪਾਪ ਕਰ ਰਹੇ ਹਨ। ਇਸ ਲਈ ਇਸ ਬੁਰਾਈ ਨੂੰ ਰੋਕਣ ਲਈ ਅਜਿਹਾ ਕਰਨ ਵਾਲਿਆਂ ਨੂੰ ਸਖਤ ਤੋਂ ਸਖਤ ਅਤੇ ਸਿੱਖਿਆਦਾਇਕ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ ਅਤੇ ਇਸਦੇ ਨਾਲ ਹੀ ਸਮਾਜ ਸੁਧਾਰਕਾਂ ਅਤੇ ਧਾਰਮਿਕ-ਸਮਾਜਿਕ ਸੰਸਥਾਵਾਂ ਨੂੰ ਅੱਗੇ ਆ ਕੇ ਲੋਕਾਂ 'ਚ ਉੱਚ ਸੰਸਕਾਰ ਭਰਨ ਦੀ ਲੋੜ ਹੈ ਤਾਂ ਕਿ ਮਨੁੱਖਤਾ ਸ਼ਰਮਸਾਰ ਨਾ ਹੋਵੇ।

-ਵਿਜੇ ਕੁਮਾਰ

# ਸ਼੍ਰੋਮਣੀ ਗੁ. ਪ੍ਰ. ਕਮੇਟੀ ਵੱਲੋਂ ਹੜ੍ਹ ਪੀੜਤਾਂ ਲਈ ਲੰਗਰ ਸੇਵਾ ਨਿਰੰਤਰ ਜਾਰੀ, ਪਿੰਡ ਬਾਹਮਣ ਵਾਲਾ (ਰਤੀਆ)









## ਬਾਪ ! ਰੇ ਬਾਪ !! ਦੇਸ਼ ਦੇ 44 ਫੀਸਦੀ ਵਿਧਾਇਕ ਅਪਰਾਧੀ ਅਕਸ ਵਾਲੇ

'ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼' ਅਨੁਸਾਰ ਭਾਰਤ 'ਚ 28 ਸੂਬਾਈ ਵਿਧਾਨ ਸਭਾਵਾਂ ਅਤੇ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਮੌਜੂਦਾ ਵਿਧਾਇਕਾਂ ਵੱਲੋਂ ਚੋਣ ਲੜਨ ਤੋਂ ਪਹਿਲਾਂ ਦਾਇਰ ਹਲਫਨਾਮਿਆਂ 'ਚ 4001 ਵਿਧਾਇਕਾਂ 'ਚੋਂ 44 ਫੀਸਦੀ ਵਿਧਾਇਕਾਂ ਨੇ ਆਪਣੇ ਵਿਰੁੱਧ ਅਪਰਾਧਿਕ ਮਾਮਲੇ ਐਲਾਨੇ ਹਨ, ਜਿਨ੍ਹਾਂ 'ਚ ਸੱਤਾਧਾਰੀ ਅਤੇ ਵਿਰੋਧੀ ਲਗਭਗ ਸਾਰੇ ਦਲਾਂ ਦੇ ਵਿਧਾਇਕ ਸ਼ਾਮਲ ਹਨ।



ਵਿਸ਼ਲੇਸ਼ਣ 'ਚ ਸ਼ਾਮਲ ਵਿਧਾਇਕਾਂ 'ਚੋਂ 1136 ਭਾਵ ਲਗਭਗ 28 ਫੀਸਦੀ ਵਿਰੁੱਧ ਗੰਭੀਰ ਅਪਰਾਧਿਕ ਮਾਮਲੇ ਦਰਜ ਹਨ, ਜਿਨ੍ਹਾਂ 'ਚੋਂ 47 ਵਿਧਾਇਕਾਂ ਵਿਰੁੱਧ ਹੱਤਿਆ, 181 'ਤੇ ਹੱਤਿਆ ਦੇ ਯਤਨ ਅਤੇ 114 'ਤੇ ਔਰਤਾਂ ਵਿਰੁੱਧ ਅਪਰਾਧ ਅਤੇ 14 ਵਿਧਾਇਕਾਂ 'ਤੇ ਜਬਰ-ਜ਼ਨਾਹ ਦੇ ਮਾਮਲੇ ਦਰਜ ਹਨ।

ਅਪਰਾਧਿਕ ਕੇਸਾਂ ਵਾਲੇ ਜ਼ਿਆਦਾਤਰ ਆਗੂਆਂ ਨੂੰ ਅਦਾਲਤਾਂ ਦੇ ਫੈਸਲਿਆਂ ਦੀ ਚਿੰਤਾ ਇਸ ਲਈ ਵੀ ਨਹੀਂ ਹੈ ਕਿਉਂਕਿ ਕੋਰਟ ਵੱਲੋਂ ਦੋਸ਼ੀ ਪਾਏ ਜਾਣ ਦਾ ਫੈਸਲਾ ਨਾ ਸੁਣਾਏ ਜਾਣ ਤੱਕ ਉਨ੍ਹਾਂ ਨੂੰ ਚੋਣ ਲੜਨ ਤੋਂ ਰੋਕਿਆ ਨਹੀਂ ਜਾ ਸਕਦਾ ਅਤੇ ਉਹ ਜੇਲ 'ਚ ਰਹਿ ਕੇ ਵੀ ਚੋਣ ਲੜ ਸਕਦੇ ਹਨ।

ਦਾਗੀ ਵਿਧਾਇਕਾਂ ਵਿਰੁੱਧ 1136 ਜਾਂ 28 ਫੀਸਦੀ ਮਾਮਲੇ ਅਜਿਹੇ ਹਨ, ਜਿਨ੍ਹਾਂ 'ਚ ਦੋਸ਼ੀ ਪਾਏ ਜਾਣ 'ਤੇ ਦੋਸ਼ੀ ਨੂੰ 5 ਸਾਲ ਜਾਂ ਉਸ ਤੋਂ ਜ਼ਿਆਦਾ ਕੈਦ ਦੀ ਸਜ਼ਾ ਹੋ ਸਕਦੀ ਹੈ। ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਰਹੇ ਕਈ ਆਗੂਆਂ 'ਤੇ ਦੋਸ਼ਾਂ ਦੀ ਜਾਂਚ ਪੂਰੀ ਹੋ ਚੁੱਕੀ ਅਤੇ ਪੁਲਸ ਵੱਲੋਂ ਕੋਰਟ 'ਚ ਚਾਰਜਸ਼ੀਟ ਦਾਇਰ ਕੀਤੇ ਜਾਣ ਦੇ ਬਾਵਜੂਦ ਇਨ੍ਹਾਂ ਮਾਮਲਿਆਂ ਦਾ ਹੁਣ ਤੱਕ ਫੈਸਲਾ ਨਹੀਂ ਸੁਣਾਇਆ ਗਿਆ।

ਸਿਆਸੀ ਦਲ ਅਤੇ ਜਾਗਰੂਕ ਵੋਟਰ ਹੀ ਅਜਿਹੇ ਲੋਕਾਂ ਨੂੰ ਵਿਧਾਨ ਸਭਾਵਾਂ 'ਚ ਜਾਣ ਤੋਂ ਰੋਕ ਸਕਦੇ ਹਨ। ਇਸ ਲਈ ਵੋਟਰਾਂ ਨੂੰ ਚੋਣ ਉਮੀਦਵਾਰਾਂ ਦੇ ਅਤੀਤ ਅਤੇ ਸਰਗਰਮੀਆਂ ਬਾਰੇ ਚੰਗੀ ਤਰ੍ਹਾਂ ਜਾਂਚ-ਪੜਤਾਲ ਕਰਨ ਪਿੱਛੋਂ ਹੀ ਉਨ੍ਹਾਂ ਨੂੰ ਆਪਣੀ ਕੀਮਤੀ ਵੋਟ ਦੇਣੀ ਚਾਹੀਦੀ ਹੈ।

ਇਸ ਮਾਮਲੇ 'ਚ ਕੁਝ ਕਾਨੂੰਨੀ ਸੁਧਾਰ ਵੀ ਜ਼ਰੂਰੀ ਹਨ ਤਾਂ ਕਿ ਸਾਨੂੰ ਸਾਫ ਅਕਸ ਵਾਲੇ ਇਮਾਨਦਾਰ ਅਤੇ ਦੂਜਿਆਂ ਨਾਲ ਹਮਦਰਦੀ ਰੱਖਣ ਵਾਲੇ ਸੇਵਾ ਭਾਵੀ ਆਗੂ ਮਿਲਣ ਜੋ ਆਮ ਜਨਤਾ ਦੀ ਭਲਾਈ ਲਈ ਚੰਗਾ ਸ਼ਾਸਨ ਦੇ ਸਕਣ।

## ਅੰਜੂ ਬਣੀ ਫਾਤਿਮਾ, ਇਸਲਾਮ ਕਬੂਲ ਕਰਨ ਮਗਰੋਂ ਪਾਕਿਸਤਾਨੀ ਫੇਸਬੁੱਕ ਦੋਸਤ ਨਾਲ ਕਰਾਇਆ ਵਿਆਹ

ਪੇਸ਼ਾਵਰ : ਭਾਰਤ ਤੋਂ ਪਾਕਿਸਤਾਨ ਗਈ 2 ਬੱਚਿਆਂ ਦੀ ਭਾਰਤੀ ਮਾਂ ਅੰਜੂ ਨੇ ਇਸਲਾਮ ਕਬੂਲ ਕਰਨ ਤੋਂ ਬਾਅਦ ਮੰਗਲਵਾਰ ਨੂੰ ਆਪਣੇ ਪਾਕਿਸਤਾਨੀ ਫੇਸਬੁੱਕ ਦੋਸਤ ਨਾਲ ਵਿਆਹ ਕਰਵਾ ਲਿਆ ਹੈ। ਇਕ ਸੀਨੀਅਰ ਪੁਲਸ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। 34 ਸਾਲਾ ਅੰਜੂ ਆਪਣੇ 29 ਸਾਲਾ ਪਾਕਿਸਤਾਨੀ ਦੋਸਤ ਨਸਰੁੱਲਾ ਦੇ ਘਰ ਰਹਿ ਰਹੀ ਸੀ। ਉਹ 2019 ਵਿੱਚ ਫੇਸਬੁੱਕ 'ਤੇ ਦੋਸਤ ਬਣੇ ਸਨ। ਜੋੜੇ ਨੇ ਜ਼ਿਲ੍ਹਾ ਅਤੇ ਸੈਸ਼ਨ ਜੱਜ ਦੀ ਸਥਾਨਕ ਅਦਾਲਤ ਵਿੱਚ ਵਿਆਹ ਰਚਾਇਆ। ਉੱਪਰੀ ਦੀਰ ਜ਼ਿਲ੍ਹੇ ਦੇ ਮੋਹਰਰ ਸਿਟੀ ਪੁਲਸ ਸਟੇਸ਼ਨ ਦੇ ਸੀਨੀਅਰ ਅਧਿਕਾਰੀ ਮੁਹੰਮਦ ਵਹਾਬ ਨੇ ਨਿਊਜ਼ ਏਜੰਸੀ ਨੂੰ ਦੱਸਿਆ, "ਨਸਰੁੱਲਾ ਅਤੇ ਅੰਜੂ ਦਾ ਵਿਆਹ ਅੱਜ ਸੰਪੰਨ ਹੋਇਆ ਅਤੇ ਉਸ ਦੇ ਇਸਲਾਮ ਕਬੂਲ ਕਰਨ ਤੋਂ ਬਾਅਦ ਨਿਕਾਹ ਕੀਤਾ ਗਿਆ।" ਪੁਲਸ ਨੇ ਦੱਸਿਆ ਕਿ ਦੋਵੇਂ ਦੀਰ ਬਾਲਾ ਦੀ ਜ਼ਿਲ੍ਹਾ ਅਦਾਲਤ ਵਿੱਚ ਨਸਰੁੱਲਾ ਦੇ ਪਰਿਵਾਰਕ ਮੈਂਬਰਾਂ, ਪੁਲਸ ਮੁਲਾਜ਼ਮਾਂ ਅਤੇ ਵਕੀਲਾਂ ਦੀ ਮੌਜੂਦਗੀ ਵਿੱਚ ਪੇਸ਼ ਹੋਏ। ਮਲਕੰਦ ਡਿਵੀਜ਼ਨ ਦੇ ਡਿਪਟੀ ਇੰਸਪੈਕਟਰ ਜਨਰਲ ਨਾਸਿਰ ਮਹਿਮੂਦ ਸੱਤੀ ਨੇ ਅੰਜੂ ਅਤੇ ਨਸਰੁੱਲਾ ਦੇ ਨਿਕਾਹ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਭਾਰਤੀ ਔਰਤ ਦੇ ਇਸਲਾਮ ਕਬੂਲ ਕਰਨ ਤੋਂ ਬਾਅਦ ਉਸ ਦਾ ਨਾਂ ਫਾਤਿਮਾ ਰੱਖਿਆ ਗਿਆ ਹੈ।



ਜੀਓ ਨਿਊਜ਼ ਦੀ ਰਿਪੋਰਟ ਮੁਤਾਬਕ ਉਨ੍ਹਾਂ ਅੱਗੇ ਦੱਸਿਆ ਕਿ ਭਾਰਤੀ ਔਰਤ ਨੂੰ ਪੁਲਸ ਸੁਰੱਖਿਆ ਹੇਠ ਅਦਾਲਤ ਤੋਂ ਘਰ ਭੇਜ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਸੋਮਵਾਰ ਨੂੰ ਨਸਰੁੱਲਾ ਅਤੇ ਅੰਜੂ ਦੋਵੇਂ ਸਖ਼ਤ ਸੁਰੱਖਿਆ ਵਿਚਕਾਰ ਸੈਰ-ਸਪਾਟੇ 'ਤੇ ਨਿਕਲੇ ਸਨ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੇ ਦੀਰ ਉੱਪਰ ਜ਼ਿਲ੍ਹੇ ਨੂੰ ਚਿਤਰਾਲ ਜ਼ਿਲ੍ਹੇ ਨਾਲ ਜੋੜਨ ਵਾਲੀ ਲਾਵਾਰੀ ਸੁਰੰਗ ਦਾ ਦੌਰਾ ਕੀਤਾ। ਸੈਰ-ਸਪਾਟਾ ਸਥਾਨਾਂ ਦੇ ਦੌਰੇ ਦੀਆਂ ਤਸਵੀਰਾਂ 'ਚ ਅੰਜੂ ਅਤੇ ਨਸਰੁੱਲਾ ਹਰੇ-ਭਰੇ ਬਗੀਚੇ 'ਚ ਬੈਠੇ ਅਤੇ ਇੱਕ-ਦੂਜੇ ਦਾ ਹੱਥ ਫੜੇ ਨਜ਼ਰ ਆਏ। ਇੱਥੇ ਦੱਸ ਦੇਈਏ ਕਿ ਅੰਜੂ ਉੱਤਰ ਪ੍ਰਦੇਸ਼ ਦੇ ਪਿੰਡ ਕੈਲੋਰ ਵਿੱਚ ਪੈਦਾ ਹੋਈ ਸੀ ਅਤੇ ਰਾਜਸਥਾਨ ਦੇ ਅਲਵਰ ਜ਼ਿਲ੍ਹੇ ਵਿੱਚ ਰਹਿੰਦੀ ਸੀ। ਅੰਜੂ ਨੇ ਪਾਕਿ ਤੋਂ ਇੱਕ ਵੀਡੀਓ ਸਾਂਝੀ ਕੀਤੀ ਹੈ, ਜਿਸ ਵਿੱਚ ਉਹ ਕਹਿ ਰਹੀ ਹੈ ਕਿ ਉਹ ਪਾਕਿਸਤਾਨ ਵਿੱਚ ÷ਸੁਰੱਖਿਅਤ ਮਹਿਸੂਸ ਕਰਦੀ ਹੈ÷। ਉਸਨੇ ਵੀਡੀਓ ਵਿੱਚ ਕਿਹਾ, ÷ਮੈਂ ਸਾਰਿਆਂ ਨੂੰ ਇਹ ਸੰਦੇਸ਼ ਦੇਣਾ ਚਾਹੁੰਦੀ ਹਾਂ ਕਿ ਮੈਂ ਇੱਥੇ ਕਾਨੂੰਨੀ ਤੌਰ 'ਤੇ ਅਤੇ ਯੋਜਨਾ ਬਣਾ ਕੇ ਆਈ ਹਾਂ ਅਤੇ ਮੈਂ ਇੱਥੇ ਸੁਰੱਖਿਅਤ ਹਾਂ। ਮੈਂ ਸਾਰੇ ਮੀਡੀਆ ਕਰਮੀਆਂ ਨੂੰ ਬੇਨਤੀ ਕਰਦੀ ਹਾਂ ਕਿ ਉਹ ਮੇਰੇ ਰਿਸ਼ਤੇਦਾਰਾਂ ਅਤੇ ਬੱਚਿਆਂ ਨੂੰ ਤੰਗ ਨਾ ਕਰਨ।÷ ਅੰਜੂ ਦਾ ਵਿਆਹ ਰਾਜਸਥਾਨ ਦੇ ਅਰਵਿੰਦ ਨਾਲ ਹੋਇਆ ਹੈ। ਉਨ੍ਹਾਂ ਦੀ ਇੱਕ 15 ਸਾਲ ਦੀ ਬੇਟੀ ਅਤੇ ਇੱਕ 6 ਸਾਲ ਦਾ ਬੇਟਾ ਹੈ। ਅੰਜੂ ਭਾਰਤ ਤੋਂ ਵਾਹਗਾ-ਅਟਾਰੀ ਸਰਹੱਦ ਰਾਹੀਂ ਕਾਨੂੰਨੀ ਤੌਰ 'ਤੇ ਪਾਕਿਸਤਾਨ ਗਈ ਹੈ।

## ਕੇਰਲ ਦੇ ਸਪੀਕਰ ਏ ਐੱਨ ਸ਼ਮਸੀਰ ਵੱਲੋਂ ਹਿੰਦੂ ਦੇਵਤਿਆਂ 'ਤੇ ਕੀਤੀ ਗਈ ਟਿੱਪਣੀ 'ਤੇ ਵਿਰੋਧ ਪ੍ਰਦਰਸ਼ਨ



ਤਿਰੂਵਨੰਤਪੁਰਮ : ਕੇਰਲ ਖੇਤਰ ਸਮਰਕਸ਼ਣ ਸਮਿਤੀ ਦੇ ਸਮਰਥਕਾਂ ਨੇ ਤਿਰੂਵਨੰਤਪੁਰਮ ਵਿੱਚ ਹਿੰਦੂ ਦੇਵਤਿਆਂ ਬਾਰੇ ਵਿਵਾਦਿਤ ਟਿੱਪਣੀ ਲਈ ਕੇਰਲ ਵਿਧਾਨ ਸਭਾ ਦੇ ਸਪੀਕਰ ਏ ਐਨ ਸ਼ਮਸੀਰ ਦੇ ਅਸਤੀਫੇ ਦੀ ਮੰਗ ਕਰਦੇ ਹੋਏ ਕੇਰਲ ਸਕੱਤਰੇਤ ਵੱਲ ਰੋਸ ਮਾਰਚ ਵਿੱਚ ਹਿੱਸਾ ਲਿਆ।

## ਨੋਇਡਾ ਮੀਂਹ: ਹਿੰਡਨ ਨਦੀ ਦੇ ਓਵਰਫਲੋਅ ਕਾਰਨ ਸੈਂਕੜੇ ਕਾਰਾਂ ਡੁੱਬੀ

ਨੋਇਡਾ : ਹਿੰਡਨ ਨਦੀ ਦੇ ਪਾਣੀ ਦਾ ਪੱਧਰ ਵਧਣ ਕਾਰਨ ਨੋਇਡਾ ਦੇ Ecotech 3 ਦੇ ਕੋਲ ਦਾ ਇਲਾਕਾ ਪਾਣੀ ਵਿੱਚ ਡੁੱਬ ਗਿਆ, ਜਿਸ ਕਾਰਨ ਕਈ ਵਾਹਨ ਫਸ ਗਏ। ਨੋਇਡਾ 'ਚ ਨਦੀ ਦੇ ਵਹਿਣ ਕਾਰਨ ਨੀਵੇਂ ਇਲਾਕਿਆਂ 'ਚ ਕਈ ਘਰ ਵੀ ਡੁੱਬ ਗਏ।

ਗ੍ਰੇਟਰ ਨੋਇਡਾ ਦੇ ਇੱਕ ਡੰਪ ਯਾਰਡ ਵਿੱਚ ਖੜ੍ਹੀਆਂ ਆਨਲਾਈਨ ਕੈਬ ਐਗਰੀਗੇਟਰ ਓਲਾ ਦੀਆਂ ਲਗਭਗ 350 ਕਾਰਾਂ ਪਾਣੀ ਵਿੱਚ ਡੁੱਬ ਗਈਆਂ ਕਿਉਂਕਿ ਸੁੱਜੀ ਹੋਈ ਹਿੰਡਨ ਨਦੀ ਦਾ ਪਾਣੀ ਹੇਠਲੇ ਖੇਤਰ ਵਿੱਚ ਦਾਖਲ ਹੋ ਗਿਆ ਸੀ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਦੱਸਿਆ ਕਿ ਹਿੰਡਨ ਦੇ ਹੜ੍ਹ ਦੇ ਮੈਦਾਨਾਂ ਵਿੱਚ ਸੈਂਕੜੇ ਲੋਕ ਨਦੀ ਦੇ ਵਹਿਣ ਕਾਰਨ ਪ੍ਰਭਾਵਿਤ ਹੋਏ ਹਨ ਅਤੇ ਆਸਰਾ ਘਰਾਂ ਵਿੱਚ ਚਲੇ ਗਏ ਹਨ।



# ਭਾਰੀ ਮੀਂਹ ਹਨੇਰੀ ਝੱਖੜ 'ਚ ਵੀ ਹੜ੍ਹ ਵਾਲੇ ਇਲਾਕਿਆਂ ਦਾ ਵਿਧਾਇਕ ਰਾਜਾ ਲਗਾਤਰ ਕਰ ਰਹੇ ਨੇ ਦੌਰਾ


ਵਿਧਾਇਕ ਜਸਵੀਰ ਸਿੰਘ ਰਾਜਾ ਭਾਰੀ ਬਾਰਿਸ਼ ਦੌਰਾਨ ਵੱਖ-ਵੱਖ ਪਿੰਡਾਂ ਦਾ ਦੌਰਾ ਕਰਨ ਸਮੇਂ

ਟਾਂਡਾ ਉੜਮੁੜ, (ਰਵਿੰਦਰ ਸਿੰਘ) : ਟਾਂਡਾ ਇਲਾਕੇ ਵਿੱਚ ਹੋ ਰਹੀ ਭਾਰੀ ਬਾਰਿਸ਼ ਦੌਰਾਨ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਪ੍ਰਸ਼ਾਸਨ ਅਤੇ ਆਪਣੀ ਟੀਮ ਸਮੇਤ ਵੇਟ ਖੇਤਰ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ ਅਤੇ ਮੌਜੂਦਾ ਸਥਿਤੀ ਸੰਬੰਧੀ ਜਾਣਕਾਰੀ ਹਾਸਲ ਕੀਤੀ।

ਇਸ ਮੌਕੇ ਉਹਨਾਂ ਨਾਲ ਐਸ.ਡੀ.ਐਮ ਦਸੂਹਾ ਅਲੰਕਾਰ ਉਜਸਵੀ, ਡੀ.ਐੱਸ. ਪੀ ਟਾਂਡਾ ਕੁਲਵੰਤ ਸਿੰਘ, ਬੀ.ਡੀ.ਪੀ ਓ ਟਾਂਡਾ ਧਾਰਾ ਕੱਕੜ, ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ, ਵੇਟ ਖੇਤਰ ਇੰਚਾਰਜ ਰਜਿੰਦਰ ਸਿੰਘ ਮਾਰਸ਼ਲ ਵੀ ਮੌਜੂਦ ਸਨ।

ਵਿਧਾਇਕ ਜਸਵੀਰ ਸਿੰਘ ਰਾਜਾ ਨੇ ਪਿੰਡ ਪੁਲ ਪੁਖਤਾ, ਫਿਰੋਜ ਰੋਲੀਆਂ, ਤਲਵੰਡੀ ਡਡੀਆਂ, ਟਾਹਲੀ, ਨੱਥੂਪੁਰ, ਖੋਖਰ ਬੇਟ, ਮੀਰਾਪੁਰ ਬਹਾਦਰਪੁਰ, ਦਬੁਰਜੀ, ਜਲਾਲਪੁਰ, ਡੂਮਾਣਾ, ਇਬਰਾਹਿਮਪੁਰ ਪਿੰਡਾਂ ਦਾ ਦੌਰਾ ਕੀਤਾ ਅਤੇ ਇਹਨਾਂ ਪਿੰਡਾਂ ਦੇ ਲੋਕਾਂ ਤੇ ਕਿਸਾਨਾਂ ਦੀਆਂ ਮੁਸ਼ਕਲਾਂ ਸੁਣਨ ਉਪਰੰਤ ਵਿਸ਼ਵਾਸ ਦਿਵਾਇਆ ਪੰਜਾਬ ਸਰਕਾਰ ਇਸ ਔਖੀ ਘੜੀ ਵਿਚ ਲੋਕਾਂ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹੀ ਹੈ ਅਤੇ ਕਿਸੇ ਨੂੰ ਵੀ ਕਿਸੇ ਕਿਸਮ ਦੀ ਕੋਈ ਚਿੰਤਾ ਕਰਨ ਦੀ ਲੋੜ ਨਹੀਂ ਹੈ ਕਿਉਂਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹ ਦੀ ਸੰਭਾਵਨਾ ਨੂੰ ਦੇਖਦਿਆਂ ਅਗਾਊਂ ਪ੍ਰਬੰਧ ਕੀਤੇ ਗਏ ਹਨ।

ਇਸ ਮੌਕੇ ਉਹਨਾਂ ਦੱਸਿਆ ਕਿ ਟਾਂਡਾ ਤੇ ਇਸ ਦੇ ਆਸ ਪਾਸ ਇਲਾਕਿਆਂ ਵਿੱਚ ਸਥਿਤੀ ਪੂਰੀ ਤਰ੍ਹਾਂ ਕੰਟਰੋਲ ਵਿੱਚ ਹੈ ਅਤੇ ਕਿਸੇ ਪਾਸੇ ਵੀ ਹੜ ਦਾ ਪਾਣੀ ਨਹੀਂ ਆਇਆ ਜਿੰਨਾ ਵੀ ਪਾਣੀ ਹੈ ਉਹ ਇਲਾਕੇ ਵਿੱਚ ਭਾਰੀ ਬਾਰਿਸ਼ ਕਾਰਨ ਜਮਾ ਹੋਇਆ ਹੈ।

ਉਹਨਾਂ ਹੋਰ ਕਿਹਾ ਕਿ ਮੌਸਮ ਵਿੱਚ ਸੁਧਾਰ ਹੋਣ ਉਪਰੰਤ ਸਬੰਧਤ ਅਧਿਕਾਰੀਆਂ ਵਲੋਂ ਕਿਸਾਨਾਂ ਦੀਆਂ ਨੁਕਸਾਨੀਆਂ ਗਈਆਂ ਫਸਲਾਂ ਅਤੇ ਪਿੰਡਾਂ ਵਿੱਚ ਨੁਕਸਾਂਨੇ ਗਏ ਘਰਾਂ ਦਾ ਜਾਇਜ਼ਾ ਲਿਆ ਜਾਵੇਗਾ ਲੋੜ ਅਨੁਸਾਰ ਹੋਏ ਨੁਕਸਾਨ ਦਾ ਮੁਆਵਜ਼ਾ ਵੀ ਪੰਜਾਬ ਸਰਕਾਰ ਵੱਲੋਂ ਜਾਰੀ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਸਿਹਤ ਵਿਭਾਗ ਬਿਜਲੀ ਵਿਭਾਗ, ਨਹਿਰੀ ਵਿਭਾਗ, ਸੜਕੀ ਵਿਭਾਗ ਦੇ ਅਧਿਕਾਰੀ ਵੀ ਮੌਜੂਦ ਸਨ।

ਇਸ ਤੋਂ ਇਲਾਵਾ ਪਿੰਡ ਕੰਧਾਲਾ ਸ਼ੇਖਾਂ, ਝਾਵਾਂ, ਨੰਗਲ ਖੂੰਗਾ ਅਤੇ ਹੋਰਨਾਂ ਪਿੰਡਾਂ ਦੇ ਚੋਆ ਵਿਚ ਆਏ ਪਾਣੀ ਦਾ ਜਾਇਜ਼ਾ ਵੀ ਲਿਆ

## ਮਣੀਪੁਰ ਵਿਖੇ ਵਾਪਰੀ ਘਟਨਾਂ ਨੇ ਦੇਸ਼ ਵਾਸੀਆਂ ਦਾ ਦਿਲ ਦਹਿਲਾ ਕੇ ਰੱਖ ਦਿੱਤਾ

ਟਾਂਡਾ ਉੜਮੁੜ, (ਰਵਿੰਦਰ ਸਿੰਘ) : ਕੇਂਦਰ ਸਰਕਾਰ ਵੱਲੋਂ ਜਿੱਥੇ ਇੱਕ ਪਾਸੇ ਧੀਆਂ ਬਚਾਓ ਤੇ ਧੀਆਂ ਪੜ੍ਹਾਓ ਦਾ ਨਾਅਰਾ ਦੇ ਕੇ ਕੁੜੀਆਂ ਦੇ ਹੱਕ ਵਿੱਚ ਵੱਡੀਆਂ ਵੱਡੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ, ਓਥੇ ਦੂਜੇ ਪਾਸੇ ਜਦੋਂ ਕੁੜੀਆਂ ਤੇ ਕੋਈ ਅੱਤਿਆਚਾਰ ਹੁੰਦਾ ਹੈ ਤਾਂ ਉਨ੍ਹਾਂ ਨੂੰ ਇਨਸਾਫ ਲੈਣ ਲਈ ਥਾਂ ਥਾਂ ਤੇ ਠੋਕਰਾਂ ਖਾਣੀਆਂ ਪੈਂਦੀਆਂ ਹਨ । ਇਸ ਦੇ ਸੰਬੰਧ ਵਿੱਚ ਗੱਲ ਕਰਦਿਆਂ ਰਾਸ਼ਟਰਵਾਦੀ ਕਾਂਗਰਸ ਪਾਰਟੀ ਹੁਸ਼ਿਆਰਪੁਰ ਦੇ ਜਿਲ੍ਹਾ ਪ੍ਰਧਾਨ ਸਤਵੰਤ ਸਿੰਘ ਖੁਣ ਖੁਣ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕੁੜੀਆਂ ਦੇ ਹੱਕ ਵਿਚ ਵੱਡੀਆਂ ਵੱਡੀਆਂ ਫੜ੍ਹਾ ਮਾਰੀਆਂ ਜਾਂਦੀਆਂ ਹਨ, ਤੇ ਦੂਜੇ ਪਾਸੇ ਮਨੀਪੁਰ ਵਿਖੇ ਵਾਪਰੀ ਘਟਨਾ ਨੇ ਦੇਸ਼ ਵਾਸੀਆ ਦਾ ਦਿਲ ਦਹਿਲਾ ਕੇ ਰੱਖ ਦਿੱਤਾ ਹੈ। ਜਿਸ ਨਾਲ ਕੇਂਦਰ ਸਰਕਾਰ ਦੇ ਕੁੜੀਆਂ ਦੇ ਹੱਕ ਵਿੱਚ ਦਿੱਤੇ ਫੋਕੇ ਨਾਰਿਆਂ ਦੀਆਂ ਧੱਜੀਆਂ ਉੱਡ ਗਈਆਂ ਹਨ।



ਇਸ ਮੌਕੇ ਖੁਣ ਖੁਣ ਨੇ ਕਿਹਾ ਕਿ ਮਨੀਪੁਰ ਵਿਖੇ ਜੋ ਕੁੜੀਆਂ ਨੂੰ ਨਗਨ ਅਵਸਥਾ ਵਿੱਚ ਘੁਮਾਇਆ ਗਿਆ ਬਹੁਤ ਹੀ ਸ਼ਰਮਨਾਕ ਗੱਲ ਹੈ । ਉਸ ਸਮੇਂ ਪ੍ਰਸ਼ਾਸ਼ਨ ਅਤੇ ਸਰਕਾਰ ਕਿੱਥੇ ਸੀ ? ਦੋਸ਼ੀਆਂ ਦੀ ਇਸ ਹਰਕਤ ਨਾਲ ਪੂਰੇ ਦੇਸ਼ ਵਿੱਚ ਰੋਸ ਦੀ ਲਹਿਰ ਜਾਗ ਪਈ ਹੈ ਅਤੇ ਮੰਗ ਕੀਤੀ ਜਾ ਰਹੀ ਹੈ ਕਿ ਦੋਸ਼ੀਆਂ ਨੂੰ ਜਲਦ ਫੜ ਕੇ ਫੌਰਨ ਮੌਤ ਦੀ ਸਜ਼ਾ ਦਿੱਤੀ ਜਾਵੇ ਤਾਂ ਜੋ ਕੋਈ ਵੀ ਸ਼ਰਾਰਤੀ ਅਨਸਰ ਇਸ ਤਰ੍ਹਾਂ ਦੀ ਘਟਨਾ ਨੂੰ ਅੰਜਾਮ ਦੇਣ ਬਾਰੇ ਸੋਚ ਵੀ ਨਾ ਸਕੇ। ਸਰਕਾਰ ਨੂੰ ਕੁੜੀਆਂ ਦੇ ਹੱਕ ਵਿੱਚ ਸਖ਼ਤ ਫੈਸਲੇ ਲੈਣੇ ਚਾਹੀਦੇ ਹਨ ਤਾਂ ਜੋ ਦੇਸ਼ ਦੀਆਂ ਧੀਆਂ ਬੇਖੌਫ ਹੋ ਕੇ ਘਰੋਂ ਬਾਹਰ ਜਾ ਸਕਣ।

## ਮਨੀਪੁਰ 'ਚ ਵਾਪਰੀ ਅਣਮਨੁੱਖੀ ਘਟਨਾ ਨਾਲ ਭਾਜਪਾ ਦਾ ਅਸਲ ਚਿਹਰਾ ਨੰਗਾ ਹੋਇਆ : ਅਰੋੜਾ

ਟਾਂਡਾ ਉੜਮੁੜ, (ਰਵਿੰਦਰ ਸਿੰਘ) : ਮਨੀਪੁਰ ਵਿੱਚ ਵਾਪਰੀ ਅਨਮਨੁੱਖੀ ਘਟਨਾ ਅਤਿ ਨਿੰਦਣਯੋਗ ਹੈ ਅਤੇ ਇਸ ਨਾਲ ਭਾਜਪਾ ਦਾ ਅਸਲੀ ਚਿਹਰਾ ਬੇਨਕਾਬ ਹੋ ਗਿਆ ਹੈ ਇਹ ਗੱਲ ਆਪ ਆਗੂ ਸੁਖਵਿੰਦਰ ਸਿੰਘ ਅਰੋੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੀ ਇਸ ਮੌਕੇ ਅਰੋੜਾ ਨੇ ਮਨੀਪੁਰ ਵਿਖੇ ਹੋਈ ਘਟਨਾ ਨੂੰ ਦੇਸ਼ ਤੇ ਕਲੰਕ ਕਰਾਰ ਦਿੰਦਿਆਂ ਕਿਹਾ ਕਿ ਇਸ ਨਾਲ ਪੂਰਾ ਦੇਸ਼ ਸ਼ਰਮਸਾਰ ਹੋਇਆ ਹੈ ਉਨ੍ਹਾਂ ਕਿਹਾ ਕਿ ਅਜਿਹੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦੇਣੀ ਚਾਹੀਦੀ ਹੈ ਤਾਂ ਜੋ ਦੇਸ਼ ਵਿੱਚ ਅਜਿਹੀ ਘਿਨਾਉਣੀ ਹਰਕਤ ਕਰਨ ਦੀ ਕੋਈ ਜੁਰਤ ਨਾ ਕਰੇ। ਉਨ੍ਹਾਂ ਕਿਹਾ ਕਿ ਬੇਟੀ ਬਚਾਓ ਦਾ ਨਾਅਰਾ ਲਾਉਣ ਵਾਲੀ ਭਾਜਪਾ ਸਰਕਾਰ ਨੇ ਹੁਣ ਚੁੱਪ ਕਿਉਂ ਧਾਰੀ ਹੋਈ ਹੈ ਉਨ੍ਹਾਂ ਰਾਸ਼ਟਰਪਤੀ ਤੋਂ ਮੰਗ ਕੀਤੀ ਹੈ ਕਿ ਮਨੀਪੁਰ ਦੀ ਭਾਜਪਾ ਸਰਕਾਰ ਨੂੰ ਬਰਖਾਸਤ ਕਰਕੇ ਉੱਥੇ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਵੇ। ਇਸ ਮੌਕੇ ਪ੍ਰਧਾਨ ਜਗਜੀਵਨ ਜੱਗ ?ਹੀ ਨੇ ਗੱਲਬਾਤ ਕਰਦੇ ਹੋਏ ਕਿਹਾ ਕਿ ਦੇਸ਼ ਦੇ ਗ੍ਰਿਹ ਮੰਤਰੀ ਨੂੰ ਇਸ ਸਾਰੇ ਕਾਂਡ ਦੀ ਜੁੰਮੇਵਾਰੀ ਲੈਂਦੇ ਹੋਏ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਚਾਹੀਦਾ ਹੈ ਉਹਨਾਂ ਨੇ ਹੋਰ ਕਿਹਾ ਕਿ ਜਿਸ ਢੰਗ ਨਾਲ ਇਸ ਸਾਰੇ ਕਾਂਡ ਨੂੰ ਆਮ ਜਨਤਾ ਤੋਂ ਲੁਕੋ ਕੇ ਰੱਖਿਆ ਗਿਆ ਉਸ ਲਈ ਇਸ ਕਾਂਡ ਨਾਲ ਸੰਬੰਧਿਤ ਸਾਰੇ ਅਧਿਕਾਰੀਆਂ ਨੂੰ ਵੀ ਬਣਦੀ ਸਜ਼ਾ ਮਿਲਣੀ ਚਾਹੀਦੀ ਹੈ। ਇਸ ਮੌਕੇ ਆਪ ਆਗੂ ਰਜਿੰਦਰ ਸਿੰਘ ਮਾਰਸ਼ਲ, ਸੇਵਾ ਸਿੰਘ, ਬਲਜੀਤ ਸੈਣੀ ਆਦਿ ਮੌਜੂਦ ਸਨ।


ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਆਪ ਆਗੂ ਸੁਖਵਿੰਦਰ ਸਿੰਘ ਅਰੋੜਾ ਤੇ ਜਗਜੀਵਨ ਜੱਗੀ

## ਪੰਜਾਬ ਦੇ ਸੀਨੀਅਰ ਕਾਂਗਰਸ ਨੇਤਾ ਅਸ਼ਵਨੀ ਸੇਖੜੀ ਭਾਜਪਾ 'ਚ ਸ਼ਾਮਲ

ਚੰਡੀਗੜ੍ਹ : ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਵਿਧਾਇਕ ਅਸ਼ਵਨੀ ਸੇਖੜੀ ਇੱਥੇ ਭਾਜਪਾ ਦੀ ਸੂਬਾ ਇਕਾਈ ਪ੍ਰਧਾਨ ਸੁਨੀਲ ਜਾਖੜ ਦੀ ਮੌਜੂਦਗੀ ਵਿੱਚ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ। ਸ੍ਰੀ ਸੇਖੜੀ ਦਿੱਲੀ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰਨ ਅਤੇ ਪਾਰਟੀ ਵਿੱਚ ਸ਼ਾਮਲ ਹੋਣ ਦਾ ਇਰਾਦਾ ਜ਼ਾਹਰ ਕਰਨ ਤੋਂ ਕੁਝ ਦਿਨ ਬਾਅਦ ਭਾਜਪਾ ਵਿੱਚ ਆਏ ਸਨ। ਉਹ 1985, 2002 ਅਤੇ 2012 ਵਿੱਚ ਤਿੰਨ ਵਾਰ ਬਟਾਲਾ ਵਿਧਾਨ ਸਭਾ ਸੀਟ ਤੋਂ ਵਿਧਾਇਕ ਰਹੇ ਅਤੇ 2002-2007 ਵਿੱਚ ਅਮਰਿੰਦਰ ਸਿੰਘ ਸਰਕਾਰ ਵਿੱਚ ਮੰਤਰੀ ਰਹੇ।



## ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਹੜ੍ਹ ਪੀੜਤਾਂ ਦੀ ਮਦਦ ਲਈ ਹੋਏ ਖਾਲਸਾ ਏਡ 'ਚ ਸ਼ਾਮਿਲ

ਚੰਡੀਗੜ੍ਹ : ਸਿੱਧੂ ਮੂਸੇਵਾਲਾ ਨੂੰ ਅੱਜ ਦੇ ਸਮੇਂ ਵਿੱਚ ਦੁਨੀਆ ਦੇ ਹਰ ਕੋਨੇ ਵਿੱਚ ਜਾਣਿਆ ਜਾਂਦਾ ਹੈ। ਸਿੱਧੂ ਮੂਸੇਵਾਲਾ ਹਰ ਔਖੇ ਸਮੇਂ ਵਿੱਚ ਗਰੀਬ ਲੋਕਾਂ ਦੀ ਮਦਦ ਕਰਦਾ ਸੀ ਅਤੇ ਆਪਣੇ ਪ੍ਰਸ਼ੰਸਕਾਂ ਨੂੰ ਬਹੁਤ ਪਿਆਰ ਕਰਦਾ ਸੀ ।ਆਪਣੇ ਪੁੱਤ ਵਾਂਗ ਪਿਓ ਬਲਕੌਰ ਸਿੰਘ ਵੀ ਲੋੜਵੰਦਾਂ ਦੀ ਮਦਦ ਲਈ ਅੱਗੇ ਆਏ ਹਨ।

ਸਿੱਧੂ ਦੇ ਪਿਤਾ ਬਲਕੌਰ ਸਿੱਧੂ ਹੜ੍ਹ ਪੀੜਤਾਂ ਦੀ ਮਦਦ ਲਈ ਖਾਲਸਾ ਏਡ ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਨੇ ਹੜ੍ਹਾਂ ਕਾਰਨ ਪੀੜਤ ਲੋਕਾਂ ਨੂੰ ਭੋਜਨ, ਪਾਣੀ ਅਤੇ ਹੋਰ ਜ਼ਰੂਰੀ ਸਮਾਨ ਵੰਡਿਆ ।ਖਾਲਸਾ ਏਡ ਪੰਜਾਬ ਵਿੱਚ ਹੜ੍ਹਾਂ ਨਾਲ ਪ੍ਰਭਾਵਿਤ ਖੇਤਰਾਂ ਵਿੱਚ ਮਹੱਤਵਪੂਰਨ ਸਹਾਇਤਾ ਪ੍ਰਦਾਨ ਕਰ ਰਹੀ ਹੈ ।ਜਾਗਰੂਕਤਾ ਪੈਦਾ ਕਰਨ ਅਤੇ ਦੂਜਿਆਂ ਨੂੰ ਰਾਹਤ ਕਾਰਜਾਂ ਵਿੱਚ ਯੋਗਦਾਨ ਪਾਉਣ ਲਈ ਉਤਸ਼ਾਹਿਤ ਕਰਨ ਲਈ, ਉਨ੍ਹਾਂ ਨੇ ਇੱਕ ਵੀਡੀਓ ਸਾਂਝੀ ਕਰ ਕਿਹਾ ਕਿ ਭਾਰੀ ਮੀਂਹ ਕਾਰਨ ਪੰਜਾਬ ਦੇ ਕਈ ਇਲਾਕੇ ਹੜ੍ਹ ਦੀ ਮਾਰ ਝੱਲ ਰਹੇ ਹਨ, ਅਸੀਂ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਅੱਗੇ ਆਓ ਅਤੇ ਲੋੜਵੰਦਾਂ ਦੀ ਮਦਦ ਵਿੱਚ ਸ਼ਾਮਲ ਹੋਵੋ।



ਜਿਨ੍ਹਾਂ ਕੋਲ ਜ਼ਿਆਦਾ ਰਾਸ਼ਨ ਹੈ ਤਾਂ ਉਹ ਮਦਦ ਲਈ ਖਾਲਸਾ ਏਡ ਨਾਲ ਸੰਪਰਕ ਕਰ ਸਕਦੇ ਹਨ ਤਾਂਕਿ ਸਰਵਿਸ ਜਿਆਦਾ ਵਧੀਆ ਹੋ ਸਕੇ। ਸਰਸਾ ਰੋਡ ਦੇ ਉੱਤੇ ਖਾਲਸਾ ਏਡ ਵੱਲੋ ਵੇਅਰਹਾਊਸ ਬਣਾਇਆ ਗਿਆ ਹੈ ਜਿਥੇ ਰਾਸ਼ਨ ਅਤੇ ਗੱਟੇ ਜਮਾ ਕੀਤੇ ਜਾਂਦੇ ਹਨ। ਉਨ੍ਹਾਂ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਅਣਥੱਕ ਮਿਹਨਤ ਕਰ ਰਹੀ ਖਾਲਸਾ ਏਡ ਦੀ ਟੀਮ ਦਾ ਧੰਨਵਾਦ ਕੀਤਾ। ਵੀਡੀਓ ਵਿੱਚ ਪਿਤਾ ਬਲਕੌਰ ਸਿੰਘ ਨੂੰ ਇੱਕ ਕਿਸ਼ਤੀ ਵਿੱਚ ਬੈਠੇ ਦੇਖਿਆ ਜਾ ਸਕਦਾ ਹੈ। ਖਾਲਸਾ ਏਡ ਉਨ੍ਹਾਂ ਲੋਕਾਂ ਤੱਕ ਪਹੁੰਚਣ ਲਈ ਕਿਸ਼ਤੀਆਂ ਦੀ ਵਰਤੋਂ ਕਰ ਰਹੀ ਹੈ ਜੋ ਹੜ੍ਹਾਂ ਕਾਰਨ ਅਲੱਗ-ਥਲੱਗ ਹੋ ਗਏ ਹਨ।

# ਅਕਾਲੀ ਦਲ (ਅੰਮ੍ਰਿਤਸਰ) ਹੋਇਆ ਦੋਫਾੜ

## ਕੁਝ ਪਾਰਟੀ ਵਰਕਰਾਂ ਵੱਲੋਂ ਨਵੀਂ ਪਾਰਟੀ ਅਕਾਲੀ ਦਲ ਅੰਮ੍ਰਿਤਸਰ (ਫ਼ਤਹਿ) ਬਣਾਉਣ ਦਾ ਐਲਾਨ



ਲੁਧਿਆਣਾ : ਪੰਥ, ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਜਵਾਨੀ ਨੂੰ ਬਚਾਉਣ ਲਈ ਸਾਂਝਾ ਪ੍ਰੋਗਰਾਮ ਤਿਆਰ ਕਰਨ ਵਾਸਤੇ ਇੱਥੇ ਅੰਬੇਡਕਰ ਭਵਨ ਵਿੱਚ ਮਾਨ ਦਲ ਦੇ ਵਰਕਰਾਂ ਅਤੇ ਹੋਰ ਜਥੇਬੰਦੀਆਂ ਦੇ ਆਗੂਆਂ ਦੀ ਹੋਈ ਮੀਟਿੰਗ 'ਚ ਉਨ੍ਹਾਂ ਵੱਖਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫਤਹਿ) ਬਣਾਉਣ ਦਾ ਐਲਾਨ ਕੀਤਾ ਹੈ। ਜਥੇਦਾਰ ਜਸਵੰਤ ਸਿੰਘ ਚੀਮਾ ਵੱਲੋਂ ਰੱਖੀ ਗਈ ਮੀਟਿੰਗ ਵਿੱਚ ਸਿਮਰਨਜੀਤ ਸਿੰਘ ਮਾਨ ਨਾਲ ਲੰਮਾ ਸਮਾਂ ਕੰਮ ਕਰਨ ਵਾਲੇ ਭਾਈ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਵੀ ਹਾਜ਼ਰ ਹੋਏ। ਭਾਈ ਕਾਹਨ ਸਿੰਘ ਵਾਲਾ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਆਪਣੀ ਸਾਰੀ ਜ਼ਿੰਦਗੀ ਅਕਾਲੀ ਦਲ ਮਾਨ ਦੇ ਲੇਖੇ ਲਾ ਦਿੱਤੀ ਪਰ ਪਾਰਟੀ ਨੇ ਉਨ੍ਹਾਂ ਦੀ ਕਦਰ ਨਹੀਂ ਪਾਈ ਅਤੇ ਜ਼ਲੀਲ ਕਰ ਕੇ ਪਾਰਟੀ 'ਚੋਂ ਕੱਢ ਦਿੱਤਾ। ਉਨ੍ਹਾਂ ਦੱਸਿਆ ਕਿ ਉਹ 26 ਜੁਲਾਈ ਨੂੰ ਸਾਥੀਆਂ ਸਮੇਤ ਅਕਾਲ ਤਖ਼ਤ ਸਾਹਿਬ ਨਤਮਸਤਕ ਹੋ ਕੇ ਪੰਥ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਨਗੇ। ਇਸ ਮੌਕੇ ਪੰਜਾਬ ਦੇ ਸਾਰੇ ਜ਼ਿਲ੍ਹਾ ਪ੍ਰਧਾਨਾਂ ਅਤੇ ਹੋਰ ਵੱਖ-ਵੱਖ ਅਹੁਦੇਦਾਰਾਂ ਦਾ ਐਲਾਨ ਕੀਤਾ ਜਾਵੇਗਾ। ਇਸ ਮੌਕੇ ਜਸਵੰਤ ਸਿੰਘ ਚੀਮਾ ਨੇ ਕਿਹਾ ਕਿ ਉਹ ਪੰਥਕ ਸਨ ਅਤੇ ਰਹਿਣਗੇ। ਕੁਝ ਪਾਰਟੀ ਵਿਰੋਧੀ ਲੋਕਾਂ ਵੱਲੋਂ ਉਨ੍ਹਾਂ ਨਾਲ ਨਿੱਜੀ ਰੰਜਿਸ਼ ਰੱਖਦਿਆਂ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਮੌਕੇ ਨਵਨੀਤ ਕੁਮਾਰ ਗੋਪੀ, ਚਾਂਦ ਮੁਹੰਮਦ ਬਿੱਟੂ, ਡਾ. ਐੱਚਐੱਸ ਪੰਨੂ, ਮਨਜੀਤ ਸਿੰਘ ਸਿਆਲਕੋਟੀ, ਹਰਮੀਤ ਸਿੰਘ ਭਾਮੀਆਂ, ਲਖਵੀਰ ਸਿੰਘ ਸੋਟੀ, ਅੰਮ੍ਰਿਤਪਾਲ ਸਿੰਘ ਲੌਂਗੋਵਾਲ ਵੀ ਹਾਜ਼ਰ ਸਨ।

# ਸ਼ਰਾਫਤ ਦਾ ਚੋਲਾ ਪਾ ਕੇ ਲੋਕਾਂ ਨੂੰ ਲੁੱਟ ਅਤੇ ਸੈਕਸ ਅਪਰਾਧ ਕਰ ਰਹੇ ਕੁਝ ਬਾਬੇ

ਅੱਜ ਦੇ ਵਿਗਿਆਨਕ ਯੁੱਗ 'ਚ ਵੀ ਅੰਧ-ਵਿਸ਼ਵਾਸੀ ਲੋਕਾਂ ਦੀ ਕਮੀ ਨਹੀਂ ਹੈ। ਸਮਾਜ 'ਚ ਵੱਡੀ ਗਿਣਤੀ 'ਚ ਅਜਿਹੇ ਪਾਖੰਡੀ ਬਾਬੇ ਅਤੇ ਤਾਂਤਰਿਕ ਮੌਜੂਦ ਹਨ ਜੋ ਸ਼ਰਾਫਤ ਦਾ ਚੋਲਾ ਪਾ ਕ ਭੋਲੇ-ਭਾਲੇ ਲੋਕਾਂ ਦੀਆਂ ਮਜਬੂਰੀਆਂ ਦਾ ਫਾਇਦਾ ਉਠਾ ਕੇ ਉਨ੍ਹਾਂ ਨੂੰ ਲੁੱਟ ਰਹੇ ਹਨ ਅਤੇ ਔਰਤਾਂ ਦਾ ਸੈਕਸ ਸ਼ੋਸ਼ਣ ਕਰ ਰਹੇ ਹਨ।



ਇਸ ਦੀ ਉਦਾਹਰਣ 27 ਜੂਨ ਨੂੰ ਸਾਹਮਣੇ ਆਈ ਜਦੋਂ ਗੁਨਾ (ਮੱਧ ਪ੍ਰਦੇਸ਼) 'ਚ ਲੋਕਾਂ ਦੀਆਂ ਸਮੱਸਿਆਵਾਂ ਦੂਰ ਕਰਨ ਦੇ ਬਹਾਨੇ ਉਨ੍ਹਾਂ ਨਾਲ ਠੱਗੀ ਮਾਰਨ ਵਾਲੇ ਇਕ 'ਯੂ-ਟਿਊਬਰ ਬਾਬਾ' ਨੂੰ ਇਕ ਪੀੜਤਾ ਦੀ ਸ਼ਿਕਾਇਤ 'ਤੇ ਗ੍ਰਿਫਤਾਰ ਕੀਤਾ ਗਿਆ।

ਇਸ ਪੀੜਤਾ ਮੁਤਾਬਕ ਯੂ-ਟਿਊਬਰ ਬਾਬੇ ਦੇ ਝਾਂਸੇ 'ਚ ਆ ਕੇ ਉਸ ਨੇ ਮਿਊਚੁਅਲ ਫੰਡ 'ਚ ਲਾਉਣ ਲਈ 5.50 ਲੱਖ ਰੁਪਏ ਉਸ ਨੂੰ ਆਨਲਾਈਨ ਟਰਾਂਸਫਰ ਕਰ ਦਿੱਤੇ ਪਰ ਠੱਗ ਬਾਬਾ ਉਸ ਦੀ ਰਕਮ ਡਕਾਰ ਗਿਆ। ਪੁਲਸ ਵੱਲੋਂ ਉਕਤ ਬਾਬੇ ਦੀ ਗ੍ਰਿਫਤਾਰੀ ਪਿੱਛੋਂ ਖੁਲਾਸਾ ਹੋਇਆ ਕਿ ਉਸ ਨੇ ਤੰਤਰ-ਮੰਤਰ ਦੇ ਨਾਂ 'ਤੇ ਵੱਡੀ ਗਿਣਤੀ 'ਚ ਹੋਰ ਲੋਕਾਂ ਕੋਲੋਂ ਵੀ ਸਾਢੇ 5 ਕਰੋੜ ਰੁਪਏ ਦੀ ਠੱਗੀ ਕੀਤੀ ਹੈ।

ਇਹੀ ਨਹੀਂ, ਇਸ ਤੋਂ ਪਹਿਲਾਂ ਸਿਰਫ 4 ਦਿਨਾਂ 'ਚ ਪਾਖੰਡੀ ਬਾਬਿਆਂ ਵੱਲੋਂ ਸੈਕਸ ਸ਼ੋਸ਼ਣ ਦੇ 2 ਮਾਮਲੇ ਸਾਹਮਣੇ ਆਏ ਹਨ। ਪਹਿਲੇ ਮਾਮਲੇ 'ਚ 20 ਜੂਨ ਨੂੰ ਲਾਲਗੜ੍ਹ ਜੱਟਾਂ (ਰਾਜਸਥਾਨ) ਥਾਣੇ ਦੀ ਪੁਲਸ ਨੇ ਪਿੰਡ 'ਹਾਕਮਾਬਾਦ' ਦੇ ਇਕ ਪਾਖੰਡੀ ਬਾਬੇ ਨੂੰ ਆਪਣੇ ਘਰ ਬਣੀ ਸਮਾਧ 'ਤੇ ਮੱਥਾ ਟੇਕਣ ਆਈ ਇਕ ਅੱਲ੍ਹੜ ਨਾਲ ਜਬਰ-ਜ਼ਨਾਹ ਕਰਨ ਦੇ ਦੋਸ਼ 'ਚ ਗ੍ਰਿਫਤਾਰ ਕੀਤਾ।

ਇਸੇ ਤਰ੍ਹਾਂ 24 ਜੂਨ ਨੂੰ ਫਤਿਹਾਬਾਦ (ਹਰਿਆਣਾ) ਪੁਲਸ ਨੇ ਝਾੜ-ਫੂਕ ਦੇ ਨਾਂ 'ਤੇ ਇਕ ਮਹਿਲਾ ਨਾਲ ਜਬਰ-ਜ਼ਨਾਹ, ਗੈਰ-ਕੁਦਰਤੀ ਸੈਕਸ ਅਤੇ ਬਲੈਕਮੇਲ ਕਰਨ ਦੇ ਦੋਸ਼ 'ਚ ਇਕ ਤਾਂਤਰਿਕ ਬਾਬੇ ਵਿਰੁੱਧ ਕੇਸ ਦਰਜ ਕੀਤਾ।

ਪੀੜਤਾ ਦੇ ਪਿਤਾ ਮੁਤਾਬਕ ਉਹ ਆਪਣੀ ਧੀ ਨੂੰ ਇਲਾਜ ਲਈ ਇਸ ਬਾਬੇ ਕੋਲ ਲੈ ਕੇ ਗਿਆ, ਜਿੱਥੇ ਉਸ ਨੇ ਉਸ 'ਤੇ ਭੂਤ ਦਾ ਪਰਛਾਵਾਂ ਹੋਣ ਦੀ ਗੱਲ ਕਹਿ ਕੇ ਮੰਤਰ ਸਿੱਧ ਭਭੂਤੀ ਪਾਣੀ 'ਚ ਘੋਲ ਕੇ ਪਿਆਉਣ ਪਿੱਛੋਂ ਇਲਾਜ ਕਰਨ ਦੇ ਬਹਾਨੇ ਉਸ ਨੂੰ ਇਕ ਕਮਰੇ 'ਚ ਲੈ ਗਿਆ ਅਤੇ ਉੱਥੇ ਉਸ ਨੂੰ ਬੇਹੋਸ਼ ਕਰ ਕੇ ਉਸ ਨਾਲ ਜਬਰ-ਜ਼ਨਾਹ ਕਰਨ ਤੋਂ ਇਲਾਵਾ ਮੋਬਾਈਲ 'ਤੇ ਉਸ ਦੀਆਂ ਅਸ਼ਲੀਲ ਤਸਵੀਰਾਂ ਵੀ ਖਿੱਚ ਲਈਆਂ।


ਯਕੀਨਨ ਹੀ ਅਜਿਹੀਆਂ ਘਟਨਾਵਾਂ ਸੰਤ ਸਮਾਜ ਦੀ ਬਦਨਾਮੀ ਦਾ ਕਾਰਨ ਬਣ ਰਹੀਆਂ ਹਨ। ਇਸ ਲਈ ਕਿਸੇ ਹੱਦ ਤਕ ਔਰਤਾਂ ਵੀ ਦੋਸ਼ੀ ਹਨ ਜੋ ਅਜਿਹੇ ਬਾਬਿਆਂ ਦੀ ਭਾਸ਼ਣ ਕਲਾ ਤੋਂ ਪ੍ਰਭਾਵਿਤ ਹੋ ਕੇ ਇਨ੍ਹਾਂ ਦੇ ਝਾਂਸੇ 'ਚ ਆ ਜਾਂਦੀਆਂ ਹਨ ਅਤੇ ਸਮੱਸਿਆ ਦੇ ਹੱਲ ਆਦਿ ਦੇ ਲੋਭ 'ਚ ਆਪਣਾ ਸਭ ਕੁਝ ਲੁਟਾ ਬੈਠਦੀਆਂ ਹਨ। ਲਿਹਾਜ਼ਾ ਇਸ ਮਾਮਲੇ 'ਚ ਔਰਤਾਂ ਨੂੰ ਵੀ ਬੇਹੱਦ ਸਾਵਧਾਨੀ ਵਰਤਣ ਦੀ ਲੋੜ ਹੈ।

# ਮੁੱਖ ਮੰਤਰੀ ਨੇ 72 ਪ੍ਰਿੰਸੀਪਲਾਂ ਦੇ ਬੈਚ ਨੂੰ ਸਿੰਗਾਪੁਰ ਲਈ ਰਵਾਨਾ ਕੀਤਾ



ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ 72 ਪ੍ਰਿੰਸੀਪਲਾਂ ਦੇ ਤੀਜੇ ਤੇ ਚੌਥੇ ਬੈਚ ਨੂੰ 'ਸਿੰਗਾਪੁਰ ਪ੍ਰਿੰਸੀਪਲਜ਼ ਟਰੇਨਿੰਗ ਅਕੈਡਮੀ' ਲਈ ਰਵਾਨਾ ਕੀਤਾ। ਇਸ ਮੌਕੇ ਮਾਨ ਨੇ ਕਿਹਾ ਕਿ ਸਿੱਖਿਆ ਦੇ ਖੇਤਰ ਵਿੱਚ ਪੰਜਾਬ ਨਵੀਂ ਕ੍ਰਾਂਤੀ ਵੱਲ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਪ੍ਰਿੰਸੀਪਲਾਂ ਤੇ ਅਧਿਆਪਕਾਂ ਨੂੰ ਵਿਦੇਸ਼ਾਂ 'ਚ ਸਿਖਲਾਈ ਲਈ ਭੇਜਿਆ ਜਾ ਰਿਹਾ ਹੈ ਜਦੋਂ ਕਿ ਵਿਦਿਆਰਥੀ ਇਸਰੋ 'ਚ ਚੰਦਰਯਾਨ-3 ਲਾਂਚਿੰਗ ਵਰਗੇ ਸ਼ਾਨਦਾਰ ਮੌਕਿਆਂ ਦੇ ਗਵਾਹ ਬਣ ਰਹੇ ਹਨ। ਉਨ੍ਹਾਂ ਕਿਹਾ ਕਿ 'ਸਕੂਲ ਆਫ ਐਮੀਨੈਂਸ' ਬੱਚਿਆਂ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਵਿਦਿਅਕ ਤੇ ਸਿਲੇਬਸ ਤੋਂ ਬਾਹਰੀ ਗਤੀਵਿਧੀਆਂ ਦੇ ਕੇਂਦਰ ਵਜੋਂ ਉਭਰਿਆ ਹੈ। ਇਨ੍ਹਾਂ ਉਪਰਾਲਿਆਂ ਦਾ ਉਦੇਸ਼ ਸੂਬੇ ਵਿੱਚ ਵਿਦੇਸ਼ ਜਾ ਰਹੇ ਨੌਜਵਾਨਾਂ ਦੇ ਰੁਝਾਨ ਨੂੰ ਖ਼ਤਮ ਕਰਨਾ ਅਤੇ ਨੌਜਵਾਨਾਂ ਦੀ ਊਰਜਾ ਨੂੰ ਸਾਕਾਰਾਤਮਕ ਦਿਸ਼ਾ ਵੱਲ ਲਿਜਾਣਾ ਹੈ। ਉਹ ਦਿਨ ਦੂਰ ਨਹੀਂ, ਜਦੋਂ ਸੂਬੇ ਦੇ ਵਿਦਿਆਰਥੀ ਹਰ ਖੇਤਰ 'ਚ ਮੱਲਾਂ ਮਾਰਨਗੇ ਤੇ ਸੂਬੇ ਦਾ ਨਾਂ ਰੌਸ਼ਨ ਕਰਨਗੇ ਮੁੱਖ ਮੰਤਰੀ ਨੇ ਉਮੀਦ ਜਤਾਈ ਕਿ ਸਿਖਲਾਈ ਦੌਰਾਨ ਇਹ ਪ੍ਰਿੰਸੀਪਲ ਵਿਦੇਸ਼ਾਂ 'ਚ ਪ੍ਰਚਲਿਤ ਆਧੁਨਿਕ ਅਧਿਆਪਨ ਮੁਹਾਰਤ ਹਾਸਲ ਕਰਨਗੇ।

# ਅਕਾਲੀ ਦਲ ਨੇ ਭਾਜਪਾ ਆਗੂਆਂ ਨੂੰ ਕਿਸਾਨਾਂ ਨਾਲ ਸਿੱਧੀ ਗੱਲਬਾਤ ਤੋਂ ਰੋਕਿਆ ਸੀ: ਜਾਖੜ



ਸੰਗਰੂਰ : ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਹੈ ਕਿ ਖੇਤੀ ਬਿੱਲਾਂ ਬਾਰੇ ਸ਼੍ਰੋਮਣੀ ਅਕਾਲੀ ਦਲ ਨੇ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਨੂੰ ਕਿਸਾਨਾਂ ਨਾਲ ਸਿੱਧੀ ਗੱਲਬਾਤ ਕਰਨ ਤੋਂ ਰੋਕੀ ਰੱਖਿਆ ਸੀ ਜਿਸ ਕਾਰਨ ਪੰਜਾਬ ਵਿਚ ਰਾਜਸੀ ਉਥਲ-ਪੁਥਲ ਹੋਈ। ਉਨ੍ਹਾਂ ਕਿਹਾ ਕਿ ਜੇਕਰ ਕਿਸਾਨਾਂ ਨਾਲ ਭਾਜਪਾ ਲੀਡਰਸ਼ਿਪ ਦੀ ਸ਼ੁਰੂਆਤ 'ਚ ਹੀ ਸਿੱਧੀ ਗੱਲਬਾਤ ਹੋ ਗਈ ਹੁੰਦੀ ਤਾਂ ਕਿਸਾਨਾਂ ਨੂੰ ਅੰਦੋਲਨ ਕਰਨ ਦੀ ਲੋੜ ਨਹੀਂ ਪੈਣੀ ਸੀ।

ਸ੍ਰੀ ਜਾਖੜ ਦੇਰ ਸ਼ਾਮ ਇਥੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਦੀ ਰਿਹਾਇਸ਼ 'ਤੇ ਪੁੱਜੇ ਸਨ ਜਿਨ੍ਹਾਂ ਦਾ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਨਿੱਘਾ ਸਵਾਗਤ ਕੀਤਾ। ਇਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਸ੍ਰੀ ਜਾਖੜ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਐੱਨਡੀਏ ਦੀ ਹੋਈ ਮੀਟਿੰਗ ਵਿਚ ਸੁਖਦੇਵ ਸਿੰਘ ਢੀਂਡਸਾ ਨੇ ਪੰਜਾਬ, ਪੰਥ ਅਤੇ ਕਿਸਾਨੀ ਨਾਲ ਸਬੰਧਤ ਜੋ ਮੁੱਦੇ ਉਠਾਏ ਸਨ, ਉਸ ਸਬੰਧੀ ਕੌਮੀ ਪੱਧਰ ਦੀ ਇਕ ਕਮੇਟੀ ਬਣਾਈ ਜਾ ਰਹੀ ਹੈ ਤਾਂ ਜੋ ਇਨ੍ਹਾਂ ਮੁੱਦਿਆਂ ਨੂੰ ਸਾਰਥਕ ਢੰਗ ਨਾਲ ਹੱਲ ਕਰਵਾਇਆ ਜਾ ਸਕੇ। ਪੰਜਾਬ 'ਚ ਹੜ੍ਹਾਂ ਕਾਰਨ ਹੋਈ ਤਬਾਹੀ ਦਾ ਜ਼ਿਕਰ ਕਰਦਿਆਂ ਸ੍ਰੀ ਜਾਖੜ ਨੇ ਦੋਸ਼ ਲਾਇਆ ਕਿ ਭਗਵੰਤ ਮਾਨ ਸਰਕਾਰ ਨੇ ਨਾ ਹੀ ਸਮੇਂ ਸਿਰ ਹੜ੍ਹਾਂ ਦੇ ਬਚਾਅ ਲਈ ਪੁਖ਼ਤਾ ਪ੍ਰਬੰਧ ਕੀਤੇ ਅਤੇ ਨਾ ਹੀ ਹੜ੍ਹ ਪੀੜਤਾਂ ਦੀ ਸੁਚਾਰੂ ਢੰਗ ਨਾਲ ਮਦਦ ਕੀਤੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਸ਼ੁਰੂ ਵਿਚ ਹੀ ਹੜ੍ਹਾਂ ਲਈ 280 ਕਰੋੜ ਰੁਪਏ ਪੰਜਾਬ ਸਰਕਾਰ ਨੂੰ ਭੇਜੇ ਸਨ ਪਰ ਸਰਕਾਰ ਉਸ ਨੂੰ ਸੁਚਾਰੂ ਢੰਗ ਨਾਲ ਖ਼ਰਚ ਕਰਨ ਵਿਚ ਅਸਫ਼ਲ ਰਹੀ। ਸ੍ਰੀ ਜਾਖੜ ਭਲਕੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨਾਲ ਘੱਗਰ ਪੀੜਤ ਪਰਿਵਾਰਾਂ ਨਾਲ ਗੱਲਬਾਤ ਕਰਨਗੇ ਅਤੇ ਹੜ੍ਹਾਂ ਦਾ ਜਾਇਜ਼ਾ ਲੈਣਗੇ। ਇਸ ਮੌਕੇ ਅਰਵਿੰਦ ਖੰਨਾ, ਪਰਮਿੰਦਰ ਸਿੰਘ ਬਰਾੜ, ਗੁਰਬਚਨ ਸਿੰਘ ਬਚੀ, ਸੁਖਵੰਤ ਸਿੰਘ ਸਰਾਓ, ਮਲਕੀਤ ਸਿੰਘ ਚੰਗਾਲ, ਹਰਦੇਵ ਸਿੰਘ ਰੋਗਲਾ, ਰਾਮਪਾਲ ਸਿੰਘ ਬਹਿਣੀਵਾਲ, ਮੁਹੰਮਦ ਤੁਫੈਲ, ਸਤਗੁਰ ਸਿੰਘ ਨਮੋਲ, ਪ੍ਰਿਤਪਾਲ ਸਿੰਘ ਹਾਂਡਾ, ਰੈਮੀ ਢਿੱਲੋਂ, ਭੋਲਾ ਸਿੰਘ ਛੀਨੀਵਾਲ, ਕੇਵਲ ਸਿੰਘ ਜਲਾਨ, ਅਜੈਬ ਸਿੰਘ ਸਿੱਧੂ, ਅਜੀਤ ਸਿੰਘ ਕੁਤਬਾ, ਗੁਰਮੀਤ ਸਿੰਘ ਜੌਹਲ, ਹਰਪ੍ਰੀਤ ਸਿੰਘ ਢੀਂਡਸਾ, ਪ੍ਰੀਤਮ ਸਿੰਘ ਮੰਗਵਾਲ ਆਦਿ ਮੌਜੂਦ ਸਨ।

# ਵਿਜੀਲੈਂਸ ਨੇ ਮਨਪ੍ਰੀਤ ਕੋਲੋਂ ਪੰਜ ਘੰਟੇ ਪੁੱਛ-ਪੜਤਾਲ ਕੀਤੀ

## ਸਰੂਪ ਸਿੰਗਲਾ ਦੀ ਪਲਾਟ ਸਬੰਧੀ ਦਿੱਤੀ ਸ਼ਿਕਾਇਤ 'ਤੇ ਵਿਜੀਲੈਂਸ ਕਰ ਰਹੀ ਹੈ ਜਾਂਚ



ਬਠਿੰਡਾ : ਪਲਾਟ ਮਾਮਲੇ ਵਿੱਚ ਵਿਜੀਲੈਂਸ ਜਾਂਚ ਦਾ ਸਾਹਮਣਾ ਕਰ ਰਹੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਕੋਲੋਂ ਅੱਜ ਵਿਜੀਲੈਂਸ ਬਿਊਰੋ ਨੇ ਤਕਰੀਬਨ ਪੰਜ ਘੰਟੇ ਪੁੱਛ-ਪੜਤਾਲ ਕੀਤੀ। ਮਨਪ੍ਰੀਤ ਬਾਦਲ ਅੱਜ ਸਵੇਰੇ 11.30 ਵਜੇ ਦੇ ਕਰੀਬ ਇੱਥੇ ਵਿਜੀਲੈਂਸ ਦਫ਼ਤਰ ਪੁੱਜੇ। ਇਸ ਮੌਕੇ ਉਨ੍ਹਾਂ ਦੇ ਵੱਡੀ ਗਿਣਤੀ ਸਮਰਥਕ ਸਥਾਨਕ ਸਰਕਟ ਹਾਊਸ ਪੁੱਜੇ ਹੋਏ ਸਨ। ਜ਼ਿਕਰਯੋਗ ਹੈ ਕਿ ਸਾਬਕਾ ਵਿਧਾਇਕ ਅਤੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸਰੂਪ ਚੰਦ ਸਿੰਗਲਾ ਵੱਲੋਂ ਇੱਕ ਪਲਾਟ ਦੇ ਮਾਮਲੇ ਵਿੱਚ ਕੀਤੀ ਗਈ ਸ਼ਿਕਾਇਤ 'ਤੇ ਮਨਪ੍ਰੀਤ ਬਾਦਲ ਨੂੰ ਵਿਜੀਲੈਂਸ ਜਾਂਚ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸਿੰਗਲਾ ਨੇ ਦੋਸ਼ ਲਗਾਏ ਸਨ ਕਿ ਕਾਂਗਰਸ ਸਰਕਾਰ ਦੌਰਾਨ ਵਿੱਤ ਮੰਤਰੀ ਹੁੰਦਿਆਂ ਮਨਪ੍ਰੀਤ ਬਾਦਲ ਨੇ ਆਪਣੇ ਅਹੁਦੇ ਦਾ ਫ਼ਾਇਦਾ ਉਠਾਉਂਦੇ ਹੋਏ ਮਹਿੰਗੇ ਭਾਅ ਦੇ ਪਲਾਟ ਨੂੰ ਸਸਤੇ ਭਾਅ ਖ਼ਰੀਦ ਕਿ ਸਰਕਾਰ ਨੂੰ ਕਰੋੜਾਂ ਰੁਪਏ ਦਾ ਚੂਨਾ ਲਾਇਆ ਸੀ। ਮਨਪ੍ਰੀਤ ਸਿੰਘ ਬਾਦਲ 'ਤੇ ਦੋਸ਼ ਹਨ ਕਿ ਉਨ੍ਹਾਂ ਵਿੱਤ ਮੰਤਰੀ ਹੁੰਦਿਆਂ ਬਠਿੰਡਾ ਦੇ ਪੌਸ਼ ਇਲਾਕੇ ਮਾਡਲ ਟਾਊਨ ਫ਼ੇਜ਼-1 ਵਿੱਚ ਇੱਕ ਵਪਾਰਕ ਪਲਾਟ ਨੂੰ ਰਿਹਾਇਸ਼ੀ ਪਲਾਟ 'ਚ ਤਬਦੀਲ ਕਰਵਾ ਕੇ ਆਪਣੇ ਕਿਸੇ ਨਜ਼ਦੀਕੀ ਰਾਹੀਂ ਇਹ ਪਲਾਟ ਖ਼ਰੀਦ ਲਿਆ। ਇਸ ਸਬੰਧ ਵਿੱਚ ਅੱਜ ਵਿਜੀਲੈਂਸ ਬਿਊਰੋ ਦੀ ਟੀਮ ਵੱਲੋਂ ਉਨ੍ਹਾਂ ਕੋਲੋਂ ਤਕਰੀਬਨ ਪੰਜ ਘੰਟੇ ਪੁੱਛਗਿਛ ਕੀਤੀ ਗਈ। ਉਹ ਸ਼ਾਮ ਨੂੰ 4.45 ਵਜੇ ਦੇ ਕਰੀਬ ਵਿਜੀਲੈਂਸ ਦਫ਼ਤਰ 'ਚੋਂ ਬਾਹਰ ਆਏ। ਇਸ ਤੋਂ ਬਾਅਦ ਇਕ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਮਨਪ੍ਰੀਤ ਬਾਦਲ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜਿੰਨਾ ਮਰਜ਼ੀ ਜ਼ੋਰ ਲਾ ਲੈਣ ਪਰ ਉਹ ਕਿਸੇ ਜਾਂਚ ਤੋਂ ਡਰਨ ਵਾਲੇ ਨਹੀਂ ਹਨ ਕਿਉਂਕਿ ਉਹ ਸਿਰਫ਼ ਆਪਣੇ ਪਿਤਾ ਤੇ ਰੱਬ ਤੋਂ ਡਰਦੇ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵਾਂਗ ਟੋਪੀ ਅਤੇ ਮੂੰਹ 'ਤੇ ਮਾਸਕ ਲਗਾ ਕਿ ਮੁੱਖ ਮੰਤਰੀ ਦੇ ਗੋਡੇ ਹੱਥ ਲਾਉਣ ਵਾਲਿਆਂ ਵਿੱਚੋਂ ਨਹੀਂ ਹਨ। ਮਨਪ੍ਰੀਤ ਬਾਦਲ ਨੇ ਕਿਹਾ ਕਿ ਉਹ ਵਿਜੀਲੈਂਸ ਜਾਂਚ ਦਾ ਸਵਾਗਤ ਕਰਦੇ ਹਨ। ਉਨ੍ਹਾਂ ਕਿਹਾ ਕਿ ਹਰੇਕ ਉਹ ਸ਼ਖ਼ਸ ਜੋ ਲੋਕਾਂ ਦਾ ਨੁਮਾਇੰਦਾ ਹੈ, ਨੂੰ ਜਨਤਾ ਦੀ ਕਚਹਿਰੀ ਵਿੱਚ ਜਵਾਬ ਦੇਣ ਲਈ ਤਿਆਰ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਿੱਥੋਂ ਤੱਕ ਪਲਾਟ ਖ਼ਰੀਦਣ ਦਾ ਸਬੰਧ ਹੈ, ਬੀਡੀਏ ਵੱਲੋਂ ਨਾ ਵਿਕਣ ਦੀ ਸੂਰਤ ਵਿੱਚ ਇਨ੍ਹਾਂ ਕਮਰਸ਼ੀਅਲ ਪਲਾਟਾਂ ਨੂੰ ਰਿਹਾਇਸ਼ੀ ਪਲਾਟਾਂ 'ਚ ਤਬਦੀਲ ਕੀਤਾ ਗਿਆ ਸੀ ਅਤੇ ਉਨ੍ਹਾਂ ਨੇ ਨਾ ਚਾਹੁੰਦੇ ਹੋਏ ਵੀ ਸਥਾਨਕ ਸਮਰਥਕਾਂ ਦੇ ਕਹਿਣ 'ਤੇ ਆਪਣਾ ਗੁਰੂਗ੍ਰਾਮ ਵਾਲਾ ਫਲੈਟ ਵੇਚ ਕੇ ਇਹ ਪਲਾਟ ਖ਼ਰੀਦਿਆ ਸੀ।

# ਸਿੱਖ ਸਪੋਰਟਸ ਐਸੋਸੀਏਸ਼ਨ ਦਾ 15ਵਾਂ ਖੇਡ ਟੂਰਨਾਮੈਂਟ ਯਾਦਗਾਰੀ ਹੋ ਨਿਬੜਿਆ

## ਦੋ ਦਿਨ ਵਿੱਚ ਸੈਂਕੜੇ ਖਿਡਾਰੀਆਂ ਨੇ ਲਿਆ ਹਿੱਸਾ




ਸਿੱਖ ਸਪੋਰਟਸ ਐਸੋਸੀਏਸ਼ਨ ਦੇ ਮੈਂਬਰ ਸਾਹਿਬਾਨ ਅਤੇ ਹੋਰ ਆਗੂ



ਕਮਿਊਨਿਟੀ ਦੇ ਉਘੇ ਆਗੂ ਸ੍ਰ. ਕਸ਼ਮੀਰ ਸਿੰਘ ਧੁੱਗਾ (ਕਾਸਖੈਬਕਰ), ਸ੍ਰ. ਹਰਮਿੰਦਰ ਸਿੰਘ ਸੋਢੀ, ਗੁਰਦਾਵਰ ਸਿੰਘ ਮਾਨ, ਸ੍ਰ. ਬਲਬੀਰ ਸਿੰਘ ਸੀਮਾਰ, ਸ੍ਰ. ਮਹਿੰਗਾ ਸਿੰਘ ਸਰਪੰਚ, ਸ੍ਰੀ ਸੁੱਚਾ ਰਾਮ ਭਾਟਰਾ, ਸ੍ਰ. ਗੁਰਬਖਸ਼ ਸਿੰਘ ਢਿੱਲੋਂ ਸੈਨਹੋਜ਼ੇ ਅਤੇ ਹੋਰ ਆਗੂ।





ਕਬੱਡੀ ਖਿਡਾਰੀਆਂ ਨੂੰ ਸਨਮਾਨਿਤ ਕਰਦੇ ਹੋਏ ਕਮਿਊਨਿਟੀ ਦੇ ਉਘੇ ਆਗੂ ਸ੍ਰ. ਉਮਰਜੀਤ ਸਿੰਘ ਸੰਧੂ, ਸ੍ਰ. ਦਰਸ਼ਨ ਸਿੰਘ ਔਜਲਾ, ਸ੍ਰ. ਸੁਖਵੰਤ ਸਿੰਘ ਢਿੱਲੋਂ, ਸ੍ਰ. ਮੱਖਣ ਸਿੰਘ ਬੈਂਸ, ਸ੍ਰ. ਜਸਵਿੰਦਰ ਸਿੰਘ ਸੋਹਲ, ਸ੍ਰ. ਰਾਜਿੰਦਰਪਾਲ ਸਿੰਘ ਢਿੱਲੋਂ, ਸ੍ਰ. ਅਮਰਜੀਤ ਸਿੰਘ ਸਿੱਧੂ, ਸ੍ਰ. ਗੁਰਚਰਨ ਸਿੰਘ ਮਾਨ, ਉਲੰਪੀਅਨ ਗੋਲਡ ਮੈਡਲਿਸਟ ਅਤੇ ਵਰਲਡ ਰਿਕਾਰਡ ਹੋਲਡਰ **Eddie Hart**, ਸ੍ਰ. ਰਾਣਾ ਕਾਹਲੋਂ, ਸ੍ਰ. ਕੁਲਦੀਪ ਸਿੰਘ ਸਿੱਧੂ, ਸ੍ਰ. ਕਸ਼ਮੀਰ ਸਿੰਘ ਧੁੱਗਾ, ਸ੍ਰ. ਹਰਮਿੰਦਰ ਸਿੰਘ ਸੋਢੀ, ਗੁਰਦਾਵਰ ਸਿੰਘ ਮਾਨ, ਸ੍ਰ. ਬਲਬੀਰ ਸਿੰਘ ਸੀਮਾਰ, ਸ੍ਰ. ਮਹਿੰਗਾ ਸਿੰਘ ਸਰਪੰਚ, ਸ੍ਰੀ ਸੁੱਚਾ ਰਾਮ ਭਾਟਰਾ, ਸ੍ਰ. ਗੁਰਬਖਸ਼ ਸਿੰਘ ਢਿੱਲੋਂ ਸੈਨਹੋਜ਼ੇ, ਸ੍ਰ. ਕੁਲਵੰਤ ਸਿੰਘ ਖਹਿਰਾ, ਸ੍ਰ. ਸੁਖਵੰਤ

ਯੂਨੀਅਨ ਸਿਟੀ/ਕੈਲੀਫੋਰਨੀਆ : ਅਮਰੀਕਾ ਵਿੱਚ ਸਿੱਖਾਂ ਦੀ ਜਾਣ ਪਹਿਚਾਣ ਅਤੇ ਆਪਣੀ ਅਗਲੀ ਨੌਜਵਾਨ ਪੀੜ੍ਹੀ ਨੂੰ ਖੇਡਾਂ ਨਾਲ ਜੋੜਕੇ ਆਉਣ ਵਾਲੀਆਂ ਅਗਲੀਆਂ ਪੀੜ੍ਹੀਆ ਨੂੰ ਇੱਕ ਤੰਦਰੁਸਤ ਅਤੇ ਅਮਰੀਕਾ 'ਚ ਮਾਣਮੱਤੀ ਸ਼ਾਨਮੱਤੀ ਪੀੜ੍ਹੀ ਬਣਾਉਣਾ ਸਿੱਖ ਸਪ੍ਰੋਟਸ ਦਾ ਮਨੋਰਥ ਤੇ ਨਿਸ਼ਾਨਾ ਮਿਥਕੇ 15 ਸਾਲ ਪਹਿਲਾ ਸ਼ੁਰੂ ਕੀਤਾ ਗਿਆ ਇਹ ਸਿੱਖ ਖੇਡ ਮੇਲਾ ਅੱਜ ਅਮਰੀਕਾ 'ਚ ਆਪਣੀ ਨਿਵੇਕਲੀ ਸ਼ਾਨ ਬਣ ਚੁੱਕਾ ਹੈ। ਇਸ ਮੇਲੇ ਵਿੱਚ ਬੱਚੇ ਤੋਂ ਲੈ ਕੇ ਬਜ਼ੁਰਗਾਂ ਤੱਕ ਹਿੱਸਾ ਲੈਂਦੇ ਹਨ। ਇਨ੍ਹਾਂ ਵਿੱਚ ਪੰਜਾਬੀਆਂ ਤੋਂ ਇਲਾਵਾ ਹੋਰ ਲੋਕਾਂ ਨੇ ਵੀ ਹਿੱਸਾ ਲਿਆ। ਯੂਨੀਅਨ ਸਿਟੀ-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਿਖ ਸਪੋਰਟਸ ਐਸੋਸੀਏਸ਼ਨ ਵਲੋਂ ਸਿੱਖ ਖਿਡਾਰੀਆਂ ਨੂੰ ਖੇਡਾਂ ਪ੍ਰਤੀ ਉਤਸ਼ਾਹਤ ਕਰਨ ਤੇ ਕੌਮਾਂਤਰੀ ਪੱਧਰ ਦੇ ਖਿਡਾਰੀ ਪੈਦਾ ਕਰਨ ਦੇ ਮਨੋਰਥ ਨਾਲ ਸਲਾਨਾ 15ਵਾਂ ਖੇਡ ਮੇਲਾ ਸਥਾਨਕ ਜੇਮਜ ਲੋਗਨ ਹਾਈ ਸਕੂਲ ਦੀਆਂ ਸ਼ਾਨਦਾਰ ਗਰਾਊਂਡਾਂ ਵਿਚ ਕਰਵਾਇਆ ਗਿਆ ਜਿਸ ਵਿਚ ਵੱਖ-ਵੱਖ



ਖੇਡਾਂ ਦੇ ਅੰਤਰਰਾਸ਼ਟਰੀ ਕੁਮੈਂਟਰ ਪ੍ਰੋ. ਗੁਰਮੇਲ ਸਿੰਘ ਦਿਓਲ



ਸ੍ਰ. ਗੁਰਦੀਪ ਸਿੰਘ, ਸ੍ਰ. ਦਰਸ਼ਨ ਸਿੰਘ ਸੰਧੂ, ਸ੍ਰ. ਕਮਲਜੀਤ ਸਿੰਘ ਲੌਂਗੀਆ



ਸ੍ਰ. ਬਲਬੀਰ ਸਿੰਘ ਸੀਮਾਰ ਅਤੇ ਉਨ੍ਹਾਂ ਦੇ ਸਾਥੀ ਮੈਚ ਦਾ ਅਨੰਦ ਮਾਣਦੇ ਹੋਏ



ਬੀਬੀ ਸਰਬਜੀਤ ਕੌਰ ਚੀਮਾ



ਸ੍ਰ. ਗੁਰਦਾਵਰ ਸਿੰਘ ਮਾਨ



ਸ੍ਰ. ਹਰਮਿੰਦਰ ਸਿੰਘ ਸੋਢੀ ਅਤੇ ਹੋਰ ਆਗੂ




















# ਸਿੱਖ ਸਪੋਰਟਸ ਐਸੋਸੀਏਸ਼ਨ ਦਾ 15ਵਾਂ ਖੇਡ ਟੂਰਨਾਮੈਂਟ ਯਾਦਗਾਰੀ ਹੋ ਨਿਬੜਿਆ

## ਦੋ ਦਿਨ ਵਿੱਚ ਸੈਂਕੜੇ ਖਿਡਾਰੀਆਂ ਨੇ ਲਿਆ ਹਿੱਸਾ


ਉਲੰਪੀਅਨ ਗੋਲਡ ਮੈਡਲਿਸਟ ਅਤੇ ਵਰਲਡ ਰਿਕਾਰਡ ਹੋਲਡਰ Eddie Hart ਨਾਲ ਸ੍ਰ. ਰਾਣਾ ਕਾਹਲੋਂ ਅਤੇ ਸ੍ਰ. ਕੁਲਦੀਪ ਸਿੰਘ ਸਿੱਧੂ


ਸ੍ਰ. ਕੁਲਵੰਤ ਸਿੰਘ ਖਹਿਰਾ ਸੰਬੋਧਨ ਕਰਦੇ ਹੋਏ ਅਤੇ ਉਨ੍ਹਾਂ ਨਾਲ ਸ੍ਰ. ਸੁਖਵੰਤ ਸਿੰਘ ਖਹਿਰਾ, ਸ੍ਰ. ਕੁਲਵੰਤ ਸਿੰਘ ਨਿੱਝਰ, ਸ੍ਰ. ਸਰਬਜੀਤ ਸਿੰਘ ਸਰਾਓਂ, ਡਾ. ਜਸਵੰਤ ਸਿੰਘ ਸਰਾਂ (ਆਰਡੀਐਕਸ), ਪ੍ਰੋ. ਗੁਰਮੇਲ ਸਿੰਘ ਦਿਓਲ ਅਤੇ ਹੋਰ।




ਸ੍ਰ. ਕਸ਼ਮੀਰ ਸਿੰਘ ਧੁੱਗਾ ਸੰਬੋਧਨ ਕਰਦੇ ਹੋਏ।




ਸਿੱਖ ਸਪੋਰਟਸ ਐਸੋਸੀਏਸ਼ਨ ਦੇ ਚੇਅਰਮੈਨ ਸ੍ਰ. ਹਰਵਿੰਦਰ ਸਿੰਘ ਧਾਲੀਵਾਲ, ਸ੍ਰ. ਰਾਜਿੰਦਰਪਾਲ ਸਿੰਘ ਢਿੱਲੋਂ, ਸ੍ਰ. ਕੁਲਜੀਤ ਸਿੰਘ ਢਿੱਲੋਂ, ਸ੍ਰ. ਗੁਰਚਰਨ ਸਿੰਘ ਮਾਨ ਅਤੇ ਹੋਰ ਆਗੂ।

ਉਮਰ ਦੇ ਖਿਡਾਰੀਆਂ ਤੋਂ ਇਲਾਵਾ ਖੇਡ ਪ੍ਰੇਮੀਆਂ ਤੇ ਖਿਡਾਰੀਆਂ ਦੇ ਪਰਿਵਾਰਾਂ ਤੇ ਰਿਸ਼ਤੇਦਾਰਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਇਸ ਖੇਡ ਟੂਰਨਾਮੈਂਟ ਦੌਰਾਨ ਬਾਸਕਟਬਾਲ, ਵਾਲੀਬਾਲ, ਫੁਟਬਾਲ, ਕਬੱਡੀ, ਹਾਕੀ ਅਤੇ ਹੋਰ ਖੇਡਾਂ ਸ਼ਾਮਲ ਸਨ। ਇਹ ਦੋ ਦਿਨਾ ਟੂਰਨਾਮੈਂਟ 22-23 ਜੁਲਾਈ ਨੂੰ ਇਤਿਹਾਸਕ ਟੂਰਨਾਮੈਂਟ ਸੀ। ਇਸ ਟੂਰਨਾਮੈਂਟ 'ਚ ਖਾਣ ਪੀਣ ਲਈ ਗੁਰੂ ਕੇ ਲੰਗਰ ਦੋ ਦਿਨ ਅਤੁੱਟ ਵਰਤਦੇ ਰਹੇ। ਇਸ ਸਿੱਖ ਸਪ੍ਰੋਟਸ ਮੈਬਰਾਂ ਵਿੱਚ ਸੀਨੀਅਰ ਸੇਵਾਦਾਰ ਅਤੇ ਸਿੱਖ ਆਗੂ ਸ: ਹਰਦੀਪ ਸਿੰਘ ਔਲਖ ਨੇ 'ਸਾਡੇ ਲੋਕ' ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਿੱਖ ਸਪ੍ਰੋਟਸ ਹੁਣ ਅਮਰੀਕਾ ਵਿੱਚ ਕਰਵਾਏ ਜਾਂਦੇ ਖੇਡ ਮੇਲਿਆ 'ਚ ਵਿੱਚ ਇੱਕ ਵਿਲੱਖਣ ਖੇਡ ਮੇਲਾ ਹੈ ਜਿਸ ਵਿੱਚ 1500 ਤੋ ਵੱਧ ਖਿਡਾਰੀ ਭਾਗ ਲੈਂਦੇ ਹਨ। ਉਨ੍ਹਾਂ ਸਮੂਹ ਪ੍ਰਬੰਧਕਾ ਖਿਡਾਰੀਆ ਅਤੇ ਖੇਡਾਂ ਵਿੱਚ ਹਿਸਾ ਲੈਣ ਵਾਲੀ ਸਮੂਹ ਸੰਗਤ ਦਾ ਧੰਨਵਾਦ ਕੀਤਾ। ਇਸ ਮੌਕੇ 'ਤੇ ਐਸੋਸੀਏਸ਼ਨ ਵਲੋਂ ਇਕ ਸੋਵੀਨਾਰ ਵੀ ਰਿਲੀਜ਼ ਕੀਤਾ ਗਿਆ। ਜਿਸ ਵਿੱਚ ਸਿੱਖ ਸਪੋਰਟਸ ਐਸੋਸੀਏਸ਼ਨ ਦੇ ਚੇਅਰਮੈਨ ਸ੍ਰ. ਹਰਵਿੰਦਰ ਸਿੰਘ ਧਾਲੀਵਾਲ, ਅਮਰੀਕਨ ਉਲੰਪੀਅਨ ਐਡੀ ਹਾਰਟ, ਅਮਰੀਕਾ ਦੇ ਉਘੇ ਬਿਜਨਸ ਟਾਈਕੂਨ ਸਰਦਾਰ ਇੰਦਰ ਦੁਸਾਂਝ ਅਤੇ ਜੈਸੀ ਦੁਸਾਂਝ ਅਤੇ ਆਖਰੀ ਕਵਰ ਪੇਜ਼ ਉਪਰ ਕਮਿਉਨਟੀ ਦੇ ਉਘੇ ਸਪੋਟਰਾਂ ਦਾ ਧੰਨਵਾਦ ਕੀਤਾ ਗਿਆ ਜਿਨ੍ਹਾਂ ਵਿੱਚ ਸ. ਇੰਦਰ ਸਿੰਘ ਦੁਸਾਂਝ, ਸੀ

ਗੁਰਦੁਆਰਾ ਸਾਹਿਬ ਫਰੀਮੌਂਟ
GURDWARA SAHIB FREMONT

ਦੋ ਦਿਨ ਚੱਲੇ ਇਸ ਮਹਾਨ ਟੂਰਨਾਮੈਂਟ ਵਿਚ ਗੁਰੂ ਕੇ ਲੰਗਰਾਂ ਦੀ ਸੇਵਾ ਗੁਰਦੁਆਰਾ ਸਾਹਿਬ ਫਰੀਮਾਂਟ ਦੀ ਸਮੂਹ ਸੰਗਤ ਵਲੋਂ ਕੀਤੀ ਗਈ। ਸਿੱਖ ਸਪੋਟਰਸ ਦੇ ਮੀਡੀਆ ਇੰਚਾਰਜ ਸ੍ਰ. ਹਰਦੀਪ ਸਿੰਘ ਔਲਖ ਵਲੋਂ ਸਮੂਹ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ, ਸਮੂਹ ਸਾਧ ਸੰਗਤ ਅਤੇ ਇਸ ਖੇਡ ਮੇਲੇ 'ਚ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।


ਸ੍ਰ. ਹਰਦੀਪ ਸਿੰਘ ਔਲਖ























# ਸ਼੍ਰੋਮਣੀ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਦੀਆਂ ਸੰਦਲੀ ਪੈੜਾਂ

## ਇੰਡੀਆ ਬੁੱਕ ਆਫ਼ ਰਿਕਾਰਡਜ਼ ਵਿਚ ਸ਼ਾਮਲ ਪੰਜਾਬੀ ਦਾ ਇਕੋ ਇਕ ਬਾਲ ਰਸਾਲਾ 'ਨਿੱਕੀਆਂ ਕਰੂੰਬਲਾਂ' ਜੋ 1995 ਤੋਂ ਨਿਰੰਤਰ ਛਪ ਰਿਹਾ









25 ਬਾਲ ਸਾਹਿਤਕਾਰ ਅਤੇ 25 ਬਾਲ ਸਾਹਿਤ ਲੇਖਕ ਕਰੂੰਬਲਾਂ ਪੁਰਸਕਾਰ ਨਾਲ ਸਨਮਾਨਿਤ ਕੀਤੇ ਅਤੇ ਸੈਂਕੜੇ ਬੱਚੇ ਬਾਲ ਸਾਹਿਤ ਸਿਰਜਣਾ ਦੇ ਰਾਹੇ ਪਾਏ ਅਤੇ ਪਾਏ ਜਾ ਰਹੇ ਹਨ। 21 ਬਾਲ ਅਤੇ 10 ਹੋਰ ਪੁਸਤਕਾਂ ਦਾ ਸਿਰਜਕ, 7 ਦਾ ਅਨੁਵਾਦਕ ਅਤੇ 31 ਪੁਸਤਕਾਂ ਦਾ ਸੰਪਾਦਕ ਹੈ ਮਾਨ।

ਪੰਜਾਬੀ ਬਾਲ ਸਾਹਿਤ ਜਗਤ ਵਿਚ ਸ.ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਬਾਲ ਰਸਾਲੇ 'ਬਾਲ ਸੰਦੇਸ਼' ਨੇ ਪੂਰੇ ਪੰਜਾਹ ਸਾਲ ਦਾ ਸਫਰ ਤੈਅ ਕੀਤਾ। 1995 ਵਿਚ ਉਸਦੇ ਬੰਦ ਹੋਣ ਤੋਂ ਬਾਅਦ ਇਸ ਖੇਤਰ ਵਿਚ ਪਏ ਖਲਾਅ ਨੂੰ ਭਰਨ ਦਾ ਉੱਦਮ ਕੀਤਾ ਇਕ ਹਿੰਮਤੀ ਤੇ ਪੰਜਾਬੀ ਮਾਂ ਬੋਲੀ ਨੂੰ ਪਿਆਰਨ ਤੇ ਸਤਿਕਾਰਨ ਵਾਲੇ ਸੱਚੇ ਸੁਪੂਤ ਬਲਜਿੰਦਰ ਮਾਨ ਨੇ। ਮਾਨ ਇਕ ਵਿਅਕਤੀ ਜਾਂ ਇਕ ਸਾਹਿਤਕਾਰ ਨਹੀਂ ਜੋ ਨਿੱਕੀਆਂ ਕਰੂੰਬਲਾਂ ਬਾਲ ਰਸਾਲੇ ਦਾ ਸੰਪਾਦਨ ਕਰ ਰਿਹੈ। ਉਹ ਇਕ ਸੰਸਥਾ ਵਾਂਗ ਸਮਾਜ ਦੀ ਭਲਾਈ ਲਈ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ ਵਿਚ ਸਭ ਤੋਂ ਅੱਗੇ ਰਹਿੰਦੈ। ਨਹਿਰੂ ਯੁਵਾ (ਕੇਂਦਰ ਭਾਰਤ ਸਰਕਾਰ) ਸਮੇਤ ਕਈ ਹੋਰ ਸਮਾਜ ਸੇਵੀ ਜਥੇਬੰਦੀਆਂ ਵਿਚ ਸਰਗਰਮ ਯੋਗਦਾਨ ਪਾ ਰਿਹਾ। ਉਹ ਇਕੱਲਾ ਹੀ ਪਿਛਲੇ 27-28 ਸਾਲ ਤੋਂ ਨਿੱਜੀ ਖੇਤਰ ਦੇ ਇਕੋ ਇਕ ਬਾਲ ਰਸਾਲੇ ਨਿੱਕੀਆਂ ਕਰੂੰਬਲਾਂ ਦਾ ਸੰਪਾਦਨ ਤੇ ਪ੍ਰਕਾਸ਼ਨ ਕਰ ਰਿਹਾ ਹੈ। ਨਿਰਸਵਾਰਥੀ ਭਾਵਨਾ ਨਾਲ ਕਾਰਜ ਕਰਨ ਵਾਲਾ ਬਲਜਿੰਦਰ ਮਾਨ ਪੂਰੀ ਤਰ੍ਹਾਂ ਬਾਲ ਸਾਹਿਤ ਤੇ ਬਾਲ ਸੰਸਾਰ ਨੂੰ ਸਮੱਰਪਿਤ ਹੈ। ਉਹ ਹਰ ਪਲ ਇਹੀ ਵਿਚਾਰ ਕਰਦਾ ਹੈ ਕਿ ਅਸੀਂ ਆਪਣੀ ਨਵੀਂ ਪਨੀਰੀ ਨੂੰ ਨਰੋਏ ਸਾਹਿਤ ਨਾਲ ਸਮੇਂ ਦੀ ਹਾਣੀ ਕਿਵੇਂ ਬਣਾਉਣਾ ਹੈ ?ਇਸ ਵਾਸਤੇ ਉਸਨੇ ਦਿਨ ਰਾਤ ਦੀ ਕਦੀ ਪ੍ਰਵਾਹ ਨਹੀਂ ਕੀਤੀ।

ਕੌਮੀ ਪੁਰਸਕਾਰ ਜੇਤੂ ਅਧਿਆਪਕ ਗਿਆਨੀ ਹਰਕੇਵਲ ਸਿੰਘ ਸੈਲਾਨੀ ਨਾਲ ਪੂਰੇ ਭਾਰਤ ਦੀ ਯਾਤਰਾ ਕੀਤੀ। ਫਿਰ ਬੱਚਿਆਂ ਲਈ ਉਨ੍ਹਾਂ ਦਾ ਹਾਣੀ ਬਣਕੇ ਸਫਰਨਾਮੇ ਲਿਖੇ। ਬਲਜਿੰਦਰ ਮਾਨ ਦਾ ਸਾਹਿਤਕ ਸਫਰ 1987 ਤੋਂ ਅਰੰਭ ਹੁੰਦਾ ਹੈ ਜਦੋਂ ਉਸਨੇ ਮਾਹਿਲਪੁਰ ਵਿਚ ਪੰਜਾਬੀ ਸਾਹਿਤ ਸਭਾ ਦੀ ਸਥਾਪਨਾ ਕਰਕੇ ਇਥੇ ਤ੍ਰੈਭਾਸ਼ੀ ਕਵੀ ਦਰਬਾਰ, ਕਹਾਣੀ ਦਰਬਾਰ ਅਤੇ ਕੌਮੀ ਪੱਧਰੀ ਸੈਮੀਨਾਰਾਂ ਦਾ ਅਯੋਜਨ ਕੀਤਾ। 1988 ਵਿਚ ਮਾਹਿਲਪੁਰ ਨੂੰ ਸਾਹਿਤ ਦੇ ਨਾਲ ਨਾਲ ਸੱਭਿਆਚਾਰਕ ਹਲਕਿਆਂ ਵਿਚ ਵੀ ਚਰਚਿਤ ਕਰਨ ਲਈ ਸ. ਜਗਦੇਵ ਸਿੰਘ ਜੱਸੋਵਾਲ ਅਤੇ ਐਸ ਅਸ਼ੋਕ ਭੌਰਾ ਨਾਲ ਮਿਲਕੇ ਸ਼ੌਂਕੀ ਟਰੱਸਟ ਅਤੇ ਸੁਰ ਸੰਗਮ ਵਿਦਿਅਕ ਟਰੱਸਟ ਦੀ ਸਥਾਪਨਾ ਕੀਤੀ। 1989 ਵਿਚ ਸ਼ੌਂਕੀ ਮੇਲੇ ਤੋਂ ਇਲਾਵਾ 1990 ਵਿਚ ਬਾਲ ਮੇਲੇ ਦਾ ਅਰੰਭ ਕਰਕੇ ਪੂਰੇ ਪੰਜਾਬ ਵਿਚ ਮਿਆਰੀ ਸੱਭਿਅਚਾਰ ਤੇ ਪੁਸਤਕ ਸੱਭਿਆਚਾਰ ਦੀ ਲਹਿਰ ਪੈਦਾ ਕਰ ਦਿੱਤੀ। ਬਾਲਾਂ ਦੇ ਚਹੇਤੇ ਕਲਾਕਾਰ ਕਮਲਜੀਤ ਨੀਲੋਂ ਅਤੇ ਡਾ. ਰਮਾ ਰਤਨ ਦੇ ਸਹਿਯੋਗ ਨਾਲ ਬਾਲ ਕਾਫਲਾ ਵੀ ਅਰੰਭਿਆ। ਮਾਹਿਲਪੁਰ ਦੇ ਤਿਆਰ ਕੀਤੇ ਕਲਾਕਾਰ ਬੱਚਿਆਂ ਨਾਲ ਪੂਰੇ ਪੰਜਾਬ ਵਿਚ ਬਾਲ ਸੱਭਿਆਚਾਰ ਅਤੇ ਪੁਸਤਕ ਸੱਭਿਆਚਾਰ ਦੀ ਮਸ਼ਾਲ ਬਾਲ ਪ੍ਰੀਤ ਮਿਲਣੀ ਕਾਫਲੇ ਰਾਹੀਂ ਜਗਾ ਦਿੱਤੀ।


ਦਲਜੀਤ ਸਿੰਘ ਅਜਨੋਹਾ
98721-83601

1995 ਵਿਚ ਬਾਲਾਂ ਦੇ ਮਨਭਾਉਂਦੇ ਬਾਲ ਰਸਾਲੇ ਨਿੱਕੀਆਂ ਕਰੂੰਬਲਾਂ ਦਾ ਅਰੰਭ ਕਰਕੇ ਉਸਤਰਿਆਂ ਦੀ ਮਾਲ਼ਾ ਗਲ਼ ਪਾ ਲਈ। ਇਹ ਉਨ੍ਹਾਂ ਦੀ ਨੇਕ ਨੀਤੀ ਅਤੇ ਸਿਰੜੀ ਸੁਭਾਅ ਕਰਕੇ ਹੀ ਸੰਭਵ ਹੋ ਸਕਿਆ ਕਿ ਇਹ ਬਾਲ ਰਸਾਲਾ ਸਭ ਤੋਂ ਲੰਬੀ ਤੇ ਸ਼ਾਨਦਾਰ ਉਮਰ ਵਿਚੋਂ ਲੰਘ ਰਿਹਾ ਹੈ। ਮਾਨ ਦਾ ਸਾਰਾ ਪਰਿਵਾਰ ਹੀ ਇਸ ਕਾਰਜ ਵਿਚ ਜੁਟਿਆ ਹੋਇਆ ਹੈ। ਰਸਾਲੇ ਦੇ ਸੰਪਾਦਨ ਦੇ ਨਾਲ ਨਾਲ ਉਨ੍ਹਾਂ ਬਾਲ ਸਾਹਿਤ ਦੀਆਂ ਭਿੰਨ ਭਿੰਨ ਵੰਨਗੀਆਂ ਨੂੰ ਨਵੀਆਂ ਦਿਸ਼ਾਵਾਂ ਪ੍ਰਦਾਨ ਕਰਨ ਲਈ ਸਫਲ ਤਜਰਬੇ ਵੀ ਕੀਤੇ। ਜਿਨ੍ਹਾਂ ਵਿਚ ਭਖਦੇ ਮਸਲਿਆਂ ਤੇ ਰਸਾਲੇ ਦੇ ਪ੍ਰਕਾਸ਼ਿਤ ਕੀਤੇ ਵਿਸ਼ੇਸ਼ ਅੰਕ ਕਾਬਲੇ ਜ਼ਿਕਰ ਹਨ। ਅੰਗਰੇਜ਼ੀ, ਹਿੰਦੀ ਅਤੇ ਹੋਰ ਭਾਸ਼ਾਵਾਂ ਦੇ ਨਰੋਏ ਬਾਲ ਸਾਹਿਤ ਨੂੰ ਨੈਸ਼ਨਲ ਬੁਕ ਟਰੱਸਟ ਇੰਡੀਆ ਲਈ ਅਨੁਵਾਦਿਆ ਅਤੇ ਮਨਮੋਹਣੇ ਚਿੱਤਰਾਂ ਸਹਿਤ ਪ੍ਰਕਾਸ਼ਿਤ ਕੀਤਾ। ਇੰਜ ਉਹ ਪੂਰੇ ਭਾਰਤ ਵਿਚ ਹੀ ਨਹੀਂ ਸਗੋਂ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਦਾ ਵੀ ਚਹੇਤਾ ਬਣ ਗਿਆ। ਇਸ ਗੱਲ ਤੇ ਪੰਜਾਬੀ ਸਾਹਿਤ ਦੇ ਪੰਡਿਤ ਮਾਨ ਹੁਰਾਂ ਦਾ ਲੋਹਾ ਮੰਨਦੇ ਹਨ ਕਿ ਜਿਹੜਾ ਕੰਮ ਭਾਸ਼ਾ ਵਿਭਾਗ ਨਹੀਂ ਕਰ ਸਕਿਆ ਉਹ ਇਕੱਲੇ ਮਾਨ ਹੁਰੀਂ ਆਪਣੀ ਇਮਾਨਦਾਰੀ ਤੇ ਹਿੰਮਤ ਨਾਲ ਕਰ ਦਿਖਾਇਆ ਹੈ।

ਬਲਜਿੰਦਰ ਮਾਨ ਸਪੋਰਟਸ, ਕਲਚਰ, ਸਿੱਖਿਆ, ਬਾਲ ਸਾਹਿਤ ਅਤੇ ਭਖਦੇ ਮਸਲਿਆਂ ਤੇ ਤਿੰਨ ਹਜ਼ਾਰ ਤੋਂ ਵੱਧ ਫੀਚਰ ਅਖਬਾਰਾਂ ਅਤੇ ਰਸਾਲਿਆਂ ਵਿਚ ਲਿਖ ਚੁੱਕੇ ਹਨ ਨੈਸ਼ਨਲ ਬੁਕ ਟਰੱਸਟ ਇੰਡੀਆ ਦੇ ਪੁਸਤਕ ਵਿਸ਼ਲੇਸ਼ਕਾਂ ਵਿਚ ਸ਼ਾਮਿਲ ਹੋ ਕੇ ਭਾਰਤ ਪੱਧਰ ਤੱਕ ਬਾਲ ਸਾਹਿਤ ਦੀਆਂ ਬਾਤਾਂ ਪਾ ਰਹੇ ਹਨ। ਪੰਜ ਸੌ ਤੋਂ ਜਿਆਦਾ ਬਾਲ ਪੁਸਤਕਾਂ ਦੇ ਰੀਵਿਊ ਅਖਬਾਰਾਂ ਅਤੇ ਰਸਾਲਿਆਂ ਵਿਚ ਲਿਖ ਚੁੱਕੇ ਹਨ। ਪੰਦਰਾਂ ਮੌਲਿਕ ਬਾਲ ਪੁਸਤਕਾਂ, ਪੰਜ ਸਾਹਿਤਕ, ਪੰਜ ਦਾ ਅਨੁਵਾਦ ਅਤੇ ਇੱਕੀ ਪੁਸਤਕਾਂ ਦਾ ਸੰਪਾਦਨ ਵੀ ਕਰ ਚੁਕੇ ਹਨ। ਬਾਲ ਨਾਟਕ, ਕਹਾਣੀ, ਲੇਖ, ਕਵਿਤਾ, ਗੀਤ ਅਤੇ ਨਰਸਰੀ ਗੀਤ ਸਮੇਤ ਹਰ ਵੰਨਗੀ ਤੇ ਆਪਣੀ ਕਲਮ ਚਲਾਈ ਹੈ। ਕੁਝ ਰਚਨਾਵਾਂ ਪੰਜਾਬ ਸਕੂਲ਼ ਸਿਖਿਆਂ ਬੋਰਡ ਮੋਹਾਲੀ ਅਤੇ ਸੀ ਬੀ ਐਸ ਈ ਦਿੱਲੀ ਸਮੇਤ ਪ੍ਰਾਈਵੇਟ ਸਕੂਲਾਂ ਦੇ ਸਿਲੇਬਸ ਵਿਚ ਵੀ ਸ਼ਾਮਲ ਹੋ ਚੁੱਕੀਆਂ ਹਨ। ਉਹ ਸਿੱਖਿਆ ਵਿਭਾਗ ਵਿਚ ਸੰਪਾਦਕੀ ਬੋਰਡ ਦੇ ਮੈਂਬਰ ਅਤੇ ਸਾਹਿਤਕਾਰ ਕੋਰ ਕਮੇਟੀ ਵਿਚ ਵੀ ਮਈ 2022 ਤਕ ਸਰਗਰਮ ਯੋਗਦਾਨ ਪਾਉਂਦੇ ਰਹੇ। ਸਰਕਾਰੀ ਮਿਡਲ ਸਮਾਰਟ ਸਕੂਲ ਭਾਰਟਾ ਗਨੇਸ਼ਪੁਰ ਬਲਾਕ ਮਾਹਿਲਪੁਰ 2 ਜ਼ਿਲ੍ਹਾ ਹੁਸ਼ਿਆਰਪੁਰ ਵਿਚ ਉਸ ਵਲੋਂ ਮੁੱਖ ਅਧਿਆਪਕ ਵਜੋਂ ਸਤਾਰਾਂ ਅਠਾਰਾਂ ਸਾਲ ਵਿਲੱਖਣ ਕਾਰਜ ਕੀਤੇ ।

ਬਲਜਿੰਦਰ ਮਾਨ ਦੀਆਂ ਰਚਨਾਵਾਂ ਦਾ ਹਿੰਦੀ, ਅੰਗਰੇਜ਼ੀ, ਉੜੀਆ ਅਤੇ ਸ਼ਾਹਮੁਖੀ ਲਿੱਪੀ ਵਿਚ ਵਿਚ ਅਨੁਵਾਦ ਵੀ ਹੋ ਚੁੱਕਾ ਹੈ। ਕੁੱਝ ਸੁਰੀਲੀ ਅਵਾਜ਼ ਵਿਚ ਮਾਨ ਹੁਰਾਂ ਦੇ ਕੁਝ ਗੀਤ ਰਿਕਾਰਡ ਵੀ ਹੋ ਚੁਕੇ ਹਨ ।ਰਸਾਲੇ ਦੀਆਂ ਹਰ ਸਾਲ 7100 ਕਾਪੀਆਂ ਮਾਤ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ ਹਿਤ



ਬੱਚਿਆਂ ਨੂੰ ਇਨਾਮ ਵਜੋਂ ਵੰਡੀਆਂ ਜਾਂਦੀਆਂ ਹਨ। ਬਾਲ ਦਿਵਸ ਮੌਕੇ ਸਹਿਤ ਸਿਰਜਣਾ ਮੁਕਾਬਲੇ ਕਰਵਾ ਕੇ ਬੱਚਿਆਂ ਨੂੰ ਨਗਦ ਇਨਾਮ ਦਿੱਤੇ ਜਾਂਦੇ ਹਨ। ਉਨ੍ਹਾਂ ਦੇ ਸੰਪਰਕ ਵਿਚ ਆਉਣ ਵਾਲੇ ਹਰ ਸਾਹਿਤਕਾਰ ਅਤੇ ਬੱਚੇ ਦਾ ਕਹਿਣਾ ਹੈ ਕਿ ਉਹ ਆਪਾ ਗੁਆ ਕੇ ਸਮਾਜ ਦੇ ਭਲੇ ਲਈ ਜਿਓ ਰਹੇ ਹਨ। ਅੱਠ ਸਾਲਾ ਬੱਚੀ ਸੁਖਚੰਚਲ ਕੌਰ ਦੁਆਰਾ ਬਾਲ ਕਹਾਣੀ ਸੰਗ੍ਰਹਿ ਨੰਨ੍ਹੂੰ ਦਾ ਬਗੀਚਾ ਛਾਪਣਾ ਵੀ ਮਾਨ ਦੀਆਂ ਰਿਕਾਰਡ ਪ੍ਰਾਪਤੀਆਂ ਵਿਚ ਦਰਜ ਹੁੰਦਾ ਹੈ। ਇਨ੍ਹਾਂ ਸ਼ਾਨਦਾਰ ਨਿਰਸਵਾਰਥੀ ਪ੍ਰਾਪਤੀਆਂ ਕਰਕੇ ਹੀ ਹਰਿਆਣਾ ਸਰਕਾਰ ਦੀ ਪੰਜਾਬੀ ਸਾਹਿਤ ਅਕੈਡਮੀ ਨੇ ਉਨ੍ਹਾਂ ਨੂੰ ਆਪਣਾ ਪੰਜਾਬ ਵਿਚੋਂ ਜੱਜ ਨਿਯੁਕਤ ਕੀਤਾ ਅਤੇ ਪੰਜਾਬ ਸਰਕਾਰ ਨੇ ਪੰਜਾਬ ਰਾਜ ਭਾਸ਼ਾ ਐਕਟ ਸਮੀਖਿਆ ਕਮੇਟੀ ਵਿਚ ਮੈਂਬਰ ਵਜ਼ੋਂ ਸ਼ਾਮਲ ਕੀਤਾ ਸੀ।

ਇਹਨਾਂ ਪ੍ਰਾਪਤੀਆਂ ਸਦਕਾ ਉਨ੍ਹਾਂ ਨੂੰ ਪੰਜਾਬੀ ਸੱਥ ਲਾਂਬੜਾ ਜਲੰਧਰ, ਪਿਆਰੀ ਭੈਣ ਉੜੀਸਾ, ਫਰੈਂਡਸ਼ਿਪ ਫੋਰਮ ਆਫ ਇੰਡੀਆ ਨਵੀਂ ਦਿੱਲੀ, ਜ਼ਿਲ੍ਹਾ ਪ੍ਰਸ਼ਾਸ਼ਨ ਸਮੇਤ ਕਈ ਸਮਾਜ ਸੇਵੀ ਜਥੇਬੰਦੀਆਂ ਮਾਣ ਸਨਮਾਨ ਦੇ ਚੁੱਕੀਆਂ ਹਨ। ਇਸ ਖੇਤਰ ਵਿਚ ਉਹ ਆਪਣੇ ਪੱਤਰਕਾਰੀ ਦੇ ਗੁਰੂ ਸ. ਗੁਲਜ਼ਾਰ ਸਿੰਘ ਸੰਧੂ ਅਤੇ ਸ. ਬਰਜਿੰਦਰ ਸਿੰਘ ਹਮਦਰਦ ਦਾ ਵਿਸ਼ੇਸ਼ ਰਿਣੀ ਹੈ ਜਿਨ੍ਹਾਂ ਨੇ ਉਸਨੂੰ ਸੱਚ ਦਾ ਮਾਰਗ ਦਿਖਾਇਆ। ਜਲੰਧਰ ਦੂਰਦਰਸ਼ਨ ਤੇ ਪਹਿਲੀ ਵਾਰ ਉਸਨੂੰ ਸ. ਮਨੋਹਰ ਭਾਰਜ ਨੇ ਇਕ ਮਾਹਿਰ ਤੇ ਐਂਕਰ ਵਜੋਂ ਪੇਸ਼ ਕੀਤਾ। ਪੇਸ਼ਕਾਰੀ ਦੀ ਇਸ ਕਲਾ ਨੂੰ ਨਿਖਾਰਨ ਤੇ ਸੁਆਰਨ ਵਿਚ ਸ਼੍ਰੀਮਤੀ ਸੁਦੇਸ਼ ਕਲਿਆਣ ਨੇ ਸਭ ਤੋਂ ਵੱਧ ਯੋਗਦਾਨ ਪਾਇਆ। ਇੰਜ ਉਨ੍ਹਾਂ ਨੇ ਹਰ ਖੇਤਰ ਵਿਚ ਆਪਣੀ ਨਿਵੇਕਲੀ ਛਾਪ ਲਾਈ ਹੈ। ਜਿਸ ਸਦਕਾ ਬਾਲ ਸਾਹਿਤ, ਕਲਾ, ਖੇਡ ਅਤੇ ਸਿੱਖਿਆ ਜਗਤ ਵਿਚ ਸੰਦਲੀ ਪੈੜਾਂ ਪਾ ਰਹੇ ਹਨ। ਸਰਬੱਤ ਦੇ ਭਲੇ ਵਿਚ ਆਪਣੀ ਭਲਾਈ ਦਾ ਅਨੰਦ ਲੈਣ ਵਾਲੇ ਇਸ ਇਨਸਾਨ ਨੂੰ ਜੀਵਨ ਦੇ ਰਸ ਰੰਗਾਂ ਤੋਂ ਸੰਤੁਸ਼ਟੀ ਹੈ। ਫਿਰ ਵੀ ਸਮਾਜ ਦੀ ਬਿਹਤਰੀ ਲਈ ਆਪਣੀ ਨੇਕ ਨੀਤੀ ਨਾਲ ਬਾਲ ਭਲਾਈ ਲਈ ਨਿਰੰਤਰ ਉੱਦਮ ਕੀਤਾ ਜਾ ਰਿਹਾ ਹੈ।

ਬਲਜਿੰਦਰ ਮਾਨ ਦਾ ਵਿਚਾਰ ਹੈ ਕਿ ਜੇਕਰ ਅਸੀਂ ਆਪਣੀ ਮਾਤ ਭਾਸ਼ਾ ਨੂੰ ਬਚਾਈ ਰੱਖਣਾ ਚਾਹੁੰਦੇ ਹਾਂ ਤਾਂ ਸਰਕਾਰ ਹਰ ਸਰਕਾਰੀ ਤੇ ਗੈਰ ਸਰਕਾਰੀ ਸਕੂਲ ਵਿਚ ਪੰਜਾਬੀ ਬਾਲ ਰਸਾਲਿਆਂ ਦਾ ਪੁੱਜਣਾ ਯਕੀਨੀ ਬਣਾਵੇ। ਪੰਜਾਬ ਵਿਚ ਲਾਇਬ੍ਰੇਰੀ ਐਕਟ ਲਾਗੂ ਹੋਵੇ ਅਤੇ ਸਕੂਲਾਂ ਵਿਚ ਲਾਇਬ੍ਰੇਰੀ ਪੀਰੀਅਡ ਹੋਵੇ। ਬਾਲ ਰਸਾਲਿਆਂ ਦੇ ਪ੍ਰਕਾਸ਼ਨ ਵਿਚ ਸਰਕਾਰ ਮਾਲੀ ਸਹਿਯੋਗ ਦੇਵੇ। ਬਾਲ ਰਸਾਲੇ ਦਾ ਪ੍ਰਕਾਸ਼ਨ ਬਿਜਨਸ ਵਾਲਾ ਕੰਮ ਨਾ ਹੋਣ ਕਰਕੇ ਹੋਰ ਕੋਈ ਇਸ ਮੈਦਾਨ ਵਿਚ ਨਹੀਂ ਨਿੱਤਰਿਆ। ਪੰਜਾਬੀ ਨੂੰ ਰੋਜ਼ਗਾਰ, ਵਪਾਰ ਅਤੇ ਨਿਆਂ ਪ੍ਰਣਾਲੀ ਦੀ ਭਾਸ਼ਾ ਬਣਾਇਆ ਜਾਵੇ। ਜਦੋਂ ਸਾਡੇ ਬੱਚੇ ਮਾਂ ਬੋਲੀ ਨਾਲ ਮੋਹ ਪਾ ਲੈਣਗੇ ਫਿਰ ਸਾਨੂੰ ਕਨੂੰਨ ਬਨਾਓਣ ਦੀ ਕੋਈ ਲੋੜ ਨਹੀਂ ਰਹਿਣੀ।

# ਮਨੀਪੁਰ ਵਿੱਚ ਵਾਪਰੀਆਂ ਦੁਖਦ ਘਟਨਾਵਾਂ ਨੇ ਸਮੁੱਚੀ ਮਨੁੱਖਤਾ ਨੂੰ ਸ਼ਰਮਸਾਰ ਕੀਤਾ: ਬਾਬਾ ਬਲਬੀਰ ਸਿੰਘ ਅਕਾਲੀ

ਅੰਮ੍ਰਿਤਸਰ : ਮਨੀਪੁਰ ਵਿੱਚ ਵਾਪਰ ਰਹੀ ਘਟਨਾਵਾਂ ਤੇ ਗਹਿਰੀ ਚਿੰਤਾ ਪ੍ਰਗਟਾਉਂਦਿਆਂ ਸ਼ ?ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14 ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਹੈ ਕਿ ਮਨੀਪੁਰ ਦੇ ਕੰਗਪੰਕਪੀ ਜ਼ਿਲ੍ਹੇ ਵਿੱਚ ਦੋ ਔਰਤਾਂ ਨੂੰ ਨਿਰਵਸਤਰ ਕਰ ਕੇ ਘੁਮਾਉਣਾ ਅਤੇ ਉਨ੍ਹਾਂ ਨਾਲ ਬਦਸਲੂਕੀ ਕਰਨ ਦੀ ਵਾਇਰਲ ਵੀਡੀਓ ਨੇ ਸਾਰੇ ਦੇਸ਼ ਨੂੰ ਸ਼ਰਮਸਾਰ ਕੀਤਾ ਹੈ। ਮਨੀਪੁਰ ਵਿਚ ਤਿੰਨ ਮਈ ਤੋਂ ਦੋ ਫਿਰਕਿਆ ਵਿੱਚਕਾਰ ਹਿੰਸਾ ਸ਼ੁਰੂ ਹੋਈ ਜਿਸ ਵਿੱਚ 150 ਤੋਂ ਜ਼ਿਆਦਾ ਲੋਕ ਮਾਰੇ ਗਏ ਅਤੇ 200 ਤੋਂ ਜ਼ਿਆਦਾ ਜ਼ਖਮੀ ਹੋਏ ਹਨ। ਬੇਘਰ ਹੋਏ ਹਜ਼ਾਰਾਂ ਲੋਕ ਕੈਪਾਂ ਵਿਚ ਰਹਿ ਰਹੇ ਹਨ। ਘਰ, ਦੁਕਾਨਾਂ, ਵਾਹਨ ਅਤੇ ਧਾਰਮਿਕ ਸਥਾਨ ਜਲਾਏ ਗਏ ਹਨ। ਪੁਲੀਸ ਦੇ ਅਸਲਾਖਾਨਿਆਂ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਹਥਿਆਰ ਲੁੱਟੇ ਗਏ ਹਨ। ਸਰਕਾਰ ਤੋਂ ਸਥਿਤੀ ਕਾਬੂ ਹੇਠ ਨਹੀਂ ਆ ਰਹੀਂ। ਜੰਗਲੀ ਵਾਤਾਵਰਣ ਬਣਿਆ ਹੋਇਆ ਹੈ।



ਨਿਹੰਗ ਮੁਖੀ ਬਾਬਾ ਬਲਬੀਰ ਨੇ ਕਿਹਾ ਔਰਤਾਂ ਦੀ ਬੇਪਤੀ ਦਾ ਇਹ ਦ੍ਰਿਸ਼ ਭਿਅੰਕਰ ਅਤੇ ਦਿਲ ਦਹਿਲਾਉਣ ਵਾਲਾ ਹੈ। ਅਜਿਹੀ ਘਟਨਾ ਦੀ ਜਿੰਨੀ ਵੀ ਨਿੰਦਿਆ ਕੀਤੀ ਜਾਵੇ, ਘੱਟ ਹੈ। ਦੇਸ਼ ਦੀ ਸਰਬਉੱਚ ਅਦਾਲਤ ਨੇ ਇਸ ਦਾ ਆਪਣੇ ਆਪ ਨੋਟਿਸ ਲਿਆ ਹੈ ਅਤੇ ਅਟਾਰਨੀ ਜਨਰਲ ਤੇ ਸੋਲੀਸਿਟਰ ਜਨਰਲ ਨੂੰ ਬੁਲਾ ਕੇ ਸੰਦੇਸ਼ ਦਿੱਤਾ ਹੈ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਮਨੀਪੁਰ ਵਿਚ ਚੱਲ ਰਹੇ ਹਿੰਸਾ ਦੇ ਦੌਰ ਨੂੰ ਤੁਰੰਤ ਕਾਬੂ ਹੇਠ ਲਿਆਉਣ ਲਈ ਲੋੜੀਂਦੀ ਕਾਰਵਾਈ ਕਰਨ।

ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ ਇਸ ਘਟਨਾ ਨੂੰ ਬੇਹੱਦ ਦੁਖਦ ਦਸਦਿਆਂ ਕਿਹਾ, "ਫਿਰਕੂ ਤਣਾਅ ਵਾਲੇ ਖੇਤਰ ਵਿਚ ਔਰਤਾਂ ਨੂੰ ਹਿੰਸਾ ਭੜਕਾਉਣ ਦੇ ਸਾਧਨ ਵਜੋਂ ਇਸਤੇਮਾਲ ਕੀਤੇ ਜਾਣ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਇਹ ਸੰਵਿਧਾਨ ਦਾ ਅਪਮਾਨ ਹੈ। ਸੁਪਰੀਮ ਕੋਰਟ ਨੇ ਘਟਨਾ ਨੂੰ ਸੰਵਿਧਾਨ ਦੀ ਭਿਅੰਕਰ ਉਲੰਘਣਾ ਅਤੇ ਮਨੁੱਖੀ ਅਧਿਕਾਰਾਂ ਦਾ ਘਾਣ ਦੱਸਿਆ ਹੈ। ਉਨ੍ਹਾਂ ਕਿਹਾ ਮਨੀਪੁਰ ਦੀ ਇਹ ਘਟਨਾ ਬੇਚੈਨੀ ਪੈਦਾ ਕਰਨ ਵਾਲੇ ਮੁੱਦੇ ਉਭਾਰਦੀ ਹੈ, ਪਹਿਲਾਂ ਇਹ ਕਿ ਮਨੁੱਖ ਵਿਚ ਕਿੰਨੀ ਅਣਮਨੁੱਖਤਾ ਮੌਜੂਦ ਹੈ; ਫਿਰਕੂ ਨਫ਼ਰਤ ਉਸ ਨੂੰ ਹੈਵਾਨ ਬਣਾ ਸਕਦੀ, ਦੂਸਰਾ ਮੁੱਦਾ ਪ੍ਰਸ਼ਾਸਨਿਕ ਹੈ ਤੇ ਇਹ ਬਹੁਤ ਚਿੰਤਾਜਨਕ ਹੈ; ਤੀਸਰਾ ਮੁੱਦਾ ਜਬਰ ਦਾ ਮੂੰਹ ਔਰਤਾਂ ਵੱਲ ਹੋਣ ਬਾਰੇ ਹੈ। ਉਨ੍ਹਾਂ ਕਿਹਾ ਕਿ ਦੰਗਿਆ, ਯੁੱਧਾਂ ਅਤੇ ਖ਼ੂਨ-ਖ਼ਰਾਬੇ ਵਿੱਚ ਔਰਤਾਂ ਨੂੰ ਸ਼ਿਕਾਰ ਬਣਾਉਣਾ ਸਮਾਜ ਵਿਚਲੀ ਹਿੰਸਕ ਮਰਦ-ਪ੍ਰਧਾਨ ਸੋਚ ਦਾ ਹੀ ਸਿੱਟਾ ਹੈ। ਉਨ੍ਹਾਂ ਕਿਹਾ ਇਹ ਵੀ ਧਿਆਨ ਦੇਣ ਯੋਗ ਹੈ ਕਿ ਉੱਥੋਂ ਵਾਪਰੀ ਇਹ ਕੋਈ ਕੱਲਮ-ਕੱਲੀ ਘਟਨਾ ਨਹੀਂ; ਤਿੰਨ ਮਈ ਤੋਂ ਹੋ ਰਹੀਆਂ ਘਟਨਾਵਾਂ ਨੇ ਸੂਬੇ ਵਿਚਲੀ ਭਾਈਚਾਰਕ ਸਾਂਝ ਨੂੰ ਅਕਹਿ ਨੁਕਸਾਨ ਪਹੁੰਚਾਇਆ ਹੈ। ਸੂਬਾ ਸਰਕਾਰ ਅਤੇ ਪੁਲੀਸ ਹਿੰਸਾ 'ਤੇ ਕਾਬੂ ਪਾਉਣ ਵਿਚ ਅਸਫਲ ਰਹੀਆਂ ਹਨ।

# ਜਨਰਲ ਮਨੋਜ ਪਾਂਡੇ ਨੇ ਕਾਰਗਿਲ ਜੰਗ ਦੇ ਬਹਾਦਰਾਂ ਨੂੰ ਦਿੱਤੀ ਸ਼ਰਧਾਂਜਲੀ



ਕਾਰਗਿਲ : ਆਰਮੀ ਚੀਫ਼ ਜਨਰਲ ਮਨੋਜ ਪਾਂਡੇ ਨੇ ਮੰਗਲਵਾਰ ਨੂੰ ਕਾਰਗਿਲ ਦੇ ਕਾਰਗਿਲ ਯੁੱਧ ਸਮਾਰਕ, ਦਰਾਸ ਵਿਖੇ ਇੱਕ ਪਵਿੱਤਰ ਸਮਾਰੋਹ 'ਸ਼ੌਰਿਆ ਸੰਧਿਆ' ਦੌਰਾਨ ਨਾਇਕਾਂ ਨੂੰ ਸਨਮਾਨਿਤ ਕਰਨ ਲਈ ਕਾਰਗਿਲ ਯੁੱਧ ਦੇ ਨਾਇਕਾਂ ਦੇ ਪਰਿਵਾਰਕ ਮੈਂਬਰਾਂ ਨਾਲ ਦੀਵੇ ਜਗਾਏ।

# ਕੈਨੇਡਾ 'ਚ ਅਹਿਮਦਾਬਾਦ ਗੁਜਰਾਤ ਦੇ ਇਕ 19 ਸਾਲਾ ਭਾਰਤੀ ਮੂਲ ਦੇ ਅੰਤਰਰਾਸ਼ਟਰੀ ਵਿਦਿਆਰਥੀ ਦੀ ਮੌਤ

ਟੋਰਾਂਟੋ, (ਰਾਜ ਗੋਗਨਾ) : ਬੀਤੀ ਰਾਤ ਕੈਨੇਡਾ ਦੇ ਸੂਬੇ ਓਨਟਾਰੀਓ ਦੇ ਬੈਰੀ ਸ਼ਹਿਰ ਵਿੱਚ ਇੱਕ ਕਾਰ ਸੜਕ ਹਾਦਸੇ ਵਿੱਚ ਇਕ ਭਾਰਤੀ ਮੂਲ ਦੇ ਗੁਜਰਾਤ ਸੂਬੇ ਦੇ ਅਹਿਮਦਾਬਾਦ ਦੇ ਨਾਲ ਪਿਛੋਕੜ ਰੱਖਣ ਵਾਲੇ ਇਕ 19 ਸਾਲਾ ਨੌਜਵਾਨ ਵਰਸਿਲ ਪਟੇਲ ਦੀ ਮੌਤ ਹੋ ਗਈ ਹੈ। ਵਰਸੀਲ ਪਟੇਲ ਭਾਰਤ ਤੋਂ ਉਚੇਰੀ ਸਿੱਖਿਆ ਲਈ ਕੈਨੇਡਾ ਗਿਆ ਸੀ ਜਿੱਥੇ ਉਹ ਸੜਕ ਹਾਦਸੇ ਦਾ ਸ਼ਿਕਾਰ ਹੋ ਗਿਆ। ਦੋਸਤਾਂ ਨੇ ਗੋਫੰਡਮੀ ਵੈੱਬਸਾਈਟ ਦੁਆਰਾ ਉਸ ਦੀ ਲਾਸ਼ ਭੇਜਣ ਲਈ ਫੰਡਿੰਗ ਸ਼ੁਰੂ ਕਰ ਦਿੱਤੀ ਹੈ ਕਿਉਂਕਿ ਵਰਸਿਲ ਪਟੇਲ ਦੀ ਲਾਸ਼ ਨੂੰ ਭਾਰਤ ਲਿਆਉਣ ਲਈ 30,000 ਹਜ਼ਾਰ ਦੇ ਕਰੀਬ ਡਾਲਰ ਦਾ ਖਰਚਾ ਆਵੇਗਾ। ਹੁਣ ਤੱਕ ਕਰੀਬ 21 ਹਜ਼ਾਰ ਦੇ ਕਰੀਬ ਡਾਲਰ ਇਕੱਠੇ ਹੋ ਚੁੱਕੇ ਹਨ ਉਸ ਦੇ ਦੋਸਤ ਰਾਜਨ ਪਟੇਲ ਨੇ ਵਰਸਿਲ ਪਟੇਲ ਦੀ ਲਾਸ਼ ਗੁਜਰਾਤ ਵਿੱਚ ਭੇਜਣ ਲਈ ਸੋਸ਼ਲ ਮੀਡੀਆ ਤੇ ਵੀ ਭਾਰਤੀ ਮੂਲ ਦੇ ਲੋਕਾਂ ਨੂੰ ਖੁੱਲ੍ਹੇ ਦਿਲ ਨਾਲ ਦਾਨ ਕਰਨ ਦੀ ਅਪੀਲ ਕੀਤੀ ਹੈ, ਤਾਂ ਜੋ ਵਰਸਿਲ ਪਟੇਲ ਦਾ ਪਰਿਵਾਰ ਆਪਣੇ ਪੁੱਤਰ ਦਾ ਚਿਹਰਾ ਦੇਖ ਸਕੇ, ਅਤੇ ਉਸ ਦਾ ਅੰਤਿਮ ਸੰਸਕਾਰ ਉਸ ਦੀ ਜਨਮ ਭੂਮੀ ਵਿਖੇਂ ਕੀਤਾ ਜਾ ਸਕੇ। ਇਸ ਸੰਬੰਧ ਵਿੱਚ ਪੁਲੀਸ ਨੇ ਕਾਰ ਚਾਲਕ ਨੂੰ ਗ੍ਰਿਫ਼ਤਾਰ ਕਰ ਲਿਆ ਹੈ।



# ਬਾਬਾ ਬਲਬੀਰ ਸਿੰਘ 96 ਕਰੋੜੀ ਦੀ ਅਗਵਾਈ 'ਚ ਬਾਬਾ ਸਾਹਿਬ ਸਿੰਘ ਕਲਾਧਾਰੀ ਦੀ 81ਵੀਂ ਬਰਸੀ 30 ਜੁਲਾਈ ਨੂੰ ਤਲਵੰਡੀ ਸਾਬੋ ਵਿਖੇ ਮਨਾਈ ਜਾਵੇਗੀ

ਤਲਵੰਡੀ ਸਾਬੋ: ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦੇ 11ਵੇਂ ਜਥੇਦਾਰ ਸਿੰਘ ਸਾਹਿਬ ਬਾਬਾ ਸਾਹਿਬ ਸਿੰਘ ਕਲਾਧਾਰੀ ਦੀ 81ਵੀਂ ਸਲਾਨਾ ਬਰਸੀ ਨੂੰ ਸਮਰਪਿਤ ਵਿਸ਼ੇਸ਼ ਗੁਰਮਤਿ ਸਮਾਗਮ, ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ, ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96ਵੇਂ ਕਰੋੜੀ 14ਵੇਂ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਚਲਦਾ ਵਹੀਰ ਦੀ ਅਗਵਾਈ ਹੇਠ ਗੁਰਦੁਆਰਾ ਬੇਰ ਸਾਹਿਬ ਦੇਗਸਰ ਪਾ: ਦਸਵੀਂ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਹੋਣਗੇ। ਇਸ ਸਬੰਧੀ ਦਲ ਦੇ ਸਕੱਤਰ ਸ੍ਰ. ਦਿਲਜੀਤ ਸਿੰਘ ਬੇਦੀ ਅਤੇ ਬਾਬਾ ਜੱਸਾ ਸਿੰਘ ਨੇ ਸਾਝੇ ਤੌਰ ਤੇ ਦੱਸਿਆ ਕਿ 28 ਜੁਲਾਈ ਸ਼ੁੱਕਰਵਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਹੋਵੇਗੀ ਜਿਸ ਦੇ ਭੋਗ 15 ਸਾਵਣ 30 ਜੁਲਾਈ ਐਤਵਾਰ ਨੂੰ ਪਾਏ ਜਾਣਗੇ। ਭੋਗ ਉਪਰੰਤ ਸਜੇ ਦੀਵਾਨਾਂ ਵਿਚ ਪੰਥ ਪ੍ਰਸਿੱਧ ਰਾਗੀ ਭਾਈ ਕਰਨੈਲ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਪੰਥ ਦੇ ਪ੍ਰਸਿੱਧ ਢਾਡੀ ਭਾਈ ਤਰਸੇਮ ਸਿੰਘ ਮੋਰਾਂਵਾਲੀ ਤੇ ਕਥਾਵਾਚਕ ਸੰਗਤਾਂ ਨੂੰ ਗੁਰਬਾਣੀ ਗੁਰ-ਇਤਿਹਾਸ ਨਾਲ ਜੋੜਨਗੇ। ਉਨ੍ਹਾਂ ਹੋਰ ਦੱਸਿਆ ਕਿ ਉਨ੍ਹਾਂ ਦੀ ਯਾਦ ਵਿੱਚ ਕਰਵਾਏ ਜਾ ਰਹੇ ਗੁਰਮਤਿ ਸਮਾਗਮਾਂ ਵਿੱਚ ਤਖਤ ਸਾਹਿਬਾਨ ਦੇ ਜਥੇਦਾਰ ਸਾਹਿਬਾਨ, ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀ ਸਾਹਿਬਾਨ, ਸੰਤ ਮਹਾਂਪੁਰਸ਼ ਅਤੇ ਨਿਹੰਗ ਸਿੰਘ ਛਾਉਣੀਆਂ ਦੇ ਮੁੱਖ ਸੇਵਾਦਾਰ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰਨਗੇ। ਉਨ੍ਹਾਂ ਦੱਸਿਆ ਕਿ ਇਸ ਮੌਕੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਵਿਸ਼ੇਸ਼ ਤੌਰ 'ਤੇ ਅੰਮ੍ਰਿਤ ਸੰਚਾਰ ਸਮਾਗਮ ਵੀ ਹੋਵੇਗਾ। ਗੁਰੂ ਦੇ ਜਹਾਜੇ ਚੜ੍ਹਨ ਵਾਲੇ ਪ੍ਰਾਣੀ ਸਮੇਂ ਸਿਰ ਪਹੁੰਚ ਕੇ ਗੁਰੂ ਦੀ ਬਖਸ਼ਿਸ਼ ਖੰਡੇ ਬਾਟੇ ਦੀ ਪਾਹਲ ਪ੍ਰਾਪਤ ਕਰਨ। ਉਨ੍ਹਾਂ ਨੇ ਸੰਗਤਾਂ ਨੂੰ ਇਨ੍ਹਾਂ ਸਮਾਗਮਾਂ ਵਿੱਚ ਪਰਿਵਾਰਾਂ ਸਮੇਤ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਹੈ। ਤਿੰਨੇ ਦਿਨ ਧਾਰਮਿਕ ਦੀਵਾਨ ਸੱਜਣਗੇ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ। ਨਿਹੰਗ ਸਿੰਘ ਫੌਜਾਂ ਦੇ ਲਾਇਸੈਂਸ ਵੀ ਨਵੇਂ ਬਣਾਏ ਜਾਣਗੇ।



# ਪਾਕਿਸਤਾਨ ਵਿੱਚ ਹਿੰਦੂ-ਸਿੱਖਾਂ 'ਤੇ ਲਗਾਤਾਰ ਅੱਤਿਆਚਾਰ ਜਾਰੀ

## ਪੇਸ਼ਾਵਰ 'ਚ ਕੱਟੜ ਮੁਲਾਣਿਆ ਦਾ ਸ਼ਿਕਾਰ ਹੋਇਆ ਸਿੱਖ ਪਰਿਵਾਰ ਪਹੁੰਚਿਆ ਭਾਰਤ

ਅੰਮ੍ਰਿਤਸਰ : ਪਾਕਿਸਤਾਨ ਦੇ ਪੇਸ਼ਾਵਰ ਵਿੱਚ ਰਹਿੰਦੇ ਸਿੱਖ ਅਤੇ ਹਿੰਦੂ ਕੱਟੜਪੰਥੀ ਮੁਸਲਮਾਨਾਂ ਮੁਲਾਣਿਆ ਦੇ ਜ਼ੁਲਮਾਂ ਦਾ ਸ਼ਿਕਾਰ ਹੋ ਰਹੇ ਹਨ। ਇਸ ਕਾਰਨ ਉਹ ਵੀ ਭਾਰੀ ਦਹਿਸ਼ਤ ਵਿੱਚ ਹਨ। ਇਹੀ ਕਾਰਨ ਹੈ ਕਿ ਉਹ ਪਾਕਿਸਤਾਨ ਛੱਡਣਾ ਚਾਹੁੰਦੇ ਹਨ। ਸੋਮਵਾਰ ਨੂੰ ਪੇਸ਼ਾਵਰ ਦਾ ਇੱਕ ਸਿੱਖ ਪਰਿਵਾਰ ਅਟਾਰੀ ਸਰਹੱਦ ਰਾਹੀਂ ਭਾਰਤ ਪਹੁੰਚਿਆ। ਇਸ ਪਰਿਵਾਰ ਦਾ 43 ਦਿਨਾਂ ਦਾ ਵੀਜ਼ਾ ਹੈ। ਪਰਿਵਾਰ ਨੇ ਕਿਹਾ ਕਿ ਪੇਸ਼ਾਵਰ 'ਚ ਹਾਲਾਤ ਠੀਕ ਨਹੀਂ ਹਨ। ਉਥੇ ਸਿੱਖਾਂ ਨੂੰ ਮਾਰਿਆ ਜਾ ਰਿਹਾ ਹੈ। ਹਿੰਦੂ ਅਤੇ ਸਿੱਖ ਦੋਵੇਂ ਹੀ ਮੁਸਲਮਾਨਾਂ ਦੇ ਜ਼ੁਲਮ ਦਾ ਸ਼ਿਕਾਰ ਹਨ। ਹਿੰਦੂ ਅਤੇ ਸਿੱਖ ਕੌਮ ਦੀਆਂ ਧੀਆਂ ਦਾ ਜ਼ਬਰਦਸਤੀ ਧਰਮ ਪਰਿਵਰਤਨ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਸਾਡੀਆਂ ਦੁਕਾਨਾਂ ਅਤੇ ਘਰਾਂ ਨੂੰ ਲੁੱਟਿਆ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਪਾਕਿਸਤਾਨ ਵਿੱਚ ਰਹਿਣ ਵਾਲੇ ਹਿੰਦੂ ਅਤੇ ਸਿੱਖ ਪਾਕਿਸਤਾਨ ਛੱਡ ਕੇ ਭਾਰਤ ਆਉਣਾ ਚਾਹੁੰਦੇ ਹਨ।

ਪਰਿਵਾਰ ਵਾਲੇ ਆਪਣੇ ਨਾਲ ਵੱਡੀ ਮਾਤਰਾ ਵਿੱਚ ਘਰੇਲੂ ਸਮਾਨ ਵੀ ਲੈ ਕੇ ਆਏ ਸਨ। ਪਰਿਵਾਰ ਦਾ ਕਹਿਣਾ ਹੈ ਕਿ ਉਹ ਭਾਰਤ ਸਰਕਾਰ ਨੂੰ ਬੇਨਤੀ ਕਰਨਗੇ ਕਿ ਉਨ੍ਹਾਂ ਨੂੰ ਭਾਰਤ ਵਿੱਚ ਰਹਿਣ ਲਈ ਨਾਗਰਿਕਤਾ ਦਿੱਤੀ ਜਾਵੇ। ਜੇਕਰ ਅਜਿਹਾ ਸੰਭਵ ਨਹੀਂ ਹੈ ਤਾਂ ਉਨ੍ਹਾਂ ਦੇ ਵੀਜ਼ੇ ਦੀ ਮਿਆਦ ਵਧਾਈ ਜਾਵੇ। ਇਥੇ ਇਹ ਵੀ ਜਿਕਰਯੋਗ ਹੈ ਕੀ ਪਾਕਿਸਤਾਨ ਵਿੱਚ CAA ਮੁੜ ਸੁਰਖੀਆਂ ਵਿੱਚ ਹੈ ਕਿਉਂਕਿ ਪਾਕਿਸਤਾਨੀ ਹਿੰਦੂਆਂ ਨੂੰ ਇਸ ਕਾਰਨ ਨਵੇਂ ਹਮਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਪਾਕਿਸਤਾਨ ਵਿੱਚ ਹਿੰਦੂਆਂ ਨੂੰ ਅਕਸਰ ਦੂਜੇ ਦਰਜੇ ਦੇ ਨਾਗਰਿਕ ਮੰਨਿਆ ਜਾਂਦਾ ਹੈ ਅਤੇ ਜੀਵਨ ਦੇ ਵੱਖ-ਵੱਖ ਪਹਿਲੂਆਂ ਵਿੱਚ ਯੋਜਨਾਬੱਧ ਵਿਤਕਰੇ ਦਾ ਅਨੁਭਵ ਕੀਤਾ ਜਾਂਦਾ ਹੈ, ਜਿਸ ਵਿੱਚ ਰਿਹਾਇਸ਼, ਨੌਕਰੀਆਂ ਅਤੇ ਸਰਕਾਰੀ ਭਲਾਈ ਤੱਕ ਪਹੁੰਚ ਸ਼ਾਮਲ ਹੈ।

ਪਾਕਿਸਤਾਨ ਦੇ ਵਿਚਾਰ ਦੀ ਸਥਾਪਨਾ ਦੋ-ਰਾਸ਼ਟਰੀ ਸਿਧਾਂਤ 'ਤੇ ਕੀਤੀ ਗਈ ਸੀ, ਜਿਸ ਨੇ ਪ੍ਰਸਤਾਵਿਤ ਕੀਤਾ ਸੀ ਕਿ ਦੱਖਣੀ ਏਸ਼ੀਆ ਵਿੱਚ ਹਿੰਦੂ ਅਤੇ ਮੁਸਲਮਾਨ ਸ਼ਾਂਤੀ ਨਾਲ ਇਕੱਠੇ ਨਹੀਂ ਰਹਿ ਸਕਦੇ ਹਨ ਅਤੇ ਵੱਖ-ਵੱਖ ਦੇਸ਼ਾਂ ਦੀ ਲੋੜ ਹੈ। ਇਹ ਸਿਧਾਂਤ 1947 ਵਿੱਚ ਭਾਰਤ ਦੀ ਵੰਡ ਦੌਰਾਨ ਮੁਸਲਮਾਨਾਂ ਲਈ ਇੱਕ ਵੱਖਰੇ ਹੋਮਲੈਂਡ ਪਾਕਿਸਤਾਨ ਦੀ ਸਿਰਜਣਾ ਦਾ ਆਧਾਰ ਬਣ ਗਿਆ। ਹਾਲਾਂਕਿ, ਇਸ ਵਿਚਾਰਧਾਰਾ ਦੇ ਨਤੀਜੇ ਦੂਰਗਾਮੀ ਰਹੇ ਹਨ, ਖਾਸ ਤੌਰ 'ਤੇ ਪਾਕਿਸਤਾਨ ਵਿੱਚ ਸਿੱਖ ਅਤੇ ਹਿੰਦੂ ਆਬਾਦੀ ਲਈ, ਜਿਸ ਨਾਲ ਉਨ੍ਹਾਂ ਦੀ ਸੰਖਿਆ ਅਤੇ ਯੋਜਨਾਬੱਧ ਵਿਤਕਰੇ ਵਿੱਚ ਮਹੱਤਵਪੂਰਨ ਗਿਰਾਵਟ ਆਈ ਹੈ।








ਫੋਟੋ : ਧੰਨਵਾਦ ਸਾਹਿਤ ਸੋਸ਼ਲ ਮੀਡੀਆ

ਇਤਿਹਾਸਕ ਤੌਰ 'ਤੇ, ਪਾਕਿਸਤਾਨ 3,000 ਸਾਲ ਪਹਿਲਾਂ ਸਿੰਧੂ ਘਾਟੀ ਦੀ ਸਭਿਅਤਾ ਦੇ ਨਾਲ, ਸੰਪੰਨ ਹਿੰਦੂ ਆਬਾਦੀ ਦਾ ਘਰ ਸੀ। ਅਜੋਕੇ ਪੰਜਾਬ ਅਤੇ ਸਿੰਧ ਪ੍ਰਾਂਤਾਂ ਵਿੱਚ ਹੜੱਪਾ ਅਤੇ ਮੋਹਨਜੋ-ਦਾਰੋ ਵਰਗੇ ਸ਼ਹਿਰ ਇਸ ਪ੍ਰਾਚੀਨ ਸਭਿਅਤਾ ਦੇ ਮਹੱਤਵਪੂਰਨ ਕੇਂਦਰ ਸਨ। ਬਦਕਿਸਮਤੀ ਨਾਲ, ਆਧੁਨਿਕ-ਦਿਨ ਦਾ ਦ੍ਰਿਸ਼ ਸਪੱਸ਼ਟ ਤੌਰ 'ਤੇ ਵੱਖਰਾ ਹੈ, ਕਿਉਂਕਿ ਇਤਿਹਾਸਕ ਅਤੇ ਸਵਦੇਸ਼ੀ ਹਿੰਦੂ ਭਾਈਚਾਰਾ ਨਿਸ਼ਾਨਾ ਅਤਿਆਚਾਰ ਅਤੇ ਵਿਤਕਰੇ ਕਾਰਨ ਬਹੁਤ ਘੱਟ ਗਿਆ ਹੈ।

1947 ਵਿੱਚ ਭਾਰਤ ਦੀ ਵੰਡ ਨੇ ਵੱਡੇ ਪੱਧਰ 'ਤੇ ਹਿੰਸਾ ਕੀਤੀ, ਲੱਖਾਂ ਹਿੰਦੂਆਂ ਅਤੇ ਸਿੱਖਾਂ ਨੂੰ ਭਾਰਤ ਵਿੱਚ ਸੁਰੱਖਿਆ ਲੱਭਣ ਲਈ ਪੱਛਮੀ ਅਤੇ ਪੂਰਬੀ ਪਾਕਿਸਤਾਨ (ਹੁਣ ਬੰਗਲਾਦੇਸ਼) ਤੋਂ ਭੱਜਣ ਲਈ ਮਜ਼ਬੂਰ ਕੀਤਾ। ਸਿੱਟੇ ਵਜੋਂ, ਪੱਛਮੀ ਪਾਕਿਸਤਾਨ ਵਿੱਚ ਹਿੰਦੂ ਆਬਾਦੀ ਵੰਡ ਦੇ ਸਮੇਂ 15% ਤੋਂ ਘਟ ਕੇ 20ਵੀਂ ਸਦੀ ਦੇ ਅੰਤ ਤੱਕ 2% ਤੋਂ ਵੀ ਘੱਟ ਰਹਿ ਗਈ। ਸਮੇਂ ਦੇ ਨਾਲ, ਹਿੰਦੂ-ਸਿੱਖ ਵਿਰੋਧੀ ਦੰਗਿਆਂ ਅਤੇ ਵਿਤਕਰੇ ਨੇ ਇਸ ਗਿਣਤੀ ਨੂੰ ਹੋਰ ਘਟਾ ਦਿੱਤਾ ਅਤੇ ਅੱਜ, ਹਿੰਦੂ ਸਿੱਖਾਂ ਦੀ ਪਾਕਿਸਤਾਨ ਚ ਆਬਾਦੀ ਦਾ ਸਿਰਫ 1.6% ਹਨ, ਬਹੁਤ ਸਾਰੇ ਅਜੇ ਵੀ ਅਤਿਆਚਾਰ ਤੋਂ ਬਚਣ ਲਈ ਭਾਰਤ ਨੂੰ ਭੱਜਣ ਦੀ ਚੋਣ ਕਰਦੇ ਹਨ। ਇਸ ਜੁਲਮ ਨੂੰ ਸਹਿੰਦੇ ਹੋਏ ਪੇਸ਼ਾਵਰ 'ਚ ਕੱਟੜ ਮੁਲਾਣਿਆ ਦਾ ਸ਼ਿਕਾਰ ਹੋਇਆ ਸਿੱਖ ਪਰਿਵਾਰ ਭਾਰਤ ਪਹੁੰਚਿਆ ਹੈ ਅਤੇ ਉਨ੍ਹਾਂ ਨੇ ਭਾਰਤ ਦੀ ਨਾਗਰਿਕਤਾ ਮੰਗੀ ਹੈ।

# ਅਰਤਿੰਦਰ ਸੰਧੂ ਨਾਲ ਰੁਬਰੂ ਅਤੇ ਕਵੀ ਦਰਬਾਰ

ਬੀਤੇ ਐਤਵਾਰ (16 ਜੁਲਾਈ) ਹਰਪ੍ਰੀਤ ਕੌਰ ਧੂਤ ਦੇ ਗ੍ਰਹਿ ਸਥਾਨ (ਸਟਾਕਟਨ) ਵਿਖੇ ਇਕ ਸਾਹਿਤਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਵਿਚ ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ (ਕੈਲੇਫੋਰਨੀਆ), ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਤੋਂ ਨਾਮਵਰ ਸਾਹਿਤਕਾਰ ਪਹੁੰਚੇ। ਹਰਪ੍ਰੀਤ ਕੌਰ ਧੂਤ, ਸਰਬਜੀਤ ਸਿੰਘ ਧੂਤ, ਕਰਨਵੀਰ ਸਿੰਘ ਧੂਤ ਅਤੇ ਮਨਪ੍ਰੀਤ ਕੌਰ ਸਹੋਤਾ ਨੇ ਸਮਾਗਮ ਵਿਚ ਸ਼ਾਮਲ ਸਭ ਸਾਹਿਤਕਾਰਾਂ ਤੇ ਮਿਹਮਾਨਾਂ ਨੂੰ 'ਜੀ ਆਇਆਂ' ਆਖਿਆ ਅਤੇ ਤਹਿ ਦਿਲੋਂ ਸਵਾਗਤ ਕੀਤਾ।

ਇਸ ਸਾਹਿਤਕ ਸਮਾਗਮ ਦਾ ਆਗਾਜ਼ ਸੁਖਦੇਵ ਸਾਹਿਲ ਦੀ ਸੰਗੀਤਕ ਪੇਸ਼ਕਾਰੀ ਨਾਲ ਹੋਇਆ, ਉਹਨਾਂ ਨੇ ਬੁੱਲੇ ਸ਼ਾਹ ਦੇ ਕਲਾਮ ਦਾ ਬਾਖ਼ੂਬੀ ਗਾਇਨ ਕੀਤਾ। ਇਸ ਤੋਂ ਬਾਅਦ ਲੇਖਿਕਾ ਅਰਤਿੰਦਰ ਸੰਧੂ ਨਾਲ ਰੁਬਰੂ ਪ੍ਰੋਗਰਾਮ ਕੀਤਾ ਗਿਆ। ਹਰਪ੍ਰੀਤ ਕੌਰ ਧੂਤ ਤੇ ਜਗਜੀਤ ਨੌਸ਼ਿਹਰਵੀ ਨੇ ਉਨ੍ਹਾਂ ਬਾਰੇ ਜਾਣ ਪਹਿਚਾਣ ਕਰਵਾਈ। ਸ੍ਰੀਮਤੀ ਸੰਧੂ ਨੇ ਆਪਣੇ ਬਾਰੇ ਤੇ ਆਪਣੇ ਮੈਗਜ਼ੀਨ 'ਏਕਮ' ਬਾਰੇ ਵਿਸਥਾਰ ਸਿਹਤ ਦੱਸਿਆ ਤੇ ਆਪਣੀਆਂ ਕਵਿਤਾਵਾਂ ਵੀ ਪੇਸ਼ ਕੀਤੀਆਂ। ਸਵਾਲ ਜਵਾਬ ਵੀ ਹੋਏ। ਉਹਨਾਂ ਦੇ ਜਵਾਬ ਦਿੰਦਿਆਂ ਸ੍ਰੀਮਤੀ ਸੰਧੂ ਨੇ ਦੱਸਿਆ ਕਿ 'ਏਕਮ' ਸ਼ੁਰੂ ਕਰਨ ਦਾ ਮਕਸਦ ਪੰਜਾਬੀ ਬੋਲੀ ਤੇ ਪੰਜਾਬੀ ਸਾਹਿਤ ਨੂੰ ਪ੍ਰਫੁੱਲਤ ਕਰਨਾ ਹੈ। ਇਸ ਦੌਰਾਨ ਅਰਤਿੰਦਰ ਸੰਧੂ ਤੇ ਉਹਨਾਂ ਦੇ ਜੀਵਨ ਸਾਥੀ ਦਾ ਸਨਮਾਨ ਕੀਤਾ ਗਿਆ। ਸ੍ਰੀਮਤੀ ਸੰਧੂ ਨੂੰ ਹਰਪ੍ਰੀਤ ਕੌਰ ਧੂਤ, ਕੁਲਵਿੰਦਰ, ਦਿਲ ਨਿੱਜਰ, ਅਮਰਜੀਤ ਕੌਰ ਪੰਨੂੰ ਅਤੇ ਕਮਲ ਬੰਗਾ ਨੇ ਆਪਣੀਆਂ ਕਿਤਾਬਾਂ ਭੇਟ ਕੀਤੀਆਂ।

ਦੂਜੇ ਸ਼ੇਸਨ ਵਿਚ ਸ਼ਾਨਦਾਰ ਕਵੀ ਦਰਬਾਰ ਹੋਇਆ। ਇਸ ਵਿਚ ਪਾਕਿਸਤਾਨ ਤੋਂ ਆਏ ਸ਼ਾਇਰ ਫਾਰੂਖ਼ ਤਰਾਜ਼ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ, ਉਹਨਾਂ ਨੇ ਆਪਣੀ ਖੁਬਸੂਰਤ ਸ਼ਾਇਰੀ ਨਾਲ ਸਭ ਦਾ ਦਿਲ ਜਿੱਤਿਆ। ਉਹਨਾਂ ਤੋਂ ਬਾਅਦ ਗੁਲਸ਼ਨ ਦਿਆਲ, ਹਰਪ੍ਰੀਤ ਕੌਰ ਧੂਤ, ਸੁਖਵਿੰਦਰ ਕੰਬੋਜ, ਸੁਰਿੰਦਰ ਸੀਰਤ, ਕੁਲਿਵੰਦਰ, ਸੁਰਜੀਤ ਸਖੀ, ਦਿਲ ਨਿੱਜਰ, ਬੀਬੀ ਸੁਰਜੀਤ ਕੌਰ, ਲਾਜ ਨੀਲਮ ਸੈਣੀ, ਕਮਲ ਬੰਗਾ, ਚਰਨਜੀਤ ਪੰਨੂੰ, ਅਮਰਜੀਤ ਕੌਰ ਪੰਨੂੰ, ਜਗਜੀਤ ਨੌਸ਼ਹਿਰਵੀ, ਗਗਨਦੀਪ ਮਾਹਲ ਸੁਲਤਾਨਿਵੰਡ, ਦਲਜਿੰਦਰ ਸਹੋਤਾ, ਕੁਲਵੰਤ ਸੇਖੋਂ, ਮਨਦੀਪ ਗੋਰਾ, ਹਰਜੀਤ ਹਠੂਰ ਨੇ ਕਵਿਤਾਵਾਂ ਪੇਸ਼ ਕੀਤੀਆਂ। ਡਾ. ਗੁਰਪ੍ਰੀਤ ਧੁੱਗਾ ਤੇ ਪ੍ਰੋਫੈਸਰ ਬਲਜਿੰਦਰ ਸਿੰਘ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ। ਡਾ. ਗੁਰਪ੍ਰੀਤ ਸਿੰਘ ਧੁੱਗਾ ਦਾ ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ (ਕੈਲੇਫੋਰਨੀਆ) ਨਾਲ ਜੁੜਨ 'ਤੇ ਸਵਾਗਤ ਕੀਤਾ ਗਿਆ। ਹਰਪ੍ਰੀਤ ਕੌਰ ਧੂਤ ਨੇ ਦਰਸ਼ਨ ਬੁਲੰਦਵੀ, ਮਹਿੰਦਰ ਗਿੱਲ ਅਤੇ ਗੁਰਪਾਲ ਸਿੰਘ ਸੰਧੂ ਵੱਲੋਂ ਸੰਪਾਦਿਤ ਤੇ ਪ੍ਰਕਾਸ਼ਿਤ ਕਾਵਿ-ਸੰਗ੍ਰਹਿ, 'ਸਮਕਾਲੀ ਪਰਵਾਸੀ ਪੰਜਾਬੀ ਕਵਿਤਾ' ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਸੰਗ੍ਰਹਿ ਵਿਚ ਅਮਰੀਕਾ, ਕੈਨੇਡਾ ਤੇ ਇੰਗਲੈਂਡ ਦੇ 47 ਕਵੀਆਂ ਦੀਆਂ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ। ਇਸ ਤੋਂ ਪਹਿਲਾਂ ਸਾਡੀ ਟੀਮ ਵੱਲੋਂ 2017 ਵਿਚ ਪਰਵਾਸੀ ਪੰਜਾਬੀ ਕਾਵਿ ਸੰਗ੍ਰਹਿ 'ਵਰਤਮਾਨ ਦੇ ਆਰ ਪਾਰ' ਸੰਪਾਦਿਤ ਤੇ ਪ੍ਰਕਾਸ਼ਿਤ ਕੀਤਾ ਗਿਆ ਸੀ। ਉਸ ਸੰਗ੍ਰਹਿ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਦੇ 79 ਕਵੀਆਂ ਦੀਆਂ ਰਚਨਾਵਾਂ ਸ਼ਾਮਲ ਕੀਤੀਆ ਗਈਆਂ ਸਨ। ਉਹ ਸੰਗ੍ਰਹਿ ਪਾਠਕਾਂ ਤੇ ਆਲੋਚਕਾਂ ਵੱਲੋਂ ਬੇਹੱਦ ਪਸੰਦ ਕੀਤਾ ਗਿਆ ਸੀ। ਉਮੀਦ ਹੈ ਕਿ 'ਸਮਕਾਲੀ ਪੰਜਾਬੀ ਪਰਵਾਸੀ ਕਵਿਤਾ' ਸੰਗ੍ਰਹਿ ਨੂੰ ਵੀ ਪਾਠਕਾਂ ਦਾ ਭਰਵਾਂ ਹੁੰਗਾਰਾ ਮਿਲੇਗਾ। ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ (ਕੈਲੇਫੋਰਨੀਆ) ਹੋਰ ਸਾਹਿਤਕ ਸੰਗਠਨਾਂ – ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ (ਕੈਲੇਫੋਰਨੀਆ), ਪੰਜਾਬੀ ਸਾਹਿਤ ਸਭਾ ਫਿਰਜ਼ਨੋ ਦੇ ਨਾਲ ਤਾਲਮੇਲ ਬਣਾ ਕੇ ਸਾਂਝੀਆਂ ਸਾਹਿਤਕ ਸਰਗਰਮੀਆਂ ਉਲੀਕਣ ਤੇ ਨੇਪਰੇ ਚਾੜਨ ਦੇ ਪ੍ਰਯਤਨ ਕਰੇਗੀ।

**ਹਰਪ੍ਰੀਤ ਕੌਰ ਧੂਤ** (ਫੋਨ: 209-423-1107)
**ਮਨਦੀਪ ਗੋਰਾ** (ਫੋਨ: 209-740-8319)



**ਸ੍ਰੀਮਤੀ ਅਰਤਿੰਦਰ ਸੰਧੂ, ਸ੍ਰੀਮਾਨ ਰਾਜ ਖੁਸ਼ਵੰਤ ਸਿੰਘ ਸੰਧੂ, ਹਰਪ੍ਰੀਤ ਕੌਰ ਧੂਤ ਸਮੇਤ ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ (ਕੈਲੀਫੋਰਨੀਆ) ਦੇ ਕਮੇਟੀ ਮੈਂਬਰਾਂ ਸਹਿਤ**

# ਪੰਜਾਬ ਦੇ ਮਸ਼ਹੂਰ ਲੋਕ ਗਾਇਕ ਸੁਰਿੰਦਰ ਛਿੰਦਾ ਦਾ ਦਿਹਾਂਤ

ਲੁਧਿਆਣਾ : 80-90 ਦੇ ਦਹਾਕੇ ਦੇ ਮਸ਼ਹੂਰ ਲੋਕ ਗਾਇਕ ਸੁਰਿੰਦਰ ਛਿੰਦਾ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਹ ਪਿਛਲੇ ਲੰਬੇ ਸਮੇਂ ਤੋਂ ਬੀਮਾਰ ਚੱਲ ਰਹੇ ਸਨ। ਉਨ੍ਹਾਂ ਨੇ ਅੱਜ ਸਵੇਰੇ 7.30 ਵਜੇ ਡੀ. ਐੱਮ. ਸੀ. ਹਸਪਤਾਲ ਵਿਖੇ ਆਖ਼ਰੀ ਸਾਹ ਲਏ। ਦੱਸਣਯੋਗ ਹੈ ਕਿ ਪਿਛਲੇ ਦਿਨੀਂ ਉਨ੍ਹਾਂ ਦੀ ਹਾਲਤ ਬਹੁਤ ਨਾਜ਼ੁਕ ਬਣੀ ਹੋਈ ਸੀ। ਉਨ੍ਹਾਂ ਨੂੰ ਲੁਧਿਆਣਾ ਦੇ ਮਾਡਲ ਟਾਊਨ ਵਿਖੇ ਇਕ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਸੀ, ਜਿੱਥੇ ਉਨ੍ਹਾਂ ਦਾ ਆਪਰੇਸ਼ਨ ਕੀਤਾ ਗਿਆ।

ਇਸ ਤੋਂ ਬਾਅਦ ਸਰੀਰ 'ਚ ਇਨਫੈਕਸ਼ਨ ਫੈਲਣ ਕਾਰਨ ਉਨ੍ਹਾਂ ਨੂੰ ਡੀ. ਐੱਮ. ਸੀ. ਹਸਪਤਾਲ ਦਾਖ਼ਲ ਕਰਵਾਇਆ ਗਿਆ ਸੀ, ਜਿੱਥੇ ਅੱਜ ਉਨ੍ਹਾਂ ਨੇ ਆਖ਼ਰੀ ਸਾਹ ਲਏ। ਇਸ ਤੋਂ ਪਹਿਲਾਂ ਉਨ੍ਹਾਂ ਦੀ ਮੌਤ ਦੀ ਅਫ਼ਵਾਹ ਵੀ ਫੈਲੀ ਸੀ ਪਰ ਉਨ੍ਹਾਂ ਦੇ ਪੁੱਤਰ ਨੇ ਫੇਸਬੁੱਕ 'ਤੇ ਲਾਈਵ ਹੋ ਕੇ ਇਨ੍ਹਾਂ ਅਫ਼ਵਾਹਾਂ ਦਾ ਖੰਡਨ ਕੀਤਾ ਸੀ। ਦੱਸਣਯੋਗ ਹੈ ਕਿ ਮਸ਼ਹੂਰ ਗਾਇਕ ਸੁਰਿੰਦਰ ਪਾਲ ਧੰਮੀ, ਜਿਨ੍ਹਾਂ ਨੂੰ ਅਸੀਂ ਸੁਰਿੰਦਰ ਛਿੰਦਾ ਵਜੋਂ ਜਾਣਦੇ ਹਾਂ, ਉਨ੍ਹਾਂ ਦਾ ਜਨਮ 20 ਮਈ, 1953 ਨੂੰ ਪਿੰਡ ਚੋਟੀ ਈਯਾਲੀ, ਜ਼ਿਲ੍ਹਾ ਲੁਧਿਆਣਾ, ਪੰਜਾਬ 'ਚ ਹੋਇਆ ਸੀ।

ਸੁਰਿੰਦਰ ਛਿੰਦਾ ਦਾ ਜਨਮ ਇੱਕ ਰਾਮਗੜ੍ਹੀਆ ਪਰਿਵਾਰ 'ਚ ਹੋਇਆ ਸੀ। ਪੰਜਾਬੀ ਸੰਗੀਤ ਜਗਤ 'ਚ ਆਉਣ ਤੋਂ ਪਹਿਲਾਂ ਛਿੰਦਾ ਸਰੂਪ ਮਕੈਨੀਕਲ ਵਰਕਸ 'ਚ ਨੌਕਰੀ ਕਰਦੇ ਸਨ। ਉਨ੍ਹਾਂ ਨੇ ਸਾਲ 1981 'ਚ 'ਪੁੱਤ ਜੱਟਾਂ ਦੇ ਬੁਲਾਉਂਦੇ ਬੱਕਰੇ' ਗੀਤ ਨਾਲ ਪੰਜਾਬੀ ਮਿਊਜ਼ਿਕ ਇੰਡਸਟਰੀ 'ਚ ਕਦਮ ਰੱਖਿਆ ਸੀ, ਜਿਸ ਤੋਂ ਬਾਅਦ ਉਨ੍ਹਾਂ ਨੇ ਕਦੇ ਵਾਪਸ ਮੁੜ ਕੇ ਨਹੀਂ ਦੇਖਿਆ। ਉਨ੍ਹਾਂ ਦੇ ਦਿਹਾਂਤ ਕਾਰਨ ਪੰਜਾਬੀ ਮਿਊਜ਼ਿਕ ਇੰਡਸਟਰੀ 'ਚ ਸੋਗ ਦੀ ਲਹਿਰ ਫੈਲ ਗਈ ਹੈ।



# ਗਾਇਕ ਸੁਰਿੰਦਰ ਛਿੰਦਾ ਦਾ ਇਹ ਕੰਮ ਪਾਉਂਦਾ ਸੀ ਹੋਰ ਕਲਾਕਾਰਾਂ ਨੂੰ ਫਿਕਰਾਂ 'ਚ

ਚੰਡੀਗੜ੍ਹ : ਪ੍ਰਸਿੱਧ ਲੋਕ ਗਾਇਕ ਸੁਰਿੰਦਰ ਛਿੰਦਾ ਅੱਜ ਇਸ ਫ਼ਾਨੀ ਦੁਨੀਆ ਨੂੰ ਅਲਵਿਦਾ ਆਖ ਗਏ ਹਨ। ਉਹ ਪਿਛਲੇ ਲੰਬੇ ਸਮੇਂ ਤੋਂ ਬੀਮਾਰ ਸਨ। ਅੱਜ ਸਵੇਰੇ 7.30 ਵਜੇ ਦੇ ਕਰੀਬ ਉਨ੍ਹਾਂ ਨੇ ਡੀ. ਐੱਮ. ਸੀ. ਹਸਪਤਾਲ ਵਿਖੇ ਆਖ਼ਰੀ ਸਾਹ ਲਏ। ਪਿਛਲੇ ਕਈ ਦਿਨਾਂ ਤੋਂ ਉਨ੍ਹਾਂ ਦੀ ਹਾਲਤ ਬਹੁਤ ਨਾਜ਼ੁਕ ਬਣੀ ਹੋਈ ਸੀ। ਉਨ੍ਹਾਂ ਨੂੰ ਲੁਧਿਆਣਾ ਦੇ ਮਾਡਲ ਟਾਊਨ ਵਿਖੇ ਸਥਿਤ ਦੀਪ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਸੀ।


**ਮਿਹਨਤ ਸਦਕਾ ਹਾਸਲ ਕੀਤਾ ਵੱਡਾ ਮੁਕਾਮ :** 80-90 ਦੇ ਦਹਾਕੇ 'ਚ ਸੁਰਿੰਦਰ ਛਿੰਦਾ ਨੇ ਆਪਣੀ ਮਿਹਨਤ ਸਦਕਾ ਉਹ ਮੁਕਾਮ ਹਾਸਲ ਕੀਤਾ, ਜਿਸ ਨੂੰ ਪਾਉਣ ਲਈ ਉਨ੍ਹਾਂ ਨੂੰ ਇਕ ਲੰਬਾ ਸੰਘਰਸ਼ ਕਰਨਾ ਪਿਆ। ਸੁਰਿੰਦਰ ਛਿੰਦਾ ਨੇ ਆਪਣੀ ਮਿਹਨਤ ਸਦਕਾ 'ਪੰਜਾਬੀ ਸੰਗੀਤ ਜਗਤ' ਨੂੰ ਨਵੀਆਂ ਬੁਲੰਦੀਆਂ 'ਤੇ ਪਹੁੰਚਾਇਆ ਅਤੇ ਆਪਣੇ ਗੀਤਾਂ ਰਾਹੀਂ ਪੰਜਾਬੀ ਸਭਿਆਚਾਰ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਬਹੁਤ ਵੱਡਾ ਯੋਗਦਾਨ ਪਾਇਆ। ਮਸ਼ਹੂਰ ਗਾਇਕ ਸੁਰਿੰਦਰ ਪਾਲ ਧੰਮੀ, ਜਿਨ੍ਹਾਂ ਨੂੰ ਅਸੀਂ ਸੁਰਿੰਦਰ ਛਿੰਦਾ ਵਜੋਂ ਜਾਣਦੇ ਹਾਂ। ਉਨ੍ਹਾਂ ਦਾ ਜਨਮ 20 ਮਈ 1953 ਨੂੰ ਪਿੰਡ ਚੋਟੀ ਈਯਾਲੀ, ਜ਼ਿਲ੍ਹਾ ਲੁਧਿਆਣਾ, ਪੰਜਾਬ 'ਚ ਹੋਇਆ ਸੀ। ਸੁਰਿੰਦਰ ਛਿੰਦਾ ਦਾ ਜਨਮ ਸੁਰਿੰਦਰ ਪਾਲ ਧਾਮ ਦਾ ਜਨਮ ਇੱਕ ਰਾਮਗੜ੍ਹੀਆ ਪਰਿਵਾਰ 'ਚ ਹੋਇਆ ਸੀ।

**ਸੁਰਿੰਦਰ ਦਾ ਇਹ ਕੰਮ ਪਾਉਂਦਾ ਸੀ ਹੋਰ ਕਲਾਕਾਰਾਂ ਨੂੰ ਫਿਕਰਾਂ 'ਚ :** ਇੱਕ ਸਮਾਂ ਅਜਿਹਾ ਵੀ ਆਇਆ ਜਦੋਂ ਸੁਰਿੰਦਰ ਛਿੰਦਾ ਦਾ ਕੋਈ ਵੀ ਰਿਕਾਰਡ ਆਉਂਦਾ ਸੀ ਤਾਂ ਉਸ ਸਮੇਂ ਦੇ ਹੋਰ ਚਰਚਿਤ ਗਾਇਕਾਂ ਨੂੰ ਆਪਣਾ ਫ਼ਿਕਰ ਪੈ ਜਾਂਦਾ ਸੀ। ਉਸ ਦੀ ਗਾਇਕੀ ਦੀ ਵਿਸ਼ੇਸ਼ਤਾ ਰਹੀ ਹੈ ਕਿ ਭਾਵੇਂ ਉਸ ਨੇ ਲੋਕ-ਗਾਥਾਵਾਂ ਗਾਈਆਂ ਜਾਂ ਦੋਗਾਣੇ ਗਾਏ ਪਰ ਉਨ੍ਹਾਂ 'ਚ ਕਲਾਸੀਕਲ ਟੱਚ ਨੂੰ ਕਾਇਮ ਰੱਖਿਆ। ਸੁਰਿੰਦਰ ਛਿੰਦੇ ਦੇ ਕਈ ਗੀਤ ਇੰਨੇ ਮਕਬੂਲ ਹੋਏ ਕਿ ਉਨ੍ਹਾਂ ਨੇ ਸਫ਼ਲਤਾ ਦੇ ਨਵੇਂ ਮਾਪਦੰਡ ਕਾਇਮ ਕੀਤੇ।

**ਮਕੈਨੀਕਲ ਵਰਕਸ 'ਚ ਵੀ ਕਰ ਚੁੱਕੇ ਨੇ ਨੌਕਰੀ :** ਪੰਜਾਬੀ ਸੰਗੀਤ ਜਗਤ 'ਚ ਆਉਣ ਤੋਂ ਪਹਿਲਾਂ ਛਿੰਦਾ ਸਰੂਪ ਮਕੈਨੀਕਲ ਵਰਕਸ 'ਚ ਨੌਕਰੀ ਕਰਦੇ ਸਨ। ਉਨ੍ਹਾਂ ਨੇ ਸਾਲ 1981 'ਚ 'ਪੁੱਤ ਜੱਟਾਂ ਦੇ ਬੁਲਾਉਂਦੇ ਬੱਕਰੇ' ਗੀਤ ਨਾਲ ਪੰਜਾਬੀ ਮਿਊਜ਼ਿਕ ਇੰਡਸਟਰੀ 'ਚ ਕਦਮ ਰੱਖਿਆ ਸੀ, ਜਿਸ ਤੋਂ ਬਾਅਦ ਉਨ੍ਹਾਂ ਨੇ ਕਦੇ ਵਾਪਸ ਮੁੜ ਕੇ ਨਹੀਂ ਦੇਖਿਆ। ਉਨ੍ਹਾਂ ਦਾ ਇਹ ਗੀਤ ਉਸ ਸਮੇਂ ਕਾਫੀ ਹਿੱਟ ਰਿਹਾ ਸੀ। ਇਸ ਤੋਂ ਬਾਅਦ ਉਨਾਂ ਨੇ 'ਢੋਲਾ ਵੇ ਢੋਲਾ ਹਾਏ ਢੋਲਾ', 'ਨਵਾਂ ਲੈ ਲਿਆ ਟਰੱਕ ਤੇਰੇ ਯਾਰ ਨੇ ਨੀ ਬਾਬਿਆਂ ਦੇ ਚੱਲ ਚੱਲੀਏ' ਤੇ 'ਬਦਲਾ ਲੈ ਲਈਂ ਸੋਹਣਿਆਂ' ਸਮੇਤ ਕਈ ਗੀਤ ਗਾਏ। 1972-73 'ਚ ਸੁਰਿੰਦਰ ਛਿੰਦਾ ਉਸਤਾਦ ਜਸਵੰਤ ਭੰਵਰਾ ਦੇ ਲੜ ਲੱਗ ਗਏ ਅਤੇ ਸੰਗੀਤਕ ਤਾਲੀਮ ਦਾ ਦੌਰ ਸ਼ੁਰੂ ਹੋਇਆ। ਸੁਰਿੰਦਰ ਛਿੰਦਾ ਨੇ ਬਹੁਤ ਸੰਘਰਸ਼ ਕੀਤਾ। ਪ੍ਰਸਿੱਧ ਕੰਪਨੀ ਐੱਚ. ਐੱਮ. ਵੀ. ਨੇ ਉਨ੍ਹਾਂ ਦਾ ਪਹਿਲਾ ਰਿਕਾਰਡ, 'ਘੱਗਰਾ ਸੂਫ ਦਾ' ਤਿਆਰ ਕੀਤਾ ਅਤੇ ਫਿਰ ਹੌਲੀ-ਹੌਲੀ ਉਸ ਤੋਂ ਬਾਅਦ ਚਰਚਾ ਦਾ ਦੌਰ ਸ਼ੁਰੂ ਹੋਇਆ।

**ਇਨ੍ਹਾਂ ਗੀਤਾਂ ਨੇ ਪਹੁੰਚਾਇਆ ਬੁਲੰਦੀਆਂ 'ਤੇ :** ਇਨ੍ਹਾਂ ਗੀਤਾਂ 'ਚੋਂ 'ਦੋ ਊਠਾਂ ਵਾਲੇ ਨੀਂ', 'ਜੰਞ ਚੜ੍ਹੀ ਅਮਲੀ ਦੀ', 'ਬੱਦਲਾਂ ਨੂੰ ਪੁੱਛ ਗੋਰੀਏ', 'ਜਿਊਣਾ ਮੋੜ', 'ਉੱਚਾ ਬੁਰਜ ਲਾਹੌਰ ਦਾ', 'ਜੱਟ ਮਿਰਜ਼ਾ ਖਰਲਾਂ ਦਾ', 'ਸੁੱਚਾ ਸੂਰਮਾ', 'ਤਾਰਾ ਰੋਂਦੀ ਤੇ ਕਰਲਾਉਂਦੀ', 'ਪੁੱਤ ਜੱਟਾਂ ਦੇ ਬੁਲਾਉਂਦੇ ਬੱਕਰੇ', 'ਮਾਲਵੇ ਦੇ ਜੱਟ', 'ਮੈਂ ਕਿਹੜੀ ਖੁਦਾਈ ਮੰਗ ਲਈ', 'ਦਿੱਲੀ ਸ਼ਹਿਰ ਦੀਆਂ ਕੁੜੀਆਂ' ਆਦਿ ਜ਼ਿਕਰਯੋਗ ਹਨ। ਛਿੰਦਾ ਨੇ ਅਨੇਕਾਂ ਪੰਜਾਬੀ ਫ਼ਿਲਮਾਂ 'ਚ ਅਦਾਕਾਰੀ ਅਤੇ ਸੰਗੀਤ ਵੀ ਦਿੱਤਾ ਅਤੇ ਇੱਕ ਹਿੰਦੀ ਫ਼ਿਲਮ 'ਚ ਵੀ ਗੀਤ ਗਾਉਣ ਦਾ ਮਾਣ ਮਿਲਿਆ। ਸੁਰਿੰਦਰ ਛਿੰਦਾ ਨੇ ਆਪਣੀ ਗਾਇਕੀ 'ਚ ਨਵੇਂ ਤਜਰਬੇ ਵੀ ਕੀਤੇ ਜੋ ਸਫ਼ਲ ਰਹੇ।









## ਸਿੱਖ ਨਸਲਕੁਸ਼ੀ 'ਚ ਅਦਾਲਤ ਨੇ ਜਗਦੀਸ਼ ਟਾਈਟਲਰ ਨੂੰ 5 ਅਗਸਤ ਨੂੰ ਕੀਤਾ ਤਲਬ, ਹੋ ਸਕਦੀ ਹੈ ਗ੍ਰਿਫ਼ਤਾਰੀ



ਨਵੀਂ ਦਿੱਲੀ- ਦਿੱਲੀ ਦੀ ਇਕ ਅਦਾਲਤ ਨੇ ਸਾਲ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਪੁਲ ਬੰਗਸ਼ ਕਤਲਕਾਂਡ ਮਾਮਲੇ 'ਚ ਕਾਂਗਰਸ ਨੇਤਾ ਜਗਦੀਸ਼ ਟਾਈਟਲਰ ਨੂੰ 5 ਅਗਸਤ ਨੂੰ ਤਲਬ ਕੀਤਾ ਹੈ। ਵਧੀਕ ਮੁੱਖ ਮੈਟਰੋਪੋਲਿਟਨ ਮੈਜਿਸਟਰੇਟ ਵਿਧੀ ਗੁਪਤਾ ਆਨੰਦ ਨੇ ਮਾਮਲੇ 'ਚ ਦੋਸ਼ ਪੱਤਰ ਨੂੰ ਧਿਆਨ 'ਚ ਲੈਣ ਮਗਰੋਂ ਬੁੱਧਵਾਰ ਨੂੰ ਹੁਕਮ ਪਾਸ ਕੀਤਾ। ਸੀ. ਬੀ. ਆਈ. ਨੇ 20 ਮਈ ਨੂੰ ਮਾਮਲੇ ਵਿਚ ਟਾਈਟਲਰ ਖ਼ਿਲਾਫ਼ ਦੋਸ਼ ਪੱਤਰ ਦਾਇਰ ਕੀਤਾ ਸੀ। ਦੱਸ ਦੇਈਏ ਕਿ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਉਨ੍ਹਾਂ ਦੇ ਸਿੱਖ ਬਾਡੀਗਾਰਡਾਂ ਵਲੋਂ ਕਤਲ ਕੀਤੇ ਜਾਣ ਦੇ ਇਕ ਦਿਨ ਬਾਅਦ 1 ਨਵੰਬਰ 1984 ਨੂੰ ਇੱਥੇ ਪੁਲ ਬੰਗਸ਼ ਖੇਤਰ 'ਚ 3 ਲੋਕਾਂ ਦਾ ਕਤਲ ਕਰ ਦਿੱਤਾ ਗਿਆ ਸੀ ਅਤੇ ਇਕ ਗੁਰਦੁਆਰੇ 'ਚ ਅੱਗ ਲਾ ਦਿੱਤੀ ਗਈ ਸੀ। ਅਦਾਲਤ ਵਿਚ ਦਾਇਰ ਆਪਣੇ ਦੋਸ਼ ਪੱਤਰ 'ਚ ਸੀ. ਬੀ. ਆਈ. ਨੇ ਦਾਅਵਾ ਕੀਤਾ ਕਿ ਟਾਈਟਲਰ ਨੇ 1 ਨਵੰਬਰ 1984 ਨੂੰ ਆਜ਼ਾਦ ਮਾਰਕੀਟ 'ਚ ਪੁਲ ਬੰਗਸ਼ ਗੁਰਦੁਆਰੇ 'ਚ ਇਕੱਠੀ ਹੋਈ ਭੀੜ ਨੂੰ ਉਕਸਾਇਆ ਅਤੇ ਭੜਕਾਇਆ, ਜਿਸ ਦੇ ਨਤੀਜੇ ਵਜੋਂ ਗੁਰਦੁਆਰੇ ਵਿਚ ਅੱਗ ਲਾ ਦਿੱਤੀ ਗਈ ਅਤੇ 3 ਸਿੱਖਾਂ- ਠਾਕੁਰ ਸਿੰਘ, ਬਾਦਲ ਸਿੰਘ ਅਤੇ ਗੁਰਚਰਨ ਸਿੰਘ ਦਾ ਕਤਲ ਕਰ ਦਿੱਤਾ ਗਿਆ। ਸੀ. ਬੀ. ਆਈ. ਨੇ ਕਿਹਾ ਕਿ ਏਜੰਸੀ ਨੇ ਟਾਈਟਲਰ ਖ਼ਿਲਾਫ਼ ਆਈ. ਪੀ. ਸੀ. ਦੀ ਧਾਰਾ-147 (ਦੰਗਾ), 109 (ਉਕਸਾਉਣਾ) ਅਤੇ ਧਾਰਾ-302 (ਕਤਲ) ਤਹਿਤ ਦੋਸ਼ ਲਾਏ ਹਨ।

> **ਜੇ ਦੇਸ਼ ਦਾ ਪ੍ਰਧਾਨ ਮੰਤਰੀ ਸ੍ਰੀ ਮੋਦੀ ਨਾ ਹੁੰਦਾ ਤਾਂ ਇਨ੍ਹਾਂ ਬੁਚੜਾਂ ਨੂੰ ਕੋਈ ਵੀ ਹੱਥ ਨਾ ਪਾਉਂਦਾ**

## ਸਿੱਧੂ ਮੂਸੇਵਾਲਾ ਕਤਲ ਕਾਂਡ

## ਗੈਂਗਸਟਰ ਲਾਰੈਂਸ ਸਣੇ ਸਾਰੇ ਮੁਲਜ਼ਮਾਂ ਦੀ ਮਾਨਸਾ ਕੋਰਟ 'ਚ ਪੇਸ਼ੀ



ਮਾਨਸਾ : ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲਕਾਂਡ ਦੇ ਮਾਮਲੇ ਨਾਲ ਜੁੜੀ ਵੱਡੀ ਖ਼ਬਰ ਸਾਹਮਣੇ ਆਈ ਹੈ। ਦਰਅਸਲ ਸਿੱਧੂ ਮੂਸੇਵਾਲਾ ਕਤਲ ਕਾਂਡ ਦੇ ਮਾਮਲੇ ਵਿਚ ਮੁੱਖ ਦੋਸ਼ੀ ਗੈਂਗਸਟਰ ਲਾਰੈਂਸ ਬਿਸ਼ਨੋਈ ਸਮੇਤ ਗ੍ਰਿਫ਼ਤਾਰ ਸਾਰੇ ਦੋਸ਼ੀਆਂ ਦੀ ਮਾਨਸਾ ਕੋਰਟ ਵਿਚ ਅੱਜ ਪੇਸ਼ੀ ਕੀਤੀ ਗਈ ਹੈ। ਇਨ੍ਹਾਂ ਸਾਰੇ ਦੋਸ਼ੀਆਂ ਦੀ ਪੇਸ਼ੀ ਵੀਡੀਓ ਕਾਨਫ਼ਰੰਸ ਰਾਹੀਂ ਕੀਤੀ ਗਈ। ਬਠਿੰਡਾ, ਗੰਗਾਨਗਰ, ਗੋਇੰਦਵਾਲ ਸਾਹਿਬ ਸਣੇ ਵੱਖ-ਵੱਖ ਜੇਲ੍ਹਾਂ ਵਿਚ ਵੀ ਬੰਦ ਸਾਰੇ ਮੁਲਜ਼ਮਾਂ ਦੀ ਪੇਸ਼ੀ ਅੱਜ ਵੀਡੀਓ ਕਾਨਫ਼ਰੰਸ ਰਾਹੀਂ ਕੀਤੀ ਗਈ ਹੈ। ਮਾਨਸਾ ਕੋਰਟ ਨੇ ਹੁਣ ਇਸ ਮਾਮਲੇ ਵਿਚ ਚਾਰਜਸ਼ੀਟ ਦਾਖ਼ਲ ਕਰ ਲਈ ਹੈ। ਹੁਣ ਫਾਈਲ ਹੇਠਲੀ ਅਦਾਲਤ ਵੱਲੋਂ ਦੋਸ਼ ਤੈਅ ਕਰਨ ਲਈ ਸੈਸ਼ਨ ਕੋਰਟ ਵਿਚ ਭੇਜ ਦਿੱਤੀ ਗਈ ਹੈ। ਕੋਰਟ ਵੱਲੋਂ ਅਗਲੀ ਸੁਣਵਾਈ 9 ਅਗਸਤ ਦੀ ਰੱਖੀ ਗਈ ਹੈ। 9 ਅਗਸਤ ਨੂੰ ਮੁੜ ਕੋਰਟ ਵੱਲੋਂ ਇਸ ਮਾਮਲੇ ਵਿਚ ਸੁਣਵਾਈ ਕੀਤੀ ਜਾਵੇਗੀ। ਇਥੇ ਇਹ ਵੀ ਦੱਸਣਯੋਗ ਹੈ ਕਿ ਸਿੱਧੂ ਮੂਸੇਵਾਲਾ ਕਤਲ ਦੇ ਮਗਰੋਂ ਇਹ ਪਹਿਲੀ ਵਾਰ ਹੋਇਆ ਹੈ ਜਦੋਂ ਗੈਂਗਸਟਰ ਲਾਰੈਂਸ ਸਣੇ ਸਾਰੇ ਮੁਲਜ਼ਮਾਂ ਦੀ ਪੇਸ਼ੀ ਵੀਡੀਓ ਕਾਨਫ਼ਰੰਸ ਰਾਹੀ ਕੀਤੀ ਗਈ ਹੋਵੇ।

# ਵਿਰੋਧੀ ਧਿਰਾਂ 'ਇੰਡੀਆ' ਨਾਂ ਵਰਤ ਕੇ ਗੁੰਮਰਾਹ ਨਹੀਂ ਕਰ ਸਕਦੀਆਂ: ਮੋਦੀ

### *ਭਾਜਪਾ ਸੰਸਦੀ ਦਲ ਦੀ ਮੀਟਿੰਗ 'ਚ ਵਿਰੋਧੀ ਧਿਰਾਂ ਦੇ ਨਵੇਂ ਗੱਠਜੋੜ ਨੂੰ ਦਿਸ਼ਾਹੀਣ ਦੱਸਿਆ*





ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਰੋਧੀ ਧਿਰਾਂ ਦੇ ਗੱਠਜੋੜ 'ਇੰਡੀਆ' ਦਾ ਅੱਜ ਮਖੌਲ ਉਡਾਉਂਦਿਆਂ ਕਿਹਾ ਕਿ ਦੇਸ਼ ਨੇ ਇਸ ਤੋਂ ਦਿਸ਼ਾਹੀਣ ਗੱਠਜੋੜ ਨਹੀਂ ਦੇਖਿਆ। ਉਨ੍ਹਾਂ ਈਸਟ ਇੰਡੀਆ ਕੰਪਨੀ, ਪਾਪਲੂਰ ਫਰੰਟ ਆਫ ਇੰਡੀਆ (ਪੀਐੱਫਆਈ) ਤੇ ਇੰਡੀਅਨ ਮੁਜਾਹਿਦੀਨ ਜਿਹੇ ਨਾਵਾਂ ਦੇ ਹਵਾਲੇ ਨਾਲ ਕਿਹਾ ਕਿ ਮਹਿਜ਼ ਦੇਸ਼ ਦਾ ਨਾਂ ਵਰਤ ਕੇ ਲੋਕਾਂ ਨੂੰ ਗੁਮਰਾਹ ਨਹੀਂ ਕੀਤਾ ਜਾ ਸਕਦਾ। ਇਥੇ ਭਾਜਪਾ ਸੰਸਦੀ ਦਲ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਮੋਦੀ ਨੇ ਦਾਅਵਾ ਕੀਤਾ ਕਿ ਭਾਜਪਾ ਦੀ ਅਗਵਾਈ ਵਾਲਾ ਸੱਤਾਧਾਰੀ ਗੱਠਜੋੜ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਤੀਜੀ ਵਾਰ ਕੇਂਦਰ 'ਚ ਸਰਕਾਰ ਬਣਾਏਗਾ। ਸ੍ਰੀ ਮੋਦੀ ਨੇ ਕਿਹਾ ਕਿ ਵਿਰੋਧੀ ਧਿਰਾਂ ਉਮੀਦ ਹਾਰ ਚੁੱਕੀਆਂ ਹਨ ਤੇ ਦਿਸ਼ਾਹੀਣ ਹਨ, ਉਨ੍ਹਾਂ ਦਾ ਵਤੀਰਾ ਦੱਸਦਾ ਹੈ ਕਿ ਉਨ੍ਹਾਂ ਲੰਮਾ ਸਮਾਂ ਵਿਰੋਧੀ ਧਿਰ ਵਿੱਚ ਬੈਠਣ ਦਾ ਮਨ ਬਣਾ ਲਿਆ ਹੈ। ਉਨ੍ਹਾਂ ਐੱਨਡੀਏ ਨੂੰ ਅਟਲ ਬਿਹਾਰੀ ਵਾਜਪਾਈ ਤੇ ਲਾਲ ਕ੍ਰਿਸ਼ਨ ਅਡਵਾਨੀ ਜਿਹੇ ਆਗੂਆਂ ਦੀ ਵਿਰਾਸਤ ਦੱਸਿਆ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਵਿੱਚ ਭਾਰਤੀ ਅਰਥਚਾਰਾ ਦਸਵੇਂ ਨੰਬਰ ਤੋਂ ਵਿਸ਼ਵ ਦਾ ਪੰਜਵਾਂ ਸਭ ਤੋਂ ਵੱਡਾ ਅਰਥਚਾਰਾ ਬਣਿਆ ਅਤੇ ਸਰਕਾਰ ਦੇ ਤੀਜੇ ਕਾਰਜਕਾਲ ਦੌਰਾਨ ਇਹ ਤੀਜਾ ਸਭ ਤੋਂ ਵੱਡਾ ਅਰਚਥਾਰਾ ਹੋਵੇਗਾ। ਸ੍ਰੀ ਮੋਦੀ ਨੇ ਪਾਰਟੀ ਵਰਕਰਾਂ ਨੂੰ ਕਿਹਾ ਕਿ ਉਹ ਦੇਸ਼ ਨੂੰ ਵਿਕਸਤ ਬਣਾਉਣ ਵਿੱਚ ਮਦਦ ਲਈ ਪੂਰੇ ਦ੍ਰਿੜ੍ਹ ਇਰਾਦੇ ਨਾਲ ਕੰਮ ਕਰਨ। ਗੱਠਜੋੜ ਦਾ ਨਾਮ 'ਇੰਡੀਆ' ਰੱਖਣ ਲਈ ਵਿਰੋਧੀ ਧਿਰਾਂ ਨੂੰ ਘੇਰਦਿਆਂ ਸ੍ਰੀ ਮੋਦੀ ਨੇ ਈਸਟ ਇੰਡੀਆ ਕੰਪਨੀ, ਪਾਪੂਲਰ ਫਰੰਟ ਆਫ ਇੰਡੀਆ ਤੇ ਇੰਡੀਅਨ ਮੁਜਾਹਿਦੀਨ ਜਿਹੀਆਂ ਜਥੇਬੰਦੀਆਂ ਦੇ ਇਤਿਹਾਸ ਦਾ ਹਵਾਲਾ ਦਿੱਤਾ, ਜਿਨ੍ਹਾਂ ਦੇਸ਼ ਦਾ ਨਾਮ ਵਰਤਿਆ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਅਜਿਹੇ ਗੱਠਜੋੜ ਭ੍ਰਿਸ਼ਟ ਆਗੂਆਂ ਤੇ ਪਾਰਟੀਆਂ ਦਾ ਸਮੂਹ ਹੈ। ਮੀਟਿੰਗ ਵਿੱਚ ਸ਼ਾਮਲ ਸੂਤਰਾਂ ਮੁਤਾਬਕ ਸ੍ਰੀ ਮੋਦੀ ਨੇ ਕਿਹਾ ਕਿ ਇੰਡੀਅਨ ਨੈਸ਼ਨਲ ਕਾਂਗਰਸ, ਜੋ ਮੁੱਖ ਵਿਰੋਧੀ ਪਾਰਟੀ ਹੈ, ਦਾ ਨਾਮ ਵੀ ਇਕ ਅੰਗਰੇਜ਼ ਏ.ਓ.ਹਿਊਮ ਨੇ ਰੱਖਿਆ ਸੀ। ਉਨ੍ਹਾਂ ਕਿਹਾ ਕਿ ਜਿਹੜੀਆਂ ਜਥੇਬੰਦੀਆਂ ਦੇਸ਼ ਨੂੰ ਤੋੜਨਾ ਤੇ ਰਾਜ ਕਰਨਾ ਚਾਹੁੰਦੀਆਂ ਹਨ, ਜਿਹੜੀਆਂ ਇਸ ਨੂੰ ਵੰਡਣਾ ਚਾਹੁੰਦੀਆਂ ਹਨ, ਉਨ੍ਹਾਂ ਨੇ ਲੋਕਾਂ ਨੂੰ ਗੁਮਰਾਹ ਕਰਨ ਲਈ 'ਇੰਡੀਆ' ਤੇ 'ਇੰਡੀਅਨ' ਜਿਹੇ ਨਾਵਾਂ ਦੀ ਵਰਤੋਂ ਕੀਤੀ ਹੈ। ਸ੍ਰੀ ਮੋਦੀ ਨੇ ਜ਼ੋਰ ਦੇ ਕੇ ਆਖਿਆ ਕਿ ਲੋਕ ਹੁਣ ਸਿਆਣੇ ਹੋ ਗਏ ਹਨ ਤੇ ਉਹ ਅਜਿਹੇ ਨਾਮਕਰਨ ਤੋਂ ਗੁੰਮਰਾਹ ਨਹੀਂ ਹੋਣਗੇ। ਭਾਜਪਾ ਵੱਲੋਂ ਵਿਰੋਧੀ ਧਿਰਾਂ 'ਤੇ ਸੰਸਦੀ ਕਾਰਵਾਈ ਵਿੱਚ ਵਿਘਨ ਪਾਉਣ ਦੇ ਲਾਏ ਦੋਸ਼ਾਂ ਦਰਮਿਆਨ ਸ੍ਰੀ ਮੋਦੀ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਜ਼ਿਆਦਾ ਗੈਰ-ਜ਼ਿੰਮੇਵਾਰ ਹੋ ਗਈਆਂ ਹਨ, ਜਿਸ ਨਾਲ ਸੱਤਾਧਾਰੀ ਪਾਰਟੀ ਲਈ ਵਧੇਰੇ ਜ਼ਿੰਮੇਵਾਰੀ ਨਾਲ ਵਿਵਹਾਰ ਕਰਨਾ ਜ਼ਰੂਰੀ ਹੋ ਗਿਆ ਹੈ। ਸ੍ਰੀ ਮੋਦੀ ਨੇ ਆਪਣੇ ਸੰਬੋਧਨ ਵਿੱਚ ਭਾਜਪਾ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗੱਠਜੋੜ ਦੀ ਹਾਲੀਆ ਮੀਟਿੰਗ ਦਾ ਵੀ ਹਵਾਲਾ ਦਿੱਤਾ। ਉਨ੍ਹਾਂ ਕਿਹਾ ਕਿ ਐੱਨਡੀਏ ਅਟਲ ਬਿਹਾਰੀ ਵਾਜਪਾਈ ਤੇ ਲਾਲ ਕ੍ਰਿਸ਼ਨ ਅਡਵਾਨੀ ਵਰਗੇ ਭਾਜਪਾ ਦੇ ਕੱਦਾਵਰ ਆਗੂਆਂ ਦੀ ਵਿਰਾਸਤ ਹੈ। ਉਨ੍ਹਾਂ ਭਾਈਵਾਲਾਂ ਨਾਲ ਮਜ਼ਬੂਤ ਤੇ ਨਿੱਘੇ ਰਿਸ਼ਤੇ ਰੱਖਣ 'ਤੇ ਜ਼ੋਰ ਦਿੱਤਾ। ਉਨ੍ਹਾਂ ਪਾਰਟੀ ਆਗੂਆਂ ਨੂੰ ਕਿਹਾ ਕਿ ਉਹ 15 ਅਗਸਤ ਨੂੰ ਅਜ਼ਾਦੀ ਦਿਹਾੜੇ ਦੇ ਸਬੰਧ ਵਿੱਚ ਦੇਸ਼ ਭਰ ਵਿੱਚ 'ਹਰ ਘਰ ਤਿਰੰਗਾ' ਸਣੇ ਹੋਰ ਕਈ ਪ੍ਰੋਗਰਾਮ ਕਰਨ। ਇਸ ਦੌਰਾਨ ਪਾਰਟੀ ਆਗੂਆਂ ਨੇ ਦੇਸ਼ ਭਰ ਵਿਚੋਂ ਬੂਟੇ ਲਿਆ ਕੇ 'ਅਮ੍ਰਿਤ ਵਨ' ਬਣਾਉਣ ਦੀ ਵੀ ਯੋਜਨਾ ਹੈ।

# ਮਿਜ਼ੋਰਮ ਵਿੱਚ ਮਨੀਪੁਰ ਹਿੰਸਾ ਖਿਲਾਫ਼ ਰੈਲੀਆਂ

### *ਜਾਤੀ ਆਧਾਰਿਤ ਹਿੰਸਾ ਦਾ ਸਾਹਮਣਾ ਕਰ ਰਹੇ 'ਜ਼ੋ' ਭਾਈਚਾਰੇ ਨਾਲ ਇਕਜੁੱਟਤਾ ਪ੍ਰਗਟਾਈ*

ਆਇਜ਼ੌਲ : ਮਿਜ਼ੋਰਮ ਵਿੱਚ ਵੱਡੀ ਗਿਣਤੀ ਲੋਕਾਂ ਨੇ ਮਨੀਪੁਰ ਵਿੱਚ ਜਾਤੀ ਆਧਾਰਿਤ ਹਿੰਸਾ ਦਾ ਸਾਹਮਣਾ ਕਰ ਰਹੇ 'ਜ਼ੋ' ਭਾਈਚਾਰੇ ਨਾਲ ਇਕਜੁੱਟਤਾ ਪ੍ਰਗਟਾਉਣ ਲਈ ਰੈਲੀਆਂ ਕੀਤੀਆਂ। ਇਸ ਦੌਰਾਨ 'ਸੈਂਟਰਲ ਯੰਗ ਮਿਜ਼ੋ ਐਸੋਸੀਏਸ਼ਨ' (ਸੀਵਾਈਐੱਮਏ) ਅਤੇ 'ਮਿਜ਼ੋ ਜ਼ਿਰਲਾਈ ਪਵਲ' (ਐੱਮਜ਼ੈੱਡਪੀ) ਸਮੇਤ ਪੰਜ ਪ੍ਰਮੁੱਖ ਸਿਵਲ ਸੁਸਾਇਟੀ ਜਥੇਬੰਦੀਆਂ ਦੇ ਗਰੁੱਪ ਐੱਨਜੀਓ ਕੋਆਰਡੀਨੇਸ਼ਨ ਕਮੇਟੀ ਵੱਲੋਂ ਸੂਬੇ ਦੇ ਵੱਖ-ਵੱਖ ਹਿੱਸਿਆਂ ਵਿੱਚ ਰੈਲੀਆਂ ਕੀਤੀਆਂ ਗਈਆਂ। ਮੁੱਖ ਮੰਤਰੀ ਜ਼ੋਰਮਥੰਗਾ, ਉਪ ਮੁੱਖ ਮੰਤਰੀ ਤਵਨਲੁਈਆ, ਵੱਖ-ਵੱਖ ਮੰਤਰੀਆਂ ਤੇ ਵਿਧਾਇਕਾਂ ਨੇ ਵੀ ਇਨ੍ਹਾਂ ਰੈਲੀਆਂ ਵਿੱਚ ਹਿੱਸਾ ਲਿਆ। ਇਸ ਦੌਰਾਨ ਲੋਕਾਂ ਨੇ ਗੁਆਂਢੀ ਸੂਬੇ ਵਿੱਚ ਹਿੰਸਾ ਦੀ ਨਿਖੇਧੀ ਕਰਦੇ ਨਾਅਰਿਆਂ ਵਾਲੇ ਪੋਸਟਰ ਫੜੇ ਹੋਏ ਸਨ।



ਰੈਲੀ ਦੇ ਸਮਰਥਨ ਵਿੱਚ ਸੱਤਾਧਾਰੀ ਮਿਜ਼ੋ ਨੈਸ਼ਨਲ ਪਾਰਟੀ (ਐੱਮਐੱਨਐੱਫ), ਭਾਜਪਾ, ਕਾਂਗਰਸ ਅਤੇ ਜ਼ੋਰਮ ਪੀਪਲਜ਼ ਮੂਵਮੈਂਟ (ਜ਼ੈੱਡਪੀਐੱਮ) ਨੇ ਆਪੋ-ਆਪਣੇ ਪਾਰਟੀ ਦਫ਼ਤਰ ਬੰਦ ਰੱਖੇ। ਇੱਥੇ ਇੱਕ ਰੈਲੀ ਨੂੰ ਸੰਬੋਧਨ ਕਰਦਿਆਂ ਐਨਜੀਓ ਕੋਆਰਡੀਨੇਸ਼ਨ ਕਮੇਟੀ ਦੇ ਚੇਅਰਮੈਨ ਆਰ ਲਲਨਗੇਟਾ ਨੇ ਕੇਂਦਰ ਨੂੰ ਮਨੀਪੁਰ 'ਚ ਹਿੰਸਾ ਰੋਕਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ, "ਜੇ ਭਾਰਤ ਸਾਨੂੰ ਭਾਰਤੀ ਮੰਨਦਾ ਹੈ ਤਾਂ ਉਸ ਨੂੰ ਮਨੀਪੁਰ ਵਿੱਚ 'ਜ਼ੋ' ਭਾਈਚਾਰੇ ਦੀ ਸਮੱਸਿਆ ਹੱਲ ਕਰਨ ਲਈ ਤੁਰੰਤ ਕਦਮ ਚੁੱਕਣੇ ਚਾਹੀਦੇ ਹਨ।" ਪ੍ਰਦਰਸ਼ਨਕਾਰੀਆਂ ਨੇ ਇੱਕ ਮਤਾ ਪਾਸ ਕਰ ਕੇ ਕੇਂਦਰ ਤੋਂ ਪੀੜਤਾਂ ਲਈ ਮੁਆਵਜ਼ਾ ਅਤੇ ਦੋ ਔਰਤਾਂ ਦੇ ਜਿਨਸੀ ਸ਼ੋਸ਼ਣ ਵਿੱਚ ਸ਼ਾਮਲ ਮੁਲਜ਼ਮਾਂ ਨੂੰ ਸਖ਼ਤ ਸਜ਼ਾ ਯਕੀਨੀ ਬਣਾਉਣ ਦੀ ਮੰਗ ਕੀਤੀ। ਰੈਲੀਆਂ ਦੇ ਮੱਦੇਨਜ਼ਰ ਸੂਬੇ ਵਿੱਚ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ। ਜ਼ਿਕਰਯੋਗ ਹੈ ਕਿ ਮਿਜ਼ੋਰਮ ਵਿੱਚ ਮਿਜ਼ੋ ਭਾਈਚਾਰੇ ਦੇ ਲੋਕਾਂ ਦਾ ਮਨੀਪੁਰ ਦੇ ਕੁਕੀ, ਬੰਗਲਾਦੇਸ਼ ਦੇ ਚਿਟਾਗਾਂਗ ਪਹਾੜੀ ਇਲਾਕਿਆਂ ਦੇ ਕੁਕੀ-ਚਿਨ ਅਤੇ ਮਿਆਂਮਾਰ ਦੇ ਚਿਨ ਭਾਈਚਾਰੇ ਦੇ ਲੋਕਾਂ ਨਾਲ ਭਾਈਚਾਰਕ ਸਾਂਝ ਹੈ। ਇਨ੍ਹਾਂ ਨੂੰ ਸਮੂਹਿਕ ਤੌਰ 'ਤੇ 'ਜ਼ੋ' ਕਿਹਾ ਜਾਂਦਾ ਹੈ।

# ਮਨੀਪੁਰ 'ਚ ਬਰਾਡਬੈਂਡ ਸੇਵਾਵਾਂ ਅੰਸ਼ਕ ਰੂਪ 'ਚ ਬਹਾਲ, ਇੰਟਰਨੈੱਟ 'ਤੇ ਪਾਬੰਦੀ ਜਾਰੀ

### *ਹਿੰਸਾ ਪ੍ਰਭਾਵਿਤ ਸੂਬੇ ਵਿੱਚ ਗ੍ਰਹਿ ਵਿਭਾਗ ਨੇ ਲੋਕਾਂ ਦੀਆਂ ਦਿੱਕਤਾਂ 'ਤੇ ਗੌਰ ਕਰਦਿਆਂ ਦਿੱਤੀ ਰਾਹਤ*

ਇੰਫਾਲ : ਮਨੀਪੁਰ ਸਰਕਾਰ ਨੇ ਬਰਾਡਬੈਂਡ ਇੰਟਰਨੈੱਟ 'ਤੇ ਲਾਈ ਹੋਈ ਪਾਬੰਦੀ ਨੂੰ ਅੰਸ਼ਕ ਰੂਪ ਵਿੱਚ ਬਾਸ਼ਰਤ ਹਟਾਉਣ ਦਾ ਐਲਾਨ ਕੀਤਾ ਹੈ। ਇਸੇ ਦੌਰਾਨ ਮੋਬਾਈਲ ਇੰਟਰਨੈੱਟ 'ਤੇ ਪਾਬੰਦੀ ਜਾਰੀ ਰਹੇਗੀ। ਇਹ ਜਾਣਕਾਰੀ ਸੂਬੇ ਦੇ ਗ੍ਰਹਿ ਵਿਭਾਗ ਵੱਲੋਂ ਅੱਜ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਮਨੀਪੁਰ 'ਚ ਪਿੱਛਲੇ ਤਿੰਨ ਮਹੀਨਿਆਂ ਤੋਂ ਜਾਤੀ ਹਿੰਸਾ ਜਾਰੀ ਹੈ ਜਿਸ ਕਾਰਨ ਇੰਟਰਨੈੱਟ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਗ੍ਰਹਿ ਵਿਭਾਗ ਅਨੁਸਾਰ ਬਰਾਡਬੈਂਡ ਕੁਨੈਕਸ਼ਨ ਸਟੈਟਿਕ ਆਈਪੀ ਰਾਹੀਂ ਹੀ ਉਪਲਬਧ ਹੋਵੇਗਾ ਤੇ ਸਬੰਧਤ ਗਾਹਕ ਅਸਥਾਈ ਤੌਰ 'ਤੇ ਦਿੱਤੀ ਗਈ ਪ੍ਰਵਾਨਗੀ ਵਾਲੇ ਕੁਨੈਕਸ਼ਨ ਤੋਂ ਇਲਾਵਾ ਕੋਈ ਹੋਰ ਕੁਨੈਕਸ਼ਨ ਨਹੀਂ ਲੈ ਸਕੇਗਾ। ਇਸ ਸ਼ਰਤ ਦੀ ਪਾਲਣਾ ਨਾ ਕੀਤੇ ਜਾਣ ਲਈ ਟੀਐੱਸਪੀ/ਆਈਐੱਸਪੀ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇਗਾ। ਸਬੰਧਤ ਗਾਹਕ ਨੂੰ ਕਿਸੇ ਵੀ ਰਾਊਟਰ ਜਾਂ ਸਿਸਟਮ 'ਤੇ ਵਾਈਫਾਈ ਹਾਟਸਪਾਟ ਲਈ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ। ਜਾਰੀ ਕੀਤੇ ਗਏ ਹੁਕਮਾਂ ਦੀ ਉਲੰਘਣਾ ਦੇ ਦੋਸ਼ ਹੇਠ ਖਪਤਕਾਰਾਂ ਖ਼ ?ਲਾਫ਼ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਕਾਬਿਲੇਗੌਰ ਹੈ ਕਿ ਗ੍ਰਹਿ ਵਿਭਾਗ ਅਨੁਸਾਰ ਲੋਕਾਂ ਦੀਆਂ ਮੁਸ਼ਕਲਾਂ ਨੂੰ ਧਿਆਨ 'ਚ ਰੱਖਦਿਆਂ ਬਰਾਡਬੈਂਡ ਇੰਟਰਨੈੱਟ 'ਤੇ ਸ਼ਰਤਾਂ ਸਣੇ ਪਾਬੰਦੀ ਹਟਾਈ ਗਈ ਹੈ ਕਿਉਂਕਿ ਇੰਟਰਨੈੱਟ 'ਤੇ ਪਾਬੰਦੀ ਕਾਰਨ ਦਫਤਰਾਂ 'ਚ ਕੰਮਕਾਜ ਪ੍ਰਭਾਵਿਤ ਹੋ ਰਿਹਾ ਸੀ। ਇਸੇ ਤਰ੍ਹਾਂ ਮੋਬਾਈਲ ਰੀਚਾਰਜ, ਰਸੋਈ ਗੈਸ ਸਿਲੰਡਰਾਂ ਦੀ ਬੁਕਿੰਗ, ਬਿਜਲੀ ਬਿਲਾਂ ਦੇ ਭੁਗਤਾਨ ਤੇ ਹੋਰਨਾਂ ਆਨਲਾਈਲ ਕੰਮਾਂ 'ਚ ਦਿੱਕਤਾਂ ਆ ਰਹੀਆਂ ਸਨ।



# ਮਨੀਪੁਰ ਦੀ ਘਟਨਾ ਨਾਲ ਕੰਬ ਉਠਿਆ ਸਾਰਾ ਭਾਰਤ

- ਮਨੀਪੁਰ ਵਿਚ ਔਰਤਾਂ ਵਿਰੁੱਧ ਹੋਏ ਹੌਲਨਾਕ ਅਪਰਾਧ ਦੇ ਦੋਸ਼ੀਆਂ ਨੂੰ ਸਜ਼ਾ ਦਿਓ
- ਹਿੰਸਾ ਦੀ ਅੱਗ 'ਚ ਸੁਲਘ ਰਿਹਾ ਮਨੀਪੁਰ
- ਮਨੀਪੁਰ ਘਟਨਾ ਦੇ ਦੋਸ਼ੀਆਂ ਨੂੰ ਮਿਲੇ ਮੌਤ ਦੀ ਸਜ਼ਾ
- ਦੁਨੀਆ ਦੇ ਸਾਹਮਣੇ ਮਨੀਪੁਰ ਦੀ ਭਿਆਨਕ ਘਟਨਾ ਨੇ ਸਾਰੇ ਦੇਸ਼ ਵਾਸੀਆਂ ਦਾ ਸਿਰ ਨੀਵਾਂ ਕਰ ਦਿੱਤਾ





-ਡਾ.ਐਲਾਂਗਬਮ ਵਿਜੈਲਕਸ਼ਮੀ

ਮਨੀਪੁਰ 'ਚ ਦੋ ਔਰਤਾਂ ਨਾਲ ਜਨਤਕ ਤੌਰ 'ਤੇ ਸ਼ਰਮਨਾਕ ਵਰਤਾਰੇ ਦੀ ਗ਼ੈਰ-ਮਨੁੱਖੀ ਘਟਨਾ ਨਾਲ ਪੂਰੇ ਦੇਸ਼ 'ਚ ਗੁੱਸੇ ਦੀ ਲਹਿਰ ਹੈ। ਇਸ ਘਟਨਾ ਤੋਂ ਬਾਅਦ ਸੂਬੇ 'ਚ ਮੈਤੀ ਅਤੇ ਕੁਕੀ ਦਰਮਿਆਨ ਨਵੇਂ ਸਿਰੇ ਤੋਂ ਤਣਾਅ ਭੜਕਣ ਦਾ ਖ਼ਦਸ਼ਾ ਹੈ। ਮਨੀਪੁਰ 'ਚ ਮੈਤੀ ਅਤੇ 34 ਜਨਜਾਤੀਆਂ ਸਦੀਆਂ ਤੋਂ ਇਕੱਠੀਆਂ ਰਹਿ ਰਹੀਆਂ ਹਨ। ਮਨੀਪੁਰ ਮੁੱਖ ਤੌਰ 'ਤੇ ਪਹਾੜੀ ਸੂਬਾ ਹੈ। ਮੈਦਾਨੀ ਇਲਾਕੇ ਦੇ ਤਕਰੀਬਨ 10 ਫ਼ੀਸਦੀ ਹਿੱਸੇ 'ਚ ਮੈਤੀ ਅਤੇ 90 ਫ਼ੀਸਦੀ ਪਹਾੜੀ ਇਲਾਕੇ 'ਚ ਜਨਜਾਤੀਆਂ ਰਹਿੰਦੀਆਂ ਹਨ। ਕਈ ਤਿਉਹਾਰਾਂ ਦੇ ਸੰਸਕਾਰ ਅਜਿਹੇ ਹਨ ਜੋ ਮੈਤੀ ਅਤੇ ਜਨਜਾਤੀਆਂ ਦੇ ਮਜ਼ਬੂਤ ਸਬੰਧਾਂ ਨੂੰ ਪ੍ਰਮਾਣਿਤ ਕਰਦੇ ਹਨ।

ਮੈਤੀ ਸ਼ਾਸਨ 'ਚ ਉਸ ਸਮੇਂ ਤਬਦੀਲੀ ਆਈ, ਜਦੋਂ 18ਵੀਂ ਸਦੀ 'ਚ ਰਾਜਾ ਪਾਮਹੈਬਾ ਵੈਸ਼ਣਵ ਬਣ ਗਿਆ। ਨਤੀਜੇ ਵਜੋਂ ਜ਼ਿਆਦਾਤਰ ਮੈਤੀ ਵੈਸ਼ਣਵ ਮਤ ਦੇ ਪੈਰੋਕਾਰ ਬਣ ਗਏ। 1891 'ਚ ਅੰਗਰੇਜ਼ਾਂ ਹੱਥੋਂ ਮਨੀਪੁਰ ਦੀ ਹਾਰ ਹੋਈ ਅਤੇ ਫਿਰ 1945 'ਚ ਇਹ ਦੂਜੇ ਵਿਸ਼ਵ ਯੁੱਧ ਦਾ ਗਵਾਹ ਬਣ ਗਿਆ। ਇਸ ਯੁੱਧ ਤੋਂ ਬਾਅਦ ਜਮਹੂਰੀ ਤਰੀਕੇ ਨਾਲ ਮਹਾਰਾਜਾ ਬੋਧਚੰਦਰ ਦੀ ਅਗਵਾਈ 'ਚ ਮਨੀਪੁਰ ਐਕਟ, 1947 ਬਣਿਆ। ਜਦੋਂ ਭਾਰਤ ਆਜ਼ਾਦ ਹੋਇਆ, ਉਦੋਂ ਮਨੀਪੁਰ ਇਕ ਆਜ਼ਾਦ ਇਲਾਕਾ ਸੀ ਤੇ ਇਸ ਦਾ ਆਪਣਾ ਸੰਵਿਧਾਨ ਸੀ। ਦੂਜੇ ਵਿਸ਼ਵ ਯੁੱਧ ਦੇ ਪ੍ਰਭਾਵ ਨਾਲ ਮਨੀਪੁਰ ਦੀ ਸਮਾਜਿਕ, ਸਿਆਸੀ, ਆਰਥਿਕ ਅਤੇ ਸੱਭਿਆਚਾਰਕ ਹਾਲਾਤ ਬਦਲੇ। 1949 'ਚ ਮਨੀਪੁਰ ਦੇ ਮਹਾਰਾਜਾ ਬੋਧਚੰਦਰ ਅਤੇ ਭਾਰਤ ਸਰਕਾਰ ਦਰਮਿਆਨ ਇਕ ਸੰਧੀ ਤਹਿਤ ਮਨੀਪੁਰ ਸਟੇਟ ਦਾ ਭਾਰਤ 'ਚ ਰਲੇਵਾਂ ਹੋਇਆ। 1956 'ਚ ਮਨੀਪੁਰ ਕੇਂਦਰ ਸ਼ਾਸਤ ਪ੍ਰਦੇਸ਼ ਬਣਿਆ। 1972 'ਚ ਉਸ ਨੂੰ ਪੂਰਨ ਰਾਜ ਦਾ ਦਰਜਾ ਮਿਲਿਆ ਅਤੇ 34 ਜਨਜਾਤੀਆਂ ਨੂੰ ਅਨੁਸੂਚਿਤ ਜਨਜਾਤੀ ਦੀ ਮਾਨਤਾ ਮਿਲੀ।

ਮਨੀਪੁਰ 'ਚ ਕੁਝ ਅਜਿਹੀਆਂ ਜਨਜਾਤੀਆਂ ਵੀ ਹਨ, ਜੋ ਆਪਣੇ ਆਪ ਨੂੰ ਨਾ ਕੁਕੀ ਮੰਨਦੀਆਂ ਹਨ ਤੇ ਨਾ ਹੀ ਨਗਾ। ਮਨੀਪੁਰ 'ਚ ਇਸਲਾਮ ਮੰਨਣ ਵਾਲੇ ਵੀ ਹਨ, ਜਿਨ੍ਹਾਂ ਨੂੰ ਮੈਤੀ ਪਾਂਗਲ ਕਹਿੰਦੇ ਹਨ। ਨੇਪਾਲ, ਬਿਹਾਰ ਤੋਂ ਇਲਾਵਾ ਜੈਨ ਭਾਈਚਾਰੇ ਦੇ ਲੋਕ ਵੀ ਇੱਥੇ ਹਨ।

ਨਗਾ ਅਤੇ ਮੈਤੀ ਲੋਕਾਂ ਨੂੰ ਹੀ ਮਨੀਪੁਰ ਦਾ ਮੂਲ ਵਾਸੀ ਮੰਨਿਆ ਜਾਂਦਾ ਹੈ। ਬਾਕੀ ਭਾਈਚਾਰੇ ਇੱਥੇ ਬਾਅਦ 'ਚ ਆਏ। ਕੁਕੀ ਲੋਕਾਂ ਦਾ ਮਨੀਪੁਰ ਤੋਂ ਆਗਮਨ 1844 ਤੋਂ ਸ਼ੁਰੂ ਹੋਇਆ। ਕੁਕੀ ਬਰਮਾ ਯਾਨੀ ਮਿਆਂਮਾਰ ਤੋਂ ਆ ਕੇ ਇੱਥੋਂ ਦੀਆਂ ਪਹਾੜੀਆਂ 'ਚ ਵਸਦੇ ਰਹੇ। ਉਨ੍ਹਾਂ ਦਾ ਆਗਮਨ ਜਾਰੀ ਹੈ। ਜੋ ਕੁਕੀ ਮਨੀਪੁਰ ਆ ਚੁੱਕੇ ਹਨ, ਉਹ ਆਪਣੇ ਲਈ ਵੱਖਰਾ ਸਥਾਨ ਅਤੇ ਪ੍ਰਸ਼ਾਸਨ ਚਾਹੁੰਦੇ ਹਨ। ਚੂੜਚੰਦਪੁਰ 'ਤੇ ਕੁਕੀ ਆਪਣਾ ਦਾਅਵਾ ਕਰਦੇ ਹਨ ਜਦਕਿ ਇਸ ਨੂੰ ਮੈਤੀ ਮਹਾਰਾਜਾ ਚੂੜਾਚਾਂਦ ਦੇ ਨਾਂ 'ਤੇ ਵਸਾਇਆ ਗਿਆ ਸੀ। ਬਾਅਦ 'ਚ ਇਸ ਖੇਤਰ ਤੋਂ ਹੀ ਮੈਤੀ ਲੋਕਾਂ ਨੂੰ ਭੱਜਣਾ ਪਿਆ। ਮਨੀਪੁਰ 'ਚ ਇਕ ਫਿਰਕੇ ਦਾ ਦੂਜੇ ਨਾਲ ਸੰਘਰਸ਼ ਅਤੇ ਸਹਿਹੋਂਦ ਵੀ ਰਹੀ ਹੈ। 20ਵੀਂ ਸਦੀ ਦੇ ਆਖ਼ਰੀ ਦਹਾਕਿਆਂ 'ਚ ਨਗਾ-ਕੁਕੀ, ਮੈਤੀ-ਮੈਤੀ ਪਾਂਗਲ ਅਤੇ ਕੁਕੀ-ਪਾਈਤੇ ਦਰਮਿਆਨ ਦੰਗੇ ਹੋਏ। 1993 'ਚ ਨਗਾ-ਕੁਕੀ 'ਚ ਹੋਏ ਦੰਗਿਆਂ ਤੋਂ ਬਾਅਦ ਦੋਵਾਂ 'ਚ ਸਮਝੌਤਾ ਮੈਤੀ ਭਾਈਚਾਰੇ ਨੇ ਕਰਵਾਇਆ।

ਹਾਲ ਹੀ 'ਚ ਮਨੀਪੁਰ 'ਚ ਮੈਤੀ ਅਤੇ ਕੁਕੀ ਦਰਮਿਆਨ ਫਿਰਕੂ ਸੰਘਰਸ਼ ਦੀ ਸ਼ੁਰੂਆਤ ਤਿੰਨ ਮਈ ਨੂੰ ਉਦੋਂ ਹੋਈ, ਜਦੋਂ ਆਲ ਟਰਾਈਬਲ ਸਟੂਡੈਂਟਸ ਯੂਨੀਅਨ ਨੇ ਮੈਤੀ ਲੋਕਾਂ ਨੂੰ ਜਨਜਾਤੀ ਦਾ ਦਰਜਾ ਦੇਣ ਦੀ ਪਹਿਲ ਖ਼ਿਲਾਫ਼ ਰੈਲੀ ਕੱਢੀ। ਚੂੜਚੰਦਪੁਰ ਦੀ ਰੈਲੀ 'ਚ ਜਦੋਂ ਕੁਝ ਬੰਦੂਕਧਾਰੀ ਸ਼ਾਮਲ ਹੋ ਗਏ ਤਾਂ ਹਿੰਸਾ ਭੜਕ ਉੱਠੀ। ਇਸ ਹਿੰਸਾ ਦਾ ਇਕ ਕਾਰਨ ਸੂਬਾ ਸਰਕਾਰ ਵੱਲੋਂ ਵਾਤਾਵਰਨ ਅਤੇ ਜੰਗਲਾਂ ਦੀ ਰੱਖਿਆ ਲਈ ਚੁੱਕੇ ਗਏ ਕਦਮਾਂ ਦੇ ਨਾਲ-ਨਾਲ ਅਫ਼ੀਮ ਦੀ ਖੇਤੀ ਖ਼ਿਲਾਫ਼ ਚਲਾਈ ਗਈ ਮੁਹਿੰਮ ਨੂੰ ਵੀ ਮੰਨਿਆ ਜਾ ਰਿਹਾ ਹੈ। ਇਸ ਮੁਹਿੰਮ ਨਾਲ ਚੂੜਚੰਦਪੁਰ ਅਤੇ ਕਾਡਪੋਕਪੀ ਜ਼ਿਲ੍ਹੇ 'ਚ ਅਸੰਤੁਸ਼ਟੀ ਪੈਦਾ ਹੋਈ। 28 ਅਪ੍ਰੈਲ ਨੂੰ ਚੂੜਚੰਦਪੁਰ 'ਚ ਮੁੱਖ ਮੰਤਰੀ ਨੇ ਇਕ ਜਿਮ ਦੇ ਉਦਘਾਟਨ ਲਈ ਆਉਣਾ ਸੀ।

ਇਸ ਤੋਂ ਇਕ ਦਿਨ ਪਹਿਲਾਂ ਕੁਕੀ ਭਾਈਚਾਰੇ ਦੀ ਇਕ ਜਥੇਬੰਦੀ ਨੇ ਬੰਦ ਦਾ ਐਲਾਨ ਕਰ ਦਿੱਤਾ ਤੇ ਜਿਮ ਨੂੰ ਨਸ਼ਟ ਕਰ ਦਿੱਤਾ। ਇਸ ਨਾਲ ਤਣਾਅ ਫੈਲਿਆ। ਇਸੇ ਤਣਾਅ ਦਰਮਿਆਨ ਹਾਈ ਕੋਰਟ ਦਾ ਇਹ ਹੁਕਮ ਆਇਆ ਕਿ ਸਰਕਾਰ ਮੈਤੀ ਨੂੰ ਜਨਜਾਤੀ ਦਾ ਦਰਜਾ ਦੇਣ 'ਤੇ ਵਿਚਾਰ ਕਰੇ। ਇਸ ਨਾਲ ਮਾਹੌਲ ਹੋਰ ਵਿਗੜਿਆ। ਚੂੜਚੰਦਪੁਰ ਅਤੇ ਮੋਰੇ 'ਚ ਮੈਤੀ ਲੋਕਾਂ 'ਤੇ ਹਮਲੇ ਸ਼ੁਰੂ ਹੋ ਗਏ। ਉਨ੍ਹਾਂ ਦੇ ਘਰ ਅਤੇ ਮੰਦਰ ਸਾੜੇ ਜਾਣ ਲੱਗੇ। ਹਜ਼ਾਰਾਂ ਮੈਤੀ ਲੋਕਾਂ ਨੂੰ ਭੱਜਣਾ ਪਿਆ। ਪੁਲਿਸ ਹਿੰਸਕ ਭੀੜ ਨੂੰ ਕਾਬੂ ਨਹੀਂ ਕਰ ਸਕੀ। ਮੈਤੀ ਲੋਕਾਂ 'ਤੇ ਹਮਲੇ ਦੀ ਪ੍ਰਤੀਕਿਰਿਆ 'ਚ ਇੰਫਾਲ ਪੂਰਬ-ਪੱਛਮ, ਵਿਸ਼ਨੂੰਪੁਰ, ਥੌਬਾਲ ਆਦਿ 'ਚ ਚਿਨ ਕੁਕੀ, ਮਿਜ਼ੋ, ਹਮਾਰ ਲੋਕਾਂ ਦੇ ਘਰਾਂ ਤੇ ਦੁਕਾਨਾਂ ਨੂੰ ਲੁੱਟਿਆ ਤੇ ਸਾੜਿਆ ਜਾਣ ਲੱਗਿਆ। ਬਾਅਦ 'ਚ ਮੈਤੀ ਲੋਕਾਂ ਦੇ ਪਿੰਡਾਂ ਦੇ ਪਹਾੜਾਂ ਤੋਂ ਗੋਲੀਆਂ ਵਰ੍ਹਾਈਆਂ ਜਾਣ ਲੱਗੀਆਂ ਤੇ ਨਾਲ ਹੀ ਪੁਲਿਸ ਅਤੇ ਸੁਰੱਖਿਆ ਬਲਾਂ 'ਤੇ ਵੀ ਹਮਲੇ ਸ਼ੁਰੂ ਹੋ ਗਏ।


ਸਵਾਲ ਉੱਠ ਰਹੇ ਹਨ ਕਿ ਫ਼ੌਜ ਦੀ ਮੌਜੂਦਗੀ 'ਚ ਵੀ ਹਿੰਸਾ ਕਿਉਂ ਹੋ ਰਹੀ ਹੈ? ਪੁਲਿਸ ਅਤੇ ਸੁਰੱਖਿਆ ਬਲਾਂ 'ਤੇ ਵੀ ਪੱਖਪਾਤ ਦੇ ਦੋਸ਼ ਲੱਗ ਰਹੇ ਹਨ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਚਾਰ ਦਿਨਾ ਮਨੀਪੁਰ ਯਾਤਰਾ ਤੋਂ ਬਾਅਦ ਲੋਕਾਂ 'ਚ ਉਮੀਦ ਜਾਗੀ ਕਿ ਹੁਣ ਹਿੰਸਾ ਰੁਕ ਜਾਵੇਗੀ ਪਰ ਅਜਿਹਾ ਨਹੀਂ ਹੋਇਆ। ਹਿੰਸਾ ਦੇ 39ਵੇਂ ਦਿਨ ਰਾਜਪਾਲ ਅਨੁਸੂਈਆ ਉਈਕੇ ਦੀ ਅਗਵਾਈ 'ਚ 51 ਮੈਂਬਰਾਂ ਦੀ ਇਕ ਸ਼ਾਂਤੀ ਕਮੇਟੀ ਬਣੀ। ਇਸ ਦੇ ਮੈਂਬਰਾਂ 'ਚ ਮਤਭੇਦ ਕਾਰਨ ਇਸ ਕਮੇਟੀ ਦੀ ਇਕ ਬੈਠਕ ਤੱਕ ਨਹੀਂ ਹੋ ਸਕੀ। ਹਿੰਸਾ ਨੂੰ ਲੈ ਕੇ ਰਾਜਨੀਤੀ ਵੀ ਹੋ ਰਹੀ ਹੈ। ਮਨੀਪੁਰ ਸਰਕਾਰ ਦੇ 10 ਕੁਕੀ ਵਿਧਾਇਕ ਵੱਖਰੇ ਪ੍ਰਸ਼ਾਸਨਿਕ ਢਾਂਚੇ ਦੀ ਮੰਗ ਕਰ ਰਹੇ ਹਨ। ਕੁਕੀ ਲੋਕਾਂ ਦਾ ਦਾਅਵਾ ਹੈ ਕਿ ਮੈਤੀ ਆਰਥਿਕ ਤੌਰ 'ਤੇ ਖ਼ੁਸ਼ਹਾਲ ਹਨ ਤੇ ਸਰਕਾਰੀ ਨੌਕਰੀਆਂ 'ਚ ਵੀ ਉਨ੍ਹਾਂ ਦੀ ਗਿਣਤੀ ਜ਼ਿਆਦਾ ਹੈ ਪਰ ਸੱਚ ਤਾਂ ਇਹ ਹੈ ਕਿ ਕੁਕੀ ਲੋਕਾਂ ਦੀ ਗਿਣਤੀ ਵੀ ਘੱਟ ਨਹੀਂ ਹੈ।

ਮਨੀਪੁਰ 'ਚ ਨਸ਼ਿਆਂ ਦਾ ਕਾਰੋਬਾਰ ਬੜਾ ਫੈਲਿਆ ਹੋਇਆ ਹੈ। ਇੱਥੇ ਅਫ਼ੀਮ ਦੀ ਵਧਦੀ ਖੇਤੀ ਨੂੰ ਦੇਖਦਿਆਂ ਲੋਕਾਂ ਨੂੰ ਡਰ ਹੈ ਕਿ ਕਿਤੇ ਮਨੀਪੁਰ ਨਸ਼ਿਆਂ ਦਾ ਗੜ੍ਹ ਨਾ ਬਣ ਜਾਵੇ। ਇਕ ਡਰ ਮਿਆਂਮਾਰ ਤੋਂ ਵੱਡੀ ਗਿਣਤੀ 'ਚ ਆ ਰਹੇ ਕੁਕੀ ਲੋਕਾਂ ਨੂੰ ਲੈ ਕੇ ਵੀ ਹੈ। ਉਹ ਅਫ਼ੀਮ ਦੀ ਖੇਤੀ ਕਰਦੇ ਹਨ। ਕੁਕੀ ਅੱਤਵਾਦੀ ਜਥੇਬੰਦੀਆਂ ਮਿਆਂਮਾਰ ਤੋਂ ਹੈਰੋਇਨ ਦਾ ਵਪਾਰ ਕਰਨ ਲਈ ਸਰਹੱਦੀ ਸ਼ਹਿਰ ਮੋਰੇ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਚੁੱਕੇ ਹਨ। ਮਿਆਂਮਾਰ ਦਾ ਚਿਨ ਨੈਸ਼ਨਲ ਆਰਮੀ ਅੱਤਵਾਦੀ ਸਮੂਹ ਵੀ ਮਨੀਪੁਰ ਦੇ ਪਹਾੜੀ ਜ਼ਿਲਿਆਂ ਅਤੇ ਸਰਹੱਦੀ ਇਲਾਕਿਆਂ 'ਚ ਵੱਡੇ ਪੱਧਰ 'ਤੇ ਅਫ਼ੀਮ ਦੀ ਖੇਤੀ ਕਰਦਾ ਹੈ। ਇੰਫਾਲ ਦੇ ਇਕ ਕੁਕੀ ਇਲਾਕੇ 'ਚ ਨਸ਼ੇ ਬਣਾਉਣ ਵਾਲੀ ਇਕ ਮੋਬਾਈਲ ਲੈਬ ਮਿਲ ਚੁੱਕੀ ਹੈ। ਨਸ਼ਿਆਂ ਦੇ ਕਾਰੋਬਾਰ 'ਚ ਸਿਆਸੀ ਤੌਰ 'ਤੇ ਸ਼ਕਤੀਸ਼ਾਲੀ ਲੋਕ ਵੀ ਸ਼ਾਮਲ ਹਨ। ਇਨ੍ਹਾਂ 'ਚੋਂ ਕੁਝ ਅਜਿਹੇ ਹਨ, ਜੋ ਬੰਦੂਕਧਾਰੀਆਂ ਦੇ ਸਹਾਰੇ ਚੋਣਾਂ ਵੀ ਜਿੱਤ ਜਾਂਦੇ ਹਨ। ਇਕ ਅੱਤਵਾਦੀ ਸਮੂਹ ਹਥਿਆਰਾਂ ਦੇ ਸਹਾਰੇ ਕੁਕੀ ਹੋਮਲੈਂਡ ਦਾ ਸੁਪਨਾ ਦੇਖ ਰਿਹਾ ਹੈ। ਮਨੀਪੁਰ 'ਚ ਤਮਾਮ ਲੋਕ ਕੁਝ ਸਮਾਂ ਪਹਿਲਾਂ ਚੰਗੀ ਜ਼ਿੰਦਗੀ ਬਸਰ ਕਰ ਰਹੇ ਸਨ, ਹਿੰਸਾ ਤੋਂ ਬਾਅਦ ਅਚਾਨਕ ਸੜਕ 'ਤੇ ਆ ਗਏ ਹਨ। ਕਿੰਨਿਆਂ ਨੇ ਆਪਣਿਆਂ ਨੂੰ ਗੁਆ ਦਿੱਤਾ ਹੈ। ਹਿੰਸਾ ਅਤੇ ਤਣਾਅ ਦਰਮਿਆਨ ਮਿਆਂਮਾਰ ਤੋਂ ਹੋਣ ਵਾਲੀ ਘੁਸਪੈਠ ਰੁਕੀ ਨਹੀਂ ਹੈ। ਕੁਕੀ ਸਮੂਹਾਂ ਦੇ ਹਥਿਆਰਬੰਦ ਅਨਸਰ ਹਾਲੇ ਵੀ ਬੇਕਾਬੂ ਹਨ। ਮਨੀਪੁਰ ਦੀ ਹਿੰਸਾ ਦੇਸ਼ ਦੀ ਅੰਦਰੂਨੀ ਅਤੇ ਬਾਹਰੀ ਸੁਰੱਖਿਆ ਲਈ ਵੱਡਾ ਖ਼ਤਰਾ ਹੈ। ਇਸ ਦੀ ਗੰਭੀਰਤਾ ਨੂੰ ਸਮਝਣ ਦੀ ਜ਼ਰੂਰਤ ਹੈ ਨਹੀਂ ਤਾਂ ਦੇਰ ਹੋ ਜਾਵੇਗੀ।



# ਮਨੀਪੁਰ ਦੇ ਸੰਜੀਦਾ ਮੁੱਦੇ 'ਤੇ ਚਰਚਾ ਤੋਂ ਵਾਂਝੀ ਸੰਸਦ

-ਸੰਜੇ ਗੁਪਤ



ਮਨੀਪੁਰ ਹਾਈਕੋਰਟ ਵੱਲੋਂ ਸੂਬੇ ਦੇ ਮੈਤੀ ਭਾਈਚਾਰੇ ਨੂੰ ਜਨਜਾਤੀ ਦਾ ਦਰਜਾ ਦੇਣ 'ਤੇ ਵਿਚਾਰ ਕਰਨ ਦੇ ਆਦੇਸ਼ ਤੋਂ ਬਾਅਦ ਕੁਕੀ ਅਤੇ ਇਸ ਭਾਈਚਾਰੇ ਵਿਚਾਲੇ ਸ਼ਾਂਤੀ-ਸਦਭਾਵਨਾ ਅਚਾਨਕ ਭੰਗ ਹੋ ਗਈ ਅਤੇ ਉੱਥੇ ਮਈ ਦੇ ਪਹਿਲੇ ਹਫ਼ਤੇ ਵਿਚ ਹਿੰਸਾ ਭੜਕ ਉੱਠੀ। ਇਹ ਹਿੰਸਾ ਦੋ ਮਹੀਨੇ ਬਾਅਦ ਵੀ ਮੁਕੰਮਲ ਤੌਰ 'ਤੇ ਸ਼ਾਂਤ ਨਹੀਂ ਹੋ ਸਕੀ ਹੈ। ਇਸ ਹਿੰਸਾ ਦੌਰਾਨ ਕੁਕੀ ਤੇ ਮੈਤੀ, ਦੋਨਾਂ ਨੇ ਇਕ-ਦੂਜੇ 'ਤੇ ਹਮਲੇ ਕੀਤੇ, ਉਨ੍ਹਾਂ ਦੇ ਘਰ ਲੁੱਟੇ-ਸਾੜੇ ਅਤੇ ਹੱਤਿਆਵਾਂ ਵੀ ਕੀਤੀਆਂ।

ਇਸ ਦੌਰਾਨ ਪੁਲਿਸ ਦੇ ਹਥਿਆਰ ਵੀ ਲੁੱਟੇ ਗਏ ਅਤੇ ਉਨ੍ਹਾਂ ਦਾ ਇਸਤੇਮਾਲ ਹਿੰਸਾ ਫੈਲਾਉਣ ਵਿਚ ਕੀਤਾ ਗਿਆ। ਦੋਵੇਂ ਧਿਰਾਂ ਇਕ-ਦੂਜੇ 'ਤੇ ਅੱਤਿਆਚਾਰ ਕਰਨ ਵਿਚ ਪਿੱਛੇ ਨਹੀਂ ਰਹੀਆਂ। ਇਸ ਕਾਰਨ ਹਜ਼ਾਰਾਂ ਲੋਕਾਂ ਨੂੰ ਪਲਾਇਨ ਕਰਨਾ ਪਿਆ। ਜਦ ਹਾਲਾਤ ਕੁਝ ਕੰਟਰੋਲ ਹੁੰਦੇ ਦਿਸ ਰਹੇ ਸਨ ਤਾਂ ਇਕ ਅਜਿਹਾ ਵੀਡੀਓ ਸਾਹਮਣੇ ਆਇਆ ਜਿਸ ਵਿਚ ਕੁਕੀ ਸਮੁਦਾਇ ਦੀਆਂ ਦੋ ਮਹਿਲਾਵਾਂ ਨੂੰ ਨਿਰਵਸਤਰ ਕਰ ਕੇ ਘੁਮਾਇਆ ਗਿਆ।

ਇਨ੍ਹਾਂ 'ਚੋਂ ਇਕ ਨਾਲ ਸਮੂਹਿਕ ਜਬਰ-ਜਨਾਹ ਵੀ ਕੀਤਾ ਗਿਆ। ਇਹ ਘਟਨਾ ਚਾਰ ਮਈ ਦੀ ਹੈ ਪਰ ਉਸ ਦਾ ਵੀਡੀਓ ਚੰਦ ਦਿਨ ਪਹਿਲਾਂ ਆਇਆ। ਇਸ ਘਟਨਾ ਨੇ ਦੇਸ਼ ਨੂੰ ਸ਼ਰਮਸਾਰ ਕਰਨ ਦੇ ਨਾਲ-ਨਾਲ ਝੰਜੋੜ ਕੇ ਰੱਖ ਦਿੱਤਾ। ਇਹ ਵੀਡੀਓ ਕਿਉਂਕਿ ਸੰਸਦ ਦਾ ਮੌਨਸੂਨ ਇਜਲਾਸ ਸ਼ੁਰੂ ਹੋਣ ਤੋਂ ਪਹਿਲਾਂ ਆਇਆ, ਇਸ ਲਈ ਸਿਆਸੀ ਹੰਗਾਮਾ ਵੀ ਸ਼ੁਰੂ ਹੋ ਗਿਆ-ਸੰਸਦ ਵਿਚ ਵੀ ਅਤੇ ਸੰਸਦ ਦੇ ਬਾਹਰ ਵੀ। ਮਨੀਪੁਰ ਦੀ ਇਸ ਵਹਿਸ਼ਿਆਨਾ ਘਟਨਾ ਦੀ ਜਿੰਨੀ ਜ਼ਿਆਦਾ ਨਿੰਦਾ ਕੀਤੀ ਜਾ ਸਕੇ, ਘੱਟ ਹੈ। ਇਹ ਘਟਨਾ ਦੋਵਾਂ ਭਾਈਚਾਰਿਆਂ ਅਰਥਾਤ ਮੈਤੀ ਤੇ ਕੁਕੀ ਦੇ ਵਿਚਾਲੇ ਦੀ ਕੁੜੱਤਣ ਨੂੰ ਤਾਂ ਜ਼ਾਹਰ ਕਰਦੀ ਹੀ ਹੈ, ਇਹ ਵੀ ਦਰਸਾਉਂਦੀ ਹੈ ਕਿ ਨਫ਼ਰਤ ਦੇ ਸ਼ਿਕਾਰ ਲੋਕ ਕਿਸ ਹੱਦ ਤਕ ਜਾ ਸਕਦੇ ਹਨ। ਪ੍ਰਧਾਨ ਮੰਤਰੀ ਮੋਦੀ ਨੇ ਠੀਕ ਹੀ ਕਿਹਾ ਹੈ ਕਿ ਇਹ ਸੱਭਿਅਕ ਸਮਾਜ ਨੂੰ ਸ਼ਰਮਸਾਰ ਕਰਨ ਵਾਲੀ ਘਟਨਾ ਹੈ ਅਤੇ ਇਸ ਨਾਲ ਪੂਰੇ ਦੇਸ਼ ਦੀ ਬੇਇੱਜ਼ਤੀ ਹੋ ਰਹੀ ਹੈ।

ਇਸ ਸ਼ਰਮਨਾਕ ਘਟਨਾ ਵਿਚ ਹੈਰਾਨੀਜਨਕ ਗੱਲ ਇਹ ਹੈ ਕਿ ਪੁਲਿਸ ਨੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕਰਨ ਵਿਚ ਜ਼ਰੂਰਤ ਤੋਂ ਵੱਧ ਸਮਾਂ ਲਗਾ ਦਿੱਤਾ। ਦੋਸ਼ੀਆਂ ਦੀ ਗ੍ਰਿਫ਼ਤਾਰੀ ਲਗਪਗ ਦੋ ਮਹੀਨੇ ਬਾਅਦ ਉਦੋਂ ਕੀਤੀ ਗਈ ਜਦ ਘਟਨਾ ਦਾ ਵੀਡੀਓ ਸਾਹਮਣੇ ਆਇਆ ਅਤੇ ਉਸ ਨੂੰ ਲੈ ਕੇ ਭੂਚਾਲ ਜਿਹਾ ਆ ਗਿਆ। ਕਿਸੇ ਲਈ ਵੀ ਸਮਝਣਾ ਔਖਾ ਹੈ ਕਿ ਘਟਨਾ ਦੀ ਐੱਫਆਈਆਰ ਮਈ ਵਿਚ ਹੀ ਹੋ ਜਾਣ ਤੋਂ ਬਾਅਦ ਵੀ ਪੁਲਿਸ ਨੂੰ ਕਾਰਵਾਈ ਕਰਨ ਵਿਚ ਇੰਨਾ ਸਮਾਂ ਕਿਉਂ ਲੱਗ ਗਿਆ?

ਪਹਿਲੀ ਨਜ਼ਰੇ ਇਹ ਪੁਲਿਸ ਦੀ ਲਾਪਰਵਾਹੀ ਲੱਗਦੀ ਹੈ ਪਰ ਇਸ ਪਿੱਛੇ ਅਸਲ ਵਿਚ ਕੀ ਕਾਰਨ ਸਨ, ਉਨ੍ਹਾਂ ਦਾ ਪਰਦਾਫਾਸ਼ ਜ਼ਰੂਰ ਕੀਤਾ ਜਾਵੇ। ਮਨੀਪੁਰ ਦੇ ਮੁੱਖ ਮੰਤਰੀ, ਜੋ ਸੂਬੇ ਦੇ ਗ੍ਰਹਿ ਮੰਤਰੀ ਵੀ ਹਨ, ਦੇ ਬਿਆਨ ਤੋਂ ਤਾਂ ਇਹੀ ਲੱਗਦਾ ਹੈ ਕਿ ਉਹ ਵੀ ਇਸ ਘਟਨਾ ਤੋਂ ਸਮਾਂ ਰਹਿੰਦੇ ਹੀ ਜਾਣੂ ਨਹੀਂ ਹੋ ਸਕੇ। ਇਹ ਠੀਕ ਹੈ ਕਿ ਮਨੀਪੁਰ ਵਿਚ ਇੰਟਰਨੈੱਟ ਬੰਦ ਹੋਣ ਕਾਰਨ ਸੂਚਨਾਵਾਂ ਦੇਰੀ ਨਾਲ ਬਾਹਰ ਆ ਰਹੀਆਂ ਸਨ ਪਰ ਜਦ ਪੁਲਿਸ ਘਟਨਾ ਤੋਂ ਜਾਣੂ ਸੀ ਤਦ ਉਸ ਨੇ ਇੰਨੇ ਸੰਗੀਨ ਮਾਮਲੇ ਨੂੰ ਗੰਭੀਰਤਾ ਨਾਲ ਕਿਉਂ ਨਹੀਂ ਲਿਆ?

ਪ੍ਰਸ਼ਨ ਇਹ ਵੀ ਹੈ ਕਿ ਆਖ਼ਰ ਖ਼ੁਫ਼ੀਆ ਏਜੰਸੀਆਂ ਕੀ ਕਰ ਰਹੀਆਂ ਸਨ? ਚਾਰ ਮਈ ਦੀ ਘਟਨਾ ਮਨੀਪੁਰ ਦੇ ਮਾਹੌਲ ਨੂੰ ਫਿਰ ਤੋਂ ਖ਼ਰਾਬ ਕਰ ਸਕਦੀ ਹੈ ਕਿਉਂਕਿ ਉਹ ਬੇਹੱਦ ਸ਼ਰਮਨਾਕ ਅਤੇ ਦਿਲ ਕੰਬਾਊ ਹੈ। ਅੱਜ ਦੇ ਜ਼ਮਾਨੇ ਵਿਚ ਦੋ ਭਾਈਚਾਰਿਆਂ ਵਿਚ ਇੰਨਾ ਵੈਰ-ਵਿਰੋਧ ਹੋਣਾ ਹੈਰਾਨ ਕਰਦਾ ਹੈ।

ਇਹ ਮੰਨਣ ਦੇ ਢੁੱਕਵੇਂ ਕਾਰਨ ਹਨ ਕਿ ਮੈਤੀ-ਕੁਕੀ ਵਿਚਾਲੇ ਬੇਭਰੋਸਗੀ ਦਾ ਖੱਪਾ ਪੂਰਨ ਅਤੇ ਉਨ੍ਹਾਂ ਦੀ ਆਪਸੀ ਨਫ਼ਰਤ ਨੂੰ ਦੂਰ ਕਰਨ ਲਈ ਜਿਹੋ ਜਿਹੀ ਸਿਆਸੀ ਦਖ਼ਲਅੰਦਾਜ਼ੀ ਹੋਣੀ ਚਾਹੀਦੀ ਹੈ, ਉਹੋ ਜਿਹੀ ਨਹੀਂ ਕੀਤੀ ਗਈ। ਇਹ ਧਿਆਨ ਰਹੇ ਕਿ ਮਨੀਪੁਰ ਵਿਚ ਬੀਤੇ ਦੋ ਮਹੀਨਿਆਂ ਦੌਰਾਨ ਹੋਰ ਅਨੇਕ ਔਰਤਾਂ ਨਾਲ ਵੀ ਜਬਰ-ਜਨਾਹ ਹੋਇਆ ਹੈ। ਸੈਕਸ ਹਿੰਸਾ ਦੀਆਂ ਘਟਨਾਵਾਂ ਦੇ ਨਾਲ-ਨਾਲ ਲੁੱਟ-ਖੋਹ, ਅੱਗਜ਼ਨੀ ਅਤੇ ਹੱਤਿਆਵਾਂ ਵੀ ਹੋਈਆਂ ਹਨ। ਇਸ ਤੋਂ ਇਲਾਵਾ ਵੱਡੇ ਪੱਧਰ 'ਤੇ ਹਥਿਆਰ ਵੀ ਲੁੱਟੇ ਗਏ ਹਨ। ਮਨੀਪੁਰ ਦੀ ਹਿੰਸਾ ਨੂੰ ਕਿਉਂਕਿ ਉੱਥੋਂ ਦਾ ਪ੍ਰਸ਼ਾਸਨ ਕਾਬੂ ਕਰਨ ਵਿਚ ਅਸਫਲ ਰਿਹਾ, ਇਸ ਲਈ ਕੇਂਦਰੀ ਨੀਮ ਫ਼ੌਜੀ ਦਸਤੇ ਤਾਇਨਾਤ ਕੀਤੇ ਗਏ। ਉਨ੍ਹਾਂ ਨੂੰ ਵੀ ਹਾਲਾਤ 'ਤੇ ਕਾਬੂ ਪਾਉਣ ਵਿਚ ਕਠਿਨਾਈ ਹੋਈ।

ਇਸ ਦੌਰਾਨ ਦੇਸ਼ ਦੀਆਂ ਸਿਆਸੀ ਪਾਰਟੀਆਂ ਨੂੰ ਮਨੀਪੁਰ ਦੀ ਹਕੀਕੀ ਸਥਿਤੀ ਤੋਂ ਜਾਣੂ ਕਰਵਾਉਣ ਲਈ ਕੇਂਦਰੀ ਗ੍ਰਹਿ ਮੰਤਰੀ ਵੱਲੋਂ ਇਕ ਸਰਬ-ਪਾਰਟੀ ਬੈਠਕ ਸੱਦੀ ਗਈ ਪਰ ਉਸ ਵਿਚ ਇਕ-ਦੂਜੇ 'ਤੇ ਦੋਸ਼ ਮੜ੍ਹੇ ਗਏ। ਵਿਰੋਧੀ ਪਾਰਟੀਆਂ ਨੇ ਇਹ ਸ਼ਿਕਾਇਤ ਕੀਤੀ ਕਿ ਇਸ ਬੈਠਕ ਵਿਚ ਪ੍ਰਧਾਨ ਮੰਤਰੀ ਕਿਉਂ ਨਹੀਂ ਹਨ? ਇਹ ਸ਼ਿਕਾਇਤ ਇਹ ਜਾਣਦੇ ਹੋਏ ਵੀ ਕੀਤੀ ਗਈ ਕਿ ਉਹ ਉਸ ਸਮੇਂ ਅਮਰੀਕਾ ਦੌਰੇ 'ਤੇ ਸਨ। ਮਨੀਪੁਰ ਦੀ ਸ਼ਰਮਨਾਕ ਘਟਨਾ ਦਾ ਵੀਡੀਓ ਸਾਹਮਣੇ ਆਉਣ ਕਾਰਨ ਵਿਰੋਧੀ ਧਿਰ ਸਰਕਾਰ ਪ੍ਰਤੀ ਹਮਲਾਵਰ ਹੈ। ਉਹ ਸੰਸਦ ਨਹੀਂ ਚੱਲਣ ਦੇ ਰਹੀ। ਹੁਕਮਰਾਨ ਤੇ ਵਿਰੋਧੀ ਧਿਰ ਵਿਚਾਲੇ ਇਸ 'ਤੇ ਮਤਭੇਦ ਹੈ ਕਿ ਮਨੀਪੁਰ 'ਤੇ ਚਰਚਾ ਕਿਸ ਨਿਯਮ ਤਹਿਤ ਹੋਵੇ। ਆਖ਼ਰ ਚਰਚਾ ਜ਼ਰੂਰੀ ਹੈ ਜਾਂ ਫਿਰ ਇਹ ਕਿ ਉਹ ਕਿਸ ਨਿਯਮ ਤਹਿਤ ਹੋਵੇ? ਮਨੀਪੁਰ 'ਤੇ ਸੰਸਦ ਵਿਚ ਚਰਚਾ ਹੋਣੀ ਹੀ ਚਾਹੀਦੀ ਹੈ। ਵਿਰੋਧੀ ਧਿਰ ਨੂੰ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਦਾ ਪੂਰਾ ਹੱਕ ਹੈ। ਉਹ ਅਜਿਹਾ ਉਦੋਂ ਹੀ ਕਰ ਸਕਦੀ ਹੈ ਜਦ ਸੰਸਦ ਵਿਚ ਚਰਚਾ ਹੋਣ ਦੇਵੇ। ਜਦ ਅਜਿਹੀਆਂ ਮੰਦਭਾਗੀਆਂ ਘਟਨਾਵਾਂ 'ਤੇ ਸੰਸਦ ਵਿਚ ਵਿਚਾਰ-ਚਰਚਾ ਹੀ ਨਹੀਂ ਹੋਵੇਗੀ ਤਾਂ ਭਵਿੱਖ ਵਿਚ ਅਜਿਹੀਆਂ ਘਟਨਾਵਾਂ ਨਾ ਵਾਪਰਨ, ਇਹ ਯਕੀਨੀ ਕਿਵੇਂ ਬਣਾਇਆ ਜਾ ਸਕੇਗਾ।


ਹੁਕਮਰਾਨ ਤੇ ਵਿਰੋਧੀ ਧਿਰ ਭਾਵੇਂ ਇਕ-ਦੂਜੀ 'ਤੇ ਦੋਸ਼ ਲਗਾ ਕੇ ਕੰਮ ਚਲਾ ਰਹੀਆਂ ਹਨ ਪਰ ਇਸ ਸਭ ਦਾ ਸੜ ਰਹੇ ਮਨੀਪੁਰ ਦੇ ਲੋਕਾਂ ਨੂੰ ਕੋਈ ਲਾਹਾ ਨਹੀਂ ਹੋਵੇਗਾ। ਉਨ੍ਹਾਂ ਦਾ ਭਲਾ ਇਸੇ ਵਿਚ ਹੈ ਕਿ ਕੇਂਦਰ ਤੇ ਸੂਬਾ ਸਰਕਾਰ ਉੱਥੋਂ ਦੇ ਲੋਕਾਂ ਦੇ ਜਾਨ-ਮਾਲ ਦੀ ਰਾਖੀ ਲਈ ਠੋਸ ਕਦਮ ਚੁੱਕਣ।

ਇਹ ਵੀ ਹਕੀਕਤ ਹੈ ਕਿ ਇਸ ਸਮੇਂ ਜਿਹੋ ਜਿਹਾ ਰਾਜਨੀਤਕ ਮਾਹੌਲ ਹੈ, ਉਸ ਨੂੰ ਦੇਖਦੇ ਹੋਏ ਇਸ ਦੇ ਆਸਾਰ ਘੱਟ ਹੀ ਹਨ ਕਿ ਮਨੀਪੁਰ ਨੂੰ ਲੈ ਕੇ ਸੰਸਦ ਵਿਚ ਚਰਚਾ ਹੋ ਜਾਣ ਨਾਲ ਹੀ ਉੱਥੋਂ ਦੇ ਹਾਲਾਤ ਸੁਧਰ ਜਾਣਗੇ। ਜਦ ਸਰਕਾਰ ਚਰਚਾ ਲਈ ਤਿਆਰ ਹੈ ਤਾਂ ਫਿਰ ਵਿਰੋਧੀ ਧਿਰ ਨੂੰ ਵੀ ਇਸ ਦੇ ਲਈ ਅੱਗੇ ਆਉਣਾ ਚਾਹੀਦਾ ਹੈ। ਵਿਰੋਧੀ ਧਿਰ ਦੇ ਰਵੱਈਏ ਤੋਂ ਅਜਿਹਾ ਲੱਗਦਾ ਹੈ ਕਿ ਚਰਚਾ ਦਾ ਮਕਸਦ ਮਨੀਪੁਰ ਦੇ ਹਾਲਾਤ 'ਤੇ ਚਿੰਤਾ ਜ਼ਾਹਰ ਕਰਨਾ ਘੱਟ, ਰਾਜਨੀਤਕ ਲਾਭ ਲੈਣਾ ਜ਼ਿਆਦਾ ਹੈ। ਇਸ ਦੀ ਅਣਦੇਖੀ ਨਹੀਂ ਕੀਤੀ ਜਾਣੀ ਚਾਹੀਦੀ ਕਿ ਸੰਵੇਦਨਸ਼ੀਲ ਮਾਮਲਿਆਂ ਵਿਚ ਵੀ ਹੁਕਮਰਾਨ ਅਤੇ ਵਿਰੋਧੀ ਧਿਰ ਸਿਆਸੀ ਲਾਹਾ ਲੈਣ ਦੇ ਚੱਕਰ ਵਿਚ ਜ਼ਿਆਦਾ ਰਹਿੰਦੀਆਂ ਹਨ। ਦੋਵਾਂ ਦੀ ਕੋਸ਼ਿਸ਼ ਇਕ-ਦੂਜੀ ਨੂੰ ਹਰ ਹੀਲੇ ਘੇਰਨ ਦੀ ਰਹਿੰਦੀ ਹੈ, ਨਾ ਕਿ ਸਾਰਥਕ ਚਰਚਾ ਕਰਨ ਦੀ। ਬੇਸ਼ੱਕ ਇਹ ਨਹੀਂ ਕਿਹਾ ਜਾ ਸਕਦਾ ਕਿ ਸੰਸਦ ਵਿਚ ਸਾਰਥਕ ਚਰਚਾ ਕਰਨ ਦੇ ਬਜਾਏ ਹੰਗਾਮਾ ਕਰਨ ਨਾਲ ਕਿਸੇ ਸਿਆਸੀ ਪਾਰਟੀ ਨੂੰ ਕੋਈ ਖ਼ਾਸ ਲਾਭ ਮਿਲਦਾ ਹੈ। ਇਸ ਤੋਂ ਬਾਅਦ ਵੀ ਸੰਸਦ ਵਿਚ ਇਕ-ਦੂਜੇ 'ਤੇ ਸਿਆਸੀ ਹਮਲੇ ਦੀ ਕੋਸ਼ਿਸ਼ ਰਹਿੰਦੀ ਹੈ। ਜੇਕਰ ਸੰਸਦ ਲੋਕਤੰਤਰ ਦਾ ਮੰਦਰ ਹੈ ਤਾਂ ਫਿਰ ਉੱਥੇ ਜਨਤਾ ਦੀ ਭਲਾਈ ਵਾਲੇ ਕੰਮਾਂ ਨੂੰ ਲੈ ਕੇ ਚਰਚਾ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਇਸੇ ਤਰ੍ਹਾਂ ਵਿਕਾਸ ਦੇ ਕੰਮਾਂ ਨੂੰ ਅੱਗੇ ਵਧਾਉਣਾ ਅਤੇ ਸਮਾਜਿਕ ਸਦਭਾਵਨਾ 'ਤੇ ਜ਼ੋਰ ਦੇਣਾ ਵੀ ਇਕ ਸਾਂਝਾ ਮਕਸਦ ਹੋਣਾ ਚਾਹੀਦਾ ਹੈ।

ਜਦ ਸੰਸਦ ਵਿਚ ਸਾਰਥਕ ਚਰਚਾ ਹੋਵੇਗੀ ਤਦ ਹੀ ਜਨਤਾ ਨੂੰ ਕੋਈ ਸਹੀ ਦਿਸ਼ਾ ਮਿਲੇਗੀ ਅਤੇ ਸੰਸਦ ਦੀ ਮਹੱਤਤਾ ਵਧੇਗੀ। ਮਹਿਜ਼ ਇਕ-ਦੂਜੇ ਨੂੰ ਨੀਵਾਂ ਦਿਖਾਉਣ ਵਾਲੀ ਰਾਜਨੀਤੀ ਨਾਲ ਰਾਸ਼ਟਰ ਨਿਰਮਾਣ ਵੱਲ ਨਹੀਂ ਵਧਿਆ ਜਾ ਸਕਦਾ। ਲੱਗਦਾ ਹੈ ਕਿ ਰਾਜਨੀਤਕ ਪਾਰਟੀਆਂ ਇਹ ਸਮਝਣ ਨੂੰ ਤਿਆਰ ਨਹੀਂ ਕਿ ਸੰਸਦ ਵਿਚ ਗੰਭੀਰ ਚਰਚਾ ਲਗਾਤਾਰ ਘੱਟ ਹੁੰਦੀ ਜਾ ਰਹੀ ਹੈ ਅਤੇ ਇਸ ਕਾਰਨ ਉਸ ਦੀ ਮਹੱਤਤਾ ਅਤੇ ਮਾਣ-ਮਰਿਆਦਾ ਬੁਰੀ ਤਰ੍ਹਾਂ ਪ੍ਰਭਾਵਤ ਹੋ ਰਹੀ ਹੈ। ਸੰਸਦ ਦੀ ਮਹੱਤਤਾ ਤੇ ਮਰਿਆਦਾ ਨੂੰ ਬਹਾਲ ਰੱਖਣਾ ਸਭ ਪਾਰਟੀਆਂ ਦੀ ਸਾਂਝੀ ਜ਼ਿੰਮੇਵਾਰੀ ਬਣਦੀ ਹੈ।

ਜਦ ਵੀ ਸੰਸਦ ਦਾ ਇਜਲਾਸ ਹੁੰਦਾ ਹੈ, ਸੱਤਾ ਧਿਰ ਤੇ ਵਿਰੋਧੀ ਧਿਰ ਇਕ-ਦੂਜੀ ਨਾਲ ਖਹਿਬੜਦੀਆਂ ਹੀ ਦਿਸਦੀਆਂ ਹਨ। ਵਿਰੋਧੀ ਧਿਰ ਕਈ ਵਾਰ ਚਰਚਾ ਦੀ ਮੰਗ ਵੀ ਕਰਦੀ ਹੈ ਅਤੇ ਸਦਨ ਵੀ ਨਹੀਂ ਚੱਲਣ ਦਿੰਦੀ। ਸੰਸਦ ਨਾ ਚੱਲਣ ਨਾਲ ਸਿਰਫ਼ ਲੋਕਤੰਤਰ ਹੀ ਕਮਜ਼ੋਰ ਨਹੀਂ ਹੁੰਦਾ, ਬਲਕਿ ਦੇਸ਼ ਦੀ ਤਰੱਕੀ ਵੀ ਰੁਕਦੀ ਹੈ ਕਿਉਂਕਿ ਕਈ ਜ਼ਰੂਰੀ ਬਿੱਲ ਸਮਾਂ ਰਹਿੰਦੇ ਪਾਸ ਨਹੀਂ ਹੁੰਦੇ।

# ਕੀ ਭਾਰਤੀ ਸਮਾਜ ਵਿਚ ਔਰਤ ਦੀ ਦੁਰਦਸ਼ਾ ਜਾਰੀ ਰਹੇਗੀ ?



ਮਨੀਪੁਰ ਤੋਂ ਇਕ ਐਸੀ ਵੀਡੀਉ ਸਾਹਮਣੇ ਆਈ ਹੈ ਜਿਸ ਨੂੰ ਵੇਖ ਕੇ ਪਤਾ ਲਗਦਾ ਹੈ ਕਿ ਸਾਡੇ ਸਮਾਜ ਵਿਚ ਜਾਤ-ਪਾਤ ਸਮੇਤ ਕਈ ਪ੍ਰਕਾਰ ਦੀਆਂ ਵੰਡੀਆਂ ਨੇ ਸਾਨੂੰ ਹੈਵਾਨ ਬਣਾ ਦਿਤਾ ਹੈ ਤੇ ਅਪਣੀ ਹੈਵਾਨੀਅਤ ਉਤੇ ਫ਼ਖ਼ਰ ਕਰਨਾ ਵੀ ਸਿਖਾ ਦਿਤਾ ਹੈ। ਕਿਸੇ ਜਾਅਲੀ ਖ਼ਬਰ ਦੇ ਵਿਰੋਧ ਵਿਚ ਮੈਤੇਈ ਜਾਤ ਦੇ ਮਰਦਾਂ ਨੇ ਇਕ ਕੁਕੀ ਔਰਤ ਨੂੰ ਸਰੇ ਬਾਜ਼ਾਰ ਨੰਗਾ ਕਰ ਕੇ ਉਸ ਦੀ ਇੱਜ਼ਤ ਲੁੱਟੀ ਤੇ ਵੀਡੀਉ ਬਣਾਈ। ਜਿਵੇਂ ਸਾਡੇ ਸਮਾਜ ਵਿਚ ਆਮ ਹੁੰਦਾ ਹੈ ਕਿ ਲੋਕ ਮਦਦ ਲਈ ਘੱਟ ਹੀ ਅੱਗੇ ਆਉਂਦੇ ਹਨ ਤੇ ਅਪਣੇ ਫ਼ੋਨ 'ਤੇ ਫ਼ਿਲਮਾਂ ਬਣਾ ਕੇ ਸ਼ੇਅਰ ਕਰਨ ਨੂੰ ਹੀ ਅਪਣੀ ਜ਼ਿੰਮੇਵਾਰੀ ਸਮਝਦੇ ਹਨ। ਇਸ ਔਰਤ ਨਾਲ ਵੀ ਅਜਿਹਾ ਹੀ ਹੋਇਆ। ਲੋਕ ਵੇਖਦੇ ਰਹੇ ਤੇ ਉਹ ਵਿਚਾਰੀ ਨੰਗੀ ਅਪਣੀ ਤਬਾਹੀ ਨੂੰ ਕੈਮਰੇ 'ਚ ਕੈਦ ਹੁੰਦੀ ਵੇਖਦੀ ਰਹੀ। ਹਰ ਲੜਾਈ ਝਗੜੇ ਵਿਚ ਔਰਤ ਨੂੰ ਸੱਭ ਤੋਂ ਵੱਡੀ ਕੀਮਤ ਤਾਰਨੀ ਪੈਂਦੀ ਹੈ। ਇਤਿਹਾਸ ਨੇ ਇਸ ਪੱਖ ਨੂੰ ਵਾਰ ਵਾਰ ਦਰਸਾਇਆ ਹੈ। ਜਦ ਕੋਈ ਹਮਲਾਵਰ, ਕਿਸੇ ਦੁਸ਼ਮਣ ਦੇਸ਼ 'ਤੇ ਵਾਰ ਕਰਦਾ ਹੈ ਤਾਂ ਉਹ ਔਰਤਾਂ ਦੀ ਇੱਜ਼ਤ ਲੁਟਣ ਨੂੰ ਅਪਣਾ ਪਹਿਲਾ ਹੱਕ ਸਮਝਦਾ ਹੈ। ਲੜਾਈ ਵਿਚ ਹਾਰ ਜਾਣ ਮਗਰੋਂ ਰਾਜੇ ਜੇਤੂ ਨੂੰ ਅਪਣੀ ਧੀ ਦੇ ਕੇ ਪ੍ਰਜਾ ਵਾਸਤੇ ਸ਼ਾਂਤੀ ਖ਼ਰੀਦਦੇ ਸਨ। ਜਦ ਗ਼ਜ਼ਨੀ ਵਰਗਿਆਂ ਨੇ ਹਿੰਦੂਆਂ ਨੂੰ ਤੋੜਨਾ ਸੀ ਤਾਂ ਉਹ ਉਨ੍ਹਾਂ ਦੀਆਂ ਔਰਤਾਂ ਨੂੰ ਲੁੱਟੇ ਹੋਏ ਖ਼ਜ਼ਾਨੇ ਨਾਲ ਚੁੱਕ ਕੇ ਲੈ ਜਾਂਦਾ। ਅੱਜ ਵੀ ਪੁਲਿਸ ਵਾਲਿਆਂ ਨੇ ਕਿਸੇ ਨੂੰ ਤੰਗ ਕਰਨਾ ਹੁੰਦਾ ਹੈ ਤਾਂ ਉਹ ਘਰ ਦੀਆਂ ਔਰਤਾਂ ਨੂੰ ਹੀ ਤੰਗ ਕਰਦੇ ਹਨ। ਪਾਂਡਵਾਂ ਨੂੰ ਨੀਵਾਂ ਵਿਖਾਉਣ ਵਾਸਤੇ ਕੌਰਵਾਂ ਨੇ ਘਰ ਦੀ ਨੂੰਹ ਦਰੋਪਦੀ ਨੂੰ ਵੀ ਨਹੀਂ ਸੀ ਬਖ਼ਸ਼ਿਆ।

ਇਤਿਹਾਸ ਨੂੰ ਪੜ੍ਹ ਸੁਣ ਕੇ, ਅਸੀ ਵੀ ਇਸ ਹਕੀਕਤ ਨੂੰ ਸਮਝਦੇ ਹਾਂ ਪਰ ਫਿਰ ਵੀ ਜਦ ਔਰਤ ਨਾਲ ਇਸ ਤਰ੍ਹਾਂ ਦਾ ਅਪਰਾਧ ਹੁੰਦਾ ਹੈ ਤਾਂ ਮਨ ਕੁਰਲਾ ਉਠਦਾ ਹੈ। ਕਦੀ ਪਹਿਲਵਾਨਾਂ ਦੀ ਕਹਾਣੀ ਦਰਦ ਦੇਂਦੀ ਹੈ ਤੇ ਕਦੇ ਮਨੀਪੁਰ ਦੀ ਹੈਵਾਨੀਅਤ ਸਾਹਮਣੇ ਆਉਂਦੀ ਹੈ। ਕਦੋਂ ਇਹ ਸਮਾਜ ਔਰਤ ਦੀ ਇੱਜ਼ਤ ਨੂੰ ਅਪਣੀ ਜਗੀਰ ਸਮਝਣਾ ਬੰਦ ਕਰੇਗਾ? ਕਿਸੇ ਔਰਤ ਨੂੰ ਨੀਵਾਂ ਵਿਖਾਉਣਾ ਹੁੰਦਾ ਹੈ ਤਾਂ ਮਰਦ ਉਸ ਦੇ ਚਰਿੱਤਰ ਤੇ ਛਿੱਟੇ ਸੁਟਣ ਦਾ ਕੰਮ ਸੱਭ ਤੋਂ ਪਹਿਲਾਂ ਕਰਦੇ ਹਨ ਕਿਉਂਕਿ ਉਸ ਦੇ ਚਰਿੱਤਰ ਨੂੰ ਸਹੀ ਗ਼ਲਤ ਦੱਸਣ ਦੀ ਤਾਕਤ ਵੀ ਮਰਦ ਨੇ ਅਪਣੇ ਕੋਲ ਹੀ ਤਾਂ ਰੱਖੀ ਹੋਈ ਹੈ। ਹਾਲ ਹੀ ਵਿਚ ਇਕ ਪ੍ਰਚਲਤ ਰਾਜਸਥਾਨੀ ਬਾਬੇ (God man) ਬਾਗੇਸ਼ਵਰ ਨੇ ਭਰੇ ਸਮਾਗਮ ਵਿਚ ਬਿਆਨ ਦਿਤਾ ਕਿ ਜਦ ਇਕ ਵਿਆਹੀ ਔਰਤ ਨੂੰ ਬਿਨਾਂ ਸੰਧੂਰ ਜਾਂ ਮੰਗਲਸੂਤਰ ਵੇਖਦਾ ਹਾਂ ਤਾਂ ਸਾਨੂੰ ਖ਼ਾਲੀ ਪਲਾਟ ਨਜ਼ਰ ਆਉਂਦਾ ਹੈ। ਜੇ ਇਕ ਐਸਾ ਸ਼ਖ਼ਸ ਜਿਸ ਨੂੰ ਲੱਖਾਂ ਲੋਕ ਮੰਨਦੇ ਹਨ, ਔਰਤ ਪ੍ਰਤੀ ਐਸੀ ਸੋਚ ਤੇ ਸ਼ਬਦਾਵਲੀ ਵਰਤਦਾ ਹੈ, ਪ੍ਰਚਾਰਦਾ ਹੈ ਤਾਂ ਫਿਰ ਇਹ ਦੁਨੀਆਂ ਕਿਵੇਂ ਬਦਲ ਸਕਦੀ ਹੈ?

ਇਕ ਬਾਬੇ ਨਾਨਕ ਤੋਂ ਬਾਅਦ ਕਿਸੇ ਨੇ ਔਰਤ ਨੂੰ ਬਰਾਬਰ ਦਾ ਸਤਿਕਾਰ ਦੇਣ ਬਾਰੇ ਸਾਹਸ ਹੀ ਨਹੀਂ ਕੀਤਾ। ਅੱਜ ਤਾਂ ਉਨ੍ਹਾਂ ਦੀ ਸੋਚ ਦੇ ਪਹਿਰੇਦਾਰ ਗੁਰੂ ਘਰਾਂ ਵਿਚ ਔਰਤਾਂ ਨੂੰ ਪਾਲਕੀ ਦੀ ਸੇਵਾ ਜਾਂ ਕੀਰਤਨ ਵੀ ਨਹੀਂ ਕਰਨ ਦੇਂਦੇ ਕਿਉਂਕਿ ਉਹ ਬਾਬੇ ਨਾਨਕ ਦੀ ਗੱਲ ਨੂੰ ਦਬਾਉਣਾ ਚਾਹੁੰਦੇ ਹਨ। ਇਹ ਲੜਾਈ ਔਰਤਾਂ ਨੂੰ ਆਪ ਇਕ ਦੂਜੇ ਨਾਲ ਖੜੇ ਹੋ ਕੇ, ਘਰ ਤੋਂ ਲੈ ਕੇ ਸੰਸਦ ਤਕ, ਲੜਨੀ ਪਵੇਗੀ ਤਾਕਿ ਇਸ ਧਰਤੀ 'ਤੇ ਵੀ ਕਦੇ ਐਸਾ ਭਵਿੱਖ ਵੀ ਆ ਜਾਵੇ ਜਦ ਔਰਤ ਨੂੰ ਮਰਦ ਦੇ ਹੰਕਾਰ ਨੂੰ ਜੇਤੂ ਰੂਪ ਦੇਣ ਲਈ ਅਪਣੀ ਇੱਜ਼ਤ ਦੀ ਬਲੀ ਦੇਣ ਲਈ ਮਜਬੂਰ ਨਾ ਕੀਤਾ ਜਾ ਸਕੇ।

# ਮਨੀਪੁਰ ਹਿੰਸਾ ਖ਼ਿਲਾਫ਼ ਪੰਜਾਬ ਯੂਨੀਵਰਸਿਟੀ ਵਿੱਚ ਰੋਸ ਮਾਰਚ

## ਕੇਂਦਰ ਸਰਕਾਰ ਖ਼ਿਲਾਫ਼ ਸੇਧੇ ਨਿਸ਼ਾਨੇ; ਮੁਲਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ




ਚੰਡੀਗੜ੍ਹ : ਮਨੀਪੁਰ ਜਿਣਸੀ ਹਿੰਸਾ ਨੂੰ ਲੈ ਕੇ ਆਮ ਆਦਮੀ ਪਾਰਟੀ ਦੇ ਵਿਦਿਆਰਥੀ ਵਿੰਗ ਸੀਵਾਈਐੱਸਐੱਸ ਵੱਲੋਂ ਕੇਂਦਰ ਸਰਕਾਰ ਖ਼ਿਲਾਫ਼ ਅੱਜ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਪੈਦਲ ਰੋਸ ਮਾਰਚ ਕੀਤਾ ਗਿਆ, ਜੋ ਕਿ ਪ੍ਰਬੰਧਕੀ ਬਲਾਕ ਤੋਂ ਸ਼ੁਰੂ ਹੋ ਕੇ ਸਟੂਡੈਂਟਸ ਸੈਂਟਰ ਜਾ ਕੇ ਖ਼ਤਮ ਹੋਇਆ।

ਇਸ ਮੌਕੇ ਜਥੇਬੰਦੀ ਦੇ ਆਗੂਆਂ ਵਿੱਚ ਸੰਜੀਵ, ਨਵਲਦੀਪ, ਮਨਜੋਤ ਪੱਡਾ ਆਦਿ ਨੇ ਕਿਹਾ ਕਿ ਮਨੀਪੁਰ ਵਿੱਚ ਪਿਛਲੇ ਲਗਪਗ 70 ਦਿਨਾਂ ਤੋਂ ਉਕਤ ਜਿਣਸੀ ਹਿੰਸਾ ਦੀ ਘਟਨਾ ਸਬੰਧੀ ਵੀਡੀਓ ਵਾਇਰਲ ਹੁੰਦੀਆਂ ਰਹੀਆਂ ਸਨ ਪ੍ਰੰਤੂ ਭਾਜਪਾ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ ਜਦਕਿ ਉਥੇ ਸਾੜਫੂਕ ਵਰਗੀਆਂ ਘਟਨਾਵਾਂ ਲਗਾਤਾਰ ਚਲਦੀਆਂ ਰਹੀਆਂ। ਉਨ੍ਹਾਂ ਕਿਹਾ ਕਿ ਚਾਹੀਦਾ ਤਾਂ ਇਹ ਸੀ ਕਿ ਮਨੀਪੁਰ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰਕੇ ਹਿੰਸਕ ਘਟਨਾਵਾਂ ਖ਼ਤਮ ਕਰਵਾਈਆਂ ਜਾਂਦੀਆਂ ਪ੍ਰੰਤੂ ਮੋਦੀ ਸਰਕਾਰ ਨੇ ਚੁੱਪੀ ਵੱਟ ਕੇ ਰੱਖੀ। ਉਨ੍ਹਾਂ ਇਹ ਵੀ ਸਵਾਲ ਕੀਤੀ ਕਿ ਮਨੀਪੁਰ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਿਉਂ ਨਹੀਂ ਕੀਤਾ ਗਿਆ। ਅਜਿਹੀਆਂ ਹਰਕਤਾਂ ਕਰਕੇ ਮੋਦੀ ਸਰਕਾਰ ਦਾ ਇਸਤਰੀ ਜਾਤੀ ਪ੍ਰਤੀ ਕਰੂਪ ਚਿਹਰਾ ਨੰਗਾ ਹੋ ਗਿਆ ਹੈ। ਉਨ੍ਹਾਂ ਮੰਗ ਕੀਤੀ ਕਿ ਮਨੀਪੁਰ ਜਿਣਸੀ ਹਿੰਸਾ ਨੂੰ ਲੈ ਕੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੁਰੰਤ ਅਸਤੀਫ਼ਾ ਦੇਵੇ ਅਤੇ ਹਿੰਸਾ ਵਿੱਚ ਸ਼ਾਮਲ ਸਾਰੇ ਦੋਸ਼ੀਆਂ ਦੀ ਪਹਿਚਾਣ ਕਰਕੇ ਫਾਂਸੀ ਉਤੇ ਟੰਗਿਆ ਜਾਵੇ। ਪ੍ਰਦਰਸ਼ਨਕਾਰੀਆਂ ਨੇ ਭਾਜਪਾ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕੀਤੀ।

# ਮਨੀਪੁਰ: ਆਜ਼ਾਦੀ ਘੁਲਾਟੀਏ ਦੀ 80 ਵਰ੍ਹਿਆਂ ਦੀ ਪਤਨੀ ਨੂੰ ਜ਼ਿੰਦਾ ਸਾੜਿਆ

ਇੰਫ਼ਾਲ: ਮਣੀਪੁਰ 'ਚ ਪਿਛਲੇ ਡੇਢ ਮਹੀਨੇ ਤੋਂ ਜਾਰੀ ਨਸਲੀ ਹਿੰਸਾ ਕਿੰਨੀ ਭਿਆਨਕ ਸੀ, ਇਸ ਦਾ ਵੇਰਵੇ ਹੌਲੀ-ਹੌਲੀ ਸਾਹਮਣੇ ਆ ਰਿਹਾ ਹੈ। 4 ਮਈ ਨੂੰ ਕਾਂਗਕੋਪਾਈ ਜ਼ਿਲ੍ਹੇ 'ਚ ਦੋ ਔਰਤਾਂ ਨੂੰ ਨਗਨ ਕਰ ਕੇ ਪਰੇਡ ਕਰਵਾਉਣ ਦੀ ਸ਼ਰਮਨਾਕ ਘਟਨਾ ਸਾਹਮਣੇ ਆਉਣ ਮਗਰੋਂ ਕਾਂਗਚਿੰਗ ਜ਼ਿਲ੍ਹੇ ਤੋਂ ਇਕ ਹੋਰ ਰੌਂਗੜੇ ਖੜੇ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ। ਮਣੀਪੁਰ ਦੇ ਕਾਕਚਿੰਗ ਜ਼ਿਲ੍ਹੇ 'ਚ ਕੁਝ ਹਥਿਆਰਬੰਦ ਲੋਕਾਂ ਨੇ 80 ਸਾਲਾਂ ਦੀ ਇਕ ਬਜ਼ੁਰਗ ਔਰਤ ਨੂੰ ਉਸ ਦੇ ਘਰ 'ਚ ਬੰਦ ਕਰ ਕੇ ਸਾੜ ਕੇ ਮਾਰ ਦਿਤਾ।

ਮੇਈਤੀ ਭਾਈਚਾਰੇ ਨਾਲ ਸਬੰਧਤ ਐਸ. ਇਬੇਤੋਂਬੀ ਮੇਈਬੀ ਆਜ਼ਾਦੀ ਘੁਲਾਟੀਏ ਐਸ. ਚੂਰਾਚਾਂਦ ਸਿੰਘ ਦੀ ਪਤਨੀ ਸੀ। ਐਸ. ਚੂਰਾਚਾਂਦ ਸਿੰਘ ਦੀ ਕੁਝ ਸਾਲ ਪਹਿਲਾਂ ਮੌਤ ਹੋ ਗਈ ਸੀ। ਪਿੱਛ ਜਿਹੇ ਸਰੋਊ ਪੁਲਿਸ ਥਾਣੇ 'ਚ ਦਰਜ ਐਫ਼.ਆਈ.ਆਰ. ਅਨੁਸਾਰ ਹਥਿਆਰਬੰਦ ਹਮਲਾਵਰਾਂ ਨੇ 28 ਮਈ ਨੂੰ ਐਸ. ਇਕਬੇਤੋਂਬੀ ਮੇਈਬੀ ਨੂੰ ਉਸ ਦੇ ਘਰ 'ਚ ਬੰਦ ਕਰ ਕੇ ਘਰ ਨੂੰ ਬਾਹਰੋਂ ਅੱਗ ਲਾ ਦਿਤੀ ਸੀ।

ਚੂਰਾਚਾਂਦ ਸਿੰਘ ਨੇਤਾਜੀ ਸੁਭਾਸ਼ ਚੰਦਰ ਬੋਸ ਦੀ ਅਗਵਾਈ ਵਾਲੀ ਆਜ਼ਾਦ ਹਿੰਦ ਫ਼ੌਜ ਦੇ ਮੈਂਬਰ ਸਨ, ਜਿਨ੍ਹਾਂ ਨੂੰ ਸਾਬਕਾ ਰਾਸ਼ਟਰਪਤੀ ਏ.ਪੀ.ਜੇ. ਅਬਦੁਲ ਕਲਾਮ ਨੇ ਸਨਮਾਨਤ ਕੀਤਾ ਸੀ ਅਤੇ ਉਨ੍ਹਾਂ ਨੂੰ ਆਲ ਇੰਡੀਆ ਫ਼ਾਰਵਰਡ ਬਲਾਕ ਵਲੋਂ ਅਪ੍ਰੈਲ 1997 'ਚ ਨੇਤਾਜੀ ਐਵਾਰਡ ਵੀ ਦਿਤਾ ਗਿਆ ਸੀ। ਇਬੇਤੋਂਬੀ ਮੇਈਬੀ ਦੀਆਂ ਸੜੀਆਂ ਹੱਡੀਆਂ, ਅੱਧਸੜੀਆਂ ਤਸਵੀਰਾਂ, ਮੈਡਲ, ਚੂਰਾਚਾਂਦ ਸਿੰਘ ਨੂੰ ਮਿਲੇ ਯਾਦਗਾਰੀ ਚਿੰਨ੍ਹ, ਕਈ ਕੀਮਤੀ, ਘਰੇਲੂ ਸਾਮਾਨ, ਸੜਿਆ ਘਰ ਅਤੇ ਕੰਧਾਂ 'ਤੇ ਗੋਲੀਆਂ ਦੇ ਨਿਸ਼ਾਨ ਮਣੀਪੁਰ 'ਚ ਪਿਛਲੇ ਡੇਢ ਮਹੀਨਿਆਂ ਦੌਰਾਨ ਵਾਪਰੀ ਭਿਆਨਕ ਹਿੰਸਾ ਦੀ ਗਵਾਹੀ ਭਰ ਰਹੇ ਹਨ।

ਇਬੇਤੋਂਬੀ ਮੇਈਬੀ ਦੀ ਨੂੰਹ ਐਸ. ਤੰਪਾਕਸਾਨਾ ਨੇ ਕਿਹਾ, "ਜਦੋਂ ਹਥਿਆਰਬੰਦ ਹਮਲਾਵਰਾਂ ਨੇ ਸਾਡੇ ਘਰ 'ਤੇ ਹਮਲਾ ਕੀਤਾ ਤਾਂ ਮੇਰੀ ਸੱਸ ਨੇ ਮੈਨੂੰ ਅਤੇ ਹੋਰ ਗੁਆਂਢੀਆਂ ਨੂੰ ਭੱਜ ਜਾਣ ਲਈ ਕਿਹਾ। ਉਸ ਨੇ ਕਿਹਾ ਕਿ ਹਮਲਾਵਰਾਂ ਵਲੋਂ ਉਥੋਂ ਚਲੇ ਜਾਣ ਮਗਰੋਂ ਉਸ ਨੂੰ ਆ ਕੇ ਲੈ ਜਾਇਓ। ਬਜ਼ੁਰਗ ਹੋਣ ਕਾਰਨ ਉਸ ਦਾ ਚਲਣਾ-ਫਿਰਨਾ ਮੁਸ਼ਕਲ ਸੀ, ਜਿਸ ਕਾਰਨ ਉਹ ਭੱਜ ਨਹੀਂ ਸਕੀ। ਮੈਂ ਅਤੇ ਸਾਡੇ ਤਿੰਨ ਹੋਰ ਗੁਆਂਢੀ ਪਰਵਾਰ ਭੱਜਣ 'ਚ ਸਫ਼ਲ ਰਹੇ।"

ਉਨ੍ਹਾਂ ਕਿਹਾ ਕਿ ਕੁਝ ਘੰਟਿਆਂ ਮਗਰੋਂ ਉਸ ਨੇ ਇਬੇਤੋਂਬੀ ਮੇਈਬੀ ਦੇ ਇਕ ਰਿਸ਼ਤੇਦਾਰ ਪ੍ਰੇਮਕਾਂਤਾ ਮੈਤੇਈ ਨੂੰ ਕਿਹਾ ਕਿ ਇਬੇਤੋਂਬੀ ਮੇਈਬੀ ਨੂੰ ਬਚਾ ਕੇ ਲਿਆਵ। ਪਰ ਜਦੋਂ ਪ੍ਰੇਮਕਾਂਤਾ ਉਥੇ ਪੁੱਜਿਆ ਤਾਂ ਸਾਡਾ ਘਰ ਸੜ ਚੁਕਿਆ ਸੀ ਅਤੇ ਬਜ਼ੁਰਗ ਔਰਤ ਦੀ ਸੜਨ ਕਾਰਨ ਮੌਤ ਹੋ ਗਈ ਸੀ। ਹਮਲਾਵਰ ਉਸ ਸਮੇਂ ਵੀ ਉਥੇ ਹੀ ਸਨ ਜਿਨ੍ਹਾਂ ਦੀ ਗੋਲੀਬਾਰੀ ਕਾਰਨ ਇਬੇਤੋਂਬੀ ਮੇਈਬੀ ਨੂੰ ਬਚਾਉਣ ਲਈ ਆਏ ਲੋਕਾਂ ਨੂੰ ਭਜਣਾ ਪਿਆ।

ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਅਪਣੀ ਜਾਨ ਬਚਾਉਣ ਲਈ ਦੋ ਕਿਲੋਮੀਟਰ ਤਕ ਭੱਜਣ ਤੋਂ ਬਾਅਦ ਇਕ ਸਥਾਨਕ ਵਿਧਾਇਕ ਦੇ ਘਰ ਸ਼ਰਨ ਲਈ। ਸਰੋਊ ਪਿੰਡ ਨਸਲੀ ਹਿੰਸਾ ਨਾਲ ਸਭ ਤੋਂ ਵੱਧ ਪ੍ਰਭਾਵਤ ਇਲਾਕਿਆਂ 'ਚੋਂ ਇਕ ਸੀ। ਪਿੰਡ ਤੋਂ ਥੋੜ੍ਹੀ ਦੂਰ ਸਥਿਤ ਸਰੋਊ ਦੀ ਮਾਰਕੀਟ ਹੁਣ ਖੰਡਰ ਜਿਹਾ ਜਾਪਦਾ ਹੈ। ਪਿੰਡ 'ਚ ਰਹਿਣ ਵਾਲੇ ਸਾਰੇ ਲੋਕ ਇਸ ਵੇਲੇ ਸ਼ਰਨਾਰਥੀ ਕੈਂਪਾਂ 'ਚ ਰਹਿ ਰਹੇ ਹਨ।

ਮਣੀਪੁਰ 'ਚ ਅਨੁਸੂਚਿਤ ਜਨਜਾਤੀ ਦਾ ਦਰਜਾ ਦੇਣ ਦੀ ਮੇਈਤੀ ਲੋਕਾਂ ਦੀ ਮੰਗ ਵਿਰੁਧ ਪਹਾੜੀ ਜ਼ਿਲ੍ਹਿਆਂ 'ਚ ਤਿੰਨ ਮਈ ਨੂੰ 'ਆਦਿਵਾਸੀ ਇਕਜੁਟਤਾ ਮਾਰਚ' ਕਰਵਾਉਣ ਤੋਂ ਬਾਅਦ ਸੂਬੇ 'ਚ ਭੜਕੀ ਨਸਲੀ ਹਿੰਸਾ 'ਚ ਹੁਣ ਤਕ 160 ਤੋਂ ਵੱਧ ਲੋਕਾਂ ਦੀ ਮੌਤ ਹੋ ਚੁਕੀ ਹੈ। ਮਣੀਪੁਰ ਦੀ ਆਬਾਦੀ 'ਚ ਮੇਈਤੀ ਲੋਕਾਂ ਦੀ ਗਿਣਤੀ ਲਗਭਗ 53 ਫ਼ੀ ਸਦੀ ਹੈ ਅਤੇ ਉਹ ਜ਼ਿਆਦਾਤਰ ਇੰਫ਼ਾਲ ਵਾਦੀ 'ਚ ਰਹਿੰਦੇ ਹਨ, ਜਦਕਿ ਨਗਾ ਅਤੇ ਕੁਕੀ ਵਰਗੇ ਆਦਿਵਾਸੀਆਂ ਦੀ ਆਬਾਦੀ 40 ਫ਼ੀ ਸਦੀ ਹੈ ਅਤੇ ਉਹ ਪਹਾੜੀ ਜ਼ਿਲ੍ਹਿਆਂ 'ਚ ਰਹਿੰਦੇ ਹਨ। ਸਥਾਨਕ ਆਗੂਆਂ ਦਾ ਕਹਿਣਾ ਹੈ ਕਿ ਅਜੇ ਵੀ ਕਈ ਦਿਲਕੰਬਾਊ ਘਟਨਾਵਾਂ ਹਨ ਜੋ ਸਾਹਮਣੇ ਨਹੀਂ ਆ ਸਕੀਆਂ ਹਨ।

# ਮਨੀਪੁਰ ਘਟਨਾ ਵਿਰੁੱਧ ਸੜਕਾਂ 'ਤੇ ਉਤਰੇ ਵਿਦਿਆਰਥੀ

## ਵਿਦਿਆਰਥੀ ਜਥੇਬੰਦੀਆਂ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਮਨੀਪੁਰ ਦੇ ਮੁੱਖ ਮੰਤਰੀ ਬੀਰੇਨ ਸਿੰਘ ਨੂੰ ਜ਼ਿੰਮੇਵਾਰ ਦੱਸਿਆ




ਨਵੀਂ ਦਿੱਲੀ : ਵਿਦਿਆਰਥੀ ਸੰਗਠਨਾਂ ਵੱਲੋਂ ਅੱਜ ਜੰਤਰ-ਮੰਤਰ 'ਤੇ ਮਨੀਪੁਰ ਵਿੱਚ ਸਮੂਹਿਕ ਬਲਾਤਕਾਰ ਅਤੇ ਕਤਲ ਦੀ ਘਟਨਾ ਵਿਰੁੱਧ ਪ੍ਰਦਰਸ਼ਨ ਕੀਤਾ ਗਿਆ। ਵਿਦਿਆਰਥੀ ਆਗੂਆਂ ਨੇ ਕਿਹਾ ਕਿ ਮਨੀਪੁਰ ਵਿੱਚ ਪਿਛਲੇ ਕੁਝ ਮਹੀਨਿਆਂ ਤੋਂ ਚੱਲ ਰਹੀਆਂ ਭਿਆਨਕ ਝੜਪਾਂ ਦੇ ਵਿਚਕਾਰ ਇਹ ਘਟਨਾ ਇੱਕ ਵਾਰ ਫਿਰ ਇਹ ਦਰਸਾਉਂਦੀ ਹੈ ਕਿ ਕਿਵੇਂ ਔਰਤਾਂ ਨੂੰ ਕਿਸੇ ਵੀ ਸੰਘਰਸ਼ ਵਿੱਚ ਸ਼ਿਕਾਰ ਬਣਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਔਰਤਾਂ ਨੂੰ ਕਮਜ਼ੋਰ ਸਮਝਦਿਆਂ ਬਦਲਾ ਲੈਣ ਲਈ ਹਿੰਸਾ ਦਾ ਸ਼ਿਕਾਰ ਬਣਾਇਆ ਜਾਂਦਾ। ਵਿਦਿਆਰਥੀ ਜਥੇਬੰਦੀ 'ਆਇਸਾ' ਦੀ ਦਿੱਲੀ ਸੂਬਾ ਸਕੱਤਰ ਨੇਹਾ ਨੇ ਕਿਹਾ ਕਿ ਇਹ ਘਟਨਾ 4 ਮਈ ਨੂੰ ਮਨੀਪੁਰ ਵਿੱਚ ਵਾਪਰੀ ਸੀ ਅਤੇ ਹਾਲ ਹੀ ਵਿੱਚ ਇੰਟਰਨੈੱਟ ਉੱਤੇ ਸਾਹਮਣੇ ਆਈ ਹੈ। ਆਗੂ ਨੇ ਕਿਹਾ ਕਿ ਇਸ ਮਾਮਲੇ ਵਿੱਚ ਕੌਮੀ ਮਹਿਲਾ ਕਮਿਸ਼ਨ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਫ਼ ?ਰਕੂ ਮਾਹੌਲ ਵੱਲ ਧੱਕਿਆ ਜਾ ਰਿਹਾ ਹੈ। ਇਸ ਘਿਨਾਉਣੀ ਘਟਨਾ ਲਈ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਮੁੱਖ ਮੰਤਰੀ ਬੀਰੇਨ ਸਿੰਘ ਜ਼ਿੰਮੇਵਾਰ ਹਨ। ਉਨ੍ਹਾਂ ਨਾਅਰੇਬਾਜ਼ੀ ਕਰਦਿਆਂ ਮਨੀਪੁਰ ਵਿੱਚ ਸ਼ਾਂਤੀ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਮਨੀਪੁਰ ਵਾਸੀ ਸ਼ਾਂਤੀ ਚਾਹੁੰਦੇ ਹਨ ? ਕਿਉਂਕਿ ਹਿੰਸਾ ਕਾਰਨ ਬਹੁਤ ਜ਼ਿਆਦਾ ਨੁਕਸਾਨ ਹੋ ਚੁੱਕਾ ਹੈ। ਸੀਪੀਆਈਐੱਮ ਐੱਲ ਦੇ ਜਨਰਲ ਸਕੱਤਰ ਦੀਪਾਂਕਰ ਭੱਟਾਚਾਰੀਆ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਦੇਸ਼ ਨੂੰ ਫ਼ ?ਰਕੂ ਤਾਕਤਾਂ ਤੋਂ ਬਚਾਉਣ ਲਈ ਨੌਜਵਾਨਾਂ ਨੂੰ ਸੰਘਰਸ਼ ਕਰਨ ਲਈ ਪ੍ਰੇਰਿਆ।

# ਮਨੀਪੁਰ ਕਾਂਡ ਕਾਰਨ ਦੁਨੀਆ ਅੱਗੇ ਸ਼ਰਮਸਾਰ ਹੋਇਆ ਦੇਸ਼: ਵੜਿੰਗ

## ਲੁਧਿਆਣਾ ਵਿੱਚ ਪੰਜਾਬ ਕਾਂਗਰਸ ਨੇ ਸੱਤਿਆਗ੍ਰਹਿ ਦੌਰਾਨ ਮੌਨ ਵਰਤ ਰੱਖਿਆ




ਲੁਧਿਆਣਾ : ਇੱਥੇ ਪੰਜਾਬ ਕਾਂਗਰਸ ਨੇ ਸੱਤਿਆਗ੍ਰਹਿ ਦੌਰਾਨ ਮੌਨ ਵਰਤ ਰੱਖਿਆ। ਸੱਤਿਆਗ੍ਰਹਿ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਨਵਜੋਤ ਸਿੰਘ ਸਿੱਧੂ ਸਣੇ ਵਧੇਰੇ ਵੱਡੇ ਆਗੂ ਮੌਜੂਦ ਸਨ। ਸੱਤਿਆਗ੍ਰਹਿ ਦੌਰਾਨ ਆਗੂਆਂ ਨੇ ਰਾਹੁਲ ਗਾਂਧੀ 'ਤੇ ਦਰਜ ਹੋਏ ਕੇਸ ਤੇ ਮਨੀਪੁਰ ਵਿੱਚ ਹੋਈ ਘਟਨਾ ਖ਼ਿਲਾਫ਼ ਮੌਨ ਵਰਤ ਰੱਖਿਆ। ਇਸ ਦੌਰਾਨ ਸੂਬਾ ਪ੍ਰਧਾਨ ਰਾਜਾ ਵੜਿੰਗ ਨੇ ਰਾਸ਼ਟਰਪਤੀ ਤੋਂ ਮੰਗ ਕੀਤੀ ਹੈ ਕਿ ਮਨੀਪੁਰ ਦੀ ਸਰਕਾਰ ਨੂੰ ਤੁਰੰਤ ਬਰਖ਼ਾਸਤ ਕਰਕੇ ਦੋ ਲੜਕੀਆਂ ਨਾਲ ਵਹਿਸ਼ੀਆਨਾ ਕਾਰਾ ਕਰਨ ਵਾਲੇ ਮੁਲਜ਼ਮਾਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇ। ਸਨਅਤੀ ਸ਼ਹਿਰ ਦੇ ਗਿੱਲ ਰੋਡ ਸਥਿਤ ਦਾਣਾ ਮੰਡੀ ਵਿੱਚ ਸੱਤਿਆਗ੍ਰਹਿ ਦੌਰਾਨ ਕਾਂਗਰਸੀ ਆਗੂਆਂ ਨੇ ਮੱਥੇ 'ਤੇ ਕਾਲੀਆਂ ਪੱਟੀਆਂ ਬੰਨ੍ਹੀਆਂ ਹੋਈਆਂ ਸਨ। ਇਸ ਦੌਰਾਨ ਰਾਜਾ ਵੜਿੰਗ ਨੇ ਕਿਹਾ ਕਿ ਮਨੀਪੁਰ ਦੀਆਂ ਦਿਲ-ਕੰਬਾਊ ਘਟਨਾਵਾਂ ਨੇ ਦੇਸ਼ ਦਾ ਸਿਰ ਪੂਰੀ ਦੁਨੀਆ ਵਿੱਚ ਨੀਵਾਂ ਕਰ ਦਿੱਤਾ ਹੈ ਪਰ ਕੇਂਦਰ ਦੀ ਮੋਦੀ ਸਰਕਾਰ ਅੱਖਾਂ ਬੰਦ ਕਰਕੇ ਬੈਠੀ ਹੋਈ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦੋ ਮਹੀਨੇ ਤੋਂ ਵੱਧ ਸਮੇਂ ਤੋਂ ਮਨੀਪੁਰ ਵਿੱਚ ਲੋਕਾਂ ਦੀ ਇੱਜ਼ਤ ਤੋਂ ਇਲਾਵਾ ਜਾਨ ਅਤੇ ਮਾਲ ਨੂੰ ਵੱਡਾ ਖ਼ਤਰਾ ਬਣਿਆ ਹੋਇਆ ਹੈ ਪਰ ਕੇਂਦਰ ਸਰਕਾਰ ਵੱਲੋਂ ਲੋਕਾਂ ਨੂੰ ਉਨ੍ਹਾਂ ਦੇ ਹਾਲ 'ਤੇ ਛੱਡ ਦਿੱਤਾ ਗਿਆ ਹੈ। ਇਸ ਮੌਕੇ ਵਰਕਰਾਂ ਨੇ ਵੱਖ-ਵੱਖ ਨਾਅਰੇ ਲਿਖੀਆਂ ਤਖ਼ਤੀਆਂ ਹੱਥਾਂ ਵਿੱਚ ਫੜੀਆਂ ਹੋਈਆਂ ਸਨ। ਇਹ ਮੋਨ ਵਰਤ ਸਵੇਰੇ 11 ਵਜੇ ਤੋਂ ਸ਼ੁਰੂ ਹੋ ਕੇ ਸ਼ਾਮ 5 ਵਜੇ ਤੱਕ ਚੱਲਿਆ। ਇਸ ਦੌਰਾਨ ਪੁਲੀਸ ਵਲੋਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ। ਇਸ ਮੌਕੇ ਰਾਣਾ ਕੇਪੀ ਸਿੰਘ, ਭਾਰਤ ਭੂਸ਼ਨ ਆਸ਼ੂ, ਜ਼ਿਲ੍ਹਾ ਪ੍ਰਧਾਨ ਸਾਬਕਾ ਵਿਧਾਇਕ ਸੰਜੇ ਤਲਵਾੜ, ਲਖਵੀਰ ਸਿੰਘ ਲੱਖਾ, ਹਰਮਿੰਦਰ ਸਿੰਘ ਗਿੱਲ, ਈਸ਼ਵਰਜੋਤ ਸਿੰਘ ਚੀਮਾ, ਮਲਕੀਤ ਸਿੰਘ ਦਾਖਾ, ਕ੍ਰਿਸ਼ਨ ਕੁਮਾਰ ਬਾਵਾ, ਗੁਰਕੀਰਤ ਸਿੰਘ ਕੋਟਲੀ, ਨਾਜ਼ਰ ਸਿੰਘ ਮਾਨਸ਼ਾਹੀਆ ਅਤੇ ਕੈਪਟਨ ਸੰਦੀਪ ਸੰਧੂ ਸਮੇਤ ਹੋਰ ਸੀਨੀਅਰ ਆਗੂ ਵੀ ਹਾਜ਼ਰ ਸਨ।

# ਔਰਤਾਂ ਨੂੰ ਬਿਨ੍ਹਾਂ ਕੱਪੜਿਆਂ ਤੋਂ ਘੁਮਾਉਣ ਦੇ ਮਾਮਲੇ 'ਚ ਪੰਜਵਾਂ ਮੁਲਜ਼ਮ ਕਾਬੂ



ਇੰਫਾਲ : ਹਿੰਸਾ ਪ੍ਰਭਾਵਿਤ ਮਣੀਪੁਰ ਵਿਚ ਭੀੜ ਵਲੋਂ ਦੋ ਔਰਤਾਂ ਨੂੰ ਬਿਨ੍ਹਾਂ ਕੱਪੜਿਆਂ ਤੋਂ ਘੁਮਾਉਣ ਦੇ ਮਾਮਲੇ ਵਿਚ ਪੁਲਿਸ ਨੇ ਪੰਜਵੇਂ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ। ਜਦੋਂ ਤੋਂ 19 ਜੁਲਾਈ ਨੂੰ ਇਸ ਘਟਨਾ ਦਾ ਵੀਡੀਓ ਸਾਹਮਣੇ ਆਇਆ ਹੈ, ਉਦੋਂ ਤੋਂ ਦੇਸ਼ ਭਰ ਵਿਚ ਰੋਸ ਹੈ।

ਪੁਲਿਸ ਅਨੁਸਾਰ ਪੰਜਵੇਂ ਮੁਲਜ਼ਮ ਦੀ ਪਛਾਣ 19 ਸਾਲਾ ਨੌਜੁਆਨ ਵਜੋਂ ਹੋਈ ਹੈ। ਮਣੀਪੁਰ ਵਿਚ 4 ਮਈ ਨੂੰ ਦੋ ਔਰਤਾਂ ਦੀ ਬਿਨ੍ਹਾਂ ਕੱਪੜਿਆਂ ਤੋਂ ਵੀਡੀਓ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਗਏ ਚਾਰ ਮੁਲਜ਼ਮਾਂ ਨੂੰ ਸ਼ੁੱਕਰਵਾਰ ਨੂੰ 11 ਦਿਨਾਂ ਦੀ ਪੁਲਿਸ ਹਿਰਾਸਤ ਵਿਚ ਭੇਜ ਦਿਤਾ ਗਿਆ।

ਘਟਨਾ ਦੀ ਵੀਡੀਓ ਵਾਇਰਲ ਹੋਣ ਤੋਂ ਇਕ ਦਿਨ ਬਾਅਦ ਵੀਰਵਾਰ ਨੂੰ ਇਨ੍ਹਾਂ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਮੁੱਖ ਮੁਲਜ਼ਮ ਦੀ ਗ੍ਰਿਫ਼ਤਾਰੀ ਤੋਂ ਕੁਝ ਘੰਟੇ ਬਾਅਦ ਹੀ ਭੀੜ ਨੇ ਉਸ ਦੇ ਘਰ ਨੂੰ ਅੱਗ ਲਾ ਦਿੱਤੀ। ਪੁਲਿਸ ਮੁਤਾਬਕ ਵੀਡੀਓ 'ਚ ਮੁੱਖ ਦੋਸ਼ੀ ਕੰਗਪੋਕਪੀ ਜ਼ਿਲ੍ਹੇ ਦੇ ਬੀ ਫੇਨੋਮ ਪਿੰਡ 'ਚ ਭੀੜ ਨੂੰ ਭੜਕਾਉਂਦਾ ਦਿਖਾਈ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਦੋ ਔਰਤਾਂ ਨਾਲ ਇਹ ਸ਼ਰਮਨਾਕ ਘਟਨਾ ਵਾਪਰੀ ਹੈ, ਉਨ੍ਹਾਂ ਵਿਚੋਂ ਇੱਕ ਭਾਰਤੀ ਫ਼ੌਜ ਦੇ ਸਾਬਕਾ ਸੈਨਿਕ ਦੀ ਪਤਨੀ ਹੈ, ਜਿਸ ਨੇ ਅਸਾਮ ਰੈਜੀਮੈਂਟ ਵਿਚ ਸੂਬੇਦਾਰ ਵਜੋਂ ਸੇਵਾ ਨਿਭਾਈ ਸੀ ਅਤੇ ਕਾਰਗਿਲ ਜੰਗ ਵਿਚ ਵੀ ਹਿੱਸਾ ਲਿਆ ਸੀ। ਘਟਨਾ ਨਾਲ ਸਬੰਧਤ ਵੀਡੀਓ ਨੂੰ ਲੈ ਕੇ 21 ਜੂਨ ਨੂੰ ਕਾਂਗਪੋਕਪੀ ਜ਼ਿਲ੍ਹੇ ਦੇ ਸੈਕੁਲ ਪੁਲਿਸ ਸਟੇਸ਼ਨ 'ਚ ਸ਼ਿਕਾਇਤ ਦਰਜ ਕਰਵਾਈ ਗਈ ਸੀ। ਮਾਮਲੇ ਵਿਚ ਦਰਜ ਐਫ.ਆਈ.ਆਰ. ਦੇ ਅਨੁਸਾਰ, ਇੱਕ ਵਿਅਕਤੀ ਨੂੰ 4 ਮਈ ਨੂੰ ਭੀੜ ਨੇ ਕੁੱਟ-ਕੁੱਟ ਕੇ ਮਾਰ ਦਿਤਾ ਸੀ, ਜਿਸ ਨੇ ਕੁਝ ਵਿਅਕਤੀਆਂ ਨੂੰ ਉਸ ਦੀ ਭੈਣ ਨਾਲ ਬਲਾਤਕਾਰ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਸੀ। ਐਫ.ਆਈ.ਆਰ. ਦੇ ਅਨੁਸਾਰ, ਦੋ ਔਰਤਾਂ ਨੂੰ ਫਿਰ ਨਗਨ ਕਰ ਕੇ ਘੁਮਾਇਆ ਗਿਆ ਅਤੇ ਭੀੜ ਸਾਹਮਣੇ ਜਿਨਸੀ ਸ਼ੋਸ਼ਣ ਕੀਤਾ ਗਿਆ। ਮਣੀਪੁਰ ਵਿਚ ਅਨੁਸੂਚਿਤ ਜਨਜਾਤੀ ਦਾ ਦਰਜਾ ਦੇਣ ਦੀ ਬਹੁ-ਗਿਣਤੀ ਮੇਤੈਈ ਸਮੁਦਾਏ ਦੀ ਮੰਗ ਦੇ ਵਿਰੋਧ ਵਿਚ ਪਹਾੜੀ ਜ਼ਿਲ੍ਹਿਆਂ ਵਿਚ 3 ਮਈ ਨੂੰ 'ਕਬਾਇਲੀ ਏਕਤਾ ਮਾਰਚ' ਦੇ ਆਯੋਜਨ ਕਰਨ ਤੋਂ ਬਾਅਦ ਰਾਜ ਵਿਚ ਭੜਕੀ ਜਾਤੀ ਹਿੰਸਾ ਵਿਚ ਹੁਣ ਤੱਕ 60 ਤੋਂ ਵੱਧ ਲੋਕਾਂ ਦੀ ਮੌਤ ਹੋ ਚੁਕੀ ਹੈ।

# ਹਿੰਸਾ ਪ੍ਰਭਾਵਿਤ ਮਨੀਪੁਰ ਵਿੱਚ ਔਰਤਾਂ 'ਤੇ ਹੋਏ ਅੱਤਿਆਚਾਰਾਂ 'ਤੇ ਵਿਰੋਧ ਪ੍ਰਦਰਸ਼ਨ


























# ਸਿੱਖ ਸ਼ਸਤਰ ਵਿੱਦਿਆ ਕੌਮ ਦੀ ਅਮਾਨਤ ਬੱਚਿਆਂ ਨੂੰ ਗਤਕਾ ਸਿੱਖ ਮਾਰਸ਼ਲ ਨਾਲ ਜੋੜਨਾ ਸਾਡਾ ਮੁੱਖ ਨਿਸ਼ਾਨਾ : ਉਸਤਾਦ ਸ੍ਰ. ਲਖਵੀਰ ਸਿੰਘ ਖਾਲਸਾ





ਨਿਊਯਾਰਕ/ਅਮਰੀਕਾ : ਸਿੱਖ ਸ਼ਸਤਰ ਵਿੱਦਿਆ ਹੀ ਨਹੀਂ ਬਲਕਿ ਇਹ ਇਕ ਮੀਰੀ ਅਤੇ ਪੀਰੀ ਦਾ ਸਿਧਾਂਤ ਹੈ ਜੋ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਦਿੱਤਾ। ਗੱਤਕਾ ਸਿੱਖ ਮਾਰਸ਼ਲ ਆਰਟ ਇਕ ਸਿੱਖ ਕੌਮ ਦਾ ਸ਼ਾਨਾਮੱਤਾ ਇਤਿਹਾਸ ਹੈ। ਇਹ ਸ਼ਸਤਰ ਵਿੱਦਿਆ ਗੁਰੂ ਕਾਲ ਤੋਂ ਚਲੀ ਆ ਰਹੀ ਹੈ। ਇਸ ਬਾਰੇ 'ਸਾਡੇ ਲੋਕ' ਅਖ਼ਬਾਰ ਨਾਲ ਗੱਲਬਾਤ ਕਰਦਿਆਂ ਨਿਊਜਰਸੀ ਅਮਰੀਕਾ ਤੋਂ ਗੱਤਕੇ ਦੇ ਅੰਤਰਰਾਸ਼ਟਰੀ ਉਸਤਾਦ ਸ੍ਰ. ਲਖਵੀਰ ਸਿੰਘ ਖਾਲਸਾ ਨੇ ਕਿਹਾ ਕਿ ਸਾਡਾ ਮੁੱਖ ਮਕਸਦ ਪੂਰੀ ਦੁਨੀਆ ਵਿਚ ਬੱਚਿਆਂ ਨੂੰ ਇਸ ਇਲਾਹੀ ਮਾਰਸ਼ਲ ਆਰਟ ਨਾਲ ਜੋੜਨਾ ਹੈ। ਗੱਤਕਾ ਦਾ ਮਤਲਬ ਸਿਰਫ਼ ਆਪਣੀ ਰੱਖਿਆ ਨਹੀਂ ਸਗੋਂ ਇਹ ਗੁਰੂ ਸਾਹਿਬ ਨੇ ਮਜ਼ਲੂਮਾਂ, ਗਰੀਬਾਂ ਦੀ ਰੱਖਿਆ ਲਈ ਸਿੱਖਾਂ ਨੂੰ ਦਾਤ ਬਖਸ਼ੀ ਹੈ। ਉਨ੍ਹਾਂ ਕਿਹਾ ਕਿ ਇਹ ਅਸੀਂ ਅੰਤਰਰਾਸ਼ਟਰੀ ਪੱਧਰ 'ਤੇ ਬੱਚਿਆਂ ਨੂੰ ਨਾਲ ਜੋੜ ਰਹੇ ਹਾਂ। ਇਸ ਅਧੀਨ ਸ੍ਰੀ ਗੁਰੂ ਸਿੰਘ ਸਭਾ ਗਰੈਨ ਰੌਕ ਨਿਊਜਰਸੀ ਵਿਖੇ 23 ਜੁਲਾਈ ਦਿਨ ਐਤਵਾਰ ਨੂੰ ਸੈਮੀਨਾਰ ਕੀਤਾ ਗਿਆ ਅਤੇ ਬੱਚਿਆਂ ਦਾ ਕੈਂਪ ਲਗਾਇਆ ਗਿਆ। ਇਸ ਮਹਾਨ ਇਲਾਹੀ ਸਿੱਖਿਆ ਨੂੰ ਸਮੂਹ ਸਾਧ ਸੰਗਤ ਅਤੇ ਬੱਚਿਆਂ ਨਾਲ ਸਾਂਝਾ ਕੀਤਾ ਗਿਆ।



























# ਡੀਂਗਾਂ ਮਾਰਨ ਨਾਲ ਦੇਸ਼ ਵਿਕਸਤ ਰਾਸ਼ਟਰ ਨਹੀਂ ਬਣ ਸਕਦਾ

**ਕੇਹਰ ਸਿੰਘ ਹਿੱਸੋਵਾਲ**



*ਸਾਡੇ ਨੇਤਾਵਾਂ ਦੀਆਂ ਮੌਜੂਦਾ ਲੋਕ ਲੁਭਾਊ ਗੱਲਾਂ ਜਾਂ ਦੇਸ਼ ਨੂੰ ਅਮਰੀਕਾ ਦੇ ਨਾਲ ਮੇਲਣਾ ਇਹ ਵੀ ਡੀਂਗਾਂ ਤੋਂ ਵੱਧ ਕੁਝ ਵੀ ਨਹੀਂ। ਜੇਕਰ ਹਾਲਾਤ ਮੌਜੂਦਾ ਵਾਲੇ ਹੀ ਰਹਿਣੇ ਹਨ ਤਾਂ ਦੇਸ਼ ਕਦੇ ਵੀ ਵਿਕਸਤ ਦੇਸ਼ਾਂ ਦੀ ਕਤਾਰ ਵਿਚ ਜਗ੍ਹਾ ਨਹੀਂ ਬਣਾ ਸਕੇਗਾ। ਦੇਸ਼ ਤਦ ਹੀ ਵਿਕਸਤ ਹੋਵੇਗਾ ਜਾਂ ਕਹਾਏਗਾ ਜੇਕਰ ਦੇਸ਼ ਦਾ ਸਰਬਪੱਖੀ ਤੇ ਸਮਾਨ ਵਿਕਾਸ ਹੋਵੇਗਾ ਅਤੇ ਲੋਕਾਂ ਨੂੰ ਵਧੀਆ ਸੁੱਖ-ਸਹੂਲਤਾਂ ਵਾਲੀ ਜ਼ਿੰਦਗੀ ਮਾਨਣ ਨੂੰ ਮਿਲ ਰਹੀ।*

ਕੁਝ ਸਮਾਂ ਪਹਿਲਾਂ ਦੇਸ਼ ਦੇ ਵਣਜ ਮੰਤਰੀ ਪਿਊਸ਼ ਗੋਇਲ ਦਾ ਬਿਆਨ ਆਇਆ ਕਿ ਆਉਣ ਵਾਲੇ ਪੰਜ ਸਾਲਾਂ ਵਿਚ ਦੇਸ਼-ਦੁਨੀਆ ਦੀ ਵੱਡੀ ਤਾਕਤ ਬਣ ਜਾਵੇਗਾ ਅਤੇ ਸੰਨ 2047 ਤੱਕ ਦੇਸ਼, ਅਮਰੀਕਾ ਦੇ ਬਰਾਬਰ ਦੀ ਤਾਕਤ ਬਣ ਜਾਵੇਗਾ। ਠੀਕ ਇਸੇ ਤਰ੍ਹਾਂ ਦੇ ਹੀ ਵਿਚਾਰ ਕੇਂਦਰੀ ਰੇਲਵੇ ਮੰਤਰੀ ਅਸ਼ਵਨੀ ਵੈਸ਼ਨਵ ਦੇ ਹਨ। ਉਨ੍ਹਾਂ ਨੇ ਵੀ ਕਿਹਾ ਹੈ ਕਿ ਸੰਨ 2047 ਤੱਕ ਤੁਸੀਂ ਇਕ ਵਿਕਸਤ ਦੇਸ਼ ਦੇ ਬਸ਼ਿੰਦੇ ਹੋਵੋਗੇ ਅਤੇ ਦੇਸ਼ ਸੰਸਾਰ ਦੀਆਂ ਉੱਪਰਲੀਆਂ ਅਤਿ ਵਿਕਸਤ ਸ਼ਕਤੀਆਂ ਵਿਚੋਂ ਇਕ ਹੋਵੇਗਾ।

ਬਿਨਾਂ ਸ਼ੱਕ ਦੇਸ਼ ਤਰੱਕੀ ਕਰ ਰਿਹਾ ਹੈ ਪਰ ਵਿਕਾਸ ਦੇ ਲਾਭ ਕੁਝ ਹੱਥਾਂ ਤੱਕ ਹੀ ਸੀਮਤ ਹਨ। ਇਕ ਗ਼ਰੀਬ ਦੀ ਰੋਜ਼ਾਨਾ ਦੀ ਕਮਾਈ 3.65 ਡਾਲਰ ਬਣਦੀ ਹੈ। ਮਹੀਨੇ ਦਾ ਮਸਾਂ ਦਸ ਕੁ ਹਜ਼ਾਰ ਰੁਪਿਆ ਬਣਦਾ ਹੈ, ਜੋ ਇਕ ਪਰਿਵਾਰ ਨੂੰ ਰੋਟੀ ਦੇਣ ਲਈ ਵੀ ਕਾਫ਼ੀ ਨਹੀਂ ਹੈ। ਵਿਸ਼ਵ ਬੈਂਕ ਮੁਤਾਬਿਕ ਭਾਰਤ ਹਾਲੇ ਹੇਠਲੀ ਆਮਦਨ ਵਾਲੇ ਦੇਸ਼ਾਂ ਵਿਚ ਹੀ ਸ਼ੁਮਾਰ ਹੈ। ਵਿਕਸਤ ਦੇਸ਼ਾਂ ਤੋਂ ਤਾਂ ਅਸੀਂ ਬਹੁਤ ਪਿੱਛੇ ਹਾਂ। ਪਹਿਲੀ ਗੱਲ ਤਾਂ ਅਸੀਂ ਢਾਈ ਦਹਾਕਿਆਂ ਵਿਚ ਏਨੇ ਅਮੀਰ ਨਹੀਂ ਹੋ ਸਕਦੇ ਕਿ ਦੇਸ਼ ਵਿਕਸਤ ਦੇਸ਼ ਬਣ ਜਾਵੇ। ਜੇਕਰ ਅਸੀਂ ਵਿਕਸਿਤ ਦੇਸ਼ਾਂ ਦੇ ਪੈਮਾਨੇ ਨੂੰ ਅੰਕੜਿਆਂ ਦੇ ਪੱਖ ਤੋਂ ਵੀ ਲੈਂਦੇ ਹਾਂ ਤਦ ਵੀ ਅਸੀਂ ਬਾਕੀਆਂ ਦੇ ਬਰਾਬਰ ਨਹੀਂ ਹੋ ਸਕਦੇ, ਕਿਉਂਕਿ ਉਸ ਸਮੇਂ ਤੱਕ ਵਿਕਸਤ ਦੇਸ਼ ਹੋਰ ਅੱਗੇ ਨਿਕਲ ਜਾਣਗੇ। ਸਫ਼ਰ ਏਨਾ ਸੌਖਾ ਨਹੀਂ ਹੈ। ਸਰਕਾਰਾਂ ਦਾ ਧਿਆਨ ਤਾਂ ਸੱਤਾ ਲੈਣ ਅਤੇ ਮਾਨਣ ਤੱਕ ਹੈ। ਬਾਕੀ ਸਭ ਕੁਝ ਬਾਅਦ ਦੀਆਂ ਗੱਲਾਂ ਹਨ। ਸਦੀਆਂ ਤੋਂ ਪਿਛੜੇ ਲੋਕਾਂ ਦੀ ਹਾਲਾਤ ਅੱਜ ਵੀ ਤਰਸਯੋਗ ਹੈ। ਉਨ੍ਹਾਂ ਨਾਲ ਅੱਜ ਵੀ ਵਿਤਕਰਾ ਹੋ ਰਿਹਾ ਹੈ। ਗ਼ਰੀਬੀ, ਬੇਰੁਜ਼ਗਾਰੀ, ਕਾਣੀ ਵੰਡ, ਅਸਮਾਨਤਾ, ਸਾਧਨਾਂ ਦੀ ਅਸਮਾਨ ਵੰਡ, ਤਕੜੇ ਧਨਾਢਾਂ ਦਾ ਬੋਲ ਬਾਲਾ, ਸਿਸਟਮ 'ਤੇ ਤਕੜੇ ਦਾ ਕਬਜ਼ਾ ਅੱਜ ਵੀ ਦੇਸ਼ ਦੀਆਂ ਮੁੱਖ ਸਮੱਸਿਆਵਾਂ ਹਨ, ਜੋ ਆਉਣ ਵਾਲੇ ਸਮੇਂ ਵਿਚ ਵੀ ਰਹਿਣਗੀਆਂ, ਕਿਉਂਕਿ ਸਾਡਾ ਉਸ ਪਾਸੇ ਧਿਆਨ ਹੀ ਨਹੀਂ ਹੈ। ਬਿਨਾਂ ਸ਼ੱਕ ਆਜ਼ਾਦੀ ਤੋਂ ਬਾਅਦ ਤਰੱਕੀ ਹੋਈ ਹੈ। ਪਰ ਤਰੱਕੀ ਉਨ੍ਹਾਂ ਦੀ ਹੀ ਹੋਈ ਹੈ, ਜਿਹੜੇ ਪਹਿਲਾਂ ਹੀ ਵੱਡੇ ਸਨ। ਵੱਡੀਆਂ-ਵੱਡੀਆਂ ਕੰਪਨੀਆਂ ਅਤੇ ਉਦਯੋਗਪਤੀ, ਪੂੰਜੀਪਤੀ ਅੱਗੇ ਵਧ ਰਹੇ ਹਨ। ਵੱਡੀਆਂ-ਵੱਡੀਆਂ ਇਮਾਰਤਾਂ ਸ਼ਹਿਰਾਂ ਦੇ ਆਲੇ-ਦੁਆਲੇ ਜ਼ਰੂਰ ਚਮਕ ਰਹੀਆਂ ਹਨ ਪਰ ਉਹ ਸਭ ਉਪਰਲੇ ਆਦਮੀਆਂ ਦੀਆਂ ਹੀ ਹਨ। ਇਸ ਨੂੰ ਸਮੁੱਚੇ ਦੇਸ਼ ਦੀ ਤਰੱਕੀ ਨਹੀਂ ਕਿਹਾ ਜਾ ਸਕਦਾ। ਸਿੱਖਿਆ ਅਤੇ ਸਿਹਤ ਅਹਿਮ ਖੇਤਰ ਹਨ, ਜਿੱਥੇ ਵੱਧ ਨਿਵੇਸ਼ ਹੋਣਾ ਚਾਹੀਦਾ ਹੈ, ਕਿਉਂਕਿ ਇਨ੍ਹਾਂ ਖੇਤਰਾਂ ਦੇ ਵਾਧੇ ਅਤੇ ਵਿਕਾਸ ਨਾਲ ਹੀ ਦੇਸ਼ ਮਜ਼ਬੂਤ ਹੋਵੇਗਾ ਪਰ ਸਰਕਾਰਾਂ ਦਾ ਉਸ ਪਾਸੇ ਧਿਆਨ ਹੀ ਨਹੀਂ ਹੈ। ਬਾਕੀ ਜਗ ?ਹਾ ਖੁੱਲ੍ਹਾ ਪੈਸਾ ਖ਼ਰਚਿਆ ਜਾਂਦਾ ਹੈ ਜਿੱਥੇ ਜ਼ਰੂਰਤ ਵੀ ਨਹੀਂ ਹੈ ਪਰ ਸਿੱਖਿਆ ਅਤੇ ਸਿਹਤ ਨੂੰ ਮਹੱਤਤਾ ਨਹੀਂ ਦਿੱਤੀ ਜਾਂਦੀ। ਭਾਵੇਂ ਇਸ ਖੇਤਰ ਤੋਂ ਸਿੱਧੀ ਆਮਦਨ ਦੀ ਕੋਈ ਆਸ ਨਹੀਂ ਹੁੰਦੀ ਪਰ ਸਿੱਖਿਆ ਅਤੇ ਸਿਹਤ ਖੇਤਰ ਦੀ ਮਜ਼ਬੂਤੀ ਤੋਂ ਬਿਨਾਂ ਅਸੀਂ ਬਾਕੀ ਜਗ ?ਹਾਂ ਵੀ ਕਾਮਯਾਬ ਨਹੀਂ ਹੋ ਸਕਾਂਗੇ। ਸਿੱਖਿਆ ਤੋਂ ਬਿਨਾਂ ਕਿਸ ਤਰ੍ਹਾਂ ਵਾਧਾ ਹੋਵੇਗਾ, ਸਿਹਤ ਤੋਂ ਬਿਨਾਂ ਕਿਸ ਤਰ੍ਹਾਂ ਇਕ ਨਿੱਗਰ ਅਤੇ ਨਿਰੋਏ ਸਮਾਜ ਦੀ ਕਲਪਨਾ ਕੀਤੀ ਜਾ ਸਕਦੀ ਹੈ। ਇਨ੍ਹਾਂ ਖੇਤਰਾਂ ਨੂੰ ਅਣਗੌਲਿਆਂ ਕਰਕੇ ਅਸੀਂ ਕਿਸ ਤਰ੍ਹਾਂ 2047 ਤੱਕ ਦੁਨੀਆ ਦੀ ਵਿਕਸਤ ਤਾਕਤ ਬਣ ਸਕਾਂਗੇ।

ਅੰਕੜਿਆਂ ਮੁਤਾਬਿਕ ਅੱਜ ਭਾਰਤ 3.3 ਖ਼ਰਬ ਡਾਲਰ ਵਾਲੀ ਵੱਡੀ ਆਰਥਿਕ ਸ਼ਕਤੀ ਹੈ। ਅਸੀਂ 2024 ਤੱਕ ਪੰਜ ਖ਼ਰਬ ਡਾਲਰ ਦਾ ਟੀਚਾ ਮਿਥਿਆ ਹੈ, ਜੋ ਕਿਸੇ ਵੀ ਕੀਮਤ 'ਤੇ ਪ੍ਰਾਪਤ ਨਹੀਂ ਹੋ ਸਕੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਕਹਿਣਾ ਹੈ ਕਿ ਬਹੁਤ ਸਾਰੀਆਂ ਘਰੇਲੂ ਅਤੇ ਬਾਹਰੀ ਔਕੜਾਂ ਦੇ ਬਾਵਜੂਦ ਵੀ ਸਾਡੀ ਵਿਕਾਸ ਦਰ 7.2 ਪ੍ਰਤੀਸ਼ਤ ਸਾਲਾਨਾ ਹੈ। ਦੇਸ਼ ਦੇ ਰਿਜ਼ਰਵ ਬੈਂਕ ਦੇ ਗਵਰਨਰ ਸ਼ਕਤੀਕਾਂਤ ਦਾ ਕਹਿਣਾ ਹੈ ਕਿ 2022-23 ਵਿਚ ਵਿਕਾਸ ਦਰ 7 ਪ੍ਰਤੀਸ਼ਤ ਸਾਲਾਨਾ ਰਹਿਣ ਦੀ ਸੰਭਾਵਨਾ ਹੈ। ਪਰ ਇਹ ਸਭ ਅੰਕੜੇ ਹਨ। ਕੀ ਉਸ ਨਿਸਬਤ ਦੇਸ਼ ਦੇ ਹਾਲਾਤ ਬਿਹਤਰ ਹੋਏ ਹਨ? ਕੀ ਦੇਸ਼ ਦੇ ਹੇਠਲੇ ਤਬਕੇ ਜਿਨ੍ਹਾਂ ਦੀ ਗਿਣਤੀ 40 ਕਰੋੜ ਹੈ, ਨੂੰ ਕੋਈ ਰਾਹਤ ਮਿਲੀ। ਕੀ ਅਸਮਾਨ ਛੂੰਹਦੀ ਮਹਿੰਗਾਈ ਨੂੰ ਕੋਈ ਠੱਲ੍ਹ ਪਈ। ਇਨ੍ਹਾਂ ਸਵਾਲਾਂ ਦਾ ਜਵਾਬ ਕਿਸੇ ਪਾਸ ਵੀ ਨਹੀਂ ਹੈ। ਲੋਕ ਪਹਿਲਾਂ ਦੇ ਮੁਕਾਬਲੇ ਤੰਗ ਹਨ। ਵਿੱਤੋਂ ਵੱਧ ਮਹਿੰਗਾਈ ਨੇ ਹਰ ਇਕ ਦਾ ਤਰਾਹ ਕੱਢ ਦਿੱਤਾ ਹੈ। ਆਮਦਨ ਨਾਲ ਘਰ ਚਲਾਉਣੇ ਮੁਸ਼ਕਿਲ ਹੋ ਚੁੱਕੇ ਹਨ। ਵੇਖਣ ਨੂੰ ਭਾਵੇਂ ਸਕੂਟਰਾਂ, ਕਾਰਾਂ ਜਾਂ ਹੋਰ ਵਾਹਨਾਂ ਦੀ ਭੀੜ ਵਧ ਚੁੱਕੀ ਹੈ ਪਰ ਉਹ ਅਮੀਰੀ ਦਾ ਚਿੰਨ੍ਹ ਨਹੀਂ ਹਨ। ਦੇਸ਼ ਦੇ ਕਰੋੜਾਂ ਲੋਕਾਂ ਪਾਸ ਅੱਜ ਵੀ ਸਿਰ ਲੁਕਾਉਣ ਲਈ ਝੌਂਪੜੀ ਵੀ ਨਹੀਂ ਹੈ। ਉਹ ਅੱਜ ਵੀ ਮੁੱਢਲੀਆਂ ਜ਼ਰੂਰਤਾਂ ਤੋਂ ਵੀ ਵਾਂਝੇ ਹਨ। ਦੇਸ਼ ਦੇ 40 ਕਰੋੜ ਲੋਕ ਅੱਜ ਵੀ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਦੇਸ਼ ਸਭ ਪਾਸੇ ਤੋਂ ਪਿਛੜਿਆ ਹੋਇਆ ਹੈ। ਭਾਵੇਂ ਕਹਿਣ ਨੂੰ ਦੇਸ਼ ਕਲਿਆਣਕਾਰੀ ਰਾਜ ਹੈ ਪਰ ਅਸਲੀਅਤ ਵਿਚ ਦੇਸ਼ ਦਾ ਵੱਡਾ ਤਬਕਾ ਕਲਿਆਣਕਾਰੀ ਸਕੀਮਾਂ ਤੋਂ ਵਾਂਝਾ ਰਹਿ ਜਾਂਦਾ ਹੈ। ਦੇਸ਼ ਦਾ ਅਰਥਚਾਰਾ ਕਹਿਣ ਨੂੰ ਜ਼ਰੂਰ ਆਧੁਨਿਕ ਲੀਹਾਂ 'ਤੇ ਤੁਰ ਰਿਹਾ ਹੈ ਪਰ ਅਸਲੀਅਤ ਵਿਚ ਅਜਿਹਾ ਨਹੀਂ ਹੈ। ਦੇਸ਼ ਵਿਚ ਵਿਕਾਸਮਈ ਖ਼ਰਚ ਦੀ ਬਜਾਏ ਵਿਨਾਸ਼ਮਈ ਫ਼ਜ਼ੂਲ ਖ਼ਰਚੀ ਬਹੁਤ ਹੋ ਰਹੀ ਹੈ, ਜਿਸ ਦਾ ਸਿਆਸੀ ਆਦਮੀਆਂ ਨੂੰ ਚੋਣਾਂ ਸਮੇਂ ਤਾਂ ਲਾਭ ਜ਼ਰੂਰ ਹੋ ਸਕਦਾ ਹੈ ਪਰ ਦੇਸ਼ ਜਾਂ ਸਮਾਜ ਲਈ ਉਹ ਖ਼ਰਚ ਲਾਹੇਵੰਦ ਨਹੀਂ ਹੁੰਦਾ। ਧਾਰਮਿਕ ਸਥਾਨਾਂ ਅਤੇ ਪ੍ਰੰਪਰਾਵਾਂ 'ਤੇ ਅਸੀਂ ਅਰਬਾਂ, ਖ਼ਰਬਾਂ ਰੁਪਏ ਖ਼ਰਚਦੇ ਹਾਂ ਜਿੱਥੇ ਖਰਚ ਕੀਤਾ ਪੈਸਾ ਕਿਸੇ ਤਰ੍ਹਾਂ ਵੀ ਨਿਵੇਸ਼ ਨਹੀਂ ਕਿਹਾ ਜਾ ਸਕਦਾ। ਕਹਿਣ ਦਾ ਭਾਵ ਕਿ ਕੁਝ ਕੁ ਪ੍ਰਤੀਸ਼ਤ ਨੂੰ ਛੱਡ ਕੇ ਬਾਕੀਆਂ ਦੀ ਹਾਲਤ ਚੰਗੀ ਨਹੀਂ ਹੈ। ਦੇਸ਼ ਦੀ ਆਰਥਿਕ ਹਾਲਤ ਬਹੁਤ ਨਿੱਘਰ ਚੁੱਕੀ ਹੈ। ਵਿਸ਼ਵ ਭੁੱਖਮਰੀ ਸਰਵੇਖਣ ਮੁਤਾਬਿਕ ਸੰਸਾਰ ਦੇ 121 ਦੇਸ਼ਾਂ ਵਿਚੋਂ ਭਾਰਤ ਦਾ 107ਵਾਂ ਨੰਬਰ ਹੈ। ਦੇਸ਼ ਦੇ 22 ਕਰੋੜ ਲੋਕ ਭੁੱਖਮਰੀ ਨਾਲ ਜੂਝ ਰਹੇ ਹਨ। ਦੇਸ਼ ਵਿਚ ਲਗਾਤਾਰ ਗ਼ਰੀਬਾਂ ਦੀ ਗਿਣਤੀ ਵਧ ਰਹੀ ਹੈ। ਲਗਭਗ ਦੇਸ਼ ਦੇ 26 ਕਰੋੜ ਲੋਕ ਗ਼ਰੀਬ ਹਨ, ਜਿਨ੍ਹਾਂ ਦੀ ਗਿਣਤੀ ਯੂਰਪ ਦੇ ਕਈ ਦੇਸ਼ਾਂ ਦੇ ਬਰਾਬਰ ਅਤੇ ਅਮਰੀਕਾ ਵਰਗੇ ਵਿਕਸਤ ਦੇਸ਼ਾਂ ਦੀ ਕੁੱਲ ਆਬਾਦੀ ਦੇ ਨੇੜੇ-ਤੇੜੇ ਹੈ। ਅਸੀਂ ਕਿਸ ਤਰ੍ਹਾਂ ਕਹਿ ਸਕਦੇ ਹਾਂ ਕਿ ਦੇਸ਼ ਵਿਕਾਸ ਕਰ ਰਿਹਾ ਹੈ? ਦੇਸ਼ ਦੇ 90 ਪ੍ਰਤੀਸ਼ਤ ਬਸ਼ਿੰਦਿਆਂ ਦੀ ਪ੍ਰਤੀ ਮਹੀਨਾ ਆਮਦਨ ਪੱਚੀ ਹਜ਼ਾਰ ਤੋਂ ਵੀ ਹੇਠਾਂ ਹੈ। ਇਹ ਤਾਂ ਕਿਹਾ ਜਾ ਰਿਹਾ ਹੈ ਕਿ ਦੇਸ਼ ਤੇਜ਼ੀ ਨਾਲ ਵਿਕਾਸ ਕਰ ਰਿਹਾ ਹੈ ਪਰ ਇਹ ਵੀ ਸੱਚ ਹੈ ਕਿ ਭਾਰਤ ਸੰਸਾਰ ਦੇ ਉਨ੍ਹਾਂ ਦੇਸ਼ਾਂ ਵਿਚੋਂ ਇਕ ਹੈ, ਜਿੱਥੇ ਅਸਮਾਨਤਾ ਬਹੁਤ ਵੱਡੇ ਪੱਧਰ 'ਤੇ ਪਾਈ ਜਾਂਦੀ ਹੈ ਅਤੇ ਪਿਛਲੇ ਤਿੰਨ ਦਹਾਕਿਆਂ ਤੋਂ ਇਹ ਅਸਮਾਨਤਾ ਤੇਜ਼ੀ ਨਾਲ ਵਧ ਰਹੀ ਹੈ। ਦੇਸ਼ ਦੇ ਕੁਝ ਕੁ ਅਮੀਰਾਂ ਪਾਸ ਧਨ-ਦੌਲਤ ਇਕੱਤਰ ਹੋ ਗਈ ਹੈ। ਸੰਨ 2017 ਦੇ ਇਕ ਸਰਵੇਖਣ ਮੁਤਾਬਿਕ ਦੇਸ਼ ਦੀ 73 ਪ੍ਰਤੀਸ਼ਤ ਪੂੰਜੀ ਕੇਵਲ ਇਕ ਪ੍ਰਤੀਸ਼ਤ ਅਮੀਰਾਂ ਪਾਸ ਹੀ ਹੈ। ਹੇਠਲੇ 50 ਪ੍ਰਤੀਸ਼ਤ ਤਬਕੇ ਪਾਸ ਕੇਵਲ 3 ਪ੍ਰਤੀਸ਼ਤ ਧਨ-ਦੌਲਤ ਹੈ। ਕਿਸੇ ਵੀ ਕੌਮ ਦੀ ਖ਼ੁਸ਼ਹਾਲੀ ਵਾਸਤੇ ਆਰਥਿਕ ਸਮਾਨਤਾ ਹੋਣੀ ਜ਼ਰੂਰੀ ਹੈ। ਜਦ ਹਰ ਇਕ ਖ਼ੁਸ਼ਹਾਲ ਅਤੇ ਸਮਰੱਥ ਹੋਵੇਗਾ ਤਾਂ ਹੀ ਅਸੀਂ ਕਹਾਂਗੇ ਸਮੁੱਚਾ ਦੇਸ਼ ਖ਼ੁਸ਼ਹਾਲ ਹੈ। ਸਾਡੇ ਦੇਸ਼ ਵਿਚ ਤਾਂ ਆਰਥਿਕ ਸਾਧਨਾਂ ਅਤੇ ਮੌਕਿਆਂ ਦੀ ਅਸਮਾਨਤਾ ਬਹੁਤ ਵੱਡੇ ਪੱਧਰ 'ਤੇ ਹੈ। ਦੇਸ਼ ਦੇ ਪੰਜ ਪ੍ਰਤੀਸ਼ਤ ਲੋਕਾਂ ਪਾਸ ਦੇਸ਼ ਦਾ 60 ਪ੍ਰਤੀਸ਼ਤ ਸਰਮਾਇਆ ਹੈ। ਕਿਸ ਤਰ੍ਹਾਂ ਕਿਹਾ ਜਾਵੇਗਾ ਕਿ ਸਮੁੱਚਾ ਦੇਸ਼ ਵਿਕਾਸ ਕਰ ਰਿਹਾ ਹੈ? ਇਕ ਅੰਦਾਜ਼ੇ ਮੁਤਾਬਿਕ ਭਾਰਤ ਵਿਚ ਘੱਟ ਆਮਦਨ ਵਾਲੇ ਜਾਂ ਗ਼ਰੀਬਾਂ ਲਈ ਇਕ ਸਥਾਪਿਤ ਕੱਪੜਾ ਉਦਯੋਗ ਵਿਚ ਲੱਗੇ ਕਾਰਜ ਸਾਧਕ ਜਾਂ ਪ੍ਰਬੰਧਕ ਦੇ ਸਾਲਾਨਾ ਵੇਤਨ ਦੇ ਬਰਾਬਰ ਪੈਸੇ ਕਮਾਉਣ ਲਈ 941 ਸਾਲ ਲੱਗ ਜਾਣਗੇ। ਕਹਿਣ ਦਾ ਭਾਵ ਸਾਡੇ ਸਾਧਨਾਂ ਅਤੇ ਆਮਦਨ ਦੀ ਅਸਮਾਨਤਾ ਦਾ ਪਾੜਾ ਬਹੁਤ ਵੱਡਾ ਹੈ, ਜਿਸ ਦਾ ਅਸਰ ਬਾਕੀ ਪੱਖਾਂ 'ਤੇ ਵੀ ਪੈਂਦਾ ਹੈ। ਜਿਵੇਂ ਘੱਟ ਆਮਦਨ ਦਾ ਅਸਰ ਸਮਾਜਿਕ ਸੁਰੱਖਿਆ 'ਤੇ ਵੀ ਪੈਂਦਾ ਹੈ। ਸਮਾਜਿਕ ਸੁਰੱਖਿਆ ਤੋਂ ਭਾਵ ਲੋਕਾਂ ਨੂੰ ਇਹ ਵਿਸ਼ਵਾਸ ਹੋਣਾ ਕਿ ਅਨਹੋਣੀ ਜਾਂ ਦੁਰਘਟਨਾ ਸਮੇਂ ਉਨ੍ਹਾਂ ਨੂੰ ਡੋਲਣਾ ਨਹੀਂ ਪਵੇਗਾ। ਸਾਡੇ ਦੇਸ਼ ਵਿਚ ਤਾਂ ਸਮਾਜਿਕ ਸੁਰੱਖਿਆ ਦੀ ਬਿਲਕੁਲ ਵੀ ਗਰੰਟੀ ਨਹੀਂ ਹੈ। ਕੁਝ ਸਮਾਂ ਪਹਿਲਾਂ ਕੋਰੋਨਾ ਬਿਮਾਰੀ ਸਮੇਂ ਦੇਸ਼ ਵਿਆਪੀ ਬੰਦ ਨੇ ਲੋਕਾਂ ਨੂੰ ਹਾਲੋਂ ਬੇਹਾਲ ਕਰ ਦਿੱਤਾ ਸੀ, ਜਿਸ ਸਮੇਂ ਉਨ੍ਹਾਂ ਨੂੰ ਵੱਡੇ ਸਹਾਰੇ ਦੀ ਜ਼ਰੂਰਤ ਸੀ ਪਰ ਸਰਕਾਰਾਂ ਨੇ ਉਨ੍ਹਾਂ ਨੂੰ ਕੋਈ ਵੱਡਾ ਸਹਾਰਾ ਨਹੀਂ ਦਿੱਤਾ। ਬੜੇ ਔਖੇ ਦਿਨ ਲੋਕਾਂ ਨੇ ਕੱਟੇ ਸ਼ਾਇਦ ਉਹ ਮੰਦਹਾਲੀ ਦੇ ਦਿਨ ਉਨ੍ਹਾਂ ਨੂੰ ਕਦੇ ਵੀ ਨਹੀਂ ਭੁੱਲਣਗੇ। ਕਹਿਣ ਦਾ ਭਾਵ ਕਿ ਅਸੀਂ ਕਿਸੇ ਪੱਖ ਤੋਂ ਵੀ ਪੂਰੇ ਨਹੀਂ ਹਾਂ।

ਸਾਡੇ ਨੇਤਾਵਾਂ ਦੀਆਂ ਮੌਜੂਦਾ ਲੋਕ ਲੁਭਾਊ ਗੱਲਾਂ ਜਾਂ ਦੇਸ਼ ਨੂੰ ਅਮਰੀਕਾ ਦੇ ਨਾਲ ਮੇਲਣਾ ਇਹ ਵੀ ਡੀਂਗਾਂ ਤੋਂ ਵੱਧ ਕੁਝ ਵੀ ਨਹੀਂ। ਜੇਕਰ ਹਾਲਾਤ ਮੌਜੂਦਾ ਵਾਲੇ ਹੀ ਰਹਿਣੇ ਹਨ ਤਾਂ ਦੇਸ਼ ਕਦੇ ਵੀ ਵਿਕਸਤ ਦੇਸ਼ਾਂ ਦੀ ਕਤਾਰ ਵਿਚ ਜਗ੍ਹਾ ਨਹੀਂ ਬਣਾ ਸਕੇਗਾ। ਦੇਸ਼ ਤਦ ਹੀ ਵਿਕਸਤ ਹੋਵੇਗਾ ਜਾਂ ਕਹਾਏਗਾ ਜੇਕਰ ਦੇਸ਼ ਦਾ ਸਰਬਪੱਖੀ ਤੇ ਸਮਾਨ ਵਿਕਾਸ ਹੋਵੇਗਾ ਅਤੇ ਲੋਕਾਂ ਨੂੰ ਵਧੀਆ ਸੁੱਖ-ਸਹੂਲਤਾਂ ਵਾਲੀ ਜ਼ਿੰਦਗੀ ਮਾਨਣ ਨੂੰ ਮਿਲ ਰਹੀ। ਉਨ੍ਹਾਂ ਨੂੰ ਸਮਾਜਿਕ ਸੁਰੱਖਿਆ ਦੀ ਆਸ ਹੋਵੇ। ਉਨ੍ਹਾਂ ਦੇ ਚਿਹਰੇ 'ਤੇ ਖ਼ੁਸ਼ਹਾਲੀ ਅਤੇ ਸਕੂਨ ਅਸਲ ਵਿਚ ਵੇਖਣ ਨੂੰ ਮਿਲੇ। ਕੇਵਲ ਵੱਡੇ ਸਬਜ਼ਬਾਗ਼ ਵਿਖਾਉਣੇ ਜਾਂ ਵਧੀਆ ਭਵਿੱਖ ਦੀ ਆਸ ਵਿਖਾਉਣੀ ਸਗੂਫ਼ੇਬਾਜ਼ੀ ਅਤੇ ਲੁਭਾਉਣੀਆਂ ਗੱਲਾਂ ਤੋਂ ਸਿਵਾਏ ਕੁਝ ਵੀ ਨਹੀਂ। ਇਸ ਤਰ੍ਹਾਂ ਦੇਸ਼ ਵਿਕਸਿਤ ਰਾਸ਼ਟਰ ਨਹੀਂ ਬਣ ਸਕਦਾ।

# ਪਾਕਿਸਤਾਨ 'ਚ ਨਾਪਾਕ ਕਾਰੇ ਬਾਦਸਤੂਰ ਜਾਰੀ

ਪਾਕਿਸਤਾਨ ਦੇ ਸਿੰਧ ਸੂਬੇ 'ਚ ਇਕ ਹਿੰਦੂ ਵਪਾਰੀ ਦੀਆਂ ਤਿੰਨ ਧੀਆਂ ਨੂੰ ਅਗਵਾ ਕਰਨ ਤੇ ਫਿਰ ਉਨ੍ਹਾਂ ਦਾ ਜਬਰੀ ਧਰਮ-ਪਰਿਵਰਤਨ ਕਰਵਾ ਕੇ ਉਨ੍ਹਾਂ ਨੂੰ ਧੱਕੇ ਨਾਲ ਮੁਸਲਿਮ ਮੁੰਡਿਆਂ ਨਾਲ ਨਿਕਾਹ ਕਰਨ ਦੀ ਘਟਨਾ ਸਮੁੱਚੀ ਮਾਨਵਤਾ ਨੂੰ ਹਲੂਣ ਕੇ ਰੱਖ ਦੇਣ ਵਾਲੀ ਹੈ। ਇਕ ਅਖੌਤੀ ਧਾਰਮਿਕ ਰਹਿਨੁਮਾ ਕਿਵੇਂ ਇਨ੍ਹਾਂ ਕੁੜੀਆਂ ਦਾ ਧਰਮ ਪਰਿਵਰਤਨ ਕਰਵਾ ਸਕਦਾ ਹੈ? ਯਕੀਨੀ ਤੌਰ 'ਤੇ ਇਹ ਮਰੀ ਹੋਈ ਜ਼ਮੀਰ ਦੀ ਨਿਸ਼ਾਨੀ ਹੈ। ਪਾਕਿਸਤਾਨ ਦੀਆਂ ਕਈ ਧਰਮ-ਨਿਰਪੱਖ ਜੱਥੇਬੰਦੀਆਂ ਨੇ ਭਾਵੇਂ ਇਨ੍ਹਾਂ ਪੀੜਤ ਲੜਕੀਆਂ ਦੇ ਹੱਕ 'ਚ ਹਾਅ ਦਾ ਨਾਅਰਾ ਮਾਰਿਆ ਹੈ ਪਰ ਅਜਿਹੀਆਂ ਆਵਾਜ਼ਾਂ ਦੀ ਉਸ ਦੇਸ਼ 'ਚ ਕਿਤੇ ਕੋਈ ਸੁਣਵਾਈ ਨਹੀਂ ਹੈ। ਲੋਕਤੰਤਰ ਉੱਥੇ ਜਿਵੇਂ ਖੰਭ ਲਾ ਕੇ ਉੱਡ ਗਿਆ ਹੈ। ਹਾਲੇ ਤਕ ਅਸਲ ਦੋਸ਼ੀਆਂ ਨੂੰ ਫੜਿਆ ਨਹੀਂ ਗਿਆ ਹੈ, ਜਦਕਿ ਉਨ੍ਹਾਂ ਬਾਰੇ ਇਲਾਕੇ 'ਚ ਸਭ ਚੰਗੀ ਤਰ੍ਹਾਂ ਜਾਣੂ ਹਨ। ਪੁਲਿਸ ਅਤੇ ਉੱਚ ਅਧਿਕਾਰੀ ਕੋਈ ਕਾਰਵਾਈ ਹੀ ਨਹੀਂ ਕਰ ਰਹੇ। ਇਸ ਮਾਮਲੇ ਦਾ ਦੁਖਦਾਈ ਪੱਖ ਇਹੋ ਹੈ ਕਿ ਜਿਹੜੇ ਮੁੰਡਿਆਂ ਨੇ ਇਨ੍ਹਾਂ ਕੁੜੀਆਂ ਨੂੰ ਅਗਵਾ ਕੀਤਾ ਸੀ, ਉਨ੍ਹਾਂ ਨੇ ਹੀ ਉਨ੍ਹਾਂ ਨਾਲ ਵਿਆਹ ਰਚਾਏ ਹਨ। ਅਜਿਹੇ ਦੇਸ਼ 'ਚ ਹੁਣ ਅਲਪ-ਸੰਖਿਅਕ ਹਿੰਦੂ-ਸਿੱਖ, ਈਸਾਈ ਜਾਂ ਕਾਦੀਆਨੀ ਕਿਵੇਂ ਰਹਿ ਸਕਣਗੇ? ਕੋਈ ਦਿਨ ਅਜਿਹਾ ਨਹੀਂ ਹੁੰਦਾ ਜਦੋਂ ਪਾਕਿਸਤਾਨ 'ਚ ਘੱਟ-ਗਿਣਤੀਆਂ ਨਾਲ ਅਜਿਹੀਆਂ ਨੀਵੇਂ ਪੱਧਰ ਦੀਆਂ ਘਟਨਾਵਾਂ ਨਾ ਵਾਪਰਦੀਆਂ ਹੋਣ। ਆਪਣੇ-ਆਪ ਨੂੰ ਇਕ ਧਾਰਮਿਕ ਮੁਲਕ ਅਖਵਾਉਣ ਵਾਲੇ ਪਾਕਿਸਤਾਨ ਦੀ ਸਰਕਾਰ ਅਜਿਹੇ ਜੁਰਮ ਕਰਨ ਵਾਲੇ ਅਪਰਾਧੀਆਂ ਨਾਲ ਕਦੇ ਸਖ਼ਤੀ ਵਰਤਦੀ ਨਹੀਂ ਸੁਣੀ। ਦਰਅਸਲ, ਅਜਿਹੀਆਂ ਘਟਨਾਵਾਂ ਪਿੱਛੇ ਕੱਟੜਪੰਥੀਆਂ ਦਾ ਅਸਲ ਮਕਸਦ ਹਿੰਦੂਆਂ, ਸਿੱਖਾਂ, ਈਸਾਈਆਂ ਤੇ ਹੋਰ ਘੱਟ-ਗਿਣਤੀਆਂ 'ਚ ਦਹਿਸ਼ਤ ਫੈਲਾਉਣਾ ਹੀ ਹੈ। ਅਜਿਹੇ ਅਨਸਰਾਂ ਦੀ ਸਦਾ ਇਹੋ ਮਨਸ਼ਾ ਰਹਿੰਦੀ ਹੈ ਕਿ ਇੰਜ ਘੱਟ-ਗਿਣਤੀਆਂ ਜਾਂ ਤਾਂ ਡਰ ਕੇ ਆਪੇ ਦੇਸ਼ ਛੱਡ ਜਾਣਗੀਆਂ ਅਤੇ ਜਾਂ ਉਨ੍ਹਾਂ ਦੇ ਬਹੁ-ਗਿਣਤੀ ਵਾਲੇ ਧਰਮ ਨੂੰ ਅਪਨਾ ਲੈਣਗੀਆਂ। ਪਿਛਲੇ ਕੁਝ ਸਮੇਂ ਤੋਂ ਤਾਲਿਬਾਨੀ ਸੋਚ ਵਾਲੇ ਸਮਾਜ-ਵਿਰੋਧੀ ਤੱਤਾਂ ਨੇ ਸਮੁੱਚੇ ਦੱਖਣੀ ਏਸ਼ੀਆ ਦੇ ਫਿਰਕੂ ਏਕਤਾ ਤੇ ਆਪਸੀ ਸਦਭਾਵਨਾ ਦੇ ਮਾਹੌਲ ਨੂੰ ਬਰਬਾਦ ਕਰ ਕੇ ਰੱਖ ਦਿੱਤਾ ਹੈ। ਦਰਅਸਲ, ਸੀਮਾ ਹੈਦਰ ਨਾਂ ਦੀ ਇਕ ਔਰਤ ਆਪਣੇ ਬੱਚਿਆਂ ਸਮੇਤ ਭਾਰਤ ਆ ਕੇ ਵਸ ਗਈ ਹੈ ਤੇ ਉਸ ਨੇ ਆਪਣੀ ਮਰਜ਼ੀ ਨਾਲ ਆਪਣਾ ਧਰਮ-ਪਰਿਵਰਤਨ ਕਰਵਾ ਕੇ ਇਕ ਹਿੰਦੂ ਲੜਕੇ ਨਾਲ ਰਹਿਣਾ ਪ੍ਰਵਾਨ ਕੀਤਾ ਹੈ। ਇਸੇ ਲਈ ਹੁਣ ਪਾਕਿਸਤਾਨ ਦੇ ਕੱਟੜਪੰਥੀ ਇਹ ਆਖ ਰਹੇ ਹਨ ਕਿ ਉਹ ਇਸ ਦਾ ਬਦਲਾ ਹਿੰਦੂ ਪਰਿਵਾਰਾਂ ਤੋਂ ਲੈਣਗੇ। ਹੋ ਸਕਦਾ ਹੈ ਕਿ ਇਨ੍ਹਾਂ ਤਿੰਨ ਕੁੜੀਆਂ ਨੂੰ ਸੀਮਾ ਹੈਦਰ ਕਾਂਡ ਕਾਰਨ ਹੀ ਅਗਵਾ ਕਰ ਕੇ ਉਨ੍ਹਾਂ ਦਾ ਧਰਮ-ਪਰਿਵਰਤਨ ਕੀਤਾ ਗਿਆ ਹੋਵੇ। ਇੱਧਰ ਭਾਰਤ 'ਚ ਹਾਲੇ ਸੀਮਾ ਦੀ ਆਪਣੀ ਭੂਮਿਕਾ ਵੀ ਸ਼ੱਕੀ ਬਣੀ ਹੋਈ ਹੈ। ਬੀਤੇ ਹਫ਼ਤੇ ਡਕੈਤਾਂ ਨੇ ਸੂਬਾ ਸਿੰਧ ਦੇ ਕਾਸ਼ਮੋਰ ਇਲਾਕੇ 'ਚ ਸਥਿਤ ਇਕ ਮੰਦਰ ਅਤੇ ਉਸ ਲਾਗਲੇ ਹਿੰਦੂਆਂ ਦੇ ਘਰਾਂ ਉੱਤੇ ਰਾਕਟ ਲਾਂਚਰਾਂ ਨਾਲ ਹਮਲੇ ਕਰ ਦਿੱਤੇ ਸਨ। ਉਸ ਹਮਲੇ ਤੋਂ ਬਾਅਦ ਸੂਬੇ ਦੇ ਜ਼ਿਆਦਾਤਰ ਮੰਦਰਾਂ ਦੀ ਸੁਰੱਖਿਆ 'ਚ ਵਾਧਾ ਕਰ ਦਿੱਤਾ ਗਿਆ ਸੀ। ਪਾਕਿਸਤਾਨ ਦੇ ਸਿੰਧ ਸੂਬੇ 'ਚ ਹੀ ਹਿੰਦੂਆਂ ਦੀ ਸਭ ਤੋਂ ਵੱਧ ਆਬਾਦੀ ਹੈ ਪਰ ਉਨ੍ਹਾਂ ਨਾਲ ਹੋ ਰਹੇ ਅਜਿਹੇ ਦੁਰਵਿਹਾਰ ਮਗਰੋਂ ਉੱਥੇ ਉਹ ਕਿੰਨਾ ਕੁ ਚਿਰ ਰਹਿ ਸਕਣਗੇ, ਇਸ ਬਾਰੇ ਕੁਝ ਵੀ ਪੱਕੇ ਤੌਰ 'ਤੇ ਨਹੀਂ ਕਿਹਾ ਜਾ ਸਕਦਾ। ਅਜਿਹੀਆਂ ਵਾਰਦਾਤਾਂ ਨੂੰ ਰੋਕਣ ਲਈ ਸੰਯੁਕਤ ਰਾਸ਼ਟਰ, ਸਾਰਕ ਤੇ ਅਜਿਹੇ ਹੋਰ ਕੌਮਾਂਤਰੀ ਸੰਗਠਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ।



# ਅੱਜ ਖਾਲਿਸਤਾਨ ਕਮਾਂਡੋ ਫੋਰਸ ਦੇ ਚੀਫ ਜਰਨਲ ਕੌਮੀ ਜਰਨੈਲ ਅਮਰ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਜੀ ਦੇ ਘਰ ਵਿਖੇ ਪਹੁੰਚ ਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫਤਿਹ) ਦੇ ਪ੍ਰਧਾਨ ਸਰਦਾਰ ਜਸਕਰਨ ਸਿੰਘ ਕਾਹਨਸਿੰਘਵਾਲਾ ਨੇ ਜੱਥੇਬੰਦੀ ਸਮੇਤ ਪਰਿਵਾਰ ਨਾਲ ਭਾਈ ਸਾਹਿਬ ਦੇ ਅਕਾਲ ਚਲਾਣੇ ਦਾ ਕੀਤਾ ਦੁੱਖ ਸਾਂਝਾ













ਪੰਥ ਦੇ ਮਹਾਨ ਜਰਨੈਲ ਸ਼ਹੀਦ ਭਾਈ ਪਰਮਜੀਤ ਸਿੰਘ ਜੀ ਪੰਜਵੜ ਜਿਨ੍ਹਾਂ ਦੇ ਪਰਿਵਾਰ ਦੇ ਕਈ ਮੈਂਬਰਾਂ ਨੇ ਕੌਮ ਦੀ ਅਣਖ, ਗੈਰਤ ਅਤੇ ਅਜ਼ਾਦੀ ਲਈ ਕੁਰਬਾਨੀਆਂ ਦਿੱਤੀਆਂ ਉਨ੍ਹਾਂ ਦੇ ਗ੍ਰਹਿ ਪਹੁੰਚਣ 'ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫਤਿਹ) ਦੇ ਪ੍ਰਧਾਨ ਸਰਦਾਰ ਜਸਕਰਨ ਸਿੰਘ ਕਾਹਨਸਿੰਘਵਾਲਾ ਦਾ ਤਹਿ ਦਿਲੋਂ ਤੋਂ ਧੰਨਵਾਦ ਕਰਦੇ ਹਾਂ।

**ਅਮਰੀਕਾ ਤੋਂ ਪੰਥਕ ਆਵਾਜ਼**

**ਸ:ਹਰਮਿੰਦਰ ਸਿੰਘ ਸਮਾਣਾ**

**(209) 481-7750**

# ਸਰਕਾਰ-ਏ-ਖਾਲਸਾ

## ਦੀ ਪ੍ਰਾਪਤੀ ਲਈ ਠਾਠਾਂ ਮਾਰਦੇ ਵਿਸ਼ਾਲ ਇਕੱਠ ਨੇ ਜੈਕਾਰਿਆਂ ਦੀ ਗੂੰਜ 'ਚ ਸਰਦਾਰ ਜਸਕਰਨ ਸਿੰਘ ਕਾਹਨਸਿੰਘਵਾਲਾ ਨੂੰ ਚੁਣਿਆ ਕੌਮੀ ਲੀਡਰ

## ਅਸੀਂ ਅਮਰੀਕਾ ਦੀ ਸੰਗਤ ਸਰਦਾਰ ਜਸਕਰਨ ਸਿੰਘ ਕਾਹਨਸਿੰਘਵਾਲਾ ਨਾਲ ਚੱਟਾਨ ਵਾਂਗ ਖੜ੍ਹੇ ਹਾਂ






## ਖੇਡ ਅਤੇ ਸਿੱਖ ਜਗਤ ਦੀ ਅੰਤਰਰਾਸ਼ਟਰੀ ਸ਼ਖਸੀਅਤ

# ਸ੍ਰ. ਜੌਹਨ ਸਿੰਘ ਗਿੱਲ



ਕਾਰਗਿਲ ਵਿਜੈ ਦਿਵਸ 'ਤੇ ਵਿਸ਼ੇਸ਼

# ਕਾਰਗਿੱਲ ਦੀ ਜੰਗ ਵਿਚ ਬੇਮਿਸਾਲ ਦਲੇਰੀ ਨਾਲ ਲੜੇ ਪੰਜਾਬ ਦੇ ਯੋਧੇ

ਕਰਨਲ ਦਲਵਿੰਦਰ ਸਿੰਘ ਗਰੇਵਾਲ

ਜੁਲਾਈ 2018 ਵਿਚ ਗੁਰੂ ਨਾਨਕ ਦੇਵ ਜੀ ਦੇ ਚਰਨ ਚਿੰਨ੍ਹਾਂ ਦੀ ਖੋਜ ਦੇ ਸੰਬੰਧ ਵਿਚ ਲੇਹ ਤੋਂ 'ਕਾਰਗਿਲ ਵਿਜੈ ਦਿਵਸ' ਮੌਕੇ ਕਾਰਗਿਲ ਪਹੁੰਚਿਆ। ਕਾਰਗਿਲ ਵਿਚ ਗੁਰਦੁਆਰਾ ਚਰਨ ਕਮਲ ਸਾਹਿਬ ਵਿਖੇ ਜਿੱਥੇ ਗੁਰੂ ਨਾਨਕ ਦੇਵ ਜੀ ਨੇ ਚਰਨ ਪਾਏ ਸਨ, ਆਪਣੀ ਸ਼ਰਧਾ ਦੇ ਫੁੱਲ ਭੇਟ ਕਰ ਕੇ ਦਰਾਸ ਪਹੁੰਚਿਆ ਜਿੱਥੇ 'ਕਾਰਗਿਲ ਵਾਰ ਮੈਮੋਰੀਅਲ' ਬਣਿਆ ਹੋਇਆ ਹੈ ਤੇ ਉਥੇ 'ਕਾਰਗਿਲ ਵਿਜੈ ਦਿਵਸ' ਮਨਾਇਆ ਜਾ ਰਿਹਾ ਸੀ । ਕਾਰਗਿਲ ਦਾ ਇਹ ਖੇਤਰ ਕਸ਼ਮੀਰ ਦੇ ਉੱਤਰੀ ਭਾਗ ਵਿਚ ਸ੍ਰੀਨਗਰ ਤੋਂ ਲੇਹ ਜਾਂਦੇ ਮੁੱਖ ਮਾਰਗ ਨਾਲ ਲਗਦਾ ਹੈ ਤੇ ਸਾਰਾ ਹੀ ਪਹਾੜੀ ਖੇਤਰ ਹੈ। ਜੁਲਾਈ ਦੇ ਇਸ ਦਿਨ ਭਾਰਤ ਨੇ ਪਾਕਿਸਤਾਨੀਆਂ ਵਲੋਂ ਅੱਤਵਾਦੀਆਂ ਦੇ ਭੇਸ ਵਿਚ ਭੇਜੇ ਪਾਕਿ ਫ਼ੌਜੀਆਂ ਨੂੰ ਬੁਰੀ ਤਰ੍ਹਾਂ ਹਰਾਇਆ ਸੀ। ਪਾਕਿਸਤਾਨੀਆਂ ਦਾ ਮੁੱਖ ਇਰਾਦਾ ਮੁਸ਼ਕੋਹ, ਦਰਾਸ, ਕਾਕਸਾਰ, ਕਾਰਗਿਲ, ਬਟਾਲਿਕ ਵਿਚੋਂ ਦੀ ਜਾਂਦੇ ਅਤੇ ਲੇਹ ਨੂੰ ਮਿਲਾਉਂਦੇ ਇਸ ਸ਼ਾਹ ਮਾਰਗ ਨਾਲ ਲਗਦੀਆਂ ਮੁੱਖ ਪਹਾੜੀਆਂ ਟਾਈਗਰ ਹਿੱਲ, ਤੋਲੋਲਿੰਗ ਆਦਿ ਨੂੰ ਕਬਜ਼ੇ ਵਿਚ ਲੈਣਾ ਤੇ ਫਿਰ ਇਸ ਮਾਰਗ ਉੱਪਰ ਨਜ਼ਰ ਰੱਖਣਾ, ਆਉਂਦੇ ਜਾਂਦੇ ਕਾਫ਼ਲਿਆਂ 'ਤੇ ਗੋਲਾਬਾਰੀ ਕਰਨਾ ਤੇ ਇਸ ਮਾਰਗ ਨੂੰ ਨਕਾਰਾ ਕਰ ਕੇ ਕਸ਼ਮੀਰ ਵਾਦੀ ਨਾਲੋਂ ਲੇਹ ਨੂੰ ਤੋੜਨਾ ਸੀ। ਪਾਕਿਸਤਾਨ ਨੇ ਆਪਣੇ ਸੈਨਿਕਾਂ ਤੋਂ ਅੱਤਵਾਦੀਆਂ ਦੇ ਭੇਸ ਵਿਚ ਮਈ 1999 ਵਿਚ ਘੁਸਪੈਠ ਕਰਵਾਈ ਤੇ ਫਿਰ ਇਨ੍ਹਾਂ ਪਹਾੜੀਆਂ 'ਤੇ ਬੰਕਰ ਬਣਾ ਲਏ। ਇਹ ਹਰਕਤ ਜਦ ਭਾਰਤੀ ਸੈਨਾ ਦੀ ਨਜ਼ਰ ਪਈ ਤਦ ਤੱਕ ਪਾਕਿਸਤਾਨੀਆਂ ਨੇ ਇਨ੍ਹਾਂ ਪਹਾੜੀਆਂ 'ਤੇ ਪੈਰ ਪੱਕੇ ਕਰ ਲਏ ਸਨ। ਭਾਰਤੀ ਸੈਨਾ ਨੇ ਆਪਣੀ ਯੋਜਨਾ ਅਨੁਸਾਰ ਇਨ੍ਹਾਂ ਪਹਾੜੀਆਂ 'ਤੇ ਪਾਕਿਸਤਾਨੀ ਸੈਨਿਕਾਂ ਨੂੰ ਬੁਰੀ ਮਾਰ ਮਾਰੀ। ਜ਼ਿਆਦਾਤਰ ਪਾਕਿਸਤਾਨੀ ਮਾਰੇ ਗਏ ਪਰ ਜੋ ਬਚੇ, ਉਹ ਘੇਰ ਲਏ ਗਏ ਪਰ ਅਮਰੀਕਾ ਦੀ ਵਿਚੋਲਗੀ 'ਤੇ ਉਨ੍ਹਾਂ ਨੂੰ ਜਾਣ ਲਈ ਰਸਤਾ ਦੇ ਦਿੱਤਾ ਗਿਆ ਸੀ। ਪਾਕਿਸਤਾਨ ਦੀ ਇਹ ਨਾਪਾਕ ਹਰਕਤ ਇਸ ਤਰ੍ਹਾਂ ਨਾਕਾਮਯਾਬ ਕਰ ਦਿੱਤੀ ਗਈ ਤੇ ਯੁੱਧ ਦੇ ਮੈਦਾਨ ਵਿਚ ਭਾਰਤ ਦੀ ਜਿੱਤ ਹੋਈ।

ਇਸ ਯੁੱਧ ਵਿਚ ਉੱਤਰੀ ਕਮਾਂਡ ਦੀ 15 ਕੋਰ ਦੀਆਂ 121 ਇੰਡੀਪੈਂਡੈਂਟ ਬ੍ਰਿਗੇਡ, 8 ਮਾਊਂਟੇਨ ਡਵੀਜ਼ਨ ਦੀਆਂ 56 ਤੇ 79 ਮਾਊਂਟੇਨ ਬ੍ਰਿਗੇਡ ਤੇ 50 ਇੰਡੀਪੈਂਡੈਂਟ ਪੈਰਾ ਬ੍ਰਿਗੇਡ ਅਤੇ 3 ਇਨਫੈਂਟਰੀ ਡਵੀਜ਼ਨ ਦੀਆਂ 70 ਇਨਫੈਂਟਰੀ ਬ੍ਰਿਗੇਡ ਅਤੇ 102 ਇੰਡੀਪੈਂਡੈਟ ਇਨਫੈਂਟਰੀ ਬ੍ਰਿਗੇਡ ਸ਼ਾਮਿਲ ਸਨ। ਤੋਪਖ਼ਾਨੇ ਦੀਆਂ ਵੀ ਦੋ ਬ੍ਰਿਗੇਡਾਂ ਸਨ।

ਪੰਜਾਬ ਦੀਆਂ ਦੋ ਸਿੱਖ ਰੈਜਮੈਂਟਾਂ ਵਿਚੋਂ 8 ਅਤੇ 11 ਸਿੱਖ ਰੈਜਮੈਂਟ ਅਤੇ 14 ਸਿੱਖ ਲਾਈਟ ਇਨਫੈਂਟਰੀ ਰੈਜਮੈਂਟ ਅਤੇ ਦੋ ਪੰਜਾਬ ਰੈਜਮੈਂਟਾਂ 3 ਪੰਜਾਬ ਅਤੇ 13 ਪੰਜਾਬ ਨੇ ਵੀ ਅੱਗੇ ਹੋ ਕੇ ਦੁਸ਼ਮਣ ਨੂੰ ਬੁਰੀ ਤਰ੍ਹਾਂ ਲਤਾੜਨ ਵਿਚ ਆਪਣਾ ਯੋਗਦਾਨ ਪਾਇਆ ਸੀ। ਸਿੱਖ, ਸਿੱਖ ਲਾਈਟ ਇਨਫੈਂਟਰੀ ਤੇ ਪੰਜਾਬ ਰੈਜਮੈਂਟਾਂ ਭਾਰਤ ਦੇ ਸਭ ਤੋਂ ਵੱਧ ਯੁੱਧ ਐਵਾਰਡ ਪ੍ਰਾਪਤ ਕਰਨ ਵਾਲੀਆਂ (ਦ ਮੋਸਟ ਡੈਕੋਰੇਟਿਡ) ਰੈਜਮੈਂਟਾਂ ਹਨ। ਉਸ ਵੇਲੇ ਹਮਲੇ ਲਈ ਦੋ ਬ੍ਰਿਗੇਡਾਂ ਅੱਗੇ ਸਨ। ਬ੍ਰਿਗੇਡੀਅਰ ਐਮ.ਪੀ.ਐਸ. ਬਾਜਵਾ 192 ਬ੍ਰਿਗੇਡ ਦੀ ਕਮਾਨ ਕਰ ਰਹੇ ਸਨ। ਬ੍ਰਿਗੇਡੀਅਰ ਦੇਵਿੰਦਰ ਸਿੰਘ 70 ਇਨਫੈਂਟਰੀ ਬ੍ਰਿਗੇਡ ਦੀ ਕਮਾਨ ਕਰ ਰਹੇ ਸਨ। ਦੋਵੇਂ ਸਿੱਖ ਅਫ਼ਸਰ ਸਨ। 3 ਇਨਫੈਂਟਰੀ ਡਵੀਜ਼ਨ ਦੀ ਕਮਾਨ ਮੇਜਰ ਜਨਰਲ ਮੁਹਿੰਦਰ ਪੁਰੀ ਕਰ ਰਹੇ ਸਨ, ਜੋ ਪੰਜਾਬੀ ਸਨ। ਚੀਫ਼ ਆਫ਼ ਆਰਮੀ ਸਟਾਫ਼ ਜਨਰਲ ਮਲਿਕ ਵੀ ਪੰਜਾਬੀ ਸਨ। ਬ੍ਰਿਗੇਡੀਅਰ ਬਾਜਵਾ ਕੋਲ ਸਭ ਤੋਂ ਔਖਾ ਟਾਰਗੇਟ ਟਾਈਗਰ ਹਿੱਲ ਦਾ ਸੀ। ਟਾਈਗਰ ਹਿੱਲ ਉਤੇ ਹਮਲੇ ਲਈ ਉਸ ਨੂੰ ਦੋ ਬਟਾਲੀਅਨਾਂ 8 ਸਿੱਖ ਤੇ 18 ਗ੍ਰਨੇਡੀਅਰ ਦਿੱਤੀਆਂ ਗਈਆਂ ਸਨ। ਬ੍ਰਿਗੇਡੀਅਰ ਬਾਜਵਾ ਦੇ ਲਿਖਣ ਅਨੁਸਾਰ 'ਮੈਂ ਟਾਈਗਰ ਹਿੱਲ 'ਤੇ ਹਮਲੇ ਲਈ ਸਭ ਤੋਂ ਔਖਾ ਰਸਤਾ ਸਿੱਧੀ ਚੜ੍ਹਾਈ ਵਾਲਾ ਚੁਣਿਆ। 8 ਸਿੱਖ ਨੂੰ ਇਸ ਸਭ ਤੋਂ ਔਖੇ ਕੰਮ ਲਈ ਅੱਗੇ ਲਾਇਆ ਤੇ ਕਮਾਨ ਅਫ਼ਸਰ ਨੂੰ ਕਿਹਾ ਕਿ ਇਹ ਸਿੱਖਾਂ ਦੀ ਇੱਜ਼ਤ ਦਾ ਸਵਾਲ ਹੈ। ਪਹਿਲੀ ਟੁਕੜੀ ਲਈ ਅਸੀਂ 52 ਆਦਮੀ ਚੁਣੇ, ਜਿਨ੍ਹਾਂ ਵਿਚ ਦੋ ਅਫ਼ਸਰ ਤੇ ਦੋ ਸੂਬੇਦਾਰ ਸ਼ਾਮਿਲ ਸਨ। ਇਹ 52 ਬਹਾਦਰ ਏਨੀ ਦਲੇਰੀ ਨਾਲ ਲੜੇ ਕਿ ਇਨ੍ਹਾਂ ਨੇ ਯੁੱਧ ਦਾ ਨਕਸ਼ਾ ਹੀ ਬਦਲ ਕੇ ਰੱਖ ਦਿੱਤਾ। ਤੋਪਖ਼ਾਨਾ ਖ਼ਾਸ ਕਰਕੇ ਬੋਫੋਰਸ ਨੇ ਸਾਡੇ ਇਸ ਔਖੇ ਸਮੇਂ ਵਿਚ ਬੜੀ ਮਦਦ ਕੀਤੀ, ਕਿਉਂਕਿ ਸਾਡੇ ਜਵਾਨ ਦੁਸ਼ਮਣ ਦੀ ਰਾਈਫਲ, ਐਲ.ਐਮ.ਜੀ. ਅਤੇ ਐਮ.ਐਮ.ਜੀ. ਦੀ ਸਿੱਧੀ ਮਾਰ ਥੱਲੇ ਸਨ। ਜੇ ਉਹ ਪੱਥਰ ਵੀ ਰੋੜ੍ਹ ਦਿੰਦੇ ਤਾਂ ਵੀ ਸਾਡੇ ਜਵਾਨਾਂ ਦਾ ਬੇਹੱਦ ਨੁਕਸਾਨ ਹੋਣਾ ਸੀ ਪਰ ਇਨ੍ਹਾਂ ਜਵਾਨਾਂ ਨੇ ਬੜੀ ਦਲੇਰੀ ਵਿਖਾਈ ਤੇ ਵਰ੍ਹਦੇ ਗੋਲੇ-ਗੋਲੀਆਂ ਵਿਚ ਲਗਾਤਾਰ ਵਧਦੇ ਉਸ ਸਿਖਰ 'ਤੇ ਪਹੁੰਚ ਗਏ'। ਦੁਸ਼ਮਣ ਨੇ ਉਨ੍ਹਾਂ ਉਤੇ ਜਵਾਬੀ ਹਮਲੇ ਕੀਤੇ ਜਿਸ ਕਰਕੇ ਉਨ੍ਹਾਂ ਵਿਚੋਂ 14 ਜਵਾਨ ਸ਼ਹੀਦ ਤੇ ਕਈ ਜ਼ਖ਼ਮੀ ਹੋ ਗਿਆ। ਦੋਵੇਂ ਅਫ਼ਸਰ ਜ਼ਖ਼ਮੀ ਹੋ ਗਏ ਤੇ ਦੋਵੇਂ ਸੂਬੇਦਾਰ ਸ਼ਹੀਦ ਹੋ ਗਏ। ਬ੍ਰਿਗੇਡੀਅਰ ਬਾਜਵਾ ਨੇ ਲਿਖਿਆ ਕਿ 'ਜਦੋਂ ਪਾਕਿਸਤਾਨੀ ਜਵਾਬੀ ਹਮਲਾ ਹੋ ਰਿਹਾ ਸੀ ਤਾਂ 8 ਸਿੱਖ ਦੇ ਸੂਬੇਦਾਰ ਨੇ ਮੈਨੂੰ ਦੱਸਿਆ ਕਿ ਇਕ ਬਹੁਤ ਉੱਚਾ ਲੰਬਾ ਪਾਕਿਸਤਾਨੀ ਆਪਣੇ ਬੰਦਿਆਂ ਨੂੰ ਲਗਾਤਾਰ ਭੜਕਾਉਂਦਾ ਹੋਇਆ ਦੁਬਾਰਾ ਹਮਲੇ ਲਈ ਹੱਲਾਸ਼ੇਰੀ ਦੇ ਰਿਹਾ ਹੈ, ਜਿਸ ਕਰਕੇ ਉਚਾਈ 'ਤੇ ਟਿਕਣਾ ਮੁਸ਼ਕਿਲ ਹੋ ਰਿਹਾ ਹੈ ਤਾਂ ਮੈਂ ਉਸ ਨੂੰ ਦੱਸਿਆ ਕਿ ਇਹ ਉਨ੍ਹਾਂ ਦਾ ਅਫ਼ਸਰ ਹੈ ਜਿਸ ਨੂੰ ਖ਼ਤਮ ਕਰਨਾ ਚਾਹੀਦਾ ਹੈ ਤਾਂ ਕਿ ਜਵਾਬੀ ਹਮਲੇ ਖ਼ਤਮ ਹੋ ਸਕਣ। ਮੈਂ ਯਕੀਨ ਨਾਲ ਕਹਿੰਦਾ ਹਾਂ ਕਿ ਉਨ੍ਹਾਂ ਦੇ ਜਵਾਬੀ ਹਮਲੇ ਏਨੇ ਜ਼ੋਰਦਾਰ ਸਨ ਕਿ ਸਾਡੇ ਸਿੱਖ ਸੂਰਬੀਰ ਚੋਟੀ ਤੋਂ ਕਦੇ ਵੀ ਉੱਖੜ ਸਕਦੇ ਸਨ। ਪਰ ਸਾਡੇ ਯੋਧਿਆਂ ਨੇ ਇਕ ਜ਼ੋਰ ਦਾ 'ਬੋਲੇ ਸੋ ਨਿਹਾਲ' ਦਾ ਜੈਕਾਰਾ ਲਾਇਆ ਤੇ ਦੁਸ਼ਮਣ 'ਤੇ ਟੁੱਟ ਪਏ। ਸਭ ਤੋਂ ਪਹਿਲਾਂ ਉਸ ਪਾਕਿਸਤਾਨੀ ਅਫ਼ਸਰ ਨੂੰ ਮਾਰਿਆ ਤੇ ਫਿਰ ਬਾਕੀਆਂ ਨੂੰ ਖਦੇੜਿਆ ਅਤੇ ਉਹ ਸਾਡੇ ਲਈ ਮੈਦਾਨ ਖ਼ਾਲੀ ਛੱਡ ਗਏ। ਉਸ ਪਾਕਿਸਤਾਨੀ ਅਫ਼ਸਰ ਦਾ ਨਾਂਅ ਕੈਪਟਨ ਕਰਨਲ ਸ਼ੇਰ ਖਾਂ ਸੀ। ਮੈਂ ਉਸ ਦੀ ਅਤੇ ਆਪਣੇ ਸਿੱਖ ਯੋਧਿਆਂ ਦੀ ਬਹਾਦਰੀ ਬਾਰੇ ਜੀ.ਓ.ਸੀ. ਨੂੰ ਰਿਪੋਰਟ ਦਿੱਤੀ। ਹੋਰ ਹਮਲੇ ਹੁੰਦੇ ਦੇਖ ਕੇ ਮੈਂ ਉਨ੍ਹਾਂ ਦੀ ਮਦਦ ਲਈ 18 ਗ੍ਰਨੇਡੀਅਰ ਦੀ ਘਟਕ ਪਾਰਟੀ ਭੇਜੀ। 18 ਗ੍ਰਨੇਡੀਅਰ ਲਈ ਹੁਣ ਉੱਪਰ ਪਹੁੰਚਣਾ ਮੁਸ਼ਕਿਲ ਨਹੀਂ ਸੀ ਕਿਉਂਕਿ ਸਿੱਖ ਪਲਟਨ ਨੇ ਉੱਪਰ ਬੇਸ ਬਣਾ ਲਿਆ ਸੀ। ਉੱਪਰ ਪਹੁੰਚ ਕੇ ਉਨ੍ਹਾਂ ਨੇ ਪਾਕਿਸਤਾਨੀਆਂ 'ਤੇ ਭਰਵਾਂ ਹੱਲਾ ਬੋਲਿਆ ਤੇ ਇਸ ਅਚਾਨਕ ਹੋਏ ਹੱਲੇ ਵਿਚ ਪਾਕਿਸਤਾਨੀ ਠਹਿਰ ਨਾ ਸਕੇ ਤੇ ਜ਼ਿਆਦਾਤਰ ਮਾਰੇ ਗਏ। ਇਸ ਤਰ੍ਹਾਂ ਅਸੀਂ ਸਭ ਤੋਂ ਔਖਾ ਟਾਰਗੇਟ ਟਾਈਗਰ ਹਿੱਲ ਪਾਕਿਸਤਾਨੀਆਂ ਤੋਂ ਹਾਸਲ ਕਰ ਲਿਆ ਤੇ ਜਿੱਤ ਸਾਡੇ ਹੱਥ ਲੱਗੀ, ਸਿੱਖ ਜਵਾਨਾਂ ਦੇ ਬੇਸ ਤੋਂ 18 ਗ੍ਰਨੇਡੀਅਰ ਨੇ



ਸੂਰਤ ਵਿੱਚ ਕਾਰਗਿਲ ਵਿਜੇ ਦਿਵਸ ਮੌਕੇ ਤਿਰੰਗਾ ਯਾਤਰਾ ਵਿੱਚ ਹਿੱਸਾ ਲੈਂਦੇ ਹੋਏ ਸਕੂਲੀ ਵਿਦਿਆਰਥੀ ਰਾਸ਼ਟਰੀ ਝੰਡਾ ਫੜਦੇ ਹੋਏ।



ਫੌਜ ਨੇ ਤਵਾਂਗ ਵਿੱਚ ਜਨਰਲ ਪਰੇਡ ਗਰਾਊਂਡ ਵਿੱਚ 24ਵਾਂ ਕਾਰਗਿਲ ਵਿਜੇ ਦਿਵਸ ਮਨਾਇਆ।



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਾਰਗਿਲ ਵਿਜੇ ਦਿਵਸ ਮੌਕੇ 1999 ਦੀ ਪਾਕਿਸਤਾਨ ਵਿਰੁੱਧ ਕਾਰਗਿਲ ਜੰਗ ਵਿੱਚ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।





ਝਾਰਖੰਡ ਦੇ ਰਾਜਪਾਲ ਸੀਪੀ ਰਾਧਾਕ੍ਰਿਸ਼ਨਨ ਨੇ ਰਾਂਚੀ ਵਿੱਚ ਝਾਰਖੰਡ ਵਾਰ ਕਬਰਸਤਾਨ ਵਿੱਚ ਕਾਰਗਿਲ ਯੁੱਧ ਵਿੱਚ ਆਪਣੀਆਂ ਜਾਨਾਂ ਗੁਆਉਣ ਵਾਲੇ ਯੋਧਿਆਂ ਨੂੰ ਸ਼ਰਧਾਂਜਲੀ ਦਿੱਤੀ।

# ਕਾਰਗਿਲ ਵਿਜੇ ਦਿਵਸ 'ਤੇ ਭਗਵੰਤ ਮਾਨ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ



ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਧਵਾਰ ਨੂੰ ਕਾਰਗਿਲ ਵਿਜੇ ਦਿਵਸ ਮੌਕੇ 1999 ਦੀ ਪਾਕਿਸਤਾਨ ਵਿਰੁੱਧ ਕਾਰਗਿਲ ਜੰਗ ਵਿੱਚ ਆਪਣੀਆਂ ਜਾਨਾਂ ਨਿਛਾਵਰ ਕਰਨ ਵਾਲੇ ਸੈਨਿਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ।



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ 1999 ਦੇ ਕਾਰਗਿਲ ਜੰਗ ਵਿੱਚ ਸ਼ਹੀਦ ਹੋਏ ਨਾਇਕਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ।

# ਬੇਮਿਸਾਲ ਹਿੰਮਤ ਅਤੇ ਬਹਾਦਰੀ ਦੀ ਮਹਾਨ ਗਾਥਾ

ਪਾਕਿਸਤਾਨ ਦੇ ਨਾਲ ਹੋਈ ਜੰਗ ਤੋਂ ਬਾਅਦ ਭਾਰਤ ਨੂੰ ਕਾਰਗਿਲ ਵਿਚ ਮਿਲੀ ਜਿੱਤ ਦੀ ਅੱਜ 24ਵੀਂ ਬਰਸੀ ਹੈ। ਕਾਰਗਿਲ ਜੰਗ ਦੌਰਾਨ ਭਾਰਤੀ ਫੌਜੀਆਂ ਨੇ ਅਪਣੀ ਜਾਨ ਨੂੰ ਕੁਰਬਾਨ ਕਰ ਕੇ ਦੇਸ਼ ਦੀ ਰੱਖਿਆ ਕੀਤੀ ਸੀ ਅਤੇ ਜੰਗ ਵਿਚ ਪਾਕਿਸਤਾਨ ਨੂੰ ਮਾਤ ਦਿੱਤੀ ਸੀ। ਇਸ ਦੀ ਯਾਦ ਵਿਚ 26 ਜੁਲਾਈ ਨੂੰ ਕਾਰਗਿਲ ਵਿਜੇ ਦਿਵਸ ਮਨਾਇਆ ਜਾਂਦਾ ਹੈ। ਅੱਜ ਕਾਰਗਿਲ ਵਿਜੇ ਦਿਵਸ 'ਤੇ ਪੂਰਾ ਦੇਸ਼ ਸ਼ਹੀਦ ਜਵਾਨਾਂ ਨੂੰ ਨਮਨ ਕਰ ਰਿਹਾ ਹੈ। ਇਹ ਭਾਰਤੀ ਫ਼ੌਜ ਦੀ ਬਹਾਦੁਰੀ, ਬਲੀਦਾਨ ਅਤੇ ਹਿੰਮਤ ਦੀ ਦਾਸਤਾਨ ਹੈ। ਇਕ ਅਜਿਹੀ ਕਹਾਣੀ ਹੈ ਜਿਸ ਨੂੰ ਜਾਣ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਹਾਲਾਤ ਵਿਰੋਧੀ ਹੋਣ ਤੋਂ ਬਾਅਦ ਵੀ ਭਾਰਤੀ ਫ਼ੌਜ ਨੇ ਹੌਸਲਾ ਨਹੀਂ ਹਾਰਿਆ ਅਤੇ ਪਾਕਿਸਤਾਨੀ ਫ਼ੌਜ ਨੂੰ ਮੂੰਹ-ਤੋੜ ਜਵਾਬ ਦਿੱਤਾ।

ਦਰਅਸਲ ਭਾਰਤ ਅਤੇ ਪਾਕਿਸਤਾਨ ਦਰਮਿਆਨ 1999 'ਚ ਕਾਰਗਿਲ ਯੁੱਧ ਹੋਇਆ ਸੀ। ਇਸ ਦੀ ਸ਼ੁਰੂਆਤ 8 ਮਈ 1999 ਤੋਂ ਹੋਈ, ਜਦੋਂ ਪਾਕਿਸਤਾਨ ਫੌਜੀਆਂ ਅਤੇ ਕਸ਼ਮੀਰੀ ਅੱਤਵਾਦੀਆਂ ਨੂੰ ਕਾਰਗਿਲ ਦੀ ਚੋਟੀ 'ਤੇ ਦੇਖਿਆ ਗਿਆ ਸੀ। ਪਾਕਿਸਤਾਨ ਇਸ ਆਪਰੇਸ਼ਨ ਦੀ 1998 ਤੋਂ ਤਿਆਰੀ ਕਰ ਰਿਹਾ ਸੀ। ਪਾਕਿਸਤਾਨ ਨੇ ਕਾਰਗਿਲ ਦੀ ਸਭ ਤੋਂ ਉੱਚੀ ਪਹਾੜੀ 'ਤੇ 5,000 ਸੈਨਿਕਾਂ ਦੇ ਨਾਲ ਘੁਸਪੈਠ ਕਰ ਕਬਜ਼ਾ ਕੀਤਾ ਸੀ। ਇਸ ਦੀ ਜਾਣਕਾਰੀ ਮਿਲਣ ਤੋਂ ਬਾਅਦ ਭਾਰਤ ਸਰਕਾਰ ਨੇ ਫ਼ੌਜ ਨੂੰ ਪਾਕਿਸਤਾਨ ਫ਼ੌਜੀਆਂ ਨੂੰ ਭਜਾਉਣ ਲਈ ਆਪ੍ਰੇਸ਼ਨ 'ਵਿਜੇ' ਚਲਾਇਆ ਸੀ। ਫਿਰ ਦੋਵਾਂ ਦੇਸ਼ਾਂ 'ਚ ਜੰਗ ਸ਼ੁਰੂ ਹੋਈ।

ਕਾਰਗਿਲ 'ਚ 1999 'ਚ ਭਾਰਤੀ ਅਤੇ ਪਾਕਿਸਤਾਨੀ ਫੌਜੀਆਂ ਦਰਮਿਆਨ ਲੜਾਈ ਸ਼ੁਰੂ ਹੋਣ ਦੇ ਕੁਝ ਹਫਤਿਆਂ ਪਹਿਲਾਂ ਜਨਰਲ ਪਰਵੇਜ਼ ਮੁਸ਼ਰਫ ਨੇ ਹੈਲੀਕਾਪਟਰ ਰਾਹੀਂ ਕੰਟਰੋਲ ਰੇਖਾ ਪਾਰ ਕੀਤੀ ਸੀ ਅਤੇ ਭਾਰਤੀ ਖੇਤਰ 'ਚ ਕਰੀਬ 11 ਕਿਲੋਮੀਟਰ ਅੰਦਰ ਇਕ ਸਥਾਨ 'ਤੇ ਰਾਤ ਵੀ ਬਿਤਾਈ ਸੀ। ਇਸ ਕੰਮ ਲਈ ਪਾਕਿਸਤਾਨੀ ਫੌਜ ਨੇ ਆਪਣੇ 5 ਹਜ਼ਾਰ ਜਵਾਨਾਂ ਨੂੰ ਕਾਰਗਿਲ 'ਤੇ ਚੜ੍ਹਾਈ ਕਰਨ ਲਈ ਭੇਜਿਆ ਸੀ। ਸਾਬਕਾ ਪਾਕਿਸਤਾਨੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਇਸ ਗੱਲ ਨੂੰ



ਸਵੀਕਾਰਿਆ ਸੀ ਕਿ ਕਾਰਗਿਲ ਦਾ ਯੁੱਧ ਪਾਕਿਸਤਾਨੀ ਫ਼ੌਜ ਲਈ ਇਕ ਆਫ਼ਤ ਸਾਬਤ ਹੋਇਆ ਸੀ। ਪਾਕਿਸਤਾਨ ਨੇ ਇਸ ਯੁੱਧ 'ਚ 2700 ਤੋਂ ਵਧ ਫੌਜੀ ਗੁਆ ਦਿੱਤੇ ਸਨ। ਪਾਕਿਸਤਾਨ ਨੂੰ 1965 ਅਤੇ 1971 ਦੀ ਲੜਾਈ ਤੋਂ ਵੀ ਜ਼ਿਆਦਾ ਨੁਕਸਾਨ ਹੋਇਆ ਸੀ। ਅੱਜ ਦਰਾਸ ਦੇ ਯੁੱਧ ਸਮਾਰਕ 'ਚ ਹਰ ਕਿਸੇ ਦੀ ਜ਼ੁਬਾਨ 'ਤੇ ਸਿਰਫ ਭਾਰਤ ਮਾਂ ਦੇ ਸਪੂਤਾਂ ਦੀ ਬਹਾਦਰੀ ਦੇ ਕਿੱਸੇ ਹਨ। ਹਾਲਾਤ ਬਦਲ ਗਏ ਹਨ, ਉੱਥੇ ਹੀ ਭਾਰਤ ਨੇ ਪਾਕਿਸਤਾਨ ਦੇ ਇਕ ਧੋਖੇ ਨਾਲ ਕਈ ਸਬਕ ਲਏ ਹਨ।

ਭਾਰਤੀ ਫ਼ੌਜ ਨੇ ਇਕ ਤੋਂ ਬਾਅਦ ਇਕ ਪਹਾੜੀ ਨੂੰ ਦੁਸ਼ਮਣਾਂ ਤੋਂ ਮੁਕਤ ਕਰਵਾਇਆ ਅਤੇ ਇਸ ਦੇ ਨਾਲ ਹੀ ਜਲਦੀ ਹੀ ਪੂਰੀ ਦੁਨੀਆ ਨੂੰ ਪਤਾ ਲੱਗ ਗਿਆ ਕਿ ਘੁਸਪੈਠ ਅੱਤਵਾਦੀਆਂ ਵੱਲੋਂ ਨਹੀਂ ਸਗੋਂ ਪਾਕਿਸਤਾਨੀ ਫ਼ੌਜ ਵੱਲੋਂ ਕੀਤੀ ਗਈ ਸੀ। ਇਹ ਜੰਗ ਕੋਈ ਆਮ ਲੜਾਈ ਨਹੀਂ ਸੀ। ਇਸ ਯੁੱਧ 'ਚ ਕਾਫੀ ਗਿਣਤੀ 'ਚ ਰਾਕੇਟ ਅਤੇ ਬੰਬਾਂ ਦੀ ਵਰਤੋਂ ਹੋਈ। ਇਸ ਦੌਰਾਨ ਕਰੀਬ ਢਾਈ ਲੱਖ ਗੋਲ਼ੇ ਦਾਗੇ ਗਏ। 5,000 ਬੰਬ ਫਾਇਰ ਕਰਨ ਦੇ ਲਈ 300 ਤੋਂ ਜ਼ਿਆਦਾ ਮੋਰਟਾਰ, ਤੋਪਾਂ ਅਤੇ ਰਾਕੇਟਾਂ ਦਾ ਇਸਤੇਮਾਲ ਕੀਤਾ ਗਿਆ। ਦੱਸਿਆ ਜਾਂਦਾ ਹੈ ਕਿ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਇਹ ਇਕ ਅਜਿਹਾ ਯੁੱਧ ਸੀ ਜਿਸ 'ਚ ਦੁਸ਼ਮਣ ਦੇਸ਼ 'ਤੇ ਇੰਨੀ ਜ਼ਿਆਦਾ ਗਿਣਤੀ 'ਚ ਬੰਬਾਰੀ ਕੀਤੀ ਗਈ ਸੀ। 14 ਜੁਲਾਈ 1999 ਨੂੰ ਉਸ ਸਮੇਂ ਦੇ ਭਾਰਤੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਕਾਰਗਿਲ ਨੂੰ ਵਿਜੇ ਆਪ੍ਰੇਸ਼ਨ ਐਲਾਨ ਕਰ ਦਿੱਤਾ ਸੀ। ਅੱਜ ਦੇ ਹੀ ਦਿਨ ਭਾਰਤ ਨੇ ਆਪਣੇ ਅਧਿਕਾਰ ਵਿਚ ਆਉਂਦੇ ਸਾਰੇ ਖੇਤਰ 'ਤੇ ਮੁੜ ਤੋਂ ਕਬਜ਼ਾ ਹਾਸਲ ਕਰ ਲਿਆ ਸੀ।

ਦੇਸ਼ ਉਨ੍ਹਾਂ ਸ਼ਹੀਦਾਂ ਨੂੰ ਪ੍ਰਣਾਮ ਕਰ ਰਿਹਾ ਹੈ, ਜਿਨ੍ਹਾਂ ਨੇ ਆਪਣੀ ਜਾਨ ਨੂੰ ਕੁਰਬਾਨ ਕਰ ਦਿੱਤਾ। ਆਪਣੀ ਬਹਾਦਰੀ ਦੇ ਬਲ 'ਤੇ ਪਾਕਿਸਤਾਨੀ ਘੁਸਪੈਠੀਆਂ ਦੇ ਪਸੀਨੇ ਛੁਡਵਾ ਦਿੱਤੇ। ਪਦਮਪਤੀ ਅਚਾਰੀਆਂ ਲੜਾਈ ਦੌਰਾਨ ਸ਼ਹੀਦ ਹੋ ਗਏ ਸਨ। ਦੇਸ਼ ਦੇ ਦੂਜੇ ਸਭ ਤੋਂ ਵੱਡੇ ਫੌਜੀ ਸਮਾਨ ਮਹਾਵੀਰ ਚੱਕਰ ਨਾਲ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ ਸੀ। ਅਚਾਰੀਆ ਨੂੰ ਇਕ ਕਠਿਨ ਮੁਹਿੰਮ 'ਤੇ ਭੇਜਿਆ ਗਿਆ ਸੀ। ਗੰਭੀਰ ਰੂਪ ਨਾਲ ਜ਼ਖਮੀ ਹੋਣ ਤੋਂ ਬਾਅਦ ਉਨ੍ਹਾਂ ਨੇ ਆਪਣੇ ਸਹਿਯੋਗੀਆਂ ਨੂੰ ਦੂਰ ਜਾਣ ਨੂੰ ਕਿਹਾ ਅਤੇ ਆਖਰੀ ਸਾਹ ਤੱਕ ਲੜਾਈ ਜਾਰੀ ਰੱਖੀ। ਕਾਰਗਿਲ ਲੜਾਈ ਦਾ ਜਦੋ ਜ਼ਿਕਰ ਹੋਵੇਗਾ ਕੈਪਟਨ ਵਿਕਰਮ ਬੱਤਰਾ ਨੂੰ ਦੇਸ਼ ਕਦੀ ਨਹੀਂ ਭੁੱਲ ਸਕੇਗਾ। ਭਾਰਤੀ ਮਾਊਂਟੇਨ ਵਾਰਫੇਅਰ ਦੇ ਭਾਰਤੀ ਇਤਿਹਾਸ 'ਚ ਉਨ੍ਹਾਂ ਨੇ ਸਭ ਤੋਂ ਕਠਿਨ ਮੁਹਿੰਮ ਨੂੰ ਮੁਕਾਮ ਤੱਕ ਪਹੁੰਚਾਇਆ ਸੀ। ਪਾਕਿਸਤਾਨੀ ਘੁਸਪੈਠੀਆਂ ਦਾ ਸਾਹਮਣਾ ਕਰਦੇ ਹੋਏ 15 ਜੂਨ, 1999 ਨੂੰ ਮੇਜਰ ਅਜੇ ਸਿੰਘ ਜਸਰੋਟੀਆ ਸ਼ਹੀਦ ਹੋ ਗਏ ਸਨ। ਅਸਧਾਰਨ ਲੜਾਈ ਲਈ ਅਜੇ ਸਿੰਘ ਨੂੰ ਸੈਨਾ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਅਜੇ ਸਿੰਘ ਨੇ ਆਖਰੀ ਸਾਹ ਲੈਣ ਤੋਂ ਪਹਿਲਾਂ ਉਨ੍ਹਾਂ ਨੇ ਆਪਣੇ 6 ਸਾਥੀਆਂ ਨੂੰ ਸੁਰੱਖਿਆ ਜਗ੍ਹਾ ਤੱਕ ਪਹੁੰਚਾਇਆ ਸੀ।

ਆਪਣੀ ਜਿੱਤ ਦਾ ਝੰਡਾ ਬੁਲੰਦ ਕਰ ਦਿੱਤਾ ਤੇ ਹਰ ਟੀ.ਵੀ. ਫ਼ਿਲਮ ਵਿਚ ਉਨ੍ਹਾਂ ਦਾ ਹੀ ਨਾਂਅ ਗੂੰਜਣ ਲੱਗ ਪਿਆ ਤੇ ਸਭ ਇਸ ਨੂੰ ਭੁੱਲ ਗਏ ਕਿ ਸਿਖ਼ਰ 'ਤੇ ਪਹਿਲਾਂ ਪਹੁੰਚਣ ਤੇ ਆਧਾਰ ਬਣਾਉਣ ਵਾਲੇ ਸਿੱਖ ਜਵਾਨ ਹੀ ਸਨ, ਜਿਨ੍ਹਾਂ ਨੇ ਇਸ ਜਿੱਤ ਦੀ ਨੀਂਹ ਰੱਖੀ ਸੀ। ਇਸ ਸਬੰਧੀ ਦਸਤਾਵੇਜ਼ੀ ਫ਼ਿਲਮ ਬਣੀ ਤਾਂ ਇਨ੍ਹਾਂ ਦਾ ਕੋਈ ਜ਼ਿਕਰ ਨਾ ਹੋਣ ਕਰਕੇ ਬਹੁਤ ਸਾਰੇ ਲੋਕਾਂ ਨੂੰ ਬੜਾ ਅਫ਼ਸੋਸ ਹੋਇਆ। ਇਸੇ ਤਰ੍ਹਾਂ ਪੰਜਾਬ ਦੀਆਂ ਦੂਜੀਆਂ ਪਲਟਨਾਂ ਨੇ ਵੀ ਯੁੱਧ ਵਿਚ ਬਹੁਤ ਬਹਾਦਰੀ ਦਿਖਾਈ ਜਿਸ ਦਾ ਵਿਸਥਾਰ ਇਹ ਲੇਖ ਲੰਬਾ ਹੋਣ ਦੇ ਡਰੋਂ ਨਹੀਂ ਦਿੱਤਾ ਗਿਆ। ਕਾਰਗਿਲ ਦੇ ਯੁੱਧ ਵਿਚ ਜੋ ਪੰਜਾਬ ਦੇ ਜਵਾਨ ਸ਼ਹੀਦ ਹੋਏ ਉਨਾਂ ਦੇ ਨਾਂਅ ਇਸ ਪ੍ਰਕਾਰ ਹਨ: 8 ਸਿੱਖ-ਸੂਬੇਦਾਰ ਕਰਨੈਲ ਸਿੰਘ-ਵੀਰ ਚੱਕਰ, ਨਾਇਕ ਰਣਜੀਤ ਸਿੰਘ-ਸੈਨਾ ਮੈਡਲ, ਸੂਬੇਦਾਰ ਜੋਗਿੰਦਰ ਸਿੰਘ- ਸੈਨਾ ਮੈਡਲ, ਨਾਇਕ ਬਹਾਦਰ ਸਿੰਘ- ਸੈਨਾ ਮੈਡਲ; ਸਿਪਾਹੀ ਮੇਜਰ ਸਿੰਘ-ਸੈਨਾ ਮੈਡਲ, ਹੌਲਦਾਰ ਦੇਸਾ ਸਿੰਘ, ਹੌਲਦਾਰ ਅਜਾਇਬ ਸਿੰਘ, ਨਾਇਕ ਨਿਰਮਲ ਸਿੰਘ, ਨਾਇਕ ਬਲਦੇਵ ਸਿੰਘ, ਹੌਲਦਾਰ ਵਿਕਰਮ ਸਿੰਘ, ਸਿਪਾਹੀ ਕੁਲਵਿੰਦਰ ਸਿੰਘ, ਸਿਪਾਹੀ ਤਰਲੋਚਨ ਸਿੰਘ, ਸਿਪਾਹੀ ਦਰਸ਼ਨ ਸਿੰਘ, ਸਿਪਾਹੀ ਸੁਰਜੀਤ ਸਿੰਘ, ਸਿਪਾਹੀ ਜਸਵਿੰਦਰ ਸਿੰਘ, ਸਿਪਾਹੀ ਗੁਰਮੇਲ ਸਿੰਘ, ਸਿਪਾਹੀ ਜੀਵਨ ਸਿੰਘ, ਸਿਪਾਹੀ ਰਸ਼ਵਿੰਦਰ ਸਿੰਘ, ਸਿਪਾਹੀ ਸੁਖਵਿੰਦਰ ਸਿੰਘ, ਸਿਪਾਹੀ ਸੁਖਵਿੰਦਰ ਸਿੰਘ ਦੋ। 14 ਸਿੱਖ-ਸਿਪਾਹੀ ਬੂਟਾ ਸਿੰਘ।

ਹੋਰ ਪਲਟਨਾਂ ਦੇ ਪੰਜਾਬੀ ਸ਼ਹੀਦ : ਮੇਜਰ : ਹਰਮਿੰਦਰ ਪਾਲ ਸਿੰਘ, ਜੇ.ਡੀ.ਐਸ. ਧਾਲੀਵਾਲ, ਕੇ.ਜੀ. ਸਿੰਘ; ਸੂਬੇਦਾਰ: ਨੌਨਿਹਾਲ ਸਿੰਘ ਭੁੱਲਰ, ਕੁਲਦੀਪ ਸਿੰਘ, ਸੁੱਚਾ ਸਿੰਘ, ਦਲਜੀਤ ਸਿੰਘ; ਨਾਇਬ ਸੂਬੇਦਾਰ ਕਮਿਲ ਸਿੰਘ; ਹੌਲਦਾਰ ਕਮਲਦੇਵ ਸਿੰਘ, ਤਰਸੇਮ ਸਿੰਘ, ਗੁਰਮੀਤ ਸਿੰਘ, ਅਮਰਜੀਤ ਸਿੰਘ, ਗੁਰਮੀਤ ਸਿੰਘ, ਕਰਮ ਸਿੰਘ, ਗਿਆਨ ਸਿੰਘ; ਲਾਂਸ ਹੌਲਦਾਰ ਬਲਦੇਵ ਸਿੰਘ ਨਾਇਕ ਪੂਰਨ ਸਿੰਘ, ਸੁੱਚਾ ਸਿੰਘ, ਪਰਮਜੀਤ ਸਿੰਘ, ਸਿਕੰਦਰ ਸਿੰਘ ; ਲਾਂਸ ਨਾਇਕ- ਬਲਵਿੰਦਰ ਸਿੰਘ, ਰਜਿੰਦਰ ਸਿੰਘ, ਦਲਵੀਰ ਸਿੰਘ, ਗੁਰਮੇਲ ਸਿੰਘ, ਅਮਰਜੀਤ ਸਿੰਘ, ਗੁਰਚਰਨ ਸਿੰਘ, ਕੁਲਦੀਪ ਸਿੰਘ, ਰਣਬੀਰ ਸਿੰਘ; ਸਿਪਾਹੀ ਗੁਰਮੇਜ ਸਿੰਘ, ਪਵਨ ਸਿੰਘ, ਜਸਕਰਨ ਸਿੰਘ, ਦਰਸ਼ਨ ਸਿੰਘ, ਜਸਵੰਤ ਸਿੰਘ, ਗੁਰਮੇਲ ਸਿੰਘ, ਦਲਜੀਤ ਸਿੰਘ; ਪੀ.ਟੀ.ਏ. ਹਰਵਿੰਦਰ ਸਿੰਘ, ਗੋਪਾਲ ਸਿੰਘ ਗ੍ਰਨੇਡੀਅਰ ਗੁਰਿੰਦਰ ਸਿੰਘ, ਗੁਰਪ੍ਰੀਤ ਸਿੰਘ, ਅਵਤਾਰ ਸਿੰਘ ਅਤੇ ਹੋਰ। ਕਾਰਗਿਲ ਮੈਦਾਨ ਨੂੰ ਫ਼ਤਹਿ ਕਰਨ ਤੇ ਪਾਕਿਸਤਾਨ ਨੂੰ ਕਰਾਰੀ ਹਾਰ ਦੇਣ ਵਿਚ ਪੰਜਾਬੀਆਂ ਦਾ ਵੱਡਾ ਯੋਗਦਾਨ ਹੈ ਜਿਸ ਨੂੰ ਉਜਾਗਰ ਕਰਨ ਤੇ ਢੁੱਕਵਾਂ ਮਾਣ-ਸਨਮਾਨ ਦੇਣਾ ਜ਼ਰੂਰੀ ਹੈ।



ਕਾਰਗਿਲ ਦੇ ਦਰਾਸ ਵਿਖੇ ਮੰਗਲਵਾਰ ਨੂੰ 24ਵੇਂ ਕਾਰਗਿਲ ਵਿਜੇ ਦਿਵਸ ਦੀ ਪੂਰਵ ਸੰਧਿਆ 'ਤੇ ਕਾਰਗਿਲ ਯੁੱਧ ਸਮਾਰਕ 'ਤੇ ਦੀਵੇ ਜਗਾਏ ਜਾ ਰਹੇ ਹਨ।





ਰੱਖਿਆ ਮੰਤਰੀ ਰਾਜਨਾਥ ਸਿੰਘ ਕਾਰਗਿਲ ਵਿਜੇ ਦਿਵਸ ਦੇ ਮੌਕੇ 'ਤੇ ਕਾਰਗਿਲ ਵਾਰ ਮੈਮੋਰੀਅਲ ਵਿਖੇ ਜੰਗੀ ਨਾਇਕਾਂ, ਵੀਰ ਨਾਰੀਆਂ ਅਤੇ ਬਹਾਦਰਾਂ ਦੇ ਪਰਿਵਾਰਾਂ ਨਾਲ ਗੱਲਬਾਤ ਕਰਦੇ ਹੋਏ।




# ਹੜ੍ਹ, ਕੁਦਰਤੀ ਆਫ਼ਤ ਜਾਂ ਵਿਵਸਥਾ ਦੀ ਨਾਕਾਮੀ?

**ਗੁਰਚਰਨ ਸਿੰਘ ਨੂਰਪੁਰ**

ਕਿਸੇ ਇਲਾਕੇ ਵਿਚ ਜਾ ਕੇ ਇਹ ਕਹਿ ਦੇਣਾ ਕਿ ਇਹ ਇਲਾਕਾ ਖਾਲੀ ਕਰ ਦਿਓ, ਬੜਾ ਆਸਾਨ ਹੈ ਪਰ ਜਿਹੜੇ ਲੋਕ ਇਹ ਸੰਤਾਪ ਭੋਗਦੇ ਹਨ, ਉਹ ਜਾਣਦੇ ਹਨ ਕਿ ਇਸ ਫ਼ਰਮਾਨ ਵਿਚ ਉਹਨਾਂ ਦਾ ਕਿੰਨਾ ਕੁਝ ਗਵਾਚ ਜਾਂਦਾ ਹੈ। ਹੜ੍ਹਾਂ ਤੋਂ ਅਗਾਊਂ ਬਚਾ ਕੀਤਾ ਜਾ ਸਕੇ, ਅਜਿਹਾ ਸਾਡੀ ਵਿਵਸਥਾ ਕੋਲ ਕੋਈ ਪ੍ਰੋਗਰਾਮ ਨਹੀਂ। ਜਿਹੜੇ ਇਲਾਕਿਆਂ ਦੇ ਲੋਕ ਹੜ੍ਹਾਂ ਦੀ ਮਾਰ ਸਹਿੰਦੇ ਹਨ, ਆਪਣੇ ਘਰ-ਬਾਰ ਤਿਆਗ ਕੇ ਇੱਕ ਤਰ੍ਹਾਂ ਨਾਲ ਉਹਨਾਂ ਲਈ 'ਬਾਰਿ ਪਰਾਇਐ ਬੈਸਣਾ' ਵਾਲੀ ਗੱਲ ਹੋ ਜਾਂਦੀ ਹੈ, ਉਹ ਜਾਣਦੇ ਹਨ ਕਿ ਇਹ ਕਿੰਨੀ ਵੱਡੀ ਪੀੜ ਹੈ। ਹੜ੍ਹਾਂ ਦੌਰਾਨ ਖੇਤ, ਮਕਾਨ, ਅਨਾਜ, ਫਸਲਾਂ, ਸਬਜ਼ੀਆਂ, ਘਰ-ਬਾਰ, ਮਾਲ ਡੰਗਰ, ਰਾਹ ਰਸਤੇ, ਸੜਕਾਂ, ਪੁਲ ਇੰਨਾ ਕੁਝ ਗਵਾਚ ਜਾਂਦਾ ਹੈ ਕਿ ਜਿਸ ਦੀ ਭਰਪਾਈ ਸਾਲਾਂ ਤੱਕ ਨਹੀਂ ਹੁੰਦੀ।

ਅੱਜ ਮੁਲਕ ਦੇ ਲੱਖਾਂ ਲੋਕ ਹੜ੍ਹਾਂ ਦੀ ਮਾਰ ਝੱਲ ਰਹੇ ਹਨ। ਉਹ ਆਪਣੇ ਬਲਬੂਤੇ ਇਸ ਸਥਿਤੀ ਨਾਲ ਨਜਿੱਠ ਰਹੇ ਹਨ, ਘਰ-ਬਾਰ ਤਿਆਗ ਕੇ ਮਾਲ ਡੰਗਰ ਟਰਾਲੀਆਂ 'ਤੇ ਲੱਦ ਸੁਰੱਖਿਅਤ ਥਾਵਾਂ ਵੱਲ ਕੂਚ ਕਰ ਰਹੇ ਹਨ। ਇਸ ਤੋਂ ਪਹਿਲਾਂ ਪੰਜਾਬ ਨੇ 1988 ਵਿਚ ਲੋਕਾਂ ਨੇ ਹੜ੍ਹਾਂ ਦਾ ਸੰਤਾਪ ਭੋਗਿਆ। ਇਸ ਮਗਰੋਂ 2019 ਅਤੇ ਤਿੰਨ ਸਾਲ ਬਾਅਦ ਹੁਣ ਜੁਲਾਈ 2023 ਵਿਚ ਲੱਖਾਂ ਲੋਕਾਂ ਨੂੰ ਹੜ੍ਹ ਦਾ ਸੰਤਾਪ ਭੋਗਣਾ ਪਿਆ। ਸਵਾਲ ਪੈਦਾ ਹੁੰਦਾ ਹੈ ਕਿ ਦੇਸ਼ ਦੀ ਵਿਵਸਥਾ ਨੂੰ ਚਲਾਉਣ ਵਾਲਿਆਂ ਨੇ ਇੱਥੇ ਬਦਲਿਆ ਕੀ ਹੈ? ਜਨਤਕ ਸੇਵਾਵਾਂ ਜੋ ਪਹਿਲਾਂ ਕੁਝ ਹੱਦ ਤੱਕ ਅਜਿਹੀ ਸਥਿਤੀ ਨਾਲ ਨਜਿੱਠਣ ਲਈ ਮਾੜੀ ਮੋਟੀ ਹਰਕਤ ਵਿਚ ਸਨ, ਅੱਜ ਪਹਿਲਾਂ ਨਾਲੋਂ ਵੀ ਨਿਘਰ ਗਈਆਂ ਪ੍ਰਤੀਤ ਹੋ ਰਹੀਆਂ ਹਨ।

ਦੇਖਿਆ ਜਾਵੇ ਤਾਂ ਪਿਛਲੇ ਕੁਝ ਦਹਾਕਿਆਂ ਦੌਰਾਨ ਇੱਥੇ ਬਹੁਤ ਕੁਝ ਬਦਲਿਆ ਹੈ, ਰਾਜਸੀ ਵਿਵਸਥਾ ਦੀ ਸਰਪ੍ਰਸਤੀ ਹੇਠ ਦਰਿਆਵਾਂ ਦੀ ਰੇਤ ਬੱਜਰੀ ਨੂੰ ਰੱਜ ਕੇ ਲੁੱਟਿਆ ਗਿਆ। ਦਰਿਆਈ ਕੰਢਿਆਂ 'ਤੇ ਕਬਜ਼ੇ ਕਰ ਕੇ ਹਜ਼ਾਰਾਂ ਏਕੜ ਜ਼ਮੀਨਾਂ 'ਚੋਂ ਕੁਦਰਤੀ ਬਨਸਪਤੀ ਦਾ ਖਾਤਮਾ ਕੀਤਾ ਗਿਆ। ਜਿੱਥੇ ਹੜ੍ਹਾਂ ਦੀ ਮਾਰ ਤੋਂ ਬਚਣ ਲਈ ਵੱਧ ਤੋਂ ਵੱਧ ਰੁੱਖ ਲਾਉਣ ਦੀ ਲੋੜ ਸੀ, ਉਹਨਾਂ ਥਾਵਾਂ 'ਤੇ ਨਾਜਾਇਜ਼ ਕਬਜ਼ੇ ਕਰ ਕੇ ਖੇਤੀਬਾੜੀ ਲਈ ਵਰਤਿਆ ਗਿਆ। ਪੰਜਾਬ ਦੀਆਂ ਅਨੇਕਾਂ ਨੈਆਂ, ਵੇਈਆਂ, ਡਰੇਨਾਂ ਜਿਹਨਾਂ ਵਿਚ ਬਰਸਾਤੀ ਪਾਣੀ ਵਹਿੰਦਾ ਸੀ, ਨੂੰ ਮਲੀਆਮੇਟ ਕਰ ਦਿੱਤਾ ਗਿਆ। ਦਰਿਆਈ ਇਲਾਕਿਆਂ ਦੇ ਬੰਨ੍ਹਾਂ ਤੋਂ ਇਲਾਵਾ ਇਹਨਾਂ ਇਲਾਕਿਆਂ ਵਿਚ ਬਣੀਆਂ ਹੋਰ ਸੜਕਾਂ ਨੂੰ ਰੇਤ ਦੇ ਟਰੱਕਾਂ, ਟਰਾਲੀਆਂ, ਟਿੱਪਰਾਂ ਨਾਲ ਸਤਿਆਨਾਸ ਕੀਤਾ ਗਿਆ। ਇਸ ਸਭ ਕੁਝ ਤੋਂ ਕਮਾਈਆਂ ਤਾਂ ਸੱਤਾ ਦੇ ਦਲਾਲ ਕਰਦੇ ਹਨ, ਸੰਤਾਪ ਆਮ ਜਨਤਾ ਭੋਗਦੀ ਹੈ। ਇੱਕ ਪਾਸੇ ਅਸੀਂ ਪਾਣੀ ਤੋਂ ਵਿਰਵੇ ਹੋ ਰਹੇ ਹਾਂ, ਦੂਜੇ ਪਾਸੇ ਹੜ੍ਹਾਂ ਦਾ ਸੰਤਾਪ ਭੋਗ ਰਹੇ ਹਾਂ। ਪੀਣ ਅਤੇ ਵਰਤੋਂ ਯੋਗ ਪਾਣੀ ਸਾਡੇ ਹੱਥੋਂ 'ਚੋਂ ਬਾਹਰ ਹੋ

## ਹੜ੍ਹਾਂ 'ਤੇ ਖੇਡੀ ਜਾ ਰਹੀ ਸਿਆਸਤ ਮੰਦਭਾਗਾ ਵਰਤਾਰਾ



ਮਾਝੇ 'ਚ ਰਾਵੀ ਅਤੇ ਉੱਜ ਦਰਿਆਵਾਂ 'ਚ ਪਾਣੀ ਛੱਡਣ ਕਾਰਨ ਛੋਟੀਆਂ ਨਦੀਆਂ ਤੇ ਨਾਲਿਆਂ 'ਚ ਪਾਣੀ ਦਾ ਪੱਧਰ ਵਧ ਗਿਆ ਹੈ। ਪ੍ਰਸ਼ਾਸਨ ਵੱਲੋਂ ਇਸ ਇਲਾਕੇ ਦੇ ਸਾਰੇ ਪਿੰਡਾਂ ਤੇ ਸ਼ਹਿਰਾਂ ਨੂੰ 'ਹਾਈ ਅਲਰਟ' ਕਰ ਦਿੱਤਾ ਗਿਆ ਹੈ। ਦਰਿਆ ਉੱਜ 'ਚ 2.60 ਲੱਖ ਕਿਊਸਿਕ ਪਾਣੀ ਛੱਡਿਆ ਗਿਆ ਹੈ ਜਿਸ ਨਾਲ ਇਸ ਦੇ ਕੰਢਿਆਂ ਨੇੜਲੇ ਇਲਾਕਿਆਂ 'ਚ ਵਸੇ ਲੋਕਾਂ ਨੂੰ ਚੇਤਾਵਨੀ ਦੇ ਦਿੱਤੀ ਗਈ ਹੈ। ਬਮਿਆਲ ਬਲਾਕ ਦੇ ਪ੍ਰਾਇਮਰੀ ਸਕੂਲਾਂ 'ਚ ਛੁੱਟੀ ਵੀ ਐਲਾਨ ਦਿੱਤੀ ਗਈ। ਓਧਰ ਘੋਨੇਵਾਲ ਤੇ ਕੱਸੋਵਾਲ 'ਚ ਰਾਵੀ ਦਰਿਆ ਦੇ ਪੁਲ਼ ਨੇੜੇ ਬੋਰੀਆਂ ਲਾ ਕੇ ਬੰਨ੍ਹ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਅਜਿਹੇ ਹੰਗਾਮੀ ਹਾਲਾਤ 'ਚ ਤੁਰਤ-ਫੁਰਤ ਰਾਹਤ ਪਹੁੰਚਾਉਣ ਦੇ ਨਾਲ-ਨਾਲ ਹੋਰ ਬਹੁਤ ਸਾਰੀਆਂ ਗੱਲਾਂ ਦਾ ਧਿਆਨ ਰੱਖਣਾ ਪੈਂਦਾ ਹੈ। ਭਾਵੇਂ ਪਾਣੀ ਕਿੰਨਾ ਵੀ ਚੜ੍ਹ ?ਹਿਆ ਹੋਵੇ, ਪ੍ਰਭਾਵਿਤ ਇਲਾਕਿਆਂ 'ਚ ਜ਼ਰੂਰੀ ਵਸਤਾਂ ਦੀ ਕਿਸੇ ਤਰ੍ਹਾਂ ਦੀ ਕਿੱਲਤ ਨਹੀਂ ਆਉਣੀ ਚਾਹੀਦੀ। ਇਨ੍ਹਾਂ ਹੰਗਾਮੀ ਹਾਲਾਤ 'ਚ ਜ਼ਖ਼ੀਰੇਬਾਜ਼ ਅਕਸਰ ਸਰਗਰਮ ਹੋ ਜਾਂਦੇ ਹਨ। ਪ੍ਰਸ਼ਾਸਨ ਨੂੰ ਅਜਿਹੇ ਅਨਸਰਾਂ 'ਤੇ ਚੌਕਸ ਨਜ਼ਰ ਰੱਖਣੀ ਚਾਹੀਦੀ ਹੈ। ਅਜਿਹੇ ਤੱਤਾਂ ਕਾਰਨ ਹੀ ਅਨਾਜ, ਖ਼ੁਰਾਕੀ ਤੇਲ, ਸਬਜ਼ੀਆਂ ਤੇ ਹੋਰ ਜ਼ਰੂਰੀ ਖ਼ੁਰਾਕੀ ਵਸਤਾਂ ਅੰਤਾਂ ਦੀਆਂ ਮਹਿੰਗੀਆਂ ਹੋ ਜਾਂਦੀਆਂ ਹਨ। ਇਨ੍ਹਾਂ ਖੇਤਰਾਂ 'ਚ ਪੀਣ ਵਾਲੇ ਪਾਣੀ ਦੀ ਸਪਲਾਈ ਵੀ ਯਕੀਨੀ ਬਣਾਉਣ ਦੀ ਬੜੀ ਲੋੜ ਰਹਿੰਦੀ ਹੈ। ਅਜਿਹੇ ਵੇਲੇ ਡੁੱਬਣ ਲਈ ਪਾਣੀ ਹਰ ਪਾਸੇ ਉਪਲਬਧ ਹੁੰਦਾ ਹੈ ਪਰ ਪੀਣ ਨੂੰ ਲੱਭਦਾ ਨਹੀਂ। ਅਜਿਹੀ ਹਾਲਤ ਨਿੱਕੇ ਬੱਚਿਆਂ, ਗਰਭਵਤੀਆਂ ਤੇ ਹੋਰ ਮਰੀਜ਼ਾਂ ਲਈ ਵੱਡੀ ਮੁਸੀਬਤ ਬਣ ਕੇ ਆਉਂਦੀ ਹੈ। ਜਦੋਂ ਪਾਣੀ ਚੜ੍ਹਦਾ ਹੈ ਤਾਂ ਪਸ਼ੂਆਂ ਤੇ ਕੁੱਤਿਆਂ-ਬਿੱਲਿਆਂ ਵਰਗੇ ਪਾਲਤੂ ਪਸ਼ੂਆਂ ਲਈ ਵੀ ਬਿਪਤਾ ਖੜ੍ਹੀ ਹੋ ਜਾਂਦੀ ਹੈ। ਨੀਵੇਂ ਇਲਾਕਿਆਂ 'ਚ ਪਾਣੀ ਚੜ੍ਹਨ ਨਾਲ ਆਮ ਤੌਰ 'ਤੇ ਅਜਿਹੇ ਜਾਨਵਰ ਅਕਸਰ ਮਾਰੇ ਜਾਂਦੇ ਹਨ।

ਫਿਰ ਉਸ ਤੋਂ ਬਾਅਦ ਲਾਸ਼ਾਂ ਸੜਨ ਨਾਲ ਜਿਹੜੀਆਂ ਬਿਮਾਰੀਆਂ ਫੈਲਦੀਆਂ ਹਨ, ਉਨ੍ਹਾਂ ਦਾ ਕਿਤੇ ਕੋਈ ਅੰਤ ਹੀ ਨਹੀਂ ਹੁੰਦਾ। ਬਿਪਤਾ ਦੀ ਇਸ ਘੜੀ 'ਚ ਜਦੋਂ ਸਿਆਸਤ ਸ਼ੁਰੂ ਹੁੰਦੀ ਹੈ ਤਾਂ ਅਸਲ ਹਾਲਾਤ ਬਦ ਤੋਂ ਬਦਤਰ ਹੋਣ ਲੱਗਦੇ ਹਨ। ਅਫ਼ਸੋਸ ਇਸੇ ਗੱਲ ਦਾ ਹੈ ਕਿ ਹੁਣ ਪੰਜਾਬ 'ਚ ਵੀ ਦਰਿਆਵਾਂ ਵਿਚ ਪਏ ਪਾੜਾਂ ਤੇ ਹੜ੍ਹਾਂ 'ਤੇ ਸਿਆਸਤ ਹੋਣ ਲੱਗ ਪਈ ਹੈ। ਸਭ ਤੋਂ ਪਹਿਲਾਂ ਮੁੱਖ ਮਸਲੇ ਭਾਵ ਪਾੜ ਨੂੰ ਪੂਰਨਾ ਤੇ ਉਸ ਦੇ ਨਾਲ ਹੀ ਪੀੜਤਾਂ ਨੂੰ ਤੁਰੰਤ ਰਾਹਤ ਪਹੁੰਚਾਉਣਾ, ਜ਼ਖ਼ਮੀਆਂ ਨੂੰ ਮੁੱਢਲੀ ਸਹਾਇਤਾ ਦੇ ਕੇ ਹਸਪਤਾਲਾਂ 'ਚ ਦਾਖ਼ਲ ਕਰਵਾਉਣਾ ਜ਼ਰੂਰੀ ਹੁੰਦਾ ਹੈ।

ਬਹੁਤ ਸਾਰੇ ਟੀਵੀ ਚੈਨਲਾਂ ਦੇ ਪੱਤਰਕਾਰ ਵੀ ਆਪਣੇ ਕੈਮਰੇ ਲੈ ਕੇ ਗਰਾਊਂਡ-ਜ਼ੀਰੋ 'ਤੇ ਨਿੱਤਰੇ ਵੇਖੇ ਜਾਂਦੇ ਹਨ। ਅਜਿਹੀਆਂ ਰਿਪੋਰਟਾਂ ਨਾਲ ਵਿਦੇਸ਼ 'ਚ ਬੈਠੇ ਪੰਜਾਬੀਆਂ ਨੂੰ ਆਪਣੇ ਪਿੰਡਾਂ ਦੀ ਸਹੀ ਅਤੇ ਸਾਰੀ ਸਾਰ ਇੰਨ-ਬਿੰਨ ਤੁਰੰਤ ਮਿਲ ਜਾਂਦੀ ਹੈ। ਰਾਹਤ ਕਾਰਜਾਂ 'ਚ ਜੁਟੇ ਨੌਜਵਾਨਾਂ, ਆਮ ਲੋਕਾਂ ਅਤੇ ਸਰਕਾਰੀ ਤੇ ਗ਼ੈਰ-ਸਰਕਾਰੀ ਸੰਗਠਨਾਂ ਦੇ ਕਾਰਕੁੰਨਾਂ ਸਭਨਾਂ ਦੀ ਸ਼ਲਾਘਾ ਕਰਨੀ ਬਣਦੀ ਹੈ ਜੋ ਆਪਣੀਆਂ ਜਾਨਾਂ ਦੀ ਪਰਵਾਹ ਕੀਤੇ ਬਗ਼ੈਰ 24 ਘੰਟੇ ਪੀੜਤਾਂ ਨੂੰ ਰਾਹਤ ਪਹੁੰਚਾਉਣ 'ਚ ਜੁਟੇ ਰਹਿੰਦੇ ਹਨ। ਉਨ੍ਹਾਂ ਨੂੰ ਅਜਿਹੇ ਹੰਗਾਮੀ ਆਹਰੇ ਲਾਉਣ ਵਾਲੇ ਅਧਿਕਾਰੀਆਂ ਦੀ ਚੌਕਸੀ ਵੀ ਕਮਾਲ ਦੀ ਹੁੰਦੀ ਹੈ ਜਿਹੜੇ ਸਰਕਾਰੀ ਹੁਕਮਾਂ ਤੋਂ ਵੀ ਪਹਿਲਾਂ ਤੁਰੰਤ ਕਾਰਵਾਈ ਕਰਦੇ ਤੇ ਕਰਵਾਉਂਦੇ ਹਨ। ਉਹੀ ਸਰਕਾਰ ਤੇ ਮੰਤਰੀਆਂ ਨੂੰ ਨੀਤੀਗਤ ਸਲਾਹਾਂ ਵੀ ਦਿੰਦੇ ਹਨ ਅਤੇ ਅੰਤ ਨੂੰ ਉਨ੍ਹਾਂ 'ਚੋਂ ਹੀ ਬਹੁਤੀਆਂ ਸਲਾਹਾਂ ਨੇ ਸਰਕਾਰ ਦੇ ਮੰਤਰੀਆਂ ਤੇ ਵਿਧਾਨ ਸਭਾ ਦੀਆਂ ਕਾਰਵਾਈਆਂ 'ਚੋਂ ਦੀ ਲੰਘਦੇ ਹੋਏ ਕਾਨੂੰਨ ਵੀ ਬਣਨਾ ਹੁੰਦਾ ਹੈ।





ਰਿਹਾ ਹੈ; ਦੂਜੇ ਪਾਸੇ, ਹੜ੍ਹਾਂ ਦੇ ਪਾਣੀ ਨਾਲ ਬਹੁਤ ਨੁਕਸਾਨ ਵੀ ਹੋ ਰਿਹਾ ਹੈ। ਦਰਿਆਵਾਂ ਦੇ ਜਿਹੜੇ ਪਾਣੀਆਂ ਨੇ ਰੇਤ ਨਾਲ ਜ਼ਮੀਨ ਵਿਚ ਰਿਸਣਾ ਸੀ, ਉਸ ਰੇਤ ਦੀ ਲੁੱਟ ਮੱਚੀ ਹੋਈ ਹੈ। ਹੜ੍ਹਾਂ ਦਾ ਪਾਣੀ ਕੁਝ ਸੀਮਤ ਦਿਨਾਂ ਵਿਚ ਆਉਂਦਾ ਹੈ, ਵੱਡਾ ਨੁਕਸਾਨ ਕਰ ਕੇ ਵਹਿ ਜਾਂਦਾ ਹੈ ਅਤੇ ਧਰਤੀ ਸੁੱਕੀ ਦੀ ਸੁੱਕੀ ਰਹਿ ਜਾਂਦੀ ਹੈ। ਸਤਲੁਜ ਨਦੀ ’ਤੇ ਬਣੇ ਭਾਖੜਾ ਨੰਗਲ ਡੈਮ ਅਤੇ ਬਿਆਸ ਦਰਿਆ ’ਤੇ ਹਿਮਾਚਲ ਵਿਚ ਬਣੇ ਪੌਂਗ ਡੈਮ ਨਾਲ ਭਾਵੇਂ ਬਿਜਲੀ ਦੀਆਂ ਲੋੜਾਂ ਦੀ ਪੂਰਤੀ ਹੁੰਦੀ ਹੈ ਪਰ ਅਜਿਹਾ ਕਰਨ ਨਾਲ ਦਰਿਆਵਾਂ ਦੇ ਕੁਦਰਤੀ ਵਹਾਅ ਵਿਚ ਵੱਡੀਆਂ ਤਬਦੀਲੀਆਂ ਆਈਆਂ। ਧਰਤੀ ਹੇਠਲਾ ਪਾਣੀ ਹਰ ਸਾਲ ਹੋਰ ਡੂੰਘਾ ਹੋ ਰਿਹਾ ਹੈ। ਚਾਹੀਦਾ ਤਾਂ ਇਹ ਸੀ ਕਿ ਦਰਿਆਈ ਇਲਾਕਿਆਂ ਦਾ ਹੋਰ ਵਿਸਥਾਰ ਕੀਤਾ ਜਾਂਦਾ, ਇਹਨਾਂ ਦੇ ਕੰਢਿਆਂ ’ਤੇ ਉੱਗੀ ਬਨਸਪਤੀ ਅਤੇ ਰੁੱਖਾਂ ਤੇ ਵਣਾਂ ਨੂੰ ਹੋਰ ਸੰਘਣੇ ਕਰਨ ਦਾ ਯਤਨ ਕੀਤਾ ਜਾਂਦਾ, ਦਰਿਆਵਾਂ ਦੇ ਕੰਢਿਆਂ ’ਤੇ ਕੁਦਰਤੀ ਵਹਾਅ ਨਾਲ ਬਣਦੇ ਡੂੰਮਾਂ, ਝੀਲਾਂ ਅਤੇ ਦਰਿਆਈ ਪਾੜਾਂ ਨੂੰ ਜਿਉਂ ਦੇ ਤਿਉਂ ਰੱਖਣ ਲਈ ਵੱਡੇ ਉਪਰਾਲੇ ਕੀਤੇ ਜਾਂਦੇ ਪਰ ਇਹ ਸਭ ਕੁਝ ਇਨਸਾਨੀ ਲਾਲਸਾਵਾਂ ਦੀ ਭੇਟ ਚੜ੍ਹ ਰਿਹਾ ਹੈ। ਪਿਛਲੇ ਦਿਨੀਂ ਹੜ੍ਹਾਂ ਤੋਂ ਪ੍ਰਭਾਵਿਤ ਵੱਖ ਵੱਖ ਇਲਾਕਿਆਂ ਵਿਚ ਜਾ ਕੇ ਪਤਾ ਲੱਗਿਆ ਕਿ ਵੱਡੀ ਤਾਦਾਦ ਵਿਚ ਸਾਡੇ ਲੋਕ ਬਹੁਤ ਤਰ੍ਹਾਂ ਦੀਆਂ ਕਈ ਮੁਸੀਬਤਾਂ ਝੱਲ ਰਹੇ ਹਨ। ਲੋਹੀਆਂ ਸ਼ਹਿਰ ਦੇ ਨੇੜਲੇ ਪਿੰਡਾਂ ਕੋਲੋਂ ਸਤਲੁਜ ਦਰਿਆ ਦਾ ਬੰਨ੍ਹ ਟੁੱਟਿਆ। ਪਾਣੀ ਇੰਨਾ ਜਿ ?ਆਦਾ ਸੀ ਕਿ ਕੁਝ ਮਿੰਟਾਂ ਵਿਚ ਇਹ ਪਾੜ ਵਿਸ਼ਾਲ ਹੁੰਦਾ ਗਿਆ। ਇਲਾਕੇ ਦੇ ਦਰਜਨਾਂ ਪਿੰਡ ਰਾਤੋ-ਰਾਤ ਪਾਣੀ ਵਿਚ ਡੁੱਬ ਗਏ। ਇੱਕ ਨੌਜਵਾਨ ਨੇ ਦੱਸਿਆ ਕਿ ਰਾਤ ਜਦੋਂ ਇੱਕ ਦਮ ਪਾਣੀ ਦਾ ਵਹਾਅ ਆਇਆ ਤਾਂ ਲੋਕਾਂ ਨੂੰ ਆਪਣੇ ਡੰਗਰ ਪਸ਼ੂ ਖੋਲ੍ਹਣ ਦਾ ਵੀ ਮੌਕਾ ਨਹੀਂ ਮਿਲਿਆ। ਵਡਾਲਾ ਪਿੰਡ ਦੇ ਨੌਜਵਾਨਾਂ ਨੇ ਦੱਸਿਆ ਕਿ ਉਹ ਲੋਕ ਜਿਹਨਾਂ ਦੇ ਘਰ ਦੀ ਚਾਰ ਦਵਾਰੀ ਵਲੀ ਹੋਈ ਸੀ, ਉਹ ਪਸ਼ੂਆਂ ਨੂੰ ਖੋਲ੍ਹ ਹੀ ਨਹੀਂ ਸਕੇ। ਹਰੀਕੇ ਝੀਲ ਤੋਂ ਉਤਰ ਵਾਲੇ ਪਾਸੇ ਕਈ ਪਿੰਡ ਹਨ ਜਿਹਨਾਂ ਦੁਆਲੇ ਤਿੰਨ ਤੋਂ ਪੰਜ ਫੁੱਟ

ਸਾਲ ਬਰਕਰਾਰ ਰਹਿੰਦਾ ਹੈ, ਇਸ ਲਈ ਪਿੰਡ ਖੇਤਾਂ ਨਾਲੋਂ ਕੁਝ ਉੱਚੀ ਜਗਾਹ ’ਤੇ ਹਨ। ਹੜ੍ਹ ਪੀੜਤ ਮਾਸੂਮ ਬੱਚੇ ਬਿਮਾਰ ਹੋ ਰਹੇ ਹਨ। ਲੋਕਾਂ ਦੇ ਹੱਥ ਪੈਰ ਗੰਦੇ ਪਾਣੀ ਨਾਲ ਗਲ ? ਰਹੇ ਹਨ। ਇੱਕ ਬਜ਼ੁਰਗ ਨੇ ਦੱਸਿਆ ਕਿ ਅੱਜ ਜੋ ਇਸ ਪਿੰਡ ਦੇ ਆਲੇ-ਦੁਆਲੇ ਪਾਣੀ ਦਾ ਮੰਜ਼ਰ ਤੁਸੀਂ ਦੇਖ ਰਹੇ ਹੋ, ਇਹ ਬਹੁਤ ਵੱਡੀ ਮੁਸੀਬਤ ਹੈ ਪਰ





ਇਸ ਤੋਂ ਵੱਡੀ ਮੁਸੀਬਤ ਉਦੋਂ ਸ਼ੁਰੂ ਹੋਵੇਗੀ ਜਦੋਂ ਪਾਣੀ ਲਹਿ ਜਾਵੇਗਾ। ਉਸ ਸਮੇਂ ਪਾਣੀ ਨਾਲ ਗਲ ? ਚੁੱਕੀਆਂ ਫਸਲਾਂ ਮੁਸ਼ਕ ਮਾਰਨ ਲੱਗ ਜਾਣਗੀਆਂ। ਉਸ ਸਮੇਂ ਪਿੰਡ ਵਿਚ ਰਹਿਣਾ ਨਰਕ ਵਿਚ ਰਹਿਣ ਵਾਂਗ ਬਣ ਜਾਂਦਾ ਹੈ, ਲੋਕਾਂ ਨੂੰ ਚਮੜੀ ਦੇ ਰੋਗ ਹੋਣ ਲੱਗਦੇ ਹਨ। ਬੁਖਾਰ ਨਾਲ ਲੋਕ ਵੱਡੀ ਪੱਧਰ ’ਤੇ ਬਿਮਾਰ ਹੋਣ ਲੱਗ ਪੈਂਦੇ ਹਨ। ਇੱਕ ਤਾਂ ਲੋਕ ਆਰਥਿਕ ਪੱਖੋਂ ਕੰਗਾਲ ਹੋ ਜਾਂਦੇ ਹਨ, ਦੂਜਾ ਸਰੀਰਕ ਤੇ ਮਾਨਸਿਕ ਪੱਖੋਂ ਕਈ ਤਰ੍ਹਾਂ ਦੀਆਂ ਬਿਮਾਰੀਆਂ, ਦੁਸ਼ਵਾਰੀਆਂ ਦੇ ਸ਼ਿਕਾਰ ਹੋਣ ਲੱਗਦੇ ਹਨ।

ਇਹ ਸੱਚ ਹੈ ਕਿ ਹੜ੍ਹ ਕੁਦਰਤੀ ਆਫ਼ਤ ਹੈ ਅਤੇ ਧਰਤੀ ਦੇ ਵੱਖ ਵੱਖ ਖਿੱਤਿਆਂ ਵਿਚ ਸਦੀਆਂ ਤੋਂ ਲੋਕ ਹੜ੍ਹਾਂ ਵਰਗੀਆਂ ਮੁਸੀਬਤਾਂ ਦਾ ਸੰਤਾਪ ਭੋਗਦੇ ਰਹੇ ਹਨ ਪਰ ਬੀਤੇ ਵੇਲਿਆਂ ਵਿਚ ਜੇ ਅਜਿਹਾ ਹੁੰਦਾ ਸੀ ਤਾਂ ਇਹ ਸਭ ਕੁਝ ਮਨੁੱਖ ਦੀ ਸਮਝ ਤੋਂ ਬਾਹਰ ਸੀ ਪਰ ਅੱਜ ਦੇ ਗਿਆਨ ਵਿਗਿਆਨ ਦੇ ਯੁੱਗ ਵਿਚ ਵੀ ਜੇ ਲੋਕ ਅਜਿਹੇ ਸੰਤਾਪ ਭੋਗਦੇ ਹਨ, ਜਾਂ ਇਹਨਾਂ ਨੂੰ ਕੁਝ ਹੱਦ ਤੱਕ ਵੀ ਅਸੀਂ ਕੰਟਰੋਲ ਨਹੀਂ ਕਰ ਸਕੇ ਤਾਂ ਇਸ ਨੂੰ ਵਿਵਸਥਾ ਦੀ ਨਾਕਾਮੀ ਹੀ ਆਖਿਆ ਜਾਵੇਗਾ। ਅਸੀਂ ਅੰਬਰ ’ਤੇ ਚੰਨ ਤਾਰਿਆਂ ਨਾਲ ਸਾਂਝਾਂ ਪਾਉਣ ਦੀ ਗੱਲ ਕਰਦੇ ਹਾਂ ਪਰ ਧਰਤੀ ’ਤੇ ਕੀ ਹੋ ਵਾਪਰ ਰਿਹਾ ਹੈ, ਇਸ ਬਾਰੇ ਸਾਡੇ ਮੁਲਕ ਦੀ ਵਿਵਸਥਾ ਬਿਲਕੁਲ ਵੀ ਬੇਵੱਸ ਹੋਈ ਨਜ਼ਰ ਆਉਂਦੀ ਹੈ।

ਭਾਰਤ ਵੱਖ ਵੱਖ ਤਰ੍ਹਾਂ ਦੀ ਭੂਗੋਲਿਕ ਸਥਿਤੀ ਵਾਲਾ ਦੇਸ਼ ਹੈ ਇੱਥੇ ਕਿਤੇ ਤਾਂ ਬੱਦਲ ਫਟਦੇ ਹਨ, ਕਿਤੇ ਸੋਕੇ ਨਾਲ ਫਸਲਾਂ ਸੜ ਬਲ ਜਾਂਦੀਆਂ ਹਨ। ਕਿਤੇ ਸਾਰਾ ਸਾਲ ਮੀਂਹ ਪੈਂਦਾ ਹੈ, ਕਿਤੇ ਪੰਜ ਪੰਜ ਸਾਲ ਮੀਂਹ ਦੀ ਛਿੱਟ ਵੀ ਨਹੀਂ ਡਿਗਦੀ। ਕਿਤੇ ਬਰਫਾਂ ਜੰਮਦੀਆਂ ਹਨ, ਕਿਤੇ ਉਹਨਾਂ ਹੀ ਦਿਨਾਂ ਦੌਰਾਨ ਪਾਰਾ ਸੰਤਾਲੀ ਡਿਗਰੀ ਤੱਕ ਚਲਾ ਜਾਂਦਾ ਹੈ। ਸਾਡੇ ਦੇਸ਼ ਵਿਚ ਜਿੱਥੇ ਵਾਧੂ ਪਾਣੀ ਸੰਭਾਲਣ ਲਈ ਵੱਡੀਆਂ ਯੋਜਨਾਵਾਂ ’ਤੇ ਕੰਮ ਕਰਨ ਦੀ ਲੋੜ ਹੈ ਉੱਥੇ ਮੌਸਮ ਵਿਭਾਗ ਨੂੰ ਹੋਰ ਸਚਾਰੂ ਬਣਾਉਣ ਦੀ ਲੋੜ ਹੈ ਤਾਂ ਕਿ ਵੱਖ ਵੱਖ ਇਲਾਕਿਆਂ ਵਿਚ ਹੋਣ ਵਾਲੀਆਂ ਬਾਰਸ਼ਾਂ ਦਾ ਅਗਾਊਂ ਅਨੁਮਾਨ ਲਗਾ ਕੇ ਡੈਮਾਂ ਦੇ ਪਾਣੀਆਂ ਨੂੰ ਲੋੜ ਅਨੁਸਾਰ ਨਾਲੋ ਨਾਲ ਛੱਡਿਆ ਜਾ ਸਕੇ ਅਤੇ ਹੜ੍ਹਾਂ ਵਰਗੀ ਭਿਆਨਕ ਸਥਿਤੀ ਪੈਦਾ ਹੀ ਨਾ ਹੋਵੇ। ਖਬਰਾਂ ਇਹ ਵੀ ਹਨ ਕਿ ਜੂਨ ਜੁਲਾਈ ਵਿਚ ਜਾਣਬੁੱਝ ਕੇ ਡੈਮਾਂ ਨੂੰ ਪਾਣੀ ਨਹੀਂ ਛੱਡਿਆ ਜਾਂਦਾ ਤਾਂ ਕਿ ਹੋਰ ਸੂਬਿਆਂ ਨੂੰ ਲੋੜ ਅਨੁਸਾਰ ਪਾਣੀ ਦਿੱਤਾ ਜਾ ਸਕੇ ਪਰ ਜੋ ਲੋਕ ਇਸ ਦਾ ਖਮਿਆਜ਼ਾ ਭੁਗਤਦੇ ਹਨ, ਉਹਨਾਂ ਦਾ ਇਸ ਵਿਚ ਕੀ ਕਸੂਰ ਹੈ ? ਦਰਿਆਵਾਂ ਦੇ ਇਲਾਕਿਆਂ ਵਿਚ ਨਾਜਾਇਜ਼ ਇਮਾਰਤਾਂ, ਡੇਰਿਆਂ ਦੀ ਉਸਾਰੀ, ਮਾਈਨਿੰਗ ’ਤੇ ਸਖਤੀ ਨਾਲ ਰੋਕ ਲਾਉਣ ਦੀ ਲੋੜ ਹੈ। ਨਹਿਰਾਂ ਦੀ ਸਫ਼ਾਈ ਦੇ ਨਾਲ ਨਾਲ ਵੱਧ ਤੋਂ ਪਾਣੀ ਇਹਨਾਂ ਦਿਨਾਂ ਵਿਚ ਨਹਿਰਾਂ ਵਿਚ ਛੱਡੇ ਜਾਣ ਦੀ ਲੋੜ ਹੁੰਦੀ ਹੈ। ਜੂਨ ਜੁਲਾਈ ਵਿਚ ਜਦੋਂ ਝੋਨੇ ਦੀ ਬਿਜਾਈ ਹੁੰਦੀ ਹੈ ਤਾਂ ਧਰਤੀ ਹੇਠਲੇ ਪਾਣੀ ਦੀ ਵਰਤੋਂ ਦੀ ਬਜਾਇ ਨਹਿਰੀ ਪਾਣੀ ਨੂੰ ਵਰਤੋਂ ਵਿਚ ਲਿਆਉਣ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਪਾਣੀਆਂ ਦਾ ਵੇਗ ਘੱਟ ਕਰਨ ਲਈ ਇਹ ਬੜਾ ਜ਼ਰੂਰੀ ਹੈ ਕਿ ਪਹਾੜਾਂ ਵਿਚ ਰੁੱਖ ਲਾਏ ਜਾਣ। ਰੇਤ ਮਾਈਨਿੰਗ ਨਾਲ ਹੁੰਦੀ ਸੜਕਾਂ ਪੁਲਾਂ ਅਤੇ ਦਰਿਆਈ ਬੰਨ੍ਹਾਂ ਦੇ ਨੁਕਸਾਨ ਨੂੰ ਸਖਤੀ ਨਾਲ ਰੋਕਣ ਦੀ ਲੋੜ ਹੈ। ਪੰਜਾਬ ਦੀਆਂ ਨੈਆਂ, ਵੇਈਆਂ, ਡਰੇਨਾਂ ਦੀ ਸਫ਼ਾਈ ਹਰ ਸਾਲ ਮੌਨਸੂਨ ਤੋਂ ਪਹਿਲਾਂ ਹੋਣੀ ਚਾਹੀਦੀ ਹੈ ਜੋ ਕਦੇ ਵੀ ਨਹੀਂ ਹੋਈ। ਡਰੇਨ ਵਿਭਾਗ ਜਿਵੇਂ ਸੁੱਤਾ ਹੀ ਰਹਿੰਦਾ ਹੈ। ਜੇ ਪੰਜਾਬ ਦੀਆਂ ਸਾਰੀਆਂ ਬਰਸਾਤੀ ਨਦੀਆਂ, ਵੇਈਆਂ, ਨੈਆਂ ਤੋਂ ਨਾਜਾਇਜ਼ ਕਬਜੇ ਛੁਡਵਾ ਕੇ ਇਹਨਾਂ ਨੂੰ ਦੁਬਾਰਾ ਸੁਰਜੀਤ ਕੀਤਾ ਜਾਵੇ, ਇਹਨਾਂ ਦੀ ਹਰ ਸਾਲ ਸਫ਼ਾਈ ਹੋਵੇ ਤਾਂ ਹੜ੍ਹਾਂ ਦੇ ਭਿਆਨਕ ਸੰਕਟ ਤੋਂ ਨਿਜਾਤ ਪਾਈ ਜਾ ਸਕਦੀ ਹੈ। ਅਜਿਹਾ ਕਰਨ ਨਾਲ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੇ ਪੱਧਰ ਵਿਚ ਵੀ ਸੁਧਾਰ ਕੀਤਾ ਜਾ ਸਕਦਾ ਹੈ।


ਪੰਜਾਬ ਦੇ ਪਿੰਡਾਂ ਦੇ ਲੋਕ, ਵੱਖ ਵੱਖ ਸੰਸਥਾਵਾਂ ਜੋ ਹੜ੍ਹ ਪੀੜਤਾਂ ਦੀ ਮਦਦ ਲਈ ਦਿਨ ਰਾਤ ਇੱਕ ਕਰ ਰਹੀਆਂ ਹਨ, ਦੀ ਸੋਚ ਨੂੰ ਸਲਾਮ ਕਰਨੀ ਬਣਦੀ ਹੈ। ਪੰਜਾਬ ਦੀਆਂ ਬਹੁਤ ਸਾਰੀਆਂ ਲੋਕ ਪੱਖੀ ਸੰਸਥਾਵਾਂ ਜਿਹੜੀਆਂ ਜਾਤਾਂ, ਮਜ਼ ?ਹਬਾਂ ਦੀਆਂ ਵਲਗਣਾਂ ਤੋਂ ਉਪਰ ਉੱਠ ਲੋਕਾਂ ਦੀ ਹਰ ਤਰ੍ਹਾਂ ਦੀ ਮਦਦ ਲਈ ਅੱਗੇ ਆਈਆਂ ਹਨ, ਸਭ ਦੇ ਜਜ਼ਬੇ ਨੂੰ ਸਲਾਮ ਕਰਨੀ ਬਣਦੀ ਹੈ।

ਇਸ ਸਮੇਂ ਪੀੜਤ ਪਰਿਵਾਰਾਂ ਦੀ ਬਾਂਹ ਫੜਨ ਦੀ ਲੋੜ ਹੈ। ਉਹਨਾਂ ਦੇ ਨੁਕਸਾਨ ਲਈ ਉਹਨਾਂ ਨੂੰ ਮਾਲੀ ਮਦਦ ਦੀ ਲੋੜ ਹੈ। ਕੇਂਦਰ ਅਤੇ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਹੜ੍ਹਾਂ ਤੋਂ ਪ੍ਰਭਾਵਿਤ ਲੋਕ ਜੋ ਇੱਕ ਤਰ੍ਹਾਂ ਨਾਲ ਜੜ੍ਹਾਂ ਤੋਂ ਉਖੜ ਗਏ ਹਨ, ਨਾਲ ਲਗਾਤਾਰ ਰਾਬਤਾ ਪੈਦਾ ਕਰਨ ਅਤੇ ਉਹਨਾਂ ਦੇ ਨੁਕਸਾਨ ਦੀ ਭਰਪਾਈ ਲਈ ਹਰ ਯੋਗ ਕਦਮ ਪੁੱਟਿਆ ਜਾਵੇ। ਇਸ ਸਮੇਂ ਪਾਣੀ ਵਿਚ ਘਿਰੇ ਅਤੇ ਦਰਿਆਵਾਂ ਦੇ ਬੰਨ੍ਹਾਂ ’ਤੇ ਛੋਟੇ ਛੋਟੇ ਬੱਚਿਆਂ ਨੂੰ ਲੈ ਕੇ ਬੈਠੇ ਲੋਕਾਂ ਦੀ ਜਾਨ ਤਰਾਹ ਤਰਾਹ ਕਰ ਰਹੀ ਹੈ। ਪੂਰਾ ਦਿਨ ਪਾਣੀ ਦੀ ਭੜਾਸ ਨਾਲ ਗਰਮੀ ਨਾਲ ਬੁਰਾ ਹਾਲ ਹੁੰਦਾ ਹੈ। ਸ਼ਾਮ ਪੈਂਦਿਆਂ ਹੀ ਗਰਮੀ ਅਤੇ ਮੱਛਰ ਤੰਗ ਕਰਨ ਲਗਦੇ ਹਨ। ਇਹਨਾਂ ਲੋਕਾਂ ਲਈ ਆਰਜ਼ੀ ਬਿਜਲੀ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ। ਚਾਰ ਚੁਫੇਰੇ ਪਾਣੀ ਜਾਂ ਜਿੱਲਣ ਹੋਣ ਕਾਰਨ ਮੁਸ਼ਕਿਲਾਂ ਵਧ ਰਹੀਆਂ ਹਨ। ਇਹਨਾਂ ਨੂੰ ਡਰ ਹੈ ਕਿ ਜੇ ਬਾਰਸ਼ ਪੈਣੀ ਸ਼ੁਰੂ ਹੋ ਜਾਵੇ ਤਾਂ ਖੁੱਲ੍ਹੇ ਅਸਮਾਨ ਹੇਠ ਬੈਠੇ ਇਹਨਾਂ ਲੋਕਾਂ ਦਾ ਕੀ ਬਣੇਗਾ ? ਸੋ ਇਹਨਾਂ ਲੋਕਾਂ ਲਈ ਢੁਕਵੇਂ ਪ੍ਰਬੰਧ ਕਰਨ ਦੀ ਲੋੜ ਹੈ। ਬਿਮਾਰੀਆਂ ਤੋਂ ਬਚਾਉਣ ਲਈ ਅਗਾਊਂ ਯੋਜਨਾਬੰਦੀ ਦੀ ਲੋੜ ਹੈ। ਹੜ੍ਹਾਂ ਦੀ ਆਫ਼ਤ ਨੂੰ ਤੁਸੀਂ ਬੇਸ਼ੱਕ ਕੁਦਰਤੀ ਆਫ਼ਤ ਕਹੋ ਪਰ ਵਿਵਸਥਾ ਦੀ ਬਦਇੰਤਜ਼ਾਮੀ ਦਾ ਇਸ ਵਿਚ ਵੱਡਾ ਰੋਲ ਹੈ।





# ਪੰਜਾਬੀਆਂ ਨੂੰ ਕਦੋਂ ਇਨਸਾਫ਼ ਮਿਲੇਗਾ?



*ਪੰਜਾਬੀਆਂ ਨੂੰ ਤਾਂ ਅਜੇ ਤੱਕ 1947 ਦਾ ਮਹਾਂ ਦੁਖਾਂਤ ਵੀ ਨਹੀਂ ਭੁੱਲਿਆ। ਭਾਰਤ ਦੀ ਆਜ਼ਾਦੀ ਲਈ ਪੰਜਾਬੀਆਂ ਨੇ ਜੋ ਕੁਰਬਾਨੀਆਂ ਦਿੱਤੀਆਂ, ਤਸੀਹੇ ਸਹੇ, ਜੇਲ੍ਹੀਂ ਗਏ ਤੇ ਕਾਲੇ ਪਾਣੀਆਂ 'ਚ ਉਮਰਾਂ ਗਾਲ੍ਹੀਆਂ, ਫਾਂਸੀਆਂ ਦੇ ਰੱਸੇ ਚੁੰਮੇ ਤੇ ਸ਼ਹਾਦਤਾਂ ਦਿੱਤੀਆਂ ਉਹਦੀ ਕਦਰ ਪਾਉਣ ਦੀ ਥਾਂ ਉਲਟਾ ਪੰਜਾਬ ਨਾਲ ਧੱਕਾ ਕੀਤਾ ਗਿਆ। ਪੰਜਾਬ ਦੀ ਆਰਥਿਕਤਾ ਨੂੰ ਤਬਾਹ ਕਰਨ ਦੀਆਂ ਅਨੇਕਾਂ ਚਾਲਾਂ ਕੁਚਾਲਾਂ ਚੱਲੀਆਂ ਗਈਆਂ।*

**ਪ੍ਰਿੰ. ਸਰਵਣ ਸਿੰਘ**

ਜਸਵੰਤ ਸਿੰਘ ਕੰਵਲ ਕੂਕਦਾ ਇਸ ਦੁਨੀਆ ਤੋਂ ਚਲਾ ਗਿਆ, 'ਪੰਜਾਬ ਸਿਆਂ! ਤੇਰਾ ਕੋਈ ਨਾ ਬੇਲੀ।' ਉਸ ਨੇ ਪੰਜਾਬ ਨਾਲ ਹੁੰਦੇ ਵਿਤਕਰੇ ਬਾਰੇ ਕੇਂਦਰੀ ਹਾਕਮਾਂ ਨੂੰ ਬੇਅੰਤ ਚਿੱਠੀਆਂ ਲਿਖੀਆਂ, ਜੋ ਹੁਣ ਵੀ ਉਹਦੀਆਂ ਕਿਤਾਬਾਂ 'ਚੋਂ ਪੜ੍ਹੀਆਂ ਜਾ ਸਕਦੀਆਂ ਹਨ। ਤੀਹ ਕੁ ਸਾਲ ਪਹਿਲਾਂ ਮੈਂ ਵੀ ਇਕ ਲੇਖ ਲਿਖਿਆ ਸੀ, 'ਦੁੱਖ ਦਰਿਆਵਾਂ ਦੇ।' ਉਹਦਾ ਤੱਤਸਾਰ ਸੀ ਕਿ ਦਰਿਆਈ ਪਾਣੀ ਜੇ ਸੋਕੇ ਸਮੇਂ ਅੰਮ੍ਰਿਤ ਹੈ ਤਾਂ ਹੜ੍ਹ ਸਮੇਂ ਮੁਸੀਬਤ ਤੇ ਮੌਤ ਹੈ। ਤਦੇ ਰਿਪੇਰੀਅਨ ਸਿਧਾਂਤ ਅਨੁਸਾਰ ਦਰਿਆ ਉਹਦੇ ਹੀ ਸਮਝੇ ਜਾਂਦੇ ਹਨ, ਜਿਹੜੇ ਰਾਜ ਵਿਚ ਵਗਦੇ ਹੋਣ। ਇਹ ਅਨਿਆਂ ਹੈ ਕਿ ਰਿਪੇਰੀਅਨ ਰਾਜ ਹੜ੍ਹਾਂ ਦਾ ਦੁੱਖ ਤਾਂ ਭੋਗੀ ਜਾਵੇ ਪਰ ਆਪਣੇ ਦਰਿਆਈ ਪਾਣੀ ਕਿਸੇ ਹੋਰ ਰਾਜ ਨੂੰ ਮੁਫ਼ਤ ਦੇਈ ਜਾਵੇ। ਸਤਲੁਜ, ਬਿਆਸ, ਰਾਵੀ ਤੇ ਘੱਗਰ ਪੰਜਾਬ ਰਾਜ ਦੀ ਲੱਖਾਂ ਏਕੜ ਉਪਜਾਊ ਜ਼ਮੀਨ ਮੱਲੀ ਬੈਠੇ ਹਨ, ਜਿਸ ਦੀ ਕੀਮਤ ਦਾ ਕੋਈ ਲੇਖਾ ਨਹੀਂ। ਉੱਥੇ ਨਾ ਕੋਈ ਫ਼ਸਲ ਹੁੰਦੀ ਹੈ, ਨਾ ਘਰ ਪਾਇਆ ਜਾ ਸਕਦੈ ਤੇ ਨਾ ਰੁਜ਼ਗਾਰ ਲਈ ਕੋਈ ਕਾਰਖਾਨਾ ਲਾਇਆ ਜਾ ਸਕਦੈ। ਉਤੋਂ ਹੜ੍ਹਾਂ ਨਾਲ ਅਰਬਾਂ ਖਰਬਾਂ ਦਾ ਨੁਕਸਾਨ ਹੋ ਜਾਂਦੈ। ਇਸ ਨੁਕਸਾਨ ਦੀ ਪੂਰਤੀ ਤਦੇ ਹੋ ਸਕਦੀ ਹੈ, ਜੇ ਪੰਜਾਬ ਦੇ ਦਰਿਆਵਾਂ ਦਾ ਪਾਣੀ ਵਰਤਣ ਵਾਲੇ ਨਾਨ ਰਿਪੇਰੀਅਨ ਰਾਜ ਹੜ੍ਹਾਂ ਦੇ ਨੁਕਸਾਨ ਦਾ ਵੀ ਹਿੱਸਾ ਵੰਡਾਉਣ ਜਾਂ ਦਰਿਆਵਾਂ ਦੇ ਪਾਣੀ ਵਰਤਣ ਦਾ ਬਾਜ਼ਾਰ ਅਨੁਸਾਰ ਮੁੱਲ ਤਾਰਨ। ਰਿਪੇਰੀਅਨ ਸਿਧਾਂਤ ਅਨੁਸਾਰ ਗੰਗਾਨਗਰ ਦਾ ਮਹਾਰਾਜਾ ਗੰਗ ਨਹਿਰ ਦੇ ਪਾਣੀ ਦਾ ਮੁੱਲ ਤਾਰਦਾ ਸੀ। ਇਹ ਕਿਧਰਲਾ ਨਿਆਂ ਹੈ ਕਿ ਰਾਜਸਥਾਨ ਆਪਣੀ ਮਿੱਟੀ ਯਾਨੀ ਪੱਥਰ ਤਾਂ ਪੰਜਾਬ ਨੂੰ ਮੁੱਲ ਵੇਚੇ ਪਰ ਪੰਜਾਬ ਦਾ ਦਰਿਆਈ ਪਾਣੀ ਮੁਫ਼ਤ ਵਰਤੇ। ਜੇ ਕੋਲੇ ਦੀਆਂ ਖਾਣਾਂ ਵਾਲਾ ਰਾਜ ਕੋਲਾ ਵੇਚਦਾ, ਤੇਲ ਦੇ ਖੂਹਾਂ ਵਾਲਾ ਤੇਲ, ਜੰਗਲ ਵਾਲਾ ਲੱਕੜ, ਧਾਤਾਂ ਵਾਲਾ ਧਾਤ ਤਾਂ ਜਿਹੜੇ ਰਾਜ ਦੀ ਜ਼ਮੀਨ ਘੇਰੀ/ਦੱਬੀ ਦਰਿਆ ਤੇ ਨਾਲੇ ਵਗਦੇ ਹੋਣ ਉਹ ਪਾਣੀ ਕਿਉਂ ਨਾ ਵੇਚਣ? ਦਰਿਆਵਾਂ ਕਰਕੇ ਹੀ ਪੰਜਾਬ 'ਚ ਅਕਸਰ ਹੜ੍ਹ ਆਉਂਦੇ ਹਨ ਜੋ ਜਾਨ-ਮਾਲ ਦੀ ਤਬਾਹੀ ਕਰਦੇ ਹਨ। ਹੜ੍ਹ 'ਚ ਬੰਦੇ ਮਰਦੇ, ਪਸ਼ੂ ਰੁੜ੍ਹਦੇ, ਮਕਾਨ ਢਹਿੰਦੇ, ਸੜਕਾਂ ਟੁਟਦੀਆਂ, ਪੁਲ ਡਿਗਦੇ, ਸੇਮ ਹੁੰਦੀ, ਟਿਊਵੈੱਲ ਬਹਿੰਦੇ ਤੇ ਫ਼ਸਲਾਂ ਮਾਰੀਆਂ ਜਾਂਦੀਆਂ ਹਨ। ਹੜ੍ਹ ਦੇ ਪਾਣੀ ਨਾਲ ਲੱਗੀਆਂ ਲਾਗ ਦੀਆਂ ਬਿਮਾਰੀਆਂ ਵੱਖ ਲੈ ਬਹਿੰਦੀਆਂ ਹਨ। ਢਹੀਆਂ ਉਸਾਰੀਆਂ ਮੁੜ ਉਸਾਰਨੀਆਂ ਪੈਂਦੀਆਂ ਹਨ। ਜੇ ਦਰਿਆਈ ਪਾਣੀਆਂ ਦੀ ਕੀਮਤ ਵਸੂਲੀ ਗਈ ਹੋਵੇ ਤਾਂ ਕਿਸੇ ਹੱਦ ਤੱਕ ਘਾਟੇ ਪੂਰੇ ਕੀਤੇ ਜਾ ਸਕਦੇ ਹਨ। ਵਰਨਾ ਕਰਜ਼ਈ ਹੋਇਆ ਰਾਜ ਹੋਰ ਕਰਜ਼ਈ ਹੁੰਦਾ ਰਹਿੰਦਾ ਹੈ। ਕਿੱਡਾ ਅਨਿਆਂ ਹੈ ਕਿ ਸੋਕੇ ਵੇਲੇ ਤਾਂ ਪੰਜਾਬ ਤੋਂ ਪਾਣੀ ਖੋਹ ਲਿਆ ਜਾਂਦਾ ਹੈ ਪਰ ਬਾਰਿਸ਼ਾਂ ਤੇ ਹੜ੍ਹਾਂ ਵੇਲੇ ਆਖਿਆ ਜਾਂਦਾ ਹੈ ਆਪਣਾ ਪਾਣੀ ਆਪੇ ਸਾਂਭੋ ਤੇ ਸਾਡੇ ਵੱਲ ਆਉਂਦੀਆਂ ਨਹਿਰਾਂ ਦਾ ਪਾਣੀ ਬੰਦ ਕਰ ਦਿਓ। ਇਸੇ ਨੂੰ ਕਹਿੰਦੇ ਹਨ, ਖਾਣ ਪੀਣ ਨੂੰ ਬਾਂਦਰੀ ਡੰਡੇ ਖਾਣ ਨੂੰ ਰਿੱਛ!

ਦੇਸ਼ ਆਜ਼ਾਦ ਹੋਣ ਤੋਂ ਲੈ ਕੇ ਹੀ ਕੇਂਦਰੀ ਸਰਕਾਰਾਂ ਪੰਜਾਬ ਨਾਲ ਧਰੋਹ ਕਮਾਉਂਦੀਆਂ ਆ ਰਹੀਆਂ ਹਨ। ਪਹਿਲਾਂ ਪੰਜਾਬ ਨੂੰ ਪੰਜਾਬੀ ਬੋਲਦੇ ਪਰੇ ਇਲਾਕੇ ਨਾ ਦਿੱਤੇ, ਫਿਰ ਰਾਜਧਾਨੀ ਚੰਡੀਗੜ੍ਹ ਨੱਪ ਲਈ, ਭਾਖੜਾ ਡੈਮ ਦਾ ਪ੍ਰਬੰਧਕੀ ਅਧਿਕਾਰ ਵੀ ਖੋਹ ਲਿਆ, ਸੰਵਿਧਾਨ ਵਿਚ ਦਿੱਤੇ ਰਾਜ ਅਧਿਕਾਰ ਛਿੱਕੇ ਟੰਗ ਦਿੱਤੇ, ਟੈਕਸਾਂ ਦੇ ਅਧਿਕਾਰ ਦੀ ਕਾਣੀ ਵੰਡ ਕੀਤੀ, ਗੱਲ ਕੀ ਪੰਜਾਬ ਨੂੰ ਚੂੰਡਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਗਈ। ਹੁਣ ਨਾ ਪੰਜਾਬ ਕੋਲ ਆਪਣੀ ਖੇਤੀਬਾੜੀ ਦੀਆਂ ਫ਼ਸਲਾਂ ਦੇ ਵਪਾਰ ਦਾ ਸੁਤੰਤਰ ਅਧਿਕਾਰ ਹੈ ਤੇ ਨਾ ਆਪਣੀ ਸਿੱਖਿਆ ਦੇਣ ਦਾ ਸੁਤੰਤਰ ਅਧਿਕਾਰ। ਹੋਰ ਤਾਂ ਹੋਰ ਪੰਜਾਬੀਆਂ ਦੇ ਆਪਣੇ ਸੱਭਿਆਚਾਰ ਦੀਆਂ ਰਹੁਰੀਤਾਂ ਦਾ ਅਧਿਕਾਰ ਵੀ ਕੇਂਦਰ ਸਰਕਾਰ ਹੜੱਪਣ ਨੂੰ ਫਿਰਦੀ ਹੈ।

ਪੰਜਾਬੀਆਂ ਨੂੰ ਤਾਂ ਅਜੇ ਤੱਕ 1947 ਦਾ ਮਹਾਂ ਦੁਖਾਂਤ ਵੀ ਨਹੀਂ ਭੁੱਲਿਆ। ਭਾਰਤ ਦੀ ਆਜ਼ਾਦੀ ਲਈ ਪੰਜਾਬੀਆਂ ਨੇ ਜੋ ਕੁਰਬਾਨੀਆਂ ਦਿੱਤੀਆਂ, ਤਸੀਹੇ ਸਹੇ, ਜੇਲ੍ਹੀਂ ਗਏ ਤੇ ਕਾਲੇ ਪਾਣੀਆਂ 'ਚ ਉਮਰਾਂ ਗਾਲ਼ੀਆਂ, ਫਾਂਸੀਆਂ ਦੇ ਰੱਸੇ ਚੁੰਮੇ ਤੇ ਸ਼ਹਾਦਤਾਂ ਦਿੱਤੀਆਂ ਉਹਦੀ ਕਦਰ ਪਾਉਣ ਦੀ ਥਾਂ ਉਲਟਾ ਪੰਜਾਬ ਨਾਲ ਧੱਕਾ ਕੀਤਾ ਗਿਆ। ਪੰਜਾਬ ਦੀ ਆਰਥਿਕਤਾ ਨੂੰ ਤਬਾਹ ਕਰਨ ਦੀਆਂ ਅਨੇਕਾਂ ਚਾਲਾਂ ਕੁਚਾਲਾਂ ਚੱਲੀਆਂ ਗਈਆਂ।

ਪੱਛਮੀ ਪੰਜਾਬ ਵਿਚੋਂ ਪੰਜਾਹ ਲੱਖ ਹਿੰਦੂ ਸਿੱਖ ਵਸਦੇ ਰਸਦੇ ਘਰਾਂ 'ਚੋਂ ਉੱਜੜ ਕੇ ਮਰਦੇ ਖਪਦੇ ਤੇ ਅਸਮਤਾਂ ਲੁਟਾਉਂਦੇ ਹੋਏ ਭਾਰਤ ਵਿਚ ਆਏ ਸਨ। ਘੱਟੋ-ਘੱਟ ਦਸ ਲੱਖ ਪੰਜਾਬੀ ਅਨਿਆਈ ਮੌਤੇ ਮਾਰੇ ਗਏ। ਹਮਦਰਦੀ ਵਿਚ ਕੇਂਦਰੀ ਸਰਕਾਰਾਂ ਨੇ ਕੀ ਦਿੱਤਾ ਪੰਜਾਬੀਆਂ ਨੂੰ? ਉਲਟਾ ਲਾਹੌਰ, ਫਿਰ ਸ਼ਿਮਲੇ ਤੇ ਚੰਡੀਗੜ੍ਹ ਦੀ ਰਾਜਧਾਨੀ ਤੋਂ ਵੀ ਪੰਜਾਬੀਆਂ ਨੂੰ ਵਿਰਵੇ ਕਰ ਦਿੱਤਾ। ਇਕਰਾਰ ਸੀ ਕਿ ਹਰਿਆਣੇ ਨੂੰ ਨਵੀਂ ਰਾਜਧਾਨੀ ਬਣਾ ਕੇ ਦਿੱਤੀ ਜਾਵੇਗੀ। ਕਿੱਥੇ ਗਏ ਉਹ ਇਕਰਾਰ? ਉਲਟਾ ਹਰਿਆਣੇ ਨੂੰ ਚੰਡੀਗੜ੍ਹ 'ਚ ਇਕ ਹੋਰ ਵਿਧਾਨ ਸਭਾ ਉਸਾਰਨ ਲਈ ਦਸ ਏਕੜ ਜ਼ਮੀਨ ਦਿੱਤੀ ਜਾ ਰਹੀ ਹੈ। ਕੇਂਦਰ ਸਰਕਾਰ ਦੀ ਇਹ ਗੁੱਝੀ ਚਾਲ ਹੈ, ਜਿਸ ਨਾਲ ਨਾ ਹਰਿਆਣੇ ਨੂੰ ਨਵੀਂ ਰਾਜਧਾਨੀ ਬਣਾ ਕੇ ਦਿੱਤੀ ਜਾਵੇਗੀ ਅਤੇ ਨਾ ਕਦੇ ਪੰਜਾਬ ਨੂੰ ਚੰਡੀਗੜ੍ਹ ਦਿੱਤਾ ਜਾਵੇਗਾ। ਇਹ ਮਿਲਿਆ ਹੈ ਦੇਸ਼ ਦੀ ਆਜ਼ਾਦੀ ਤੇ ਰਾਖੀ ਕਰਨ ਲਈ ਪੰਜਾਬੀਆਂ ਦੀਆਂ ਦਿੱਤੀਆਂ ਕੁਰਬਾਨੀਆਂ ਦਾ ਇਨਾਮ! ਪੰਜਾਬੀਆਂ ਨੇ 'ਆਜ਼ਾਦੀ' ਦੀ ਕੀਮਤ ਤਾਰਦਿਆਂ ਪੱਛਮੀ ਪੰਜਾਬ 'ਚ 67 ਲੱਖ ਏਕੜ ਜ਼ਮੀਨ ਛੱਡੀ ਸੀ, ਜਿਸ ਵਿਚ ਬਹੁਤੀ ਸੇਂਜੂ ਸੀ। ਉਹਦੇ ਬਦਲੇ ਪੂਰਬੀ ਪੰਜਾਬ 'ਚ 47 ਲੱਖ ਏਕੜ ਜ਼ਮੀਨ ਮਿਲੀ, ਜਿਸ ਵਿਚ ਬਹੁਤੀ ਬਰਾਨੀ ਸੀ। ਦੂਹਰਾ ਘਾਟਾ ਸੀ। ਜੋ ਵਣਜ ਵਪਾਰ, ਦੁਕਾਨਾਂ ਤੇ ਘਰ-ਬਾਰ ਓਧਰ ਛੱਡਿਆ, ਏਧਰ ਉਹਦਾ ਅੱਧਾ ਵੀ ਨਹੀਂ ਮਿਲਿਆ। ਪਰ ਪੰਜਾਬੀ ਫਿਰ ਵੀ ਆਪਣੀ ਹਿੰਮਤ ਤੇ ਮਿਹਨਤ ਨਾਲ ਮੁੜ ਪੈਰਾਂ 'ਤੇ ਖੜ੍ਹੇ ਹੋਏ। ਮਤਰੇਈ ਮਾਂ ਵਾਲਾ ਸਲੂਕ ਕਰਨ ਵਾਲੀਆਂ ਕੇਂਦਰੀ ਸਰਕਾਰਾਂ ਨੇ ਕਦੇ ਵੀ ਪੰਜਾਬ ਲਈ ਖੁੱਲ੍ਹਦਿਲੀ ਤੇ ਦਿਆਲਤਾ ਨਹੀਂ ਵਿਖਾਈ। ਪਰ ਆਫਰੀਨ ਪੰਜਾਬੀਆਂ ਦੇ ਕਿ ਉੱਜੜ ਪੁੱਜੜ ਜਾਣ ਦੇ ਬਾਵਜੂਦ ਉਹ ਕਦੇ ਭਿਖਾਰੀ ਨਹੀਂ ਬਣੇ। ਵੈਸੇ ਕੇਂਦਰ ਪੰਜਾਬੀਆਂ ਨੂੰ ਭਿਖਾਰੀ ਬਣਾਉਣ ਦੀ ਕੋਈ ਕਸਰ ਬਾਕੀ ਨਹੀਂ ਛੱਡ ਰਿਹਾ। ਕੇਂਦਰ ਕਦੇ ਗਿਣਾਵੇ ਤਾਂ ਸਹੀ ਕਿ ਉਸ ਨੇ ਪੰਜਾਬ ਨੂੰ ਕੀ ਦਿੱਤਾ ਹੈ? ਉਲਟਾ ਪੰਜਾਬੀ ਗਿਣਾ ਸਕਦੇ ਹਨ ਕਿ ਕਿਵੇਂ ਉਨ੍ਹਾਂ ਨੇ ਅਨਾਜ ਦੇ ਖੇਤਰ ਵਿਚ ਦੇਸ਼ ਨੂੰ ਸਵੈ-ਨਿਰਭਰ ਬਣਾਇਆ। ਸਰਹੱਦਾਂ ਦੀ ਰਾਖੀ ਕਰਦਿਆਂ ਬੇਅੰਤ ਲਹੂ ਡੋਲ੍ਹਿਆ ਤੇ ਸਭਨਾਂ ਤੋਂ ਵੱਧ ਸਿਰ ਦਿੱਤੇ।

ਪਤਾ ਨਹੀਂ ਅਜੇ ਪੰਜਾਬ ਨੇ ਕੇਂਦਰ ਦੇ ਹੋਰ ਕਿਹੜੇ-ਕਿਹੜੇ ਧੱਕੇ ਸਹਿਣੇ ਹਨ ਤੇ ਪੰਜਾਬ ਦਾ ਕੀ ਕੁਝ ਹੋਰ ਖੋਹਿਆ ਜਾਣਾ ਹੈ? ਅਜੋਕੇ ਹਾਲਾਤ ਵੇਖ ਲਓ। ਹਾਲਾਂਕਿ ਪੰਜਾਬ 'ਚ ਕੋਈ ਬਹੁਤੇ ਮੀਂਹ ਨਹੀਂ ਪਏ। ਪਰ ਪਹਾੜਾਂ 'ਤੇ ਹੋਈ ਭਾਰੀ ਬਾਰਿਸ਼ ਨੇ ਪੰਜਾਬ ਦੇ ਦਰਿਆਵਾਂ ਤੇ ਨਦੀਆਂ-ਨਾਲਿਆਂ ਰਾਹੀਂ ਅਜਿਹੀ ਤਬਾਹੀ ਲਿਆਂਦੀ, ਜੋ ਕਿਸੇ ਦੇ ਚਿੱਤ-ਚੇਤੇ ਨਹੀਂ ਸੀ। ਖੜ੍ਹੇ ਪੈਰ ਪੰਜਾਬ ਦਾ ਅਰਬਾਂ ਖਰਬਾਂ ਦਾ ਨੁਕਸਾਨ ਹੋ ਗਿਆ। ਕੀ ਕੇਂਦਰ ਸਰਕਾਰ ਖੁੱਲ੍ਹੇ ਦਿਲ ਨਾਲ ਪੰਜਾਬ ਦੀ ਆਰਥਿਕ ਮਦਦ ਕਰੇਗੀ ਤੇ ਵਿਸ਼ੇਸ਼ ਆਰਥਿਕ ਪੈਕਜ ਦੇਵੇਗੀ? ਕੀ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਪੰਜਾਬ ਨੂੰ ਬਿਨਾਂ ਦੇਰ ਕੀਤੇ ਮੋੜੇਗੀ? ਪੰਜਾਬੀ ਬੋਲਦੇ ਬਾਹਰ ਰੱਖ ਲਏ ਗਏ ਇਲਾਕੇ ਪੰਜਾਬ ਨੂੰ ਪਰਤਾਏਗੀ? ਪੰਜਾਬ ਦੇ ਸੰਵਿਧਾਨਕ ਅਧਿਕਾਰ ਬਹਾਲ ਕਰੇਗੀ? ਵੱਡੀ ਸਨਅਤ ਖ਼ਾਸ ਕਰ ਐਗਰੋ-ਇੰਡਸਟਰੀ ਸਥਾਪਿਤ ਕਰਨ ਵਿਚ ਸਹਾਇਤਾ ਕਰੇਗੀ? ਪੰਜਾਬ ਦਾ ਵਪਾਰ ਪੰਜਾਬ ਦੇ ਨਾਲ ਲਗਦੇ ਗੁਆਂਢੀ ਦੇਸ਼ ਪਾਕਿਸਤਾਨ ਨਾਲ ਸ਼ੁਰੂ ਕਰਨ ਦੀ ਹਰੀ ਝੰਡੀ ਦੇਵੇਗੀ? ਪੰਜਾਬ ਦੇ ਦਰਿਆਈ ਪਾਣੀ ਵਰਤਣ ਵਾਲੇ ਰਾਜਾਂ ਤੋਂ ਪਾਣੀਆਂ ਦੀ ਰਾਇਲਟੀ ਦੁਆਏਗੀ? ਹੜ੍ਹਾਂ ਨਾਲ ਹੋਏ ਨੁਕਸਾਨ ਦੀ ਭਰਪਾਈ ਕਰਨ 'ਚ ਪੰਜਾਬ ਦੀ ਕਿੰਨੀ ਮਦਦ ਕਰੇਗੀ ਤੇ ਕਰਵਾਏਗੀ? ਸ਼ੁਕਰ ਹੈ ਪਾਕਿਸਤਾਨ ਨੇ ਹੜ੍ਹ ਦਾ ਪ੍ਰਕੋਪ ਮੱਠਾ ਕਰਨ ਲਈ ਸੁਲੇਮਾਨਕੀ ਹੈੱਡ ਵਰਕਸ ਦੇ ਸਾਰੇ ਗੇਟ ਖੋਲ੍ਹ ਕੇ ਪੂਰਬੀ ਪੰਜਾਬ ਦੇ ਅੱਧੇ ਮਾਲਵੇ ਨੂੰ ਡੁੱਬਣੋਂ ਤੇ ਰੁੜ੍ਹਨੋਂ ਬਚਾ ਲਿਆ। ਆਪਣੇ ਪਿੰਡਾਂ ਦਾ ਨੁਕਸਾਨ ਕਰਵਾ ਲਿਆ। ਪਰ ਏਧਰ ਕੇਂਦਰ ਦੇ ਕਾਰਕੁਨਾਂ ਨੂੰ ਅਜੇ ਚਾਲੀ ਪੰਜਾਹ ਫੁੱਟ ਊਣੇ ਭਾਖੜੇ ਡੈਮ ਦੇ ਗੇਟ ਖੋਲ੍ਹਣ ਦੀ ਕਾਹਲੀ ਪਈ ਹੋਈ ਸੀ ਤਾਂ ਕਿ ਪੰਜਾਬ ਦਾ ਕੋਈ ਵੀ ਪਿੰਡ ਡੁੱਬਣੋਂ ਨਾ ਬਚ ਜਾਏ!

ਮਾਮੂਲੀ ਗੱਲਾਂ 'ਤੇ ਆਪਸ ਵਿਚ ਖਹਿਬੜਦੇ ਸਿਆਸਤਦਾਨੋਂ, ਕੋਝੀਆਂ ਸਿਆਸਤਾਂ ਛੱਡ ਦਿਓ ਹੁਣ। ਪੰਜਾਬ ਦੇ ਹਰੇਕ ਵਾਸੀ, ਰਾਜਸੀ ਪਾਰਟੀਆਂ, ਬੁੱਧੀਮਾਨਾਂ, ਕਿਸਾਨਾਂ, ਮਜ਼ਦੂਰਾਂ, ਕਾਰੋਬਾਰੀਆਂ ਤੇ ਪੰਜਾਬ ਦੀਆਂ ਸਮੇਂ-ਸਮੇਂ ਬਣਦੀਆਂ ਪਾਰਟੀਆਂ ਦੇ ਲੀਡਰਾਂ ਸਮੇਤ ਸਭ ਦੇ ਜਾਗਣ ਦਾ ਵੇਲਾ ਹੈ। ਜਾਗੋ ਤੇ ਹੋਰ ਲੁੱਟੇ ਜਾਣ ਤੋਂ ਬਚੋ! ਅੱਖਾਂ ਖੋਲ੍ਹੋ ਤੇ ਵੇਖੋ ਕਿ ਕੌਣ ਤੁਹਾਡਾ ਦਰਦੀ ਹੈ ਤੇ ਕੌਣ ਬੇਦਰਦ? ਜਿਹੜੇ ਪੰਜਾਬ ਦੇ ਦਰਿਆਵਾਂ ਦਾ ਪਾਣੀ ਵਰਤਦੇ ਹਨ, ਪੰਜਾਬ ਦਾ ਲੱਖਾਂ ਕਰੋੜਾਂ ਟਨ ਅਨਾਜ ਤੇ ਹੋਰ ਫ਼ਸਲਾਂ ਭੋਂ ਦੇ ਭਾਅ ਲੁੱਟਦੇ ਹਨ, ਪਰ ਪੰਜਾਬ ਸਿਰ ਪਈ ਬਿਪਤਾ ਸਮੇਂ ਅੱਖਾਂ ਫੇਰ ਲੈਂਦੇ ਹਨ, ਕੀ ਉਹ ਪੰਜਾਬ ਨੂੰ ਆਪਣੀ ਜ਼ਰਖਰੀਦ ਬਸਤੀ ਸਮਝਦੇ ਹਨ? ਹਾਲ ਦੀ ਘੜੀ ਤਾਂ ਹਕੀਕਤ ਇਹੋ ਹੈ ਕਿ ਕੇਂਦਰੀ ਹਾਕਮਾਂ ਨੂੰ ਪੰਜਾਬ ਨਾਲੋਂ ਦਿੱਲੀ, ਹਰਿਆਣਾ, ਹਿਮਾਚਲ ਤੇ ਰਾਜਸਥਾਨ ਦੇ ਹਿਤ ਵਧੇਰੇ ਪਿਆਰੇ ਹਨ। ਬਾਰਡਰ ਦੇ ਸਤਾਏ ਪੰਜਾਬ ਦਾ ਕੀ ਐ? ਰੁੜ੍ਹਦਾ ਪਿਆ ਹੈ ਤਾਂ ਰੁੜ੍ਹੀ ਜਾਵੇ, ਗਰਕਦਾ ਪਿਆ ਹੈ ਗਰਕੀ ਜਾਵੇ!

# ਆਲੇ-ਦੁਆਲੇ ਦੀ ਸੰਭਾਲ



ਸਮਾਜਿਕ ਮੌਕੇ ਚਾਹੇ ਵਿਆਹ-ਸ਼ਾਦੀਆਂ ਵਰਗੇ ਜਸ਼ਨਾਂ ਦੇ ਹੋਣ ਜਾਂ ਫਿਰ ਧਾਰਮਿਕ ਸਮਾਗਮਾਂ ਵੇਲੇ ਹੋਣ ਵਾਲੇ ਇਕੱਠਾਂ ਦੇ, ਇਹ ਮੌਕੇ ਲੋਕਾਂ ਲਈ ਖ਼ੁਸ਼ੀਆਂ ਮਨਾਉਣ ਤੇ ਮੇਲ-ਮਿਲਾਪ ਵਧਾਉਣ ਵਾਲੇ ਹੁੰਦੇ ਹਨ। ਅਕਸਰ ਵੇਖਿਆ ਜਾਂਦਾ ਹੈ ਕਿ ਅਜਿਹੇ ਮੌਕਿਆਂ 'ਤੇ ਲੋਕ ਆਪਣੇ ਵੱਲੋਂ ਆਯੋਜਿਤ ਕੀਤੇ ਪ੍ਰੋਗਰਾਮਾਂ ਦਾ ਧਿਆਨ ਤਾਂ ਬੜੀ ਗੰਭੀਰਤਾ ਨਾਲ ਰੱਖਦੇ ਹਨ ਪਰ ਵਾਤਾਵਰਨ ਦੀ ਸਾਂਭ-ਸੰਭਾਲ ਨੂੰ ਕਿਤੇ ਨਾ ਕਿਤੇ ਅੱਖੋਂ-ਪਰੋਖੇ ਕਰ ਦਿੰਦੇ ਹਨ ਜਿਸ ਕਾਰਨ ਇਕੱਤਰਤਾ ਵਾਲੀ ਥਾਂ 'ਤੇ ਹਵਾ, ਪਾਣੀ, ਆਵਾਜ਼ ਅਤੇ ਮਿੱਟੀ ਦੇ ਪ੍ਰਦੂਸ਼ਣ ਵੱਡੇ ਪੱਧਰ 'ਤੇ ਫੈਲ ਜਾਂਦੇ ਹਨ।

ਇਸ ਲਈ ਪ੍ਰੋਗਰਾਮਾਂ ਦੇ ਪ੍ਰਬੰਧਕਾਂ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਇਸ ਗੱਲ ਦਾ ਧਿਆਨ ਰੱਖਣ ਕਿ ਪ੍ਰੋਗਰਾਮ ਵਾਲੀ ਥਾਂ 'ਤੇ ਘੱਟ ਤੋਂ ਘੱਟ ਪ੍ਰਦੂਸ਼ਣ ਫੈਲੇ। ਜਿਵੇਂ ਸਮਾਗਮ ਵਾਲੀ ਥਾਂ 'ਤੇ ਭੋਜਨ ਆਦਿ ਦਾ ਪ੍ਰਬੰਧ ਕਰਦਿਆਂ ਪਲਾਸਟਿਕ ਦੇ ਬਰਤਨਾਂ ਦੀ ਵਰਤੋਂ ਨਾ ਕੀਤੀ ਜਾਵੇ ਤੇ ਜੇ ਹੋ ਸਕੇ ਤਾਂ ਪਿੱਤਲ ਜਾਂ ਸਟੀਲ ਦੇ ਭਾਂਡਿਆਂ ਦੀ ਵਰਤੋਂ ਕੀਤੀ ਜਾਵੇ ਅਤੇ ਉਨ੍ਹਾਂ ਦੀ ਸਾਫ਼-ਸਫ਼ਾਈ ਵਾਸਤੇ ਭੱਠੀ ਦੀ ਸੁਆਹ ਦੀ ਵਰਤੋਂ ਕੀਤੀ ਜਾਵੇ। ਜੇ ਸੰਭਵ ਹੋਵੇ ਤਾਂ ਪੱਤਲਾਂ ਦਾ ਇੰਤਜ਼ਾਮ ਕੀਤਾ ਜਾਵੇ ਕਿਉਂਕਿ ਇਹ ਸਮਾਂ ਪਾ ਕੇ ਆਪਣੇ-ਆਪ ਨਸ਼ਟ ਹੋ ਜਾਂਦੀਆਂ ਹਨ ਅਤੇ ਕਿਸੇ ਕਿਸਮ ਦਾ ਪ੍ਰਦੂਸ਼ਣ ਨਹੀਂ ਕਰਦੀਆਂ ਹਨ। ਆਯੋਜਕਾਂ ਵੱਲੋਂ ਧਿਆਨ ਰੱਖਿਆ ਜਾਵੇ ਕਿ ਜਸ਼ਨ ਜਾਂ ਪ੍ਰੋਗਰਾਮ ਵਾਲੀ ਥਾਂ 'ਤੇ ਵਰਤੇ ਜਾਂਦੇ ਲਾਊਡ ਸਪੀਕਰਾਂ ਦੀ ਆਵਾਜ਼ ਆਯੋਜਨ ਵਾਲੀ ਇਮਾਰਤ ਦੇ ਅੰਦਰ ਤਕ ਹੀ ਸੀਮਿਤ ਰਹੇ। ਕਿਸੇ ਵੀ ਤਰ੍ਹਾਂ ਦੇ ਖ਼ੁਸ਼ੀ ਵਾਲੇ ਮੌਕੇ 'ਤੇ ਘਰ ਜਾਂ ਪੈਲੇਸ ਆਦਿ ਦੀ ਸਜਾਵਟ ਲਈ ਤਾਜ਼ੇ ਫੁੱਲਾਂ ਅਤੇ ਆਰਗੈਨਿਕ ਰੰਗਾਂ ਦੀ ਵਰਤੋਂ ਹੀ ਕੀਤੀ ਜਾਵੇ। ਅਕਸਰ ਵੇਖਿਆ ਜਾਂਦਾ ਹੈ ਕਿ ਕਿਸੇ ਖ਼ੁਸ਼ੀ ਦੇ ਮੌਕੇ 'ਤੇ ਪਟਾਕੇ ਚਲਾਉਣ ਨੂੰ ਬੜੀ ਅਹਿਮੀਅਤ ਦਿੱਤੀ ਜਾਂਦੀ ਹੈ। ਉਸ ਵੇਲੇ ਅਸੀਂ ਇਹ ਭੁੱਲ ਜਾਂਦੇ ਹਾਂ ਕਿ ਇਹ ਪਟਾਕੇ ਪ੍ਰਦੂਸ਼ਣ ਵਿਚ ਵਾਧਾ ਕਰਦੇ ਹਨ।


ਸਮਾਜਿਕ ਪ੍ਰੋਗਰਾਮਾਂ ਵੇਲੇ ਇਕੱਤਰਤਾ ਵਾਲੀ ਥਾਂ 'ਤੇ ਪਹੁੰਚਣ ਲਈ ਆਵਾਜਾਈ ਦੇ ਸਾਧਨਾਂ ਦੀ ਵਰਤੋਂ ਕਰਨੀ ਪੈਂਦੀ ਹੈ। ਅਸੀਂ ਆਵਾਜਾਈ ਲਈ ਸਾਂਝੇ ਵਾਹਨਾਂ ਦੀ ਵਰਤੋਂ ਕਰ ਕੇ ਸੂਝਵਾਨ ਨਾਗਰਿਕ ਹੋਣ ਦਾ ਸਬੂਤ ਦੇ ਸਕਦੇ ਹਾਂ। ਵਿਆਹ-ਸ਼ਾਦੀਆਂ ਤੇ ਹੋਰ ਸਮਾਗਮਾਂ 'ਚ ਭੋਜਨ ਪਦਾਰਥਾਂ ਦਾ ਇਕ ਵੱਡਾ ਹਿੱਸਾ ਵਿਅਰਥ ਕਰ ਕੇ ਕੂੜੇਦਾਨ 'ਚ ਸੁੱਟ ਦਿੱਤਾ ਜਾਂਦਾ ਹੈ। ਪ੍ਰੋਗਰਾਮ ਦੇ ਆਯੋਜਕਾਂ ਵੱਲੋਂ ਆਏ ਮਹਿਮਾਨਾਂ ਨੂੰ ਅਜਿਹਾ ਨਾ ਕਰਨ ਦੀ ਬੇਨਤੀ ਕਰ ਕੇ ਅੰਨ ਦੀ ਬਰਬਾਦੀ ਰੋਕਣ 'ਚ ਵੱਡੀ ਭੂਮਿਕਾ ਨਿਭਾਈ ਜਾ ਸਕਦੀ ਹੈ। ਅਜੋਕੇ ਸਮੇਂ 'ਚ ਬੱਚਿਆਂ ਦਾ ਜਨਮ ਦਿਨ ਮਨਾਉਣ ਦਾ ਰਿਵਾਜ ਕਾਫ਼ੀ ਪ੍ਰਚਲਿਤ ਹੋ ਚੁੱਕਿਆ ਹੈ। ਅਜਿਹੇ ਮੌਕੇ 'ਤੇ ਅਸੀਂ ਨਵੇਂ ਪੌਦੇ ਲਗਾ ਕੇ ਵਾਤਾਵਰਨ ਨੂੰ ਸਾਫ਼ ਰੱਖਣ ਦਾ ਸੰਦੇਸ਼ ਦੇ ਸਕਦੇ ਹਾਂ ਅਤੇ ਬੱਚਿਆਂ ਨੂੰ ਵੀ ਪੌਦਿਆਂ ਦੀ ਮਹੱਤਤਾ ਸਮਝਾ ਕੇ ਆਪਣੇ ਚੌਗਿਰਦੇ ਦੀ ਸਾਂਭ-ਸੰਭਾਲ 'ਚ ਵੱਡਮੁੱਲਾ ਯੋਗਦਾਨ ਪਾ ਸਕਦੇ ਹਾਂ।

**-ਅਸ਼ਵਨੀ ਚਤਰਥ, ਬਟਾਲਾ**




# ਪੱਥਰ ਹੀ ਨਹੀਂ ਪਹਾੜ ਵੀ ਰੱਖਣਾ ਪੈਂਦੈ ਦਿਲ 'ਤੇ

*ਸਾਡਾ ਵਿਚਾਰ ਸੀ ਕਿ ਵਿਆਹ ਦੀਆਂ ਰਸਮਾਂ ਬਹੁਤ ਹੀ ਘੱਟ ਕੀਤੀਆਂ ਜਾਣ ਬੇਲੋੜੀਆਂ ਰਸਮਾਂ ਨੂੰ ਘਟਾ ਕੇ ਵਿਆਹ ਬਹੁਤ ਹੀ ਸਾਦਾ ਕੀਤਾ ਜਾਵੇ। ਸਾਡੇ ਸਮਾਜ ਵਿਚ ਇਹ ਪਹਿਲ ਮੁੰਡੇ ਵਾਲੇ ਹੀ ਕਰ ਸਕਦੇ ਹਨ....ਕੁੜੀ ਵਾਲੇ ਤਾਂ ਵਿਚਾਰੇ ਡਰਦੇ ਹੀ ਰਹਿੰਦੇ ਹਨ ਕਿ ਕਿਤੇ ਮੁੰਡੇ ਵਾਲੇ ਨਾਰਾਜ਼ ਹੀ ਨਾ ਹੋ ਜਾਣ। ਆਮ ਕਰਕੇ ਮੁੰਡੇ ਵਾਲਿਆਂ ਦਾ ਵਿਵਹਾਰ ਇਕ ਅਫ਼ਸਰ ਵਰਗਾ ਹੁੰਦਾ ਹੈ ਅਤੇ ਕੁੜੀ ਵਾਲੇ ਵਿਚਾਰੇ ਜਿਹੇ ਬਣ ਕੇ ਇਕ ਮਤਾਹਿਤ ਵਾਂਗ ਜੀ-ਜੀ ਕਰਦੇ ਰਹਿੰਦੇ ਹਨ।*



ਰਵਿੰਦਰ ਚੋਟ

ਘਰ ਵਿਚ ਅਸੀਂ ਸਾਰੇ ਜੀਅ ਆਪਣੇ ਆਪਣੇ ਕੰਮੀਂ ਲੱਗੇ ਹੁੰਦੇ, ਉੱਪਰ ਉਨ੍ਹਾਂ ਦੇ ਕਮਰੇ ਵਿਚੋਂ ਬੱਚਿਆਂ ਦੀਆਂ ਕਿਲਕਾਰੀਆਂ ਵਰਗੀਆਂ ਆਵਾਜ਼ਾਂ ਆਉਂਦੀਆਂ ਰਹਿੰਦੀਆਂ। ਇੰਜ ਲੱਗਣਾ ਜਿਵੇਂ ਉਹ ਕਿਸੇ ਗੱਲ 'ਤੇ ਬਹੁਤ ਖ਼ੁਸ਼ ਹੋ ਗਈਆਂ ਹੋਣ। ਉਨ੍ਹਾਂ ਦੇ ਦਰਵਾਜ਼ੇ ਕੋਲੋਂ ਲੰਘਦਿਆਂ ਵੇਖਣਾ ਉਹ ਇਕ-ਦੂਜੀ ਦੇ ਕੰਨ ਵਿਚ ਕੋਈ ਕਾਨਾਫੂਸੀਆਂ ਕਰ ਰਹੀਆਂ ਹੁੰਦੀਆਂ। ਇਕ 108 ਸਾਲ ਟੱਪ ਚੁੱਕੀ ਦੂਸਰੀ 92 ਪਾਰ ਕਰ ਗਈ ਸੀ। ਸਬੱਬ ਇਉਂ ਬਣਿਆ ਕਿ ਦੋਵਾਂ ਦੀਆਂ ਅੱਖਾਂ ਵਿਚ ਕਾਲਾ ਮੋਤੀਆ ਉੱਤਰ ਆਇਆ ਸੀ। ਦੋਵਾਂ ਦੀਆਂ ਅੱਖਾਂ ਦਾ ਅਪ੍ਰੇਸ਼ਨ ਜਲੰਧਰ ਦੇ ਮਸ਼ਹੂਰ ਡਾਕਟਰ ਕੋਲੋ ਕਰਵਾਇਆ ਤਾਂ ਦੋਵਾਂ ਨੇ ਸਲਾਹ ਕਰ ਲਈ ਕਿ ਆਪਾਂ ਹੁਣ ਇਕੱਠੀਆਂ ਹੀ ਰਹਾਂਗੀਆਂ। ਵੱਡੀ ਮੇਰੀ ਮਾਤਾ ਸੀ ਅਤੇ ਦੂਸਰੀ ਮੇਰੀ ਪਤਨੀ ਦੀ ਮਾਤਾ ਸੀ ਭਾਵ ਦੋਵੇਂ ਕੁੱੜਮਣੀਆਂ ਕੁੱੜਮਣੀਆਂ। ਅਸੀਂ ਉਨ੍ਹਾਂ ਨੂੰ ਘਰ ਵਿਚ ਇਕ ਕਮਰਾ ਦੇ ਦਿੱਤਾ। ਉਹ ਦੋਵੇਂ ਇਕ ਦੂਸਰੀ ਨਾਲ ਪਰਚੀਆਂ ਰਹਿੰਦੀਆਂ। ਕਾਲੀਆਂ ਐਨਕਾਂ ਲਗਾ ਕੇ ਡੌਨ ਬਣੀਆਂ ਬੱਚਿਆਂ ਵਾਂਗ ਖੇਡੇ ਪਈਆਂ ਰਹਿੰਦੀਆਂ। ਕਈ ਵਾਰੀ ਛੋਟੇ-ਛੋਟੇ ਕੰਮਾਂ ਲਈ ਇਕ ਦੂਜੀ ਅਗੇ ਭੱਜਣਾ, ਕਈ ਵਾਰੀ ਡਿਗ ਵੀ ਪੈਣਾਂ, ਹੱਸਦੀਆਂ ਨੇ ਫਿਰ ਉਠ ਖੜ੍ਹਨਾ।

ਕੁਦਰਤੀ ਇਨ੍ਹਾਂ ਦਿਨਾਂ ਵਿਚ ਹੀ ਮੇਰੇ ਲੜਕੇ ਲਈ ਲੜਕੀ ਵੇਖੀ ..ਦੋਵਾਂ ਬੱਚਿਆਂ ਨੇ ਇਕ ਦੂਸਰੇ ਨੂੰ ਪਸੰਦ ਕਰ ਲਿਆ- ਰੋਕੇ ਦੇ ਨਾਲ ਹੀ ਵਿਆਹ ਦੀ ਤਾਰੀਖ ਵੀ ਪੱਕੀ ਕਰ ਲਈ ਗਈ। ਕਈ ਵਾਰੀ ਫ਼ਿਲਮਾਂ ਵਿਚ ਕਹਾਣੀ ਰੋਚਕ ਬਣਾਉਣ ਲਈ ਕਈ ਮੌਕਾ ਮੇਲ ਪੈਦਾ ਕੀਤੇ ਹੁੰਦੇ ਹਨ ਜਿਹੜੇ ਕਿ ਬਿਲਕੁਲ ਝੂਠੇ ਜਾਪਦੇ ਹਨ ਪਰ ਕਈ ਵਾਰੀ ਅਸਲ ਜ਼ਿੰਦਗੀ ਵਿਚ ਅਜੇਹੇ ਮੌਕਾ-ਮੇਲ ਕੁਦਰਤ ਕਰਵਾਉਂਦੀ ਹੈ ਕਿ ਬੰਦਾ ਸੋਚਦਾ ਹੀ ਰਹਿ ਜਾਂਦਾ ਕਿ ਮੈਂ ਸੁਪਨਾ ਵੇਖ ਰਿਹਾਂ ਕਿ ਅਸਲ ਵੇਖ ਰਿਹਾ।

ਸਾਡਾ ਵਿਚਾਰ ਸੀ ਕਿ ਵਿਆਹ ਦੀਆਂ ਰਸਮਾਂ ਬਹੁਤ ਹੀ ਘੱਟ ਕੀਤੀਆਂ ਜਾਣ ਬੇਲੋੜੀਆਂ ਰਸਮਾਂ ਨੂੰ ਘਟਾ ਕੇ ਵਿਆਹ ਬਹੁਤ ਹੀ ਸਾਦਾ ਕੀਤਾ ਜਾਵੇ। ਸਾਡੇ ਸਮਾਜ ਵਿਚ ਇਹ ਪਹਿਲ ਮੁੰਡੇ ਵਾਲੇ ਹੀ ਕਰ ਸਕਦੇ ਹਨ....ਕੁੜੀ ਵਾਲੇ ਤਾਂ ਵਿਚਾਰੇ ਡਰਦੇ ਹੀ ਰਹਿੰਦੇ ਹਨ ਕਿ ਕਿਤੇ ਮੁੰਡੇ ਵਾਲੇ ਨਾਰਾਜ਼ ਹੀ ਨਾ ਹੋ ਜਾਣ। ਆਮ ਕਰਕੇ ਮੁੰਡੇ ਵਾਲਿਆਂ ਦਾ ਵਿਵਹਾਰ ਇਕ ਅਫ਼ਸਰ ਵਰਗਾ ਹੁੰਦਾ ਹੈ ਅਤੇ ਕੁੜੀ ਵਾਲੇ ਵਿਚਾਰੇ ਜਿਹੇ ਬਣ ਕੇ ਇਕ ਮਤਾਹਿਤ ਵਾਂਗ ਜੀ-ਜੀ ਕਰਦੇ ਰਹਿੰਦੇ ਹਨ। ਜਦੋਂ ਅਸੀਂ ਆਪਣੀ ਲੜਕੀ ਦਾ ਵਿਆਹ ਕੀਤਾ ਸੀ ਤਾਂ ਸਾਨੂੰ ਮੁੰਡੇ ਵਾਲਿਆਂ ਦੀਆਂ ਕਈ ਬੇਲੋੜੀਆਂ ਸ਼ਰਤਾਂ ਮੰਨਣੀਆਂ ਪਈਆਂ ਸਨ .....ਅਸੀਂ ਹੁਣ ਵਿਆਹ ਨੂੰ ਉਨ੍ਹਾਂ ਲਈ ਭਾਰ ਨਹੀਂ ਬਣਾਉਣਾ ਚਾਹੁੰਦੇ ਸਾਂ ਪਰ ਇੱਥੇ ਗੱਲ ਉਲਟ ਹੋਈ.....ਕੁੜੀ ਵਾਲੇ ਕਹਿਣ ਲੱਗੇ ਕਿ 'ਵਿਆਹ' ਵਿਆਹ ਤਾਂ ਲੱਗਣਾ ਹੀ ਚਾਹੀਦਾ ਹੈ....ਬਹੁਤ ਜ਼ੋਰ ਦੇ ਕੇ ਰਸਮਾਂ ਘਟਾਈਆਂ ਗਈਆਂ। ਬਰਾਤ ਦੀ ਗਿਣਤੀ ਪੰਜ ਤੋਂ ਇਕੀ 'ਤੇ ਪਹੁੰਚ ਗਈ।

ਮੁੰਡੇ ਦੀ ਦਾਦੀ ਤੇ ਨਾਨੀ ਨੂੰ ਵਿਆਹ ਦਾ ਗੋਡੇ ਗੋਡੇ ਚਾਅ ਚੜ੍ਹ ਗਿਆ ਸੀ। ਵਿਆਹ ਤੋਂ ਛੇ ਮਹੀਨੇ ਪਹਿਲਾਂ ਹੀ ਉਨ੍ਹਾਂ ਨੇ ਮੁੰਡੇ ਦੇ ਵਿਆਹ ਦੀਆਂ ਘੋੜੀਆਂ ਗਾਉਣੀਆਂ ਸ਼ੁਰੂ ਕਰ ਦਿਤੀਆਂ ਸਨ....ਉਮਰ ਜ਼ਿਆਦਾ ਹੋਣ ਕਰਕੇ ਭੁੱਲ ਕੇ ਕਈ ਵਾਰੀ ਸੁਹਾਗ ਗਾਉਣ ਲੱਗ ਪੈਣਾ.....ਦੋਵਾਂ ਇਕ ਦੂਜੀ ਨੂੰ ਕਹਿਣਾ ....ਫਿਟੇ ਮੂੰਹ ਸਾਡਾ ...ਅਸੀਂ ਮੁੰਡੇ ਦਾ ਵਿਆਹ ਕਰਨਾ ਕੁੜੀ ਦਾ ਨਹੀਂ....ਘੋੜੀ ਗਾ ਅੜੀਏ। ਉਨ੍ਹਾਂ ਨੇ ਫਿਰ ਘੋੜੀਆਂ ਗਾਉਣੀਆਂ ਸ਼ੁਰੂ ਕਰ ਦੇਣੀਆਂ। ਮੂੰਹ ਵਿਚ ਦੰਦ ਨਾ ਹੋਣ ਕਰਕੇ ਕਈ ਵਾਰੀ ਬੋਲਦਿਆਂ ਲਫ਼ਜ਼ਾਂ ਦਾ ਹੁਲੀਆ ਵਿਗੜ ਜਾਣਾ....ਬਸ ਦੋਵਾਂ ਨੇ ਹੱਸ ਹੱਸ ਦੂਹਰੀਆਂ ਹੁੰਦੀਆਂ ਜਾਣਾ.....ਇੰਜ ਲੱਗਣਾ ਜਿਵੇਂ ਬਚਪਨ ਤੋਂ ਹੀ ਕਿਤੇ ਇਕੱਠੀਆਂ ਖੇਡਦੀਆਂ ਰਹੀਆਂ ਹੋਣ...ਅਸੀਂ ਸਾਰਿਆਂ ਨੇ ਬੱਚਿਆਂ ਸਮੇਤ ਉਨ੍ਹਾਂ ਦੀਆਂ ਖੇਡਾਂ ਵੇਖ ਵੇਖ ਖ਼ੁਸ਼ ਹੁੰਦੇ ਰਹਿਣਾ।

ਮੇਰੀ ਮਾਤਾ ਜਾਣੀ ਮੁੰਡੇ ਦੀ ਦਾਦੀ ਨੇ ਤਾਂ ਜਦੋਂ ਮੁੰਡਾ ਅਜੇ ਦਸਵੀਂ ਵਿਚ ਹੀ ਪੜ੍ਹਦਾ ਸੀ, ਉਦੋਂ ਤੋਂ ਹੀ ਉਸ ਦੇ ਵਿਆਹ ਦੀ ਰਟ ਲਗਾਈ ਹੋਈ ਸੀ....ਵਾਰ-ਵਾਰ ਮੈਨੂੰ ਕਹਿਣਾ ...ਮੇਰੇ ਹੁੰਦੀ-ਹੁੰਦੀ ਵਿਆਹ ਕਰ ਲੈ....ਮੈਂ ਵੀ ਇਸ ਦੇ ਵਿਆਹ ਦੇ ਗੋਗਲੇ ਖਾ ਲਵਾਂ। ਉਸ ਨੂੰ ਮੁੰਡੇ ਦੀ ਪੜ੍ਹਾਈ ਦਾ ਜਾਂ ਰੁਜ਼ਗਾਰ ਜਾਂ ਕਰੀਅਰ ਦਾ ਕੋਈ ਫ਼ਿਕਰ ਨਹੀਂ ਸੀ, ਬਸ ਵਿਆਹ ਦਾ ਬਹੁਤ ਫ਼ਿਕਰ ਸੀ। ਉਨ੍ਹਾਂ ਦੇ ਵੇਲੇ ਪਿੰਡਾਂ ਵਿਚ ਰੁਜ਼ਗਾਰ ਨਾਲੋਂ ਵਿਆਹ ਜ਼ਿਆਦਾ ਮਹੱਤਤਾ ਰੱਖਦਾ ਸੀ। ਉਦੋਂ ਕਈ ਵਾਰੀ ਜੇ ਮੁੰਡਾ ਉਮਰੋਂ ਲੰਘ ਜਾਵੇ ਤਾਂ ਛੜਾ ਹੀ ਰਹਿ ਜਾਂਦਾ ਸੀ। ਪਰ ਹੁਣ ਤਾਂ ਪੜ੍ਹਿਆ-ਲਿਖਿਆ ਵਰਗ ਪਹਿਲਾਂ ਬੱਚੇ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨਾ ਚਾਹੁੰਦਾ ਹੈ...ਰੁਜ਼ਗਾਰ 'ਤੇ ਲਗਾਉਣਾ ਚਾਹੁੰਦਾ ਹੈ ....ਵਿਆਹ ਤਾਂ ਬੱਚਿਆਂ ਨੇ ਆਪ ਹੀ ਆਪਣੀ ਮਰਜ਼ੀ ਨਾਲ ਕਰਵਾ ਲੈਣਾ।

ਵਿਆਹ ਦੇ ਦਿਨ ਨੇੜੇ ਆਉਂਦੇ ਗਏ....ਸਿਆਣੇ ਕਹਿੰਦੇ ਹਨ ਕਿ ਬੰਨ੍ਹੇ ਹੋਏ ਦਿਨ ਮਿੰਟਾਂ ਵਿਚ ਮੁੱਕ ਜਾਂਦੇ ਹਨ। ਕਾਰਡ ਲਿਖਣ ਵੇਲੇ ਦੋਵਾਂ ਨੇ ਰਜ਼ਾਈ 'ਚ ਮੂੰਹ ਦੇ ਕੇ ਦੱਸੀ ਜਾਣਾ ....ਵੇ ਟਾਂਡੇ ਵਾਲਾ ਪ੍ਰਾਹੁਣਾ ਨਾ ਰਹਿ ਜਾਵੇ.....ਕਾਕਾ ਕੁੜੀਆਂ ਸਾਰੀਆਂ ਨੂੰ ਕਾਰਡ ਪਹਿਲਾਂ ਭੇਜੀਂ। ਉਂਜ ਹੁਣ ਦੋਵੇਂ ਪਹਿਲਾਂ ਨਾਲੋਂ ਕੰਮਜ਼ੋਰ ਹੁੰਦੀਆਂ ਜਾਂਦੀਆਂ ਸਨ। ਵਿਆਹ ਤੋਂ ਦੋ ਦਿਨ ਪਹਿਲਾਂ ਹੀ ਪ੍ਰਾਹੁਣੇ ਆਉਣੇ ਸ਼ੁਰੂ ਹੋ ਗਏ ਸਨ.....ਕੁਝ ਰਾਤ ਆ ਗਏ ..ਕੁਝ ਸਵੇਰੇ ਆ ਗਏ ਸਨ ...ਸਾਰਾ ਘਰ ਭਰ ਗਿਆ ਸੀ। ਵਿਆਹ ਤੋਂ ਇਕ ਦਿਨ ਪਹਿਲਾਂ ਮੈਂ ਤੇ ਮੇਰੀ ਪਤਨੀ ਨੇ ਦੋਵਾਂ ਨੂੰ ਸਵੇਰੇ ਹਨੇਰੇ ਹੀ ਗਰਮ ਪਾਣੀ ਕਰ ਕੇ ਇਸ਼ਨਾਨ ਕਰਵਾ ਕੇ ਸੁਹਣੇ ਕੱਪੜੇ ਪਵਾ ਦਿੱਤੇ ਸਨ। ਸਵੇਰੇ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ...ਉਪਰੰਤ ਇਕ ਵਜੇ ਤੱਕ ਗੁਰਬਾਣੀ ਦਾ ਰਸਭਿੰਨਾ ਕੀਰਤਨ ਚੱਲਦਾ ਰਿਹਾ। ਦੋਵੇਂ ਬੀਬੀਆਂ ਆਪਣੇ ਕਮਰੇ ਵਿਚ ਬੈੱਡ ਉਤੇ ਬੈਠੀਆਂ ਸੁਣਦੀਆਂ ਰਹੀਆਂ। ਬਾਬਾ ਜੀ ਦੀ ਬੀੜ ਸਾਹਿਬ ਗੁਰਦੁਆਰੇ ਜਾਣ ਉਪਰੰਤ ਪਹਿਲਾਂ ਪਾਠੀ ਸਿੰਘਾਂ ਨੇ ਲੰਗਰ ਛਕਿਆ। ਬਾਅਦ ਵਿਚ ਸਾਰੀਆਂ ਸੰਗਤਾਂ ਲੰਗਰ ਛਕਣ ਲੱਗੀਆਂ।

ਗੁਰਦੁਆਰਾ ਸਾਹਿਬ ਦਾ ਕੁਝ ਸਮਾਨ ਘਰ ਰਹਿ ਗਿਆ ਸੀ। ਮੈਂ ਤੇ ਇਕ ਹੋਰ ਬੰਦਾ ਸਾਮਾਨ ਗੱਡੀ ਵਿਚ ਰੱਖ ਕੇ ਗੁਰਦੁਆਰਾ ਸਾਹਿਬ ਛੱਡਣ ਚਲੇ ਗਏ। ਤਕਰੀਬਨ ਇਕ ਘੰਟੇ ਬਾਅਦ ਜਦੋਂ ਅਸੀਂ ਵਾਪਸ ਆਏ ਤਾਂ ਗੇਟ 'ਚ ਖੜ੍ਹੇ ਸਾਰੇ ਬੰਦੇ ਮੇਰੇ ਵੱਲ ਤਰਸ ਭਾਵ ਨਾਲ਼ ਵੇਖ ਰਹੇ ਸਨ .....ਸਭ ਮੂੰਹ ਨਾਲ ਮੂੰਹ ਜੋੜ ਕੇ ਗੱਲਾਂ ਕਰ ਰਹੇ ਸਨ। ਮੈਨੂੰ ਕੁਝ ਵੀ ਸਮਝ ਨਹੀਂ ਆ ਰਿਹਾ ਸੀ। ਜਦੋਂ ਮੈਂ ਘਰ ਦੇ ਅੰਦਰ ਦਾਖ਼ਲ ਹੋਇਆ ਤਾਂ ਮੇਰੀ ਪਤਨੀ ਇਕ ਕਮਰੇ ਵਿਚ ਬੈਠੀ ਰੋ ਰਹੀ ਸੀ......ਮੈਂ ਪੁੱਛਿਆ ਕੀ ਹੋਇਆ ਤਾਂ ਉਹ ਭੁੱਬਾਂ ਮਾਰ ਕੇ ਰੋਣ ਲੱਗ ਗਈ .....ਕਹਿੰਦੀ ਮੇਰੀ ਮਾਂ ਤੁਰ ਗਈ ....ਉਸ ਨੂੰ ਇਕ ਦਾ ਹੀ ਪਤਾ ਲੱਗਾ ਸੀ ..ਮੈਂ ਦੇਖਿਆ ਦੂਸਰੀ ਚੁੱਪ ਕਰ ਕੇ ਪਈ ....ਜਦੋਂ ਮੈਂ ਦੂਸਰੀ ਦੇ ਮੂੰਹ ਤੋਂ ਪੱਲਾ ਚੁੱਕਿਆ ...ਉਹਦੀ ਧੜਕਣ ਬੰਦ ਸੀ। ਦਸ ਕੁ ਮਿੰਟ ਦੇ ਫ਼ਰਕ ਨਾਲ ਦੋਵੇਂ ਸਰੀਰ ਛੱਡ ਗਈਆਂ। ਨਾਨਕੇ ਤੇ ਦਾਦਕੇ ਦੋਵੇਂ ਧਾਹਾਂ ਮਾਰ ਕੇ ਰੋਣ ਲਗੇ। ਪਲਾਂ ਵਿਚ ਹੀ ਖ਼ੁਸ਼ੀਆਂ ਮਨਾਉਂਦਾ ਘਰ ਮਾਤਮ 'ਚ ਬਦਲ ਗਿਆ। ਕੁਝ ਸਮੇਂ ਲਈ ਤਾਂ ਅਸੀਂ ਭੁੱਲ ਹੀ ਗਏ ਕਿ ਸਾਡੇ ਘਰ ਵਿਆਹ ਵੀ ਹੈ। ਆਂਢ-ਗੁਆਂਢ ਸਭ ਸਾਨੂੰ ਦਿਲਾਸੇ ਦੇ ਕੇ ਚੁੱਪ ਕਰਾਉਣ ਲੱਗੇ। ਜਿਹੜੇ ਲੋਕ ਸਾਨੂੰ ਵਧਾਈਆਂ ਦੇਣ ਆਏ ਸਨ, ਉਹ ਸਾਡੇ ਕੋਲ ਬੈਠ ਕੇ ਸਾਡੀਆਂ ਮਾਵਾਂ ਦਾ ਅਫ਼ਸੋਸ ਕਰਨ ਲੱਗੇ। ਕਾਫੀ ਦੇਰ ਰੋਣ ਪਿੱਟਣ ਤੋਂ ਬਾਅਦ ਜਦੋਂ ਅਸੀਂ ਕੁਝ ਸੰਭਲੇ ਤਾਂ ਸਿਆਣੇ ਬੰਦਿਆਂ ਨੇ ਸਾਨੂੰ ਯਾਦ ਕਰਵਾਇਆ ........ਭਾਈ ਉਠੋ ਸਵੇਰੇ ਬਰਾਤ ਵੀ ਲੈ ਕੇ ਜਾਣਾ ...ਇਨ੍ਹਾਂ ਨੂੰ ਰੱਖੋ ਹਸਪਤਾਲ ਵਿਚ ਤੇ ਸਵੇਰ ਲਈ ਤਿਆਰੀ ਕਰੋ। ਆਪਾਂ ਨਾਲ ਤਾਂ ਭਾਣਾ ਵਰਤ ਗਿਆ ਪਰ ਆਪਾਂ ਅਗਲਿਆਂ ਨੂੰ ਤਾਂ ਹਰਾਸ ਨਹੀਂ ਕਰ ਸਕਦੇ। ਪਤਾ ਨਹੀਂ ਕਿਵੇਂ ਅਸੀਂ ਦਿਲਾਂ 'ਤੇ ਪਹਾੜ ਰੱਖ ਕੇ ਹੌਸਲਾ ਕੀਤਾ। ਦੋਵਾਂ ਨੂੰ ਮੋਰਚਰੀ ਰੱਖ ਕੇ ਆਏ ਤੇ ਰੋਂਦੇ-ਰੋਂਦੇ ਸਵੇਰ ਦੀ ਤਿਆਰੀ ਕਰਨ ਲੱਗੇ। ਸਵੇਰੇ ਗਿਣਤੀ ਦੇ ਬੰਦੇ ਬਰਾਤ ਲੈ ਕੇ ਗਏ। ਉਧਰ ਮਿਲਣੀ ਹੋ ਰਹੀ ਸੀ ਪਰ ਸਾਨੂੰ ਫਰੀਜ਼ਰ 'ਚ ਰੱਖੀਆਂ ਸਾਡੀਆਂ ਮਾਵਾਂ ਦਿਸ ਰਹੀਆਂ ਸਨ।


Uscipp Insurance Services

1050 N Carpenter RD STE C, Modesto, CA 95351



TRUCK INSURANCE

TRUCK TAX IFTA



Amarjit S Bir

amarjit@uscipp.org

Lic#0I15593CA

Ph: (925)318-1247



R.PAL SINGH TAX PROFESSIONAL

ENROLLED AGENT

BOOKKEEPING ACCOUNTS PAYROLLS

*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY

GET MONEY BACK FAST!

"Authorised IRS E-file Provider"

"Enrolled To Practice Befire The IRS"

CALL:R.PAL SINGH EA- 510 750 3464

EA 00097224,CRTP A44237Realtor#1481514 ,

Life-Only Insurance Agent #0G76896

39159 Paseo Padre Pkwy #103,Fremont,CA 94538

Snghrpal47@gmail.com

Singhtax.com

Open 7 Days

Weekends/Evenings

(Year Round Service)

Resonable Rates

Call for Appointment

e-file




# ਨਸ਼ਿਆਂ ਦੀ ਦਲਦਲ 'ਚ ਬੁਰੀ ਤਰ੍ਹਾਂ ਫਸਦੇ ਜਾ ਰਹੇ ਹਨ ਪੰਜਾਬੀ

-ਆਫਤਾਬ ਸਿੰਘ ਆਹਲੂਵਾਲੀਆ

ਸੁਪਰੀਮ ਕੋਰਟ ਨੇ ਨਸ਼ੇ ਦੇ ਖ਼ਤਰੇ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ, "ਨੌਜਵਾਨ ਖ਼ਤਮ ਹੋ ਜਾਣਗੇ।" ਭਾਰਤ ਵਿਸ਼ਵ ਦੇ ਦੋ ਡਰੱਗ ਉਤਪਾਦਕ ਖੇਤਰਾਂ ਦੇ ਵਿਚਕਾਰ ਹੈ-ਪੱਛਮ ਵੱਲ ਗੋਲਡਨ ਕ੍ਰੈਸੈਂਟ (ਪਾਕਿਸਤਾਨ, ਅਫ਼ਗਾਨਿਸਤਾਨ, ਈਰਾਨ) ਅਤੇ ਪੂਰਬ ਵੱਲ ਗੋਲਡਨ ਟ ?ਰਾਈਐਂਗਲ (ਥਾਈਲੈਂਡ, ਮਿਆਂਮਾਰ, ਵੀਅਤਨਾਮ, ਲਾਓਸ)। ਪੀਜੀਆਈ ਚੰਡੀਗੜ੍ਹ ਦੁਆਰਾ ਕੀਤੇ ਗਏ ਇਕ ਅਧਿਐਨ ਅਨੁਸਾਰ ਪੰਜਾਬ ਵਿਚ ਹਰ ਸੱਤਵਾਂ ਵਿਅਕਤੀ ਸ਼ਰਾਬ ਸਮੇਤ ਕਿਸੇ ਨਾ ਕਿਸੇ ਕਿਸਮ ਦੇ ਨਸ਼ੇ ਦਾ ਸੇਵਨ ਕਰ ਰਿਹਾ ਹੈ। ਵਿਅਕਤੀਗਤ ਪੱਧਰ 'ਤੇ ਇਹ ਵਿੱਤੀ, ਮਾਨਸਿਕ ਅਤੇ ਸਰੀਰਕ ਸਿਹਤ ਨੂੰ ਪ੍ਰਭਾਵਿਤ ਕਰ ਸਕਦਾ ਹੈ। ਉਦਾਹਰਨ ਲਈ ਨੌਕਰੀ ਦਾ ਨੁਕਸਾਨ, ਡਿਪਰੈਸ਼ਨ ਅਤੇ ਐੱਚਆਈਵੀ। ਸਮਾਜ ਦੇ ਪੱਧਰ 'ਤੇ ਨਸ਼ਿਆਂ ਕਾਰਨ ਅਪਰਾਧ ਵਧ ਸਕਦੇ ਹਨ। ਇਸ ਤੋਂ ਇਲਾਵਾ ਫੰਡਾਂ ਦੀ ਅਣਉੱਚਿਤ ਵੰਡ ਹੋ ਸਕਦੀ ਹੈ ਜਿਵੇਂ ਪੂੰਜੀ ਖ਼ਰਚ 'ਤੇ ਪੈਸਾ ਖ਼ਰਚ ਕਰਨ ਵਿਚ ਅਸਮਰੱਥਾ। ਸਰਕਾਰ ਨਸ਼ਿਆਂ ਦੀ ਸਰਹੱਦ ਪਾਰੋਂ ਹੋ ਰਹੀ ਸਪਲਾਈ ਨੂੰ ਰੋਕਣ ਲਈ ਕੋਸ਼ਿਸ਼ਾਂ ਕਰ ਰਹੀ ਹੈ। ਪੀੜਤਾਂ ਨੂੰ ਤਿੰਨ ਸ਼ ?ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ।

ਸਭ ਤੋਂ ਪਹਿਲਾਂ ਉਹ ਵਿਅਕਤੀ ਜੋ ਨਸ਼ਾ ਮੁਕਤੀ ਕੇਂਦਰ ਵਿਚ ਹਨ। ਦੂਜਾ, ਨਸ਼ੀਲੇ ਪਦਾਰਥਾਂ ਦੇ ਨਿਯਮਤ ਉਪਭੋਗਤਾ ਜੋ ਨਸ਼ੇ ਨਾਲ ਸੰਘਰਸ਼ ਕਰ ਰਹੇ ਹਨ, ਜੋ ਨਸ਼ਾ ਮੁਕਤੀ ਕੇਂਦਰ ਤਕ ਪਹੁੰਚ ਨਹੀਂ ਕਰ ਰਹੇ ਹਨ। ਤੀਸਰਾ, ਸੰਭਾਵੀ ਪੀੜਤ- ਜਿਨ੍ਹਾਂ ਨੇ ਕਦੇ ਨਸ਼ੀਲੇ ਪਦਾਰਥਾਂ ਦਾ ਸੇਵਨ ਨਹੀਂ ਕੀਤਾ ਹੈ ਜਾਂ ਉਹ ਲੋਕ ਜੋ ਸੰਜਮ ਵਿਚ ਕਾਨੂੰਨੀ ਨਸ਼ੀਲੇ ਪਦਾਰਥਾਂ ਦਾ ਸੇਵਨ ਕਰ ਰਹੇ ਹਨ। ਪੁਨਰਵਾਸ ਪ੍ਰੋਗਰਾਮਾਂ ਦਾ ਪੁਨਰਗਠਨ ਕਰਨਾ ਸਮੇਂ ਦੀ ਲੋੜ ਹੈ। ਇਸ ਨਾਲ ਨਾ ਸਿਰਫ਼ ਸਾਡੇ ਨਸ਼ਾ ਮੁਕਤੀ ਕੇਂਦਰਾਂ ਨੂੰ ਨਸ਼ਾਖੋਰੀ ਦੇ ਪੀੜਤਾਂ ਲਈ ਵਧੇਰੇ ਪਹੁੰਚਯੋਗ ਬਣਾਇਆ ਜਾ ਸਕੇਗਾ, ਨਾਲ ਹੀ ਇਹ ਵੀ ਕਿ ਪੀੜਤਾਂ ਨੂੰ ਸਮਾਜ ਵਿਚ ਯੋਗਦਾਨ ਦੇਣ ਦੇ ਸਮਰੱਥ ਬਣਾਇਆ ਜਾ ਸਕਦਾ ਹੈ। ਮੌਜੂਦਾ ਪੁਨਰਵਾਸ ਪ੍ਰੋਗਰਾਮ ਡੀਟੌਕਸੀਫਿਕੇਸ਼ਨ ਇਲਾਜ 'ਤੇ ਕੇਂਦਰਿਤ ਕਰਦੇ ਹਨ। ਹਾਲਾਂਕਿ, ਕਿਸੇ ਵੀ ਪੀੜਤ ਨੂੰ ਇਕ ਸੰਪੂਰਨ ਲੰਬੇ ਸਮੇਂ ਦੇ ਹੱਲ ਦੀ ਲੋੜ ਹੁੰਦੀ ਹੈ ਜਿਸ ਵਿਚ ਇਹ ਸ਼ਾਮਲ ਹਨ- ਡੀਟੌਕਸੀਫਿਕੇਸ਼ਨ, ਮਾਨਸਿਕ ਸਿਹਤ ਸਹਾਇਤਾ ਅਤੇ ਹੁਨਰ ਵਿਕਾਸ। ਸਾਡੇ ਕੋਲ ਇਨ੍ਹਾਂ ਲਈ ਸਕੀਮਾਂ ਹਨ ਪਰ ਇਹ ਅਕਸਰ ਇਕਾਂਤਵਾਸ ਵਿਚ ਕੰਮ ਕਰਦੀਆਂ ਹਨ, ਇਸ ਕਾਰਨ ਉਨ੍ਹਾਂ ਦੀ ਪਹੁੰਚ ਸੀਮਤ ਹੈ। 'ਸੀਐੱਮ ਦੀ ਯੋਗਸ਼ਾਲਾ' ਜੋ ਮੁਫ਼ਤ ਯੋਗਾ ਕਲਾਸਾਂ ਦੀ ਪੇਸ਼ਕਸ਼ ਕਰਦੀ ਹੈ, ਨੂੰ ਨਸ਼ਾ ਮੁਕਤੀ ਕੇਂਦਰਾਂ ਨਾਲ ਜੋੜਿਆ ਜਾਣਾ ਚਾਹੀਦਾ ਹੈ। ਰਾਜ ਪੱਧਰ 'ਤੇ ਵੱਖ-ਵੱਖ ਵਿਭਾਗਾਂ ਨਾਲ ਤਾਲਮੇਲ ਕਰਨ ਲਈ 'ਨਸ਼ੇ ਦੀ ਦੁਰਵਰਤੋਂ ਅਤੇ ਰਿਕਵਰੀ ਟਾਸਕ ਫੋਰਸ' ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ। ਟਾਸਕ ਫੋਰਸ ਨੂੰ ਰਾਜ ਵਿਚ ਕੰਮ ਕਰ ਰਹੀਆਂ ਸੀਐੱਸਆਰ ਸੰਸਥਾਵਾਂ ਦਾ ਵੀ ਲਾਭ ਉਠਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਸਰਕਾਰ ਨੂੰ ਨਸ਼ਾ ਛੁਡਾਊ ਅਤੇ ਨਸ਼ਾ ਮੁਕਤੀ ਕੇਂਦਰਾਂ ਅਤੇ ਓਓਏਟੀ ਕਲੀਨਿਕਾਂ ਦੇ ਕਰਮਚਾਰੀਆਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਸਮਝਣ ਲਈ ਨਿਯਮਤ ਤੌਰ 'ਤੇ ਯਤਨ ਕਰਨਾ ਚਾਹੀਦਾ ਹੈ। ਸਰਕਾਰ 'ਕਰਮਚਾਰੀ ਸੰਗਠਨਾਂ' ਨਾਲ ਨਿਯਮਤ ਮੀਟਿੰਗਾਂ ਰਾਹੀਂ ਮੁੱਦਿਆਂ ਨੂੰ ਸਮਝ ਸਕਦੀ ਹੈ। ਹੋਰ ਸਟਾਫ ਦੀ ਲੋੜ, ਸੁਰੱਖਿਆ ਕਰਮਚਾਰੀ, ਸੀਸੀਟੀਵੀ ਕੈਮਰੇ ਆਦਿ ਦੀਆਂ ਮੰਗਾਂ ਪੂਰੀਆਂ ਕੀਤੀਆਂ ਜਾਣ।

ਨਸ਼ਾ ਮੁਕਤੀ ਕੇਂਦਰਾਂ ਤਕ ਪਹੁੰਚਣ ਵਿਚ ਅਸਮਰੱਥ ਪੀੜਤਾਂ ਲਈ ਸਾਨੂੰ ਵਿਧਾਨਕ ਸੁਧਾਰਾਂ ਦੀ ਲੋੜ ਹੈ। ਨਾਰਕੋਟਿਕਸ ਡਰੱਗਜ਼ ਐਂਡ ਸਾਈਕੋਟ ?ਰੋਪਿਕ ਸਬਸਟੈਂਸ ਐਕਟ, 1985 ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਅਤੇ 'ਥੋੜ੍ਹੀ ਮਾਤਰਾ' 'ਚ ਨਸ਼ੇ ਦੇ ਕਬਜ਼ੇ, ਦੋਵਾਂ ਨੂੰ ਅਪਰਾਧ ਬਣਾਉਂਦਾ ਹੈ। ਨਸ਼ਾਖੋਰੀ ਕਰਨ ਵਾਲਿਆਂ ਨੂੰ ਮਦਦ ਦੀ ਲੋੜ ਵਾਲੇ ਵਿਅਕਤੀਆਂ ਵਜੋਂ ਦੇਖਣ ਦੀ ਬਜਾਏ ਕਾਨੂੰਨ ਉਨ੍ਹਾਂ ਨੂੰ ਅਪਰਾਧੀ ਵਜੋਂ ਦੇਖਦਾ ਹੈ। ਸਾਨੂੰ ਨਸ਼ੇ ਦੇ ਵਪਾਰੀਆਂ ਲਈ ਸਖ਼ਤ ਕਾਨੂੰਨ ਅਤੇ ਪੀੜਤਾਂ ਲਈ ਚੰਗੀ ਸਹਾਇਤਾ ਪ੍ਰਣਾਲੀ ਦੀ ਲੋੜ ਹੈ। ਉਨ੍ਹਾਂ ਕਾਰਨਾਂ ਨਾਲ ਨਜਿੱਠਿਆ ਜਾਣਾ ਚਾਹੀਦਾ ਹੈ ਜੋ ਕਿਸੇ ਵਿਅਕਤੀ ਨੂੰ ਨਸ਼ੀਲੇ ਪਦਾਰਥਾਂ ਦੇ ਸੇਵਨ ਦੀ ਕੋਸ਼ਿਸ਼ ਕਰਨ ਲਈ ਪ੍ਰੇਰਿਤ ਕਰਦੇ ਹਨ। ਉਦਾਹਰਨ ਲਈ ਇਹ ਕਾਰਨ ਹੋ ਸਕਦੇ ਹਨ-ਮਨੋਰੰਜਨ ਦੇ ਉਦੇਸ਼ਾਂ ਲਈ ਜਾਂ ਮਨੋਵਿਗਿਆਨਕ ਤਣਾਅ ਨਾਲ ਸਿੱਝਣ ਲਈ। ਮਾਨਸਿਕ ਸਿਹਤ ਬਾਰੇ ਸਮਾਜਿਕ ਕਲੰਕ ਦੂਰ ਕੀਤਾ ਜਾਣਾ ਚਾਹੀਦਾ ਹੈ। ਸਰਕਾਰ ਦੀ 'ਕਿਰਨ' ਮਾਨਸਿਕ ਸਿਹਤ ਹੈਲਪਲਾਈਨ ਸਹੀ ਦਿਸ਼ਾ ਵਿਚ ਇਕ ਕਦਮ ਹੈ। ਸਮਾਜ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਤਣਾਅ ਦਾ ਹੱਲ ਨਸ਼ੇ ਨਹੀਂ ਸਗੋਂ ਮਾਨਸਿਕ ਸਿਹਤ ਦੇ ਡਾਕਟਰ ਹਨ। ਆਮ ਤੌਰ 'ਤੇ ਜ਼ਿਆਦਾਤਰ ਨੌਜਵਾਨਾਂ ਲਈ ਸਖ਼ਤ ਨਸ਼ਿਆਂ ਵੱਲ ਪਹਿਲਾ ਕਦਮ ਸਿਗਰਟਾਂ ਰਾਹੀਂ ਹੁੰਦਾ ਹੈ। ਸਿਗਰਟ ਅਤੇ ਹੋਰ ਤੰਬਾਕੂ ਉਤਪਾਦ ਐਕਟ 2003 ਅਨੁਸਾਰ ਸਿੱਖਿਆ ਸੰਸਥਾਵਾਂ ਦੇ ਸੌ ਗਜ਼ ਦੇ ਘੇਰੇ ਅੰਦਰ ਤੰਬਾਕੂ ਉਤਪਾਦਾਂ ਦੀ ਵਿਕਰੀ 'ਤੇ ਪਾਬੰਦੀ ਹੈ ਪਰ ਇਹ ਵਿਵਸਥਾ ਆਮ ਤੌਰ 'ਤੇ ਕਾਗਜ਼ਾਂ 'ਚ ਹੀ ਹੁੰਦੀ ਹੈ। ਸਰਕਾਰ ਨੂੰ ਵਿੱਦਿਅਕ ਅਦਾਰਿਆਂ, ਕਾਲਜਾਂ ਅਤੇ ਸਕੂਲਾਂ ਦੇ ਨੇੜੇ ਨਜ਼ਰ ਰੱਖਣ ਅਤੇ ਇਨ੍ਹਾਂ ਸੰਸਥਾਵਾਂ ਦੇ 100 ਗਜ਼ ਦੇ ਘੇਰੇ ਅੰਦਰ ਤੰਬਾਕੂ ਉਤਪਾਦਾਂ ਦੀ ਵਿਕਰੀ 'ਤੇ ਮੁਕੰਮਲ ਪਾਬੰਦੀ ਨੂੰ ਯਕੀਨੀ ਬਣਾਉਣ ਦੀ ਲੋੜ ਹੈ। ਅਜਿਹੀਆਂ ਦੁਕਾਨਾਂ ਅਕਸਰ ਸਕੂਲਾਂ-ਕਾਲਜਾਂ ਦੇ ਗੇਟਾਂ ਦੇ ਨੇੜੇ ਹੁੰਦੀਆਂ ਹਨ ਜਿੱਥੇ 'ਤੰਬਾਕੂ ਨੂੰ ਨਾ ਕਹੋ' ਸਮਾਗਮ ਕਰਵਾਏ ਜਾਂਦੇ ਹਨ। ਇਸ ਨਾਲ ਅਜਿਹੇ ਸਮਾਗਮਾਂ ਦਾ ਮਕਸਦ ਖ਼ਤਮ ਹੋ ਜਾਂਦਾ ਹੈ। ਨਿਯਮ ਬਣਾਉਣ ਤੋਂ ਬਾਅਦ ਕੰਮ ਖ਼ਤਮ ਨਹੀਂ ਹੁੰਦਾ। ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੀਆਂ ਸਾਡੀਆਂ ਸਮਾਜਿਕ ਮਾਰਕੀਟਿੰਗ ਮੁਹਿੰਮਾਂ ਵਿਚ ਕਮੀ ਨੂੰ ਦੂਰ ਕਰਨ ਲਈ ਅਲਰੀਸ ਅਤੇ ਜੈਕ ਟ ?ਰਾਊਟ ਦੁਆਰਾ ਦਿੱਤਾ ਗਿਆ ਮਾਰਕੀਟਿੰਗ ਦਾ ਇਕ ਅਟੱਲ ਕਾਨੂੰਨ 'ਫੋਕਸ ਦਾ ਕਾਨੂੰਨ' ਦਾ ਲਾਭ ਉਠਾਉਣਾ ਚਾਹੀਦਾ ਹੈ। ਸਾਨੂੰ ਆਪਣੀਆਂ ਮੁਹਿੰਮਾਂ ਦੀ ਵਰਤੋਂ ਸਮਾਜ ਨੂੰ ਨਸ਼ਿਆਂ ਦੀ ਵਰਤੋਂ ਕਾਰਨ ਹੋਣ ਵਾਲੇ ਨੁਕਸਾਨ ਬਾਰੇ ਦੱਸਣ ਲਈ ਕਰਨੀ ਚਾਹੀਦੀ ਹੈ।

ਅਲਰੀਸ ਤੇ ਜੈਕ ਟਰਾਊਟ ਸੁਝਾਅ ਦਿੰਦੇ ਹਨ ਕਿ ਨਸ਼ੀਲੇ ਪਦਾਰਥਾਂ ਦੀ ਵਰਤੋਂ ਹਰ ਕਿਸਮ ਦੇ ਨੁਕਸਾਨ (ਨੌਕਰੀ, ਪਰਿਵਾਰ, ਸਵੈ-ਮਾਣ) ਦਾ ਕਾਰਨ ਬਣਦੀ ਹੈ। ਇਸ ਲਈ 'ਡਰੱਗਜ਼ ਹਾਰਨ ਵਾਲਿਆਂ ਲਈ' ਵਰਗੀ ਸਾਧਾਰਨ ਮੁਹਿੰਮ ਦਾ ਸ਼ਕਤੀਸ਼ਾਲੀ ਪ੍ਰਭਾਵ ਹੋ ਸਕਦਾ ਹੈ। ਅਜਿਹੀਆਂ ਮੁਹਿੰਮਾਂ ਨੂੰ ਰੋਲ ਮਾਡਲਾਂ ਦੀ ਮਹੱਤਤਾ ਨੂੰ ਵੀ ਪਛਾਣਨਾ ਚਾਹੀਦਾ ਹੈ। 'ਜੀਨ ਪਿਗੇਟ ਦੇ ਵਿਕਾਸ ਸਿਧਾਂਤ' ਅਨੁਸਾਰ ਜਿਵੇਂ-ਜਿਵੇਂ ਬੱਚੇ ਆਪਣੇ ਆਲੇ-ਦੁਆਲੇ ਨਾਲ ਜੁੜਦੇ ਹਨ, ਉਹ ਮਾਨਸਿਕ ਢਾਂਚੇ ਦਾ ਵਿਕਾਸ ਕਰਦੇ ਹਨ ਜੋ ਉਨ੍ਹਾਂ ਨੂੰ ਸਮਾਜਿਕ ਨਿਯਮਾਂ ਅਤੇ ਕਦਰਾਂ-ਕੀਮਤਾਂ ਨੂੰ ਸਮਝਣ ਵਿਚ ਮਦਦ ਕਰਦੇ ਹਨ। ਇਹ ਸ਼ੁਭਮਨ ਗਿੱਲ ਅਤੇ ਨੀਰਜ ਚੋਪੜਾ ਵਰਗੇ ਚੰਗੇ ਰੋਲ ਮਾਡਲ ਹੋਣ ਦੇ ਮਹੱਤਵ ਨੂੰ ਉਜਾਗਰ ਕਰਦਾ ਹੈ।

ਇੰਜ ਨੌਜਵਾਨ ਨਾ ਸਿਰਫ਼ ਨਸ਼ਿਆਂ ਤੋਂ ਦੂਰ ਰਹਿਣਗੇ ਸਗੋਂ ਆਪਣੇ ਟੀਚਿਆਂ ਪ੍ਰਤੀ ਜਨੂੰਨੀ ਵੀ ਹੋਣਗੇ। ਸਾਡੇ ਸੰਵਿਧਾਨ ਦਾ ਡੀਪੀਐੱਸਪੀ ਆਰਟੀਕਲ 47 ਕਹਿੰਦਾ ਹੈ ਕਿ ਰਾਜ ਨਸ਼ੀਲੇ ਪਦਾਰਥਾਂ ਅਤੇ ਸਿਹਤ ਲਈ ਹਾਨੀਕਾਰਕ ਨਸ਼ੀਲੇ ਪਦਾਰਥਾਂ ਦੇ ਸੇਵਨ ਨੂੰ ਰੋਕਣ ਲਈ ਕਦਮ ਚੁੱਕੇਗਾ। ਧਾਰਾ 47 ਦੇ ਟੀਚੇ ਨੂੰ ਸਾਕਾਰ ਕਰਨਾ ਸਾਡੇ ਸੰਵਿਧਾਨ ਵਿਚ ਦਰਜ ਸਾਡੇ ਬੁਨਿਆਦੀ ਅਧਿਕਾਰਾਂ ਨੂੰ ਮਜ਼ਬੂਤ ਕਰੇਗਾ- ਜਿਵੇਂ ਕਿ ਧਾਰਾ 21 (ਜੀਵਨ ਦਾ ਅਧਿਕਾਰ। ਉਮੀਦ ਹੈ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਸ਼ੇ ਦੀ ਇਸ ਮਾਰ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

# ਅਫਗਾਨਿਸਤਾਨ ਤੋਂ ਅਮਰੀਕਾ ਦੇ ਜਾਣ ਦੇ ਬਾਅਦ ਵੀ ਦੁਨੀਆ ਦੇ ਲਈ ਸਮੱਸਿਆ ਜਿਉਂ ਦੀ ਤਿਉਂ



2 ਸਾਲ ਪਹਿਲਾਂ ਅਗਸਤ 2021 'ਚ ਜਦ ਅਫਗਾਨਿਸਤਾਨ ਤੋਂ ਜਾਂਦੇ ਸਮੇਂ ਅਮਰੀਕਾ 7.12 ਅਰਬ ਡਾਲਰ ਦੇ ਹਥਿਆਰ ਅਤੇ ਯੰਤਰ ਉੱਥੇ ਛੱਡ ਗਿਆ ਸੀ, ਉਨ੍ਹਾਂ 'ਤੇ ਹੁਣ ਤਾਲਿਬਾਨ ਦਾ ਕਬਜ਼ਾ ਹੈ। ਇਹ ਹਥਿਆਰ ਹੁਣ ਉਨ੍ਹਾਂ ਦੂਰ-ਦੁਰੇਡੇ ਦੇ ਇਲਾਕਿਆਂ 'ਚ ਮੁਸੀਬਤ ਦਾ ਕਾਰਨ ਬਣਦੇ ਜਾ ਰਹੇ ਹਨ, ਜਿੱਥੇ ਅੱਤਵਾਦੀ ਅਮਰੀਕਾ ਦੇ ਸਾਥੀਆਂ 'ਤੇ ਹਮਲੇ ਕਰ ਰਹੇ ਹਨ।

ਹਥਿਆਰਾਂ ਦੇ ਵੱਡੇ ਪੱਧਰ 'ਤੇ ਖਰੀਦਦਾਰ ਅੱਤਵਾਦੀ ਗਿਰੋਹ ਹਨ। ਦੱਖਣੀ ਅਤੇ ਪੂਰਬੀ ਅਫਗਾਨਿਸਾਤਨ ਦੇ ਵਪਾਰੀ ਹੁਣ ਤਾਲਿਬਾਨੀ ਸਰਕਾਰ ਦੀ ਇਜਾਜ਼ਤ ਨਾਲ ਆਟੋਮੈਟਿਕ ਅਸਾਲਟ ਰਾਈਫਲਾਂ ਅਤੇ ਹੈਂਡਗਨ ਆਦਿ ਵੇਚ ਰਹੇ ਹਨ, ਜਿਨ੍ਹਾਂ ਲਈ ਗੋਲਾ-ਬਾਰੂਦ ਰੂਸ, ਪਾਕਿਸਤਾਨ, ਚੀਨ, ਤੁਰਕੀ ਤੇ ਆਸਟਰੀਆ ਤੋਂ ਆ ਰਿਹਾ ਹੈ।

ਅੱਤਵਾਦ ਦਾ ਕਾਰੋਬਾਰ ਖੂਬ ਤੇਜ਼ੀ ਨਾਲ ਫੈਲ ਰਿਹਾ ਹੈ। ਅਫਗਾਨਿਸਤਾਨ ਦੇ ਇਨ੍ਹਾਂ ਇਲਾਕਿਆਂ 'ਚ ਰਾਕੇਟ, ਬੰਬ, ਗ੍ਰੇਨੇਡ ਲਾਂਚਰ, ਨਾਈਟ ਵਿਜ਼ਨ ਕੈਮਰੇ, ਨਾਈਟ ਵਿਜ਼ਨ ਐਨਕਾਂ, ਸਨਾਈਪਰ ਰਾਈਫਲ ਅਤੇ ਹੋਰ ਤਰ੍ਹਾਂ ਦੇ ਹਥਿਆਰ ਸੜਕਾਂ 'ਤੇ ਵੇਚੇ ਜਾ ਰਹੇ ਹਨ। ਹਥਿਆਰਾਂ ਦੇ ਵਧ ਰਹੇ ਰੁਝਾਨ ਕਾਰਨ ਇਨ੍ਹਾਂ ਦੀਆਂ ਕੀਮਤਾਂ ਚੜ੍ਹਨ ਨਾਲ ਅਪਰਾਧੀ ਗਿਰੋਹਾਂ ਦੀ ਕਮਾਈ 'ਚ ਵੱਡਾ ਉਛਾਲ ਆਇਆ ਹੈ। ਅਮਰੀਕੀ ਫੌਜਾਂ ਵੱਲੋਂ ਛੱਡੀ ਗਈ ਐੱਮ-4 ਅਸਾਲਟ ਰਾਈਫਲ 2400 ਡਾਲਰ 'ਚ ਵਿਕ ਰਹੀ ਹੈ।

ਹਥਿਆਰਾਂ ਦੇ ਇਸ ਵੱਡੇ ਵਿਸ਼ਵ ਪੱਧਰੀ ਕਾਰੋਬਾਰ ਦੇ ਕੇਂਦਰ 'ਚ ਅਲਕਾਇਦਾ ਦਾ ਸਮਰਥਕ ਤਾਲਿਬਾਨ ਹੀ ਹੈ। ਇਸ ਤੋਂ ਪਹਿਲਾਂ ਤਾਲਿਬਾਨੀ ਹੈਰੋਇਨ ਤੋਂ ਵੱਡੀ ਕਮਾਈ ਕਰਦੇ ਸਨ ਪਰ ਅਫਗਾਨਿਸਤਾਨ 'ਤੇ ਤਾਲਿਬਾਨ ਦੀ ਜਿੱਤ ਨੇ ਅੱਤਵਾਦੀ ਸਮੂਹਾਂ ਨੂੰ ਹਥਿਆਰਾਂ ਵੱਲ ਖਿੱਚਿਆ ਹੈ ਅਤੇ ਤਾਲਿਬਾਨੀ ਹੁਣ ਇਨ੍ਹਾਂ ਅੱਤਵਾਦੀ ਸਮੂਹਾਂ ਨੂੰ ਛੋਟੇ ਹਥਿਆਰ ਵੇਚ ਰਹੇ ਹਨ।

ਪਾਕਿਸਤਾਨ ਦਾ ਤਹਿਰੀਕ-ਏ-ਤਾਲਿਬਾਨ (ਟੀ.ਟੀ.ਪੀ.) ਅਤੇ ਬਲੋਚਿਸਤਾਨ ਦੇ ਵੱਖਵਾਦੀ ਸਮੂਹ ਅਮਰੀਕਾ 'ਚ ਬਣੇ ਹਥਿਆਰਾਂ ਦੀ ਵਰਤੋਂ ਪੁਲਸ ਅਤੇ ਪਾਕਿਸਤਾਨੀ ਫੌਜ ਦੇ ਜਵਾਨਾਂ ਨੂੰ ਮਾਰਨ ਲਈ ਕਰ ਰਹੇ ਹਨ।

ਹਾਲ ਹੀ 'ਚ ਪਾਕਿਸਤਾਨੀ ਪੁਲਸ 'ਤੇ ਅੱਤਵਾਦੀਆਂ ਨੇ ਅਮਰੀਕੀ ਨਾਈਟ ਵਿਜ਼ਨ ਕੈਮਰੇ ਦੀ ਵਰਤੋਂ ਕਰ ਕੇ ਹਮਲਾ ਕੀਤਾ। ਤਾਲਿਬਾਨ ਦੇ ਨੰਗਰਹਾਰ ਇਲਾਕੇ ਤੋਂ ਇਹ ਨਾਈਟ ਵਿਜ਼ਨ ਕੈਮਰੇ ਪਾਕਿਸਤਾਨ ਦੇ ਅੱਤਵਾਦੀ ਸਮੂਹਾਂ ਨੂੰ 500 ਤੋਂ 1000 ਡਾਲਰ ਤੱਕ ਮੁੱਲ 'ਤੇ ਵੇਚੇ ਜਾ ਰਹੇ ਹਨ।

ਇਨ੍ਹਾਂ ਹਾਈਟੈੱਕ ਅਮਰੀਕੀ ਹਥਿਆਰਾਂ ਨੇ ਪਾਕਿਸਤਾਨ ਲਈ ਮੁਸੀਬਤ ਖੜ੍ਹੀ ਕਰ ਦਿੱਤੀ ਹੈ ਕਿਉਂਕਿ ਅੱਤਵਾਦੀਆਂ ਦੇ ਕੋਲ ਇੰਨੀ ਐਡਵਾਂਸ ਤਕਨੀਕ ਦੇ ਹਥਿਆਰ ਹੋਣ ਕਾਰਨ ਪਾਕਿਸਤਾਨ ਦੀਆਂ ਅੱਤਵਾਦ ਵਿਰੋਧੀ ਸਾਰੀਆਂ ਮੁਹਿੰਮਾਂ ਅਸਫਲ ਹੋ ਰਹੀਆਂ ਹਨ। ਖਾਸ ਕਰ ਕੇ ਅੱਤਵਾਦੀ ਨਾਈਟ ਵਿਜ਼ਨ ਕੈਮਰੇ ਅਤੇ ਹਥਿਆਰ ਪਾਕਿਸਤਾਨ ਦੀ ਫੌਜ ਅਤੇ ਸੁਰੱਖਿਆ ਬਲਾਂ ਵਿਰੁੱਧ ਲਗਾਤਾਰ ਵਰਤ ਰਹੇ ਹਨ।

ਹਾਲ ਹੀ 'ਚ ਕਸ਼ਮੀਰ 'ਚ ਹੋਏ ਕੁਝ ਅੱਤਵਾਦੀ ਹਮਲਿਆਂ 'ਚ ਅਮਰੀਕਾ 'ਚ ਬਣੇ ਹਥਿਆਰਾਂ ਦੀ ਵਰਤੋਂ ਸਾਹਮਣੇ ਆਈ ਹੈ ਜਦਕਿ ਇਜ਼ਰਾਈਲ ਦੀ ਗਾਜ਼ਾ ਪੱਟੀ 'ਚ ਵੀ ਅੱਤਵਾਦੀ ਇਨ੍ਹਾਂ ਹਥਿਆਰਾਂ ਦੀ ਵਰਤੋਂ ਕਰ ਰਹੇ ਹਨ। ਅਫਗਾਨ ਫੌਜ ਦੇ ਇਕ ਸਾਬਕਾ ਜਨਰਲ ਯਾਸਿਨ ਜ਼ਿਆ ਨੇ ਕਿਹਾ ਕਿ ਇਨ੍ਹਾਂ ਹਥਿਆਰਾਂ ਦੀ ਸਪਲਾਈ ਟੀ. ਟੀ. ਪੀ. ਨੂੰ ਹੋ ਰਹੀ ਹੈ ਤੇ ਇਹ ਹਥਿਆਰ ਉੱਤਰੀ ਅਫਗਾਨਿਸਤਾਨ ਦੇ ਨਾਲ-ਨਾਲ ਪਾਕਿਸਤਾਨ 'ਚ ਵੀ ਵਰਤੇ ਜਾ ਰਹੇ ਹਨ, ਇਨ੍ਹਾਂ ਨੂੰ ਰੋਕਣਾ ਜ਼ਰੂਰੀ ਹੈ।

ਅਮਰੀਕਾ ਅਤੇ ਤਾਲਿਬਾਨ ਕਾਰਨ ਇਹ ਹਥਿਆਰ ਪੂਰੀ ਦੁਨੀਆ 'ਚ ਉਨ੍ਹਾਂ ਹੀ ਰਸਤਿਆਂ ਰਾਹੀਂ ਅੱਤਵਾਦੀ ਗਿਰੋਹਾਂ ਨੂੰ ਜਾ ਰਹੇ ਹਨ ਜਿਹੜੇ ਰਸਤਿਆਂ ਰਾਹੀਂ ਨਸ਼ੇ, ਹੈਰੋਇਨ ਅਤੇ ਹੋਰ ਕਿਸਮ ਦੀ ਨਾਜਾਇਜ਼ ਸਮੱਗਲਿੰਗ ਹੁੰਦੀ ਹੈ। ਅਫਰੀਕਾ ਦੇ ਅਲਸ਼ਬਾਬ ਅੱਤਵਾਦੀ ਗਿਰੋਹ ਅਤੇ ਫਿਲੀਪੀਨਜ਼, ਥਾਈਲੈਂਡ, ਮਲੇਸ਼ੀਆ, ਸ਼ ?ਰੀਲੰਕਾ ਅਤੇ ਅਰਬ ਦੇਸ਼ਾਂ ਦੇ ਓਸਾਮਾ ਬਿਨ ਲਾਦੇਨ ਅਤੇ ਅਲਕਾਇਦਾ ਦੇ ਸਮਰਥਕ ਗਿਰੋਹਾਂ ਦੇ ਕੋਲ ਵੀ ਇਹ ਹਥਿਆਰ ਪਹੁੰਚ ਰਹੇ ਹਨ।

ਅਮਰੀਕੀ ਰੱਖਿਆ ਵਿਭਾਗ ਦੀ ਰਿਪੋਰਟ ਅਨੁਸਾਰ ਅਮਰੀਕਾ ਨੇ 2002 ਤੋਂ ਲੈ ਕੇ ਅਫਗਾਨਿਸਤਾਨ ਛੱਡਣ ਤੱਕ ਅਫਗਾਨ ਫੌਜ ਨੂੰ ਹਥਿਆਰਾਂ ਨਾਲ ਲੈਸ ਕਰਨ ਲਈ 18.6 ਬਿਲੀਅਨ ਡਾਲਰ ਖਰਚ ਕੀਤੇ। ਅਮਰੀਕਾ ਨੇ ਲਗਭਗ 6 ਲੱਖ ਹਥਿਆਰ ਅਫਗਾਨਿਸਤਾਨ ਮੰਗਵਾਏ ਸਨ। ਇਸ ਦੇ ਇਲਾਵਾ 300 ਦੇ ਲਗਭਗ ਜਹਾਜ਼ ਅਤੇ ਵੱਖ-ਵੱਖ ਮਾਡਲਾਂ ਦੇ 80,000 ਦੇ ਲਗਭਗ ਵਾਹਨ ਮੰਗਵਾਏ ਗਏ ਸਨ।

ਇਨ੍ਹਾਂ 'ਚੋਂ ਲਗਭਗ 3 ਲੱਖ ਹਲਕੇ ਹਥਿਆਰਾਂ, 26,000 ਵੱਡੇ ਹਥਿਆਰਾਂ ਅਤੇ 61,000 ਫੌਜੀ ਵਾਹਨਾਂ 'ਤੇ ਤਾਲਿਬਾਨੀ ਸਮੂਹ ਨੇ ਕਬਜ਼ਾ ਕਰ ਲਿਆ। ਅਫਗਾਨਿਸਤਾਨ 'ਚ ਮੌਜੂਦ ਅਮਰੀਕੀ ਹਥਿਆਰਾਂ ਦੀ ਵਰਤੋਂ ਤਾਲਿਬਾਨੀਆਂ ਵੱਲੋਂ ਹੀ ਕੀਤੀ ਜਾਂਦੀ ਰਹੀ ਕਿਉਂਕਿ ਇਹ ਹਥਿਆਰ ਅਫਗਾਨਿਸਤਾਨ ਦੇ ਭ੍ਰਿਸ਼ਟ ਫੌਜੀ ਅਧਿਕਾਰੀਆਂ ਨੇ ਤਾਲਿਬਾਨੀ ਸਮੂਹਾਂ ਨੂੰ ਵੇਚ ਦਿੱਤੇ ਸਨ ਅਤੇ ਅਮਰੀਕਾ ਦੇ ਫੌਜੀ ਹੈੱਡਕੁਆਰਟਰ ਪੈਂਟਾਗਨ ਨੂੰ ਇਸ ਦੀ ਕੰਨੋਂ-ਕੰਨੀਂ ਖਬਰ ਹੀ ਨਹੀਂ ਹੋਈ ਕਿ ਇਹ ਹਥਿਆਰ ਕਿੱਥੇ ਗਏ।

ਇਨ੍ਹਾਂ ਬਾਜ਼ਾਰਾਂ 'ਚ ਅਫਗਾਨਿਸਤਾਨ ਦੀ ਜੰਗ ਵਾਲੇ ਇਲਾਕਿਆਂ 'ਚ ਛੱਡੇ ਗਏ ਹਥਿਆਰਾਂ ਦੀ ਵਿਕਰੀ ਤਾਂ ਹੋ ਰਹੀ ਹੈ ਅਤੇ ਇਨ੍ਹਾਂ ਇਲਾਕਿਆਂ 'ਚ ਹਥਿਆਰਾਂ ਦੀ ਮੁਰੰਮਤ ਕਰਨ ਵਾਲੀਆਂ ਫੈਕਟਰੀਆਂ ਨੂੰ ਬੜਾ ਲਾਭ ਹੋ ਰਿਹਾ ਹੈ ਜਿਨ੍ਹਾਂ ਦੀ ਅਮਰੀਕਾ ਨੇ ਹੀ ਸ਼ੁਰੂਆਤ ਕੀਤੀ ਸੀ ਅਤੇ ਹਥਿਆਰਾਂ ਦੀ ਮੁਰੰਮਤ ਕਰਨ ਵਾਲੇ ਕਾਰੀਗਰਾਂ ਨੂੰ ਟ ?ਰੇਨਿੰਗ ਦਿੱਤੀ ਸੀ। ਉਨ੍ਹਾਂ ਨੂੰ ਤਾਲਿਬਾਨ ਦੀ ਸਰਕਾਰ 'ਚ ਦੁਬਾਰਾ ਕੰਮ 'ਤੇ ਸੱਦਿਆ ਜਾ ਰਿਹਾ ਹੈ।

ਤਾਲਿਬਾਨੀ ਸਮਰਥਕਾਂ ਅਤੇ ਸਥਾਨਕ ਨਾਗਰਿਕਾਂ ਤੋਂ ਹਥਿਆਰ ਵਾਪਸ ਲੈਣ ਦੇ ਯਤਨ ਅਸਫਲ ਹੋ ਰਹੇ ਹਨ ਕਿਉਂਕਿ ਇਨ੍ਹਾਂ ਹਥਿਆਰਾਂ ਦਾ ਟ ?ਰੈਕ ਰਿਕਾਰਡ ਰੱਖਣਾ ਹੁਣ ਸੌਖਾ ਨਹੀਂ ਹੈ। ਅਜਿਹੇ 'ਚ ਇਹ ਉਨ੍ਹਾਂ ਦੇਸ਼ਾਂ ਲਈ ਵੱਡੀ ਸਮੱਸਿਆ ਖੜ੍ਹੀ ਕਰਦਾ ਰਹੇਗਾ ਜੋ ਅੱਤਵਾਦੀ ਸਮੂਹਾਂ ਦੇ ਵਿਰੁੱਧ ਕਾਰਵਾਈ ਕਰ ਰਹੇ ਹਨ।

# ਤੰਦਰੁਸਤੀ ਰਾਜ- ਸੈਲਫ-ਕੇਅਰ

*''ਵਿਸ਼ਵ ਭਰ 'ਚ ਦੂਸ਼ਿਤ ਹਵਾ ਲਈ ਕੇਨੈਡਾ ਦੂਜੇ ਨੰਬਰ ਤੇ ਆ ਗਿਆ ਹੈ। ਵੱਧ ਰਹੀਆਂ ਖਤਰਨਾਕ ਬਿਮਾਰੀਆਂ ਤੋਂ ਬਚਾਅ ਲਈ ਤੰਦਰੁਸਤ ਮਨ ਅਤੇ ਸਰੀਰ ਲਈ, ਦੂਜਿਆਂ ਦੀ ਦੇਖਭਾਲ ਦੇ ਨਾਲ-ਨਾਲ ਆਪਣੇ ਆਪ ਦੀ ਕੇਅਰ ਵੀ ਜਰੂਰੀ ਹੋ ਗਈ ਹੈ। ਅੱਜ ਦੇ ਦਿਨ ਹਰ ਆਦਮੀ ਨੂੰ ਹਰ ਪੱਧਰ 'ਤੇ ਸੈਲਫ-ਕੇਅਰ ਦਾ ਪ੍ਰੋਮਿਸ ਕਰਨ ਦੀ ਲੋੜ ਹੈ'' - ਅਨਿਲ ਧੀਰ ਕਾਲਮਨਿਸਟ. ਥੈਰਾਪਿਸਟ. ਹੈਲਥ ਐਜੂਕੇਟਰ ਅਵਾਰਡ ਵਿਜੇਤਾ. ਸੋਸ਼ਲ ਐਕਟੀਵਿਸਟ*




24 ਜੁਲਾਈ ਹਰ ਸਾਲ ਅੰਤਰਰਾਸ਼ਟਰੀ ਸੇਲਫ-ਕੇਅਰ ਦਿਨ ਦੇ ਤੌਰ ਤੇ ਮਨਾਇਆ ਜਾਂਦਾ ਹੈ। ਸੈਲਫ-ਕੇਅਰ ਜ਼ਿੰਦਗੀ ਭਰ ਦੀ ਆਦਤ ਅਤੇ ਸਭਿਆਚਾਰ ਹੈ। ਇਹ ਇਨਸਾਨ ਦਾ ਅਭਿਆਸ ਹੈ ਜੋ ਮੌਜੂਦਾ ਗਿਆਨ ਅਤੇ ਜਾਣਕਾਰੀ ਦੇ ਅਧਾਰ ਤੇ ਆਪਣੀ ਸਿਹਤ ਦੀ ਦੇਖਭਾਲ ਕਰਨ ਲਈ ਸਹੀ ਫੈਸਲੇ ਲੈਂਦਾ ਹੈ। ਇਹ ਵਿਗਿਅਨੀਆਂ ਅਤੇ ਹਰ ਖੇਤਰ ਦੇ ਮਾਹਿਰਾਂ ਦੀ ਸਾਂਝੀ ਸਲਾਹ ਨਾਲ ਮੁਮਕਿਨ ਹੁੰਦਾ ਹੈ। ਵਿਸ਼ਵ ਭਰ ਵਿਚ ਇਸ ਦਿਨ ਸਰਕਾਰੀ-ਗੈਰ ਸਰਕਾਰੀ ਪੱਧਰ ਤੇ ਲੋਕਾਂ ਨੂੰ ਸਰੀਰਕ, ਮਾਨਸਿਕ ਤੇ' ਭਾਵਨਾਤਮਕ ਤੌਰ ਤੇ ਫਿਟ ਰਹਿਣ ਲਈ ਅਵੇਅਰ ਕੀਤਾ ਜਾਂਦਾ ਹੈ।

ਤੇਜ਼ ਰਫਤਾਰ ਜ਼ਿੰਦਗੀ ਦੌਰਾਨ ਹਰ ਆਦਮੀ ਨੂੰ ਪੂਰਾ ਸਾਲ ਰੋਗਾਂ ਤੋਂ ਬਚਾਅ ਦੇ ਤਰੀਕੇ ਵਰਤ ਕੇ ਖੁਦ ਦਾ ਪਰਿਵਾਰ ਤੇ ਸਮਾਜ ਦਾ ਰਲ-ਮਿਲ ਕੇ ਖਿਆਲ ਰੱਖਣਾ ਚਾਹੀਦਾ ਹੈ।

- ਵਿਸ਼ਵ ਭਰ 'ਚ ਦੂਸ਼ਿਤ ਹਵਾ ਲਈ ਕੇਨੈਡਾ ਦੂਜੇ ਨੰਬਰ 'ਤੇ ਆ ਗਿਆ ਹੈ। ਬਚਾਅ ਲਈ ਚੰਗੇ ਮਾਸਕ ਦੀ ਵਰਤੋਂ ਕਰੋ। ਦਿਨ 'ਚ ਸਮੇਂ ਦੇ ਮੁਤਾਬਿਕ ਲੰਬੇ ਸਾਹ ਲੈ ਕੇ ਹੌਲੀ-ਹੌਲੀ ਸਾਹ ਛੱਡਣ ਦੀ ਕ੍ਰਿਆ ਦੁਹਰਾਂਦੇ ਰਹੋ।
- ਮੈਡੀਸਨ ਐਂਡ ਸਾਇੰਸ ਇਨ ਸਪੋਰਟਸ ਦੀ ਸਟੱਡੀ ਮੁਤਾਬਿਕ ਹਾਰਟ ਅਟੈਕ ਅਤੇ ਸਟ੍ਰੋਕ ਵਰਗੀਆਂ ਵੱਧ ਰਹੀਆਂ ਤੋਂ ਬੀਮਾਰੀਆਂ ਤੋਂ ਬਚਣ ਲਈ ਘਰ ਅੰਦਰ ਹੀ 3-8 ਪੌਂਡ ਦੇ ਡੰਬਲ ਰੋਜਾਨਾਂ ਇਸਤੇਮਾਲ ਕਰਨ ਨਾਲ ਹੱਡੀਆਂ ਮਜਬੂਤ ਤੇ ਬਾਡੀ-ਬੈਲੇਂਸ ਬਣਿਆ ਰਹਿੰਦਾ ਹੈ।
- ਸਟ੍ਰੈਸ ਘੱਟ ਕਰਨ ਲਈ ਵਕਤ ਦੇ ਮੁਤਾਬਿਕ ਦਿਨ ਵਿਚ 20 ਮਿਨਟ ਜੰਕ ਮੇਲ ਚੈਕ ਤੇ ਗਾਰਬੇਜ ਕਰਨ ਦੇ ਨਾਲ, ਘਰ ਦੇ ਦਰਵਾਜੇ, ਕਿਚਨ ਤੇ ਕਮਰੇ ਦੇ ਡਰਾਜ, ਫਰਿਜ, ਵਿੰਡੋਜ਼ ਦੇ ਨੋਬ-ਹੈਂਡਲ ਸੈਨੀਟਾਈਜਰ ਨਾਲ ਕਲੀਨ ਕਰੋ।
- ਜੌਬਸ ਦੀ ਰੋਟੇਸ਼ਨ ਸ਼ਿਫਟਾਂ ਕਰਕੇ ਨੀਂਦ ਘੱਟ ਜਾਂ ਨਾ ਆਉਣ ਦੀ ਵੱਧ ਰਹੀ ਸਮੱਸਿਆ ਕਾਰਨ ਛੁੱਟੀ ਦਾ ਦਿਨ ਵੀ ਖਰਾਬ ਹੋ ਜਾਂਦਾ ਹੈ। ਦੇਰ ਨਾਲ ਰਾਤ ਹੈਵੀ-ਡਿਨਰ ਤੇ ਜਾਗਣ ਦੀ ਆਦਤ ਵੀ ਬਦਲ ਦਿਓ। 7 ਤੋਂ 8 ਘੰਟੇ ਦੀ ਨੀਂਦ ਲਈ ਖੁਰਾਕ ਵਿਚ ਘੱਟ ਕੈਲੋਰੀ ਵਾਲੇ ਪਦਾਰਥ, ਸਾਈਟਰਸ ਫ੍ਰੂਟ, ਗਰਮ ਪਾਣੀ ਤੇ ਦੁੱਧ ਤੇ ਸਪਲੀਮੈਂਟ ਵਿਟਾਮਿਨ-ਸੀ, ਕੈਲਸੀਅਮ ਅਤੇ ਮੇਗਨੀਸਿਅਮ ਮਾਹਿਰ ਦੀ ਸਲਾਹ ਨਾਲ ਸ਼ੁਰੂ ਕਰ ਦਿਓ।
- ਦਿਨ ਭਰ ਦੀ ਤਾਜ਼ਗੀ, ਅਨਰਜੀ ਅਤੇ ਬਾਡੀ ਟੈਂਪਰੇਚਰ ਬਰਕਰਾਰ ਰੱਖਣ ਲਈ ਆਪਣੇ ਸਰੀਰ ਮੁਤਾਬਿਕ ਗਰਮਸ਼ਾਵਰ ਤੇ ਆਖਰੀ ਇੱਕ ਮਿਨਟ ਠੰਢਾ ਸ਼ਾਵਰ ਲਵੋ।
- ਗਰਮ ਮੌਸਮ ਵਿਚ ਡੀਹਾਈਡ੍ਰੇਸ਼ਨ, ਕਬਜ਼, ਚੱਕਰ ਆਉਣੇ, ਸਿਰ-ਪੀੜ ਵਰਗੀ ਕੰਡੀਸ਼ਨ ਲਈ ਸਾਦਾ ਪਾਣੀ ਰੋਜਾਨਾਂ 8-10 ਗਿਲਾਸ ਪੀਓ ਅਤੇ ਕੰਮ ਦੌਰਾਣ ਆਪਣੀ ਪਾਣੀ ਦੀ ਬੋਤਲ ਖਾਲੀ ਨਾ ਹੋਣ ਦਿਓ। ਛੋਟੇ ਬਚਿਆਂ ਨੂੰ ਪਾਣੀ ਪਿਲਾਣ ਲਈ ਖਿਆਲ ਮਾਂ-ਬਾਪ ਖੁਦ ਰੱਖਣ।
- ਸਵੇਰੇ ਜਾਗਦੇ ਹੀ ਬਿਨਾ ਕੁੱਲਾ ਕੀਤੇ ਰਾਤ ਦਾ ਤਾਂਬੇ ਦੇ ਭਾਂਡੇ ਵਿਚ ਰੱਖਿਆ ਪਾਣੀ ਇਸਤੇਮਾਲ ਕਰਨ ਨਾਲ ਹਾਜ਼ਮਾ ਠੀਕ ਰਹਿੰਦਾ ਹੈ।ਕਸਰਤ ਤੇ ਸੈਰ ਸ਼ੁਰੂ ਕਰਨ ਤੋਂ ਪਹਿਲਾਂ ਗ੍ਰੀਨ-ਟੀ ਜਾਂ ਬਿਨਾ ਦੁੱਧ ਬਲੈਕ ਟੀ ਪੀਣ ਨਾਲ ਸਰੀਰ ਨੂੰ ਅਨਰਜੀ ਮਿਲਦੀ ਹੈ।ਵੱਧ ਕੋਲੈਸਟ੍ਰੋਲ ਵਾਲੇ ਫਾਇਦਾ ਲੈ ਸਕਦੇ ਹਨ।
- ਰਸੋਈ ਵਿੱਚੋਂ ਕੁਕੀ-ਬਿਸਕੁਟ, ਮਿਠਾਈ, ਰੱਸ, ਕੇਕ ਤੇ ਕੇਕ ਰੱਸ ਚੱਕ ਦਿਓ। ਹਮੇਸ਼ਾ ਸਨੈਕਸ ਫਲਾਂ ਵਿਚ ਕੇਲਾ, ਸੇਵ, ਰੋਸਟਿਡ ਚਿੱਕ-ਪੀ (ਛੋਲੇ), ਪੰਪਕਿਨ ਤੇ ਸਨਫਲਾਵਰ ਸੀਡਜ਼, ਮਿਕਸ ਨਟਸ, ਕੱਚੀ ਮੂੰਗਫਲੀ, ਬਾਦਾਮ, ਕਾਜੂ, ਅਖਰੌਟ ਨੂੰ ਸ਼ਾਮਿਲ ਕਰੋ।



ਅਨਿਲ ਧੀਰ
ਕਾਲਮਨਿਸਟ
healthmedia1@hotmail.com

- ਚੰਗੀ ਯਾਦਸ਼ਕਤੀ ਤੇ ਲੰਬੀ ਜ਼ਿੰਦਗੀ ਜੀਉਣ ਲਈ, ਹੋ ਸਕੇ ਤਾਂ ਲੰਚ ਤੋਂ ਬਾਅਦ 20 ਮਿਨਟ ਦੀ ਸੈਰ ਕਰੋ। ਤਾਜ਼ਗੀ ਦੇ ਨਾਲ ਸਰੀਰ ਤੇ ਮਨ ਨੂੰ ਤਾਕਤ ਮਿਲਦੀ ਹੈ।
- ਸਿਰ-ਪੀੜ, ਧੁੰਦਲੀ ਨਜ਼ਰ ਤੇ ਖੁਸ਼ਕ ਅੱਖਾਂ ਦੀ ਹਾਲਤ ਵਿਚ ਲੈਪਟਾਪ ਅੱਗੇ ਕੰਮ ਕਰਨ ਵਾਲੇ ਹਰ ਇੱਕ ਘੰਟੇ ਦੇ ਅੰਤਰ ਤੇ ਸਿਰਫ 20 ਸੈਕੰਡ ਲਈ ਆਪਣੀਆਂ ਅੱਖਾਂ ਨੂੰ ਬੰਦ ਕਰਕੇ ਬ੍ਰੇਕ ਯਾਨੀ ਆਰਾਮ ਦੇਣ।ਨਜ਼ਰ ਦਾ ਚਸ਼ਮਾ ਵਰਤਨ ਵਾਲੇ ਚੰਗੀ ਕੁਆਲਟੀ ਦੇ ਗਲਾਸਿਸ ਇਸਤੇਮਾਲ ਕਰਕੇ ਆਪਣੇ ਆਪ ਨੂੰ ਭਵਿੱਖ ਵਿਚ ਹੋਣ ਵਾਲੇ ਅੱਖਾਂ ਦੇ ਰੋਗਾਂ ਤੋਂ ਬਚਾਅ ਕਰਨ।




- ਸਾਹ ਦੀ ਬਿਮਾਰੀ ਅਤੇ ਫੇਫੜਿਆਂ ਨੂੰ ਤਾਕਤ ਦੇਣ ਲਈ ਰੋਜਾਨਾਂ 15 ਮਿਨਟ ਲੰਬਾ ਸਾਹ ਲੈਣ ਤੇ ਛੱਡਣ ਦਾ ਅਭਿਆਸ ਜ਼ਰੂਰ ਕਰੋ।ਪਹਿਲਾਂ ਸੱਜੇ ਨਥੁਨੇ ਨੂੰ ਅੰਗੂਠੇ ਨਾਲ ਅਤੇ ਫਿਰ ਖੱਬੇ ਨਥੁਨੇ ਨੂੰ ਅੰਗੂਠੇ ਨਾਲ ਕਵਰ ਕਰਕੇ ਸਾਹ ਲਵੋ ਤੇ ਛੱਡੋ।
- ਹਰ ਦੂਜਾ ਆਦਮੀ ਆਪਣੀ ਜੌਬ ਅਤੇ ਆਸਪਾਸ ਦੇ ਹਾਲਾਤਾਂ ਕਾਰਨ ਸਟ੍ਰੈਸ ਯਾਨੀ ਮਾਨਸਿਕ ਤਨਾਅ ਦਾ ਸ਼ਿਕਾਰ ਹੋਣ ਕਰਕੇ ਸੋਚਣ ਸਮਝਣ ਦੀ ਤਾਕਤ ਵੀ ਘੱਟਾ ਰਹਾ ਹੈ। ਸਟ੍ਰੈਸ ਨੂੰ ਘੱਟ ਕਰਨ ਵਾਲਾ ਹਾਰਮੋਨ ਕੋਰਟੀਸੋਲ ਦੇ ਪ੍ਰਾਪਰ ਲੈਵਲ ਲਈ ਘਰ ਤੋਂ ਬਾਹਰ ਫੈਮਿਲੀ ਨਾਲ ਸ਼ਾਂਤ ਹਰਿਆਲੀ ਵਾਲੇ ਸਥਾਨ ਕੁਝ ਘੰਟੇ ਜਰੂਰ ਬਿਤਾਓ।
- ਸਰੀਰ ਨੂੰ ਖੁਰਾਕੀ ਤੱਤ ਦੇਣ ਅਤੇ ਫ੍ਰੈਸ਼ ਸਬਜ਼ੀਆਂ ਲਈ ਆਪਣੇ ਗਾਰਡਨ ਵਿਚ ਉਗਾਓ, ਖਾਓ ਤੇ ਤੰਦਰੁਸਤ ਬਣੋ।
- ਅੱਜ ਇਨਸਾਨ ਤਨਾਅ ਭਰੀ ਜ਼ਿੰਦਗੀ ਵਿਚ ਹੱਸਣਾ ਭੁੱਲ ਗਿਆ ਹੈ।ਤੁਸੀਂ ਘਰ ਅੰਦਰ ਪਰਿਵਾਰ, ਬਾਹਰ ਦੋਸਤਾਂ ਨਾਲ ਅਤੇ ਹਾਸੇ ਦੇ ਟੀ ਵੀ ਸ਼ੋਅ ਵਾਚ ਕਰੋ।ਖੁੱਲ ਕੇ ਹੱਸਣ ਨਾਲ ਦਿਮਾਗ ਐਂਡ੍ਰੋਫਿਨ ਹਾਰਮੋਨ ਰੀਲੀਜ਼ ਕਰਦਾ ਹੈ।ਹਾਸਾ ਮਾਨਸਿਕ ਤੌਰ ਤੇ ਰਿਸ਼ਤਿਆਂ ਨੂੰ ਮਜਬੂਤ ਕਰਦਾ ਹੈ।
- ਇਕੱਲਾਪਨ ਦੂਰ ਕਰਨ ਲਈ ਹੋ ਸਕੇ ਤਾਂ ਅਕਟੀਵਿਟੀ ਕੋਰਸ ਜਾਂ ਕਲੱਬ ਜੁਆਇਨ ਕਰੋ।
- ਕੀ ਕਰਨਾ ਚਾਹੁੰਦੇ ਹੋ, ਕੀ ਕਰ ਸਕਦੇ ਹੋ, ਨੂੰ ਪਲੈਨ ਕਰੋ ਜ਼ਿੰਦਗੀ ਬੇਹਤਰ ਜੀਉਣ ਲਈ ਆਪਣੇ ਟੀਚਿਆਂ ਬਾਰੇ ਸੋਚੋ ਤੇ ਐਕਸ਼ਨ ਲਵੋ। ਤੁਹਾਡਾ ਸਹੀ ਪਲੈਨ ਹੀ ਜ਼ਿੰਦਗੀ ਬਦਲ ਦੇਵੇਗਾ।
- ਭੁੱਖ ਲਗਣ ਤੇ ਹੀ ਕੁੱਝ ਖਾਓ, ਸੰਤੁਸ਼ਟੀ ਜੋ ਜਾਣ ਤੇ ਖਾਣਾ-ਪੀਣਾ ਬੰਦ ਕਰ ਦਿਓ। ਜਰੂਰਤ ਤੋਂ ਵੱਧ ਖਾਣਾ-ਪੀਣਾ ਬਿਮਾਰੀਆਂ ਨੂੰ ਸੱਦਾ ਦੇਣਾ ਹੈ।ਆਪਣੇ ਸਰੀਰ ਨਾਲ ਪਿਆਰ ਅਤੇ ਕੇਅਰ ਕਰੋ।
- ਥੱਕ ਜਾਣ ਦੀ ਹਾਲਤ ਵਿਚ ਆਰਾਮ ਕਰੋ ਤੇ ਨੀਂਦ ਪੂਰੀ ਲਵੋ।ਬੈਡ ਤੇ ਜਾਣ ਦੇ ਵੇਲੇ ਇੱਕ ਘੰਟਾ ਪਹਿਲਾਂ ਲੈਪਟੋਪ, ਸੇਲ ਫੋਨ ਤੇ ਲਾਈਟਾਂ ਬੰਦ ਕਰ ਦਿਓ, ਕਿਓਂਕਿ ਇਹ ਡਿਸਟਰਬੈਂਸ ਸਰੀਰ ਅੰਦਰ ਮੇਲਾਟੋਨਿਨ ਹਾਰਮੋਨ ਨੀਂਦ ਘਟਾ ਸਕਦਾ ਹੈ। ਕੋਸ਼ਿਸ਼ ਕਰੋ ਵਕਤ ਤੇ ਬੈਡ ਤੇ ਜਾਣ ਦੀ ਅਤੇ ਸਵੇਰੇ ਛੇਤੀ ਜਾਗਣ ਦੀ।

**ਨੋਟ :** ਵਿਸ਼ਵ ਭਰ ਵਿੱਚ ਤੇਜ਼ੀ ਨਾਲ ਵੱਧ ਰਹੀਆਂ ਖਤਰਨਾਕ ਬਿਮਾਰੀਆਂ ਤੋਂ ਬਚਣ ਅਤੇ ਤੰਦਰੁਸਤੀ ਲਈ ਘਰ ਦੇ ਅੰਦਰ ਦੀ ਤੇ ਆਪਣੇ ਸਰੀਰ 'ਤੇ ਮਨ ਦੀ ਸਫਾਈ ਦਾ ਪੂਰਾ ਖਿਆਲ ਰੱਖੋ। ਹਮੇਸ਼ਾ ਆਪਣੇ ਹੱਥਾਂ ਨੂੰ ਸਾਬਨ ਨਾਲ ਰਗੜ ਕੇ ਸਾਫ ਕਰਕੇ ਸੈਨੀਟਾਈਜ਼ਰ ਦੀ ਵਰਤੋਂ ਕਰੋ। ਘਰ ਤੋਂ ਬਾਹਰ ਮਾਸਕ ਅਤੇ ਗਲਬਸ ਦਾ ਇਸਤੇਮਾਲ ਕਰਕੇ ਖੁਦ ਨੂੰ ਅਤੇ ਸਾਹਮਣੇ ਵਾਲੇ ਨੂੰ ਬਚਾ ਕੇ ਹੈਪੀ ਲਾਈਫ ਜੀਓ।

# ਵਿਟਾਮਿਨ ਏ ਹੈ ਸਾਡੇ ਭੋਜਨ ਦਾ ਅਹਿਮ ਹਿੱਸਾ

ਮਨੁੱਖੀ ਭੋਜਨ ਦੇ ਅੰਸ਼ਾਂ ਭਾਵ ਕਾਰਬੋਹਾਈਡਰੇਟ, ਚਰਬੀ, ਪ੍ਰੋਟੀਨ, ਵਿਟਾਮਿਨ, ਖਣਿਜ ਅਤੇ ਪਾਣੀ ਵਿਚੋਂ ਵਿਟਾਮਿਨ ਬੇਹੱਦ ਜ਼ਰੂਰੀ ਹਿੱਸਾ ਹਨ। ਵਿਟਾਮਿਨਾਂ ਦੀਆਂ ਵੱਖ-ਵੱਖ ਕਿਸਮਾਂ ਜਿਵੇਂ ਕਿ ਵਿਟਾਮਿਨ ਏ, ਬੀ, ਸੀ, ਡੀ, ਈ ਅਤੇ ਕੇ ਵਿਚੋਂ ਵਿਟਾਮਿਨ ਏ, ਡੀ, ਈ ਅਤੇ ਵਿਟਾਮਿਨ ਕੇ ਚਰਬੀ ਵਿਚ ਘੁਲਣਸ਼ੀਲ ਹਨ ਭਾਵ ਇਨ੍ਹਾਂ ਨੂੰ ਮਨੁੱਖ ਦੇ ਸਰੀਰ ਅੰਦਰ ਸੋਖਣ ਵਿਚ ਚਰਬੀ ਸਹਾਇਕ ਦੀ ਭੂਮਿਕਾ ਨਿਭਾਉਂਦੀ ਹੈ। ਵਿਕਸਿਤ ਦੇਸ਼ਾਂ ਵਿਚ ਲੋਕਾਂ ਦੇ ਆਮ ਭੋਜਨ ਤੋਂ ਹੀ ਉਨ੍ਹਾਂ ਨੂੰ ਲੋੜੀਂਦੀ ਮਾਤਰਾ ਵਿਚ ਵਿਟਾਮਿਨ ਏ ਪ੍ਰਾਪਤ ਹੋ ਜਾਂਦਾ ਹੈ।

ਵਿਟਾਮਿਨ ਏ ਦੀ ਘਾਟ ਦੇ ਆਮ ਲੱਛਣਾਂ ਵਿਚ ਚਮੜੀ ਦਾ ਖ਼ੁਸ਼ਕ ਹੋਣਾ (ਇਸ ਨਾਲ ਚਮੜੀ ਦਾ ਐਰਨਜ਼ੀਮਾ ਨਾਂਅ ਦਾ ਰੋਗ ਹੋ ਸਕਦਾ ਹੈ ਜਿਸ ਨਾਲ ਚਮੜੀ 'ਤੇ ਖ਼ਾਰਿਸ਼ ਹੋਣਾ, ਚਮੜੀ ਦਾ ਲਾਲ ਹੋਣਾ ਅਤੇ ਚਮੜੀ ਦੀ ਸੋਜਿਸ਼ ਹੋਣਾ ਜਿਹੇ ਲੱਛਣ ਪੈਦਾ ਹੋ ਸਕਦੇ ਹਨ), ਅੱਖਾਂ ਵਿਚ ਅੱਥਰੂਆਂ ਜਾਂ ਪਾਣੀ ਦਾ ਘੱਟ ਹੋਣਾ, ਅੰਧਰਾਤਾ (ਭਾਵ ਰਾਤ ਨੂੰ ਧੁੰਦਲਾ ਨਜ਼ਰ ਆਉਣਾ ਜਾਂ ਬਿਲਕੁਲ ਨਜ਼ਰ ਨਾ ਆਉਣਾ), ਮਰਦਾਂ ਅਤੇ ਔਰਤਾਂ ਦੋਵਾਂ ਵਿਚ ਬੱਚੇ ਪੈਦਾ ਕਰਨ ਦੀ ਸਮਰੱਥਾ ਘਟਣਾ, ਬੱਚਿਆਂ ਵਿਚ ਸਰੀਰਕ ਵਾਧਾ ਰੁਕਣਾ ਜਾਂ ਘੱਟ ਜਾਣਾ ਅਤੇ ਗਲੇ, ਛਾਤੀ ਅਤੇ ਸਾਹ ਪ੍ਰਣਾਲੀ ਵਿਚ ਲਾਗ ਦਾ ਵਾਰ-ਵਾਰ ਲੱਗ ਜਾਣਾ ਆਦਿ ਸ਼ਾਮਿਲ ਹੁੰਦਾ ਹੈ। ਇਸ ਦੀ ਘਾਟ ਦੇ ਹੋਰ ਲੱਛਣ ਸਰੀਰਕ ਜ਼ਖ਼ਮਾਂ ਦਾ ਦੇਰੀ ਨਾਲ ਠੀਕ ਹੋਣਾ ਅਤੇ ਚਿਹਰੇ 'ਤੇ ਫਿਣਸੀਆਂ ਹੋਣਾ ਆਦਿ ਵੀ ਹੋ ਸਕਦੇ ਹਨ। ਗਰਭਵਤੀ ਇਸਤਰੀ ਅੰਦਰ ਪਲ ਰਹੇ ਬੱਚੇ ਲਈ ਵਿਟਾਮਿਨ ਏ ਬੇਹੱਦ ਮਹੱਤਵਪੂਰਨ ਹੁੰਦਾ ਹੈ ਕਿਉਂਕਿ ਇਹ ਬੱਚੇ ਦੇ ਅੰਗਾਂ ਜਿਵੇਂ ਦਿਲ, ਫੇਫੜੇ, ਅੱਖਾਂ ਅਤੇ ਹੋਰ ਅੰਗਾਂ ਦੇ ਵਿਕਸਿਤ ਹੋਣ ਅਤੇ ਠੀਕ ਢੰਗ ਨਾਲ ਕੰਮ ਕਰਨ ਵਿਚ ਸਹਾਇਕ ਹੁੰਦਾ ਹੈ। ਵਿਟਾਮਿਨ ਏ ਨੂੰ ਰੋਜ਼ਾਨਾ ਦੇ ਭੋਜਨ ਤੋਂ ਸਹਿਜੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।




ਸ਼ਾਕਾਹਾਰੀ ਲੋਕਾਂ ਲਈ ਇਹ ਪਾਲਕ, ਬਦਾਮ, ਮੂੰਗਫਲੀ, ਨਾਰੀਅਲ, ਗਾਜਰ, ਸ਼ਕਰਕੰਦੀ, ਲੈਟਸ ਸਲਾਦ ਪੱਤਾ (*ettuce), ਅੰਬ, ਅੰਗੂਰ, ਤਰਬੂਜ਼ (ਹਦਵਾਣਾ), ਪਪੀਤਾ, ਅਮਰੂਦ ਅਤੇ ਖੁਰਮਾਨੀ ਆਦਿ ਤੋਂ ਪ੍ਰਾਪਤ ਹੋ ਸਕਦਾ ਹੈ। ਮਾਸਾਹਾਰੀ ਲੋਕ ਇਸ ਵਿਟਾਮਿਨ ਨੂੰ ਮੱਛੀ, ਅੰਡੇ, ਕਾਡ ਮੱਛੀ ਦੇ ਤੇਲ ਤੋਂ, ਸਾਲਮਨ ਮੱਛੀ ਆਦਿ ਤੋਂ ਹਾਸਲ ਕਰ ਸਕਦੇ ਹਨ। ਇੱਥੇ ਇਹ ਵੀ ਸਮਝਣ ਦੀ ਲੋੜ ਹੈ ਕਿ ਸੰਤੁਲਿਤ ਜਾਂ ਸੰਪੂਰਨ ਖ਼ੁਰਾਕ ਲੈਣ ਵਾਲੇ ਲੋਕਾਂ ਨੂੰ ਵਿਟਾਮਿਨ ਏ ਆਪਣੇ ਭੋਜਨ ਵਿਚੋਂ ਆਪਣੇ ਆਪ ਪ੍ਰਾਪਤ ਹੋ ਜਾਂਦਾ ਹੈ ਅਤੇ ਆਮ ਤੌਰ 'ਤੇ ਇਸ ਦੀ ਘਾਟ ਨਹੀਂ ਹੁੰਦੀ ਹੈ ਅਤੇ ਨਾ ਹੀ ਇਸ ਨੂੰ ਵਾਧੂ ਦਵਾਈ ਦੇ ਤੌਰ 'ਤੇ ਲੈਣ ਦੀ ਲੋੜ ਹੁੰਦੀ ਹੈ। ਇੱਥੇ ਇਹ ਵਿਸ਼ੇਸ਼ ਤੌਰ 'ਤੇ ਜਾਣਨ ਦੀ ਲੋੜ ਹੈ ਕਿ ਕਿਉਂਕਿ ਇਹ ਵਿਟਾਮਿਨ ਚਰਬੀ ਵਿਚ ਘੁਲਣਸ਼ੀਲ ਹਨ ਅਤੇ ਜ਼ੇਕਰ ਦਵਾਈਆਂ ਦੇ ਤੌਰ 'ਤੇ ਇਸ ਦੀ ਵੱਧ ਮਾਤਰਾ ਲੈ ਲਈ ਜਾਵੇ ਤਾਂ ਸਾਡਾ ਸਰੀਰ ਇਸ ਨੂੰ ਜਿਗਰ ਵਿਚ ਜਮ ?ਹਾਂ ਕਰ ਲੈਂਦਾ ਹੈ। ਵਧੇਰੇ ਮਾਤਰਾ ਵਿਚ ਜਮ ?ਹਾਂ ਕੀਤਾ ਵਿਟਾਮਿਨ ਏ ਸਰੀਰ ਲਈ ਜ਼ਹਿਰੀਲਾ ਹੋ ਸਕਦਾ ਹੈ। ਇਸ ਲਈ ਵਿਟਾਮਿਨ ਏ ਨੂੰ ਦਵਾਈ ਦੇ ਰੂਪ ਵਿਚ ਲੈਣ ਲੱਗਿਆਂ ਡਾਕਟਰੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ।

-ਅਸ਼ਵਨੀ ਚਤਰਥ

CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ
Capital services
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ
- ਹੋਰ ਸੇਵਾਵਾਂ -
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ।
Call, Banga (916) 427-4321, Fax (916) 258-0441
email: sacramento99@yahoo.com, website: capitalservices.us

## ਹਕੂਮਤ ਦੇ ਖੇਲ੍ਹੇ...

ਹਾਕਮ ਜਦੋਂ ਕਿਸਾਨੀ ਦੇ ਵੱਲ ਮੁਸਕਰਾ ਕੇ ਦੁੱਗਣੀ ਆਮਦਨੀ ਦਾ ਟੋਕਰਾ ਲਿਆਉਣ ਪੈਂਦਾ ਹੈ।
ਸੱਚੋ ਸੱਚ ਮੰਨ ਹੀ ਲਈਏ ਕਿ ਉਹ ਪਹਿਲਾਂ ਦੀ ਮਿਲੀ ਸਹੂਲਤ ਉਨ੍ਹਾਂ ਦੇ ਹੱਥੋਂ ਖੋਹਣ ਪੈਂਦਾ ਹੈ ।

ਜਦ ਧੀਆਂ ਦੀ ਆਬਰੂ ਘੱਟੇ ਰੁਲ ਰਹੀ ਹੁੰਦੀ, ਸਿਆਸਤ ਹਰ ਬਲਾਤਕਾਰੀਏ ਨੂੰ ਬਚਾ ਜਾਂਦੀ,
ਪੀੜਤਾ ਦੇ ਦਿਲ ਨੂੰ ਨਿਆਂ ਦੇਣ ਦੀ ਥਾਂਵੇਂ, ਪੂਰੇ ਦੇ ਪੂਰੇ ਟੱਬਰ ਦੇ ਰੋਣੇ ਧੋਣੇ ਦਬਾਉਣ ਪੈਂਦਾ ਹੈ।

ਕਦੇ ਉਹ ਦੱਸਦੈ ਮੁਲਕ ਦੀ ਅਰਥ-ਵਿਵਸਥਾ ਦੀ ਤੂਤੀ ਦੁਨੀਆਂ 'ਚ ਬੋਲਦੀ ਉੱਚਾ ਉੱਡ ਰਹੀ,
ਸ਼ਾਮ ਨੂੰ ਜਾਂ ਕਦੇ ਘੁਸਮੁਸੇ ਹੁਕਮ ਵਜਾ ਕੇ ਖ਼ੁਰਾਕੀ ਵਸਤਾਂ ਦੇ ਮੁੱਲ ਹੋਰ ਵਧਾਉਣ ਪੈਂਦਾ ਹੈ ।

ਜ਼ੁਬਾਨ ਤੇ ਭੂਰੇ ਰੰਗ ਦਾ ਜ਼ੰਗਾਲ,ਮਹਾਂ-ਲੋਕਤੰਤਰ ਦੇ ਖ਼ਚਰਾ ਬੇਥੱਵੇ ਬੇਅਧਾਰ ਗੁਣਗਾਣ ਕਰੇ,
ਉਹ ਤਾਂ ਕੁਦਰਤੀ ਰਜ਼ਾ ਤੋਂ ਬੇਖੌਫ਼ ਹੋਣ ਦੀ ਹਿੰਮਤ ਭਰਕੇ ਅਦਾਲਤ ਨੂੰ ਵੀ ਝੁਕਾਉਣ ਪੈਂਦਾ ਹੈ ।

ਯੋਗੀ ਢੌਂਗੀ ਭਗਵੇਂ ਐਸ਼ਾਂ-ਭੋਗੂ ਵਿਛਾ ਰਹੇ ਕੌਮਾਂ ਉੱਤੇ ਦਬਦਬੇ,ਮੜਕ ਰਹੇ ਦੰਗਿਆਂ ਦੇ ਮੌਸਮ,
ਘੱਟ ਗਿਣਤੀਆਂ ਨੂੰ ਡਰਾਉਣ ਪੈਂਦਾ ਤੇ ਹੜ੍ਹਦੁੰਗੀ ਪੱਖ ਨੂੰ ਹੋਰ ਹੋਰ ਵੱਧ ਪਤਿਆਉਣ ਪੈਂਦਾ ਹੈ ।

ਸਲਾਨਾ ਇੱਕ ਕਰੋੜ ਨੌਕਰੀ ਦੇਣੀ, ਸ਼ਗੂਫ਼ਾ ਲਟਕ ਰਿਹੈ ਭਾਵਹੀਣਾ ਪੁੱਠਾ ਵਾਂਗ ਚੁਗਿੱਦੜ ਦੇ,
ਕਿਸੇ ਵੀ ਤਰਾਂ ਦੇ ਨੌਕਰੀ ਦੇ ਰੁਤਬਿਆਂ ਨੂੰ ਸਵੈ-ਨਿਰਭਰਤਾ ਵਿੱਚ ਬਦੀਆ ਰਲਾਉਣ ਪੈਂਦਾ ਹੈ ।

ਉਹਦੇ ਕੁਧਰਮੀ ਪਾਠਾਂ ਦੀ ਕੋਝੀ ਮਾਰੂ ਹੱਲਚਲ ਰੜਕਦੀ, ਸਾਰੇ ਦੇਸ਼ ਦੇ ਰਹੇ ਸਿਰ ਉੱਤੇ ਭਾਰੂ,
ਮੇਰੀ ਜ਼ੀਰੋ ਗਿਣਤੀ ਵਿੱਚ ਨਸ਼ਰ ਹੋ ਰਹੀ ਅੱਜ ਵਾਲੀ ਨਜ਼ਮ ਨੂੰ ਆਵਦੇ ਹੱਥੀਂ ਧੋਣ ਪੈਂਦਾ ਹੈ!

ਕਾਲੇ ਕਾਨੂੰਨਾਂ ਦਾ ਨਿੱਘਾ ਸੁਆਗਤ,ਪੁਰਾਤਨ ਮਿਥਿਹਾਸਕ ਸ਼ਕਤੀਆਂ ਨੂੰ ਦਿਲੋਂ ਜੀ ਆਇਆਂ,
ਝੂਠੋ ਝੂਠ ਵੰਡੇ ਹੋਏ ਘਰ ਗਰੀਬਾਂ ਲਈ ਦਿਖਾਉਂਦਾ,ਵੱਡੇ ਇਸ਼ਤਿਹਾਰੀਂ ਪਾਪੀ ਆਉਣ ਪੈਂਦਾ ਹੈ!

ਗਰੀਬਾਂ ਲਈ ਵੱਖਰੇ, ਅਮੀਰਾਂ ਲਈ ਵੱਖਰੇ, ਅਲਜਬਰਾ 'ਮੰਨ ਲਓ' ਕਹਿ ਸਵਾਲ ਵੱਲ ਤੁਰਦੈ,
ਅਮੀਰਾਂ ਨੂੰ ਨਚਾਉਣ ਵਿੱਚ ਮਸ਼ਰੂਫ ਰਹਿੰਦਾ, ਪਰ ਲੋੜਵੰਦਾਂ ਨੂੰ ਹੋਰ ਵੱਧਕੇ ਰੁਵਾਉਣ ਪੈਂਦਾ ਹੈ।

ਦਲਾਲੀਆਂ ਚਮਕਾਂ ਦਮਕਾਂ ਵਿੱਚ ਹਾਜ਼ਰ ਨਾਜ਼ਰ ਨੇ, ਘੁਟਾਲੇ ਬੁੱਕ ਰਹੇ ਨਸ਼ਿਆਈਆਂ ਰੂਹਾਂ ਦੇ
ਪਰ ਵਿਰੋਧੀ ਧਿਰਾਂ ਨੂੰ,ਕੁਰਸੀ ਛੱਡ ਚੁੱਕੀਆਂ ਸਰਕਾਰਾਂ ਨੂੰ ਹੀ ਕਸੂਰਵਾਰ ਬਣਾਉਣ ਪੈਂਦਾ ਹੈ!



ਸੁਖਦੇਵ ਸਿੱਧੂ

## ਬਾਬੇ ਨਾਨਕ ਦੀ 35 ਅੱਖਰੀ

ਊੜਾ ਆਖਦਾ ਏਕ ਓਂਕਾਰ,
ਆੜਾ ਈੜੀ ਨੂੰ ਆਖਦਾ ਕੱਢਾਂਗੇ ਜ਼ਿੰਦਗੀ ਇੱਕ ਹੋ ਕੇ।
ਸੱਸਾ ਸਰਪਟ ਦੌੜਿਆ, ਹਾਹੇ ਨੂੰ ਹੰਕਾਰ ਹੋ ਗਿਆ,
ਤੈਨੂੰ ਡੰਗੂਂਗਾ ਸੱਸਾ ਸੱਪ ਬਣਕੇ, ਹਾਹੇ ਦਾ ਹਾਹਾਕਾਰ ਹੋ ਗਿਆ।

ਕੱਕਾ ਉੱਡ ਕੇ ਕਾਸ਼ਤਕਾਰ ਬਣਿਆ,
ਕਾਂ ਉਡਾਉਣ ਲੱਗਿਆ।
ਖੱਖਾ ਖਾਂਦਾ ਪੀਂਦਾ ਜ਼ਿਮੀਂਦਾਰ ਬਣਿਆ,
ਗੱਗਾ ਗੰਨੇ ਵੱਢ ਵੱਢ ਕੇ ਗੁੜ ਬਣਾਉਣ ਲੱਗਿਆ।

ਘੱਗਾ ਘੜੇ ਦਾ ਪਾਣੀ ਪਿਆਸ ਬੁਝਾਉਣ ਲੱਗਿਆ,
ਸ਼ੱਕ ਦੇ ਬੱਦਲ ਉੜ੍ਹਦੇ ਜਾਣ।
ਕਿਸੇ ਥਾਣੇ ਰਿਪੋਰਟ ਕਰਵਾ ਦਿੱਤੀ,
ਦਾਰੂ ਕੱਢਦਾ ਫੜਿਆ ਕਿਰਸਾਨ।

ਚੱਚਾ ਚੌਧਵੀਂ ਦਾ ਚੰਨ ਚਮਕ ਗਿਆ ਚੁੱਪ ਕਰਕੇ,
ਛੱਛਾ ਛਾਨਣੀ ਦੇ ਵਿੱਚੋਂ ਰੰਨ ਚੌਧਵੀਂ ਦਾ ਚੰਨ ਦੇਖੇ।
ਜੱਜਾ ਜੰਗਲਾਂ ਦੇ ਵਿੱਚ ਫਿਰੇ ਲੁਕਿਆ,
ਝੱਝਾ ਝਾੜੀਆਂ ਦੇ ਵਿੱਚੋਂ ਸਾਹਾ ਚੁੱਕਿਆ।

ਟੈਂਕਾ ਟੱਲ ਖੜਕ ਗਿਆ ਸੋਹਣੇ ਮੰਦਰਾਂ 'ਚ,
ਠੱਠਾ ਕਰੇ ਠੱਠੇ ਭਰਜਾਈਆਂ ਨੂੰ,
ਡਡਾ ਡੱਡੂ ਡਰਾਵੇ ਚਾਚੀਆਂ ਤਾਈਆਂ ਨੂੰ,
ਢੱਡ ਢੋਲਕੀਆਂ ਛੈਣੇ ਵੱਜਣ,ਣਾਣੇ ਦੀਆਂ ਵਧਾਈਆਂ ਨੂੰ।

ਤੱਤਾ ਚਲੇ ਤੱਤੀ ਵਾਓ ਵਾਗੂੰ, ਥੱਥਾ ਥਰੀਕੇ ਵਾਲੇ ਦੀ ਗੁੱਡੀ ਚੜ੍ਹਾਈ ਜਾਂਦਾ।
ਦਦਾ ਦਾਦਾ ਬੀਤੇ ਦੀਆਂ ਗੱਲਾਂ ਸੁਣਾਈ ਜਾਵੇ,
ਥੱਥਾ ਵਿਰੋਧੀਆਂ ਨੂੰ ਧਣੇਸੜੀ ਪੁਚਾਈ ਜਾਵੇ।

ਨਨਾ ਨਾਨਕ ਭੈਣ ਨਾਨਕੀ ਨੂੰ ਯਾਦ ਕਰੇ,
ਬੱਬਾ ਬਾਬਾ ਨਾਨਕ ਦੁਖੀ ਕੀਤਾ ਔਲਾਦ ਨੇ।
ਪੱਥਰ ਸੁਟਿਆ ਸੱਜਣ ਠੱਗ ਨੇ, ਬਾਬੇ ਰੋਕ ਦਿਖਾਇਆ।
ਫੱਫਾ ਫੋੜਿਆਂ ਤੇ ਮੱਲ੍ਹਮ ਲਾਈ ਡੇਰੇ ਸਾਧ ਨੇ,
ਬੱਬਾ ਬਾਬੇ ਨਾਨਕ ਗੇੜਾ ਲਾਇਆ ਮੱਕਾ ਮਦੀਨਾ ਤੇ ਬਗਦਾਦ ਮੇਂ।

ਭੱਬਾ ਭੱਬੂ-ਤਾਰੇ ਦਿਖਾਏ ਦਿਨ ਦਿਹਾੜੇ,
ਮੱਮਾ ਮਸ਼ਹੂਰੀ ਕੰਪਨੀ ਦੀ, ਮਾਲ ਮਾਲਕਾਂ ਦਾ।
ਯੱਯਾ ਯੱਕੇ ਵਾਲਾ ਸੀ ਮੇਰੇ ਨਾਨਕਿਆਂ ਦਾ,
ਵਾਵਾ ਵਾਹਿਗੁਰੂ ਕਹਿ ਕੇ ਤੋਰਦਾ ਸੀ।

ਰਾਰਾ ਕਿਸੇ ਦੇ ਰੋਕਿਆਂ ਰੁਕਦਾ ਨਹੀਂ ਸੀ,
ਲੱਲਾ ਲੰਗੜਾ ਸੀ ਪਰ ਕਿਸੇ ਦੇ ਅੱਗੇ ਝੁਕਦਾ ਨਹੀਂ ਸੀ।
ੳ ਅ ੲ ਨੇ ਮੁੱਢਲੇ ਅੱਖਰ, ਬਾਬੇ ਘੜੇ ਜੱਗ ਤੇ ਘੁੰਮ ਘੁੰਮ ਕੇ ਜੀ,
ਬਾਕੀ ਕੌਨਸੋਨੈਂਟ ਵੀ ਪੈਂਤੀ ਦੀ ਸ਼ੋਭਾ,
ਜਿਥੇ ਘੁੰਮੇ ਬਾਬਾ ਨਾਨਕ, ਓਥੇ ਪੈਰ ਰੱਖਦੀ ਚੁੰਮ ਚੁੰਮ ਕੇ ਜੀ।



ਅਮਰਜੀਤ ਸਿੰਘ ਤੂਰ
9878469639

## ਛਲ ਹੁਸਨ ਦਾ

ਜਿਸ ਹੁਸਨ ਦੀ ਮਲਿਕਾ ਉੱਤੇ ਦਿਲ ਪਾਗ਼ਲ ਏਹ ਡੁੱਲਿਆ ਸੀ
ਨਾ ਰਾਤਾਂ ਨੂੰ ਨੀਂਦਰ ਆਉਂਦੀ ਅਪਣਾ ਆਪ ਹੀ ਭੁੱਲਿਆ ਸੀ
ਅਪਣੇ ਗੁੱਟ ਤੇ ਮਾਸ ਚੀਰਕੇ ਜਿਸਦਾ ਲਿਖਿਆ ਨਾਮ ਅਸੀਂ
ਛਲ ਹੁਸਨ ਦਾ ਪੈ ਗਿਆ ਮਹਿੰਗਾ ਲੁੱਟੇ ਗਏ ਸ਼ਰਿਆਮ ਅਸੀਂ

ਨਵੀਂ ਨਵੀਂ ਜਦ ਮੈਂ ਮੋਹੱਬਤ ਉਸ ਸੋਹਣੀ ਨਾਲ ਪਾਈ ਸੀ
ਉਸ ਸੋਹਣੀ ਨੇ ਸੋਹਣੇ ਰੰਗ ਤੋਂ ਖੋਹ ਲਈ ਕਰੀ ਕਮਾਈ ਸੀ
ਬੇ-ਦਖਲ ਘਰ ਦਿਆਂ ਨੇ ਕਰਤਾ ਹੋਏ ਜਦ ਬਦਨਾਮ ਅਸੀਂ
ਛਲ ਹੁਸਨ ਦਾ ਪੈ ਗਿਆ ਮਹਿੰਗਾ ਪੱਟੇ ਗਏ ਸ਼ਰਿਆਮ ਅਸੀਂ

ਓਹ ਵੀ ਹਸਕੇ ਸੰਗ ਗੈਰਾਂ ਦੇ ਵਿੱਚ ਬਾਰ ਦੇ ਬਹਿ ਗਈ
ਬਾਰ ਬੇਗਾਨੀ ਯਾਰ ਬੇਗਾਨੇ ਕਮਲੀ ਕਮਲਾ ਕਹਿ ਗਈ
ਉਸਦੇ ਸ਼ਹਿਰ ਦੀ ਮਹਫ਼ ?ਲ ਦੇ ਵਿੱਚ ਲਗਦੇ ਪੇਂਡੂ ਆਮ ਅਸੀਂ
ਛਲ ਹੁਸਨ ਦਾ ਪੈ ਗਿਆ ਮਹਿੰਗਾ ਲੁੱਟੇ ਗਏ ਸ਼ਰੇਆਮ ਅਸੀਂ

ਲੱਗੀਆਂ ਵਾਲੇ ਲਾਕੇ ਅੱਖਾਂ ਫੇਰ ਪਿੱਛੋਂ ਪਛਤਾਉਂਦੇ ਨੇ
ਧੰਨਿਆਂ ਤੇਰੇ ਵਰਗੇ ਟੁੱਟੀਆਂ ਦੇ ਕੁਝ ਗੀਤ ਬਣਾਉਂਦੇ ਨੇ
ਜੋ ਜੋ ਸਾਡੇ ਨਾਲ ਸੀ ਬੀਤੀ ਲਿਖਤੇ ਗਮ ਤਮਾਮ ਅਸੀਂ
(ਗਲਤੀ ਕਰਕੇ ਖ਼ੁਦ ਗੈਰਾਂ ਤੇ ਲਾ ਬੈਠੇ ਇਲਜ਼ਾਮ ਅਸੀਂ)
ਛਲ ਹੁਸਨ ਦਾ ਪੈ ਗਿਆ ਮਹਿੰਗਾ ਪੱਟੇ ਗਏ ਸ਼ਰੇਆਮ ਅਸੀਂ।



ਧੰਨਾ ਧਾਲੀਵਾਲ
9878235714

## ਫ਼ਤਵਾ

ਤੂੰ ਕੋਈ ਅਹਿਸਾਨ ਥੋੜੀ ਕੀਤਾ ਹੈ!
ਆਪਣਾ ਰੋਜ਼ ਦਾ ਕੰਮ ਹੀ ਤਾਂ ਕੀਤਾ ਹੈ।
ਸਵੇਰੇ ਸਭ ਤੋਂ ਪਹਿਲਾਂ ਉੱਠ ਕੇ,
ਚਾਹ-ਦੁੱਧ ਸਭ ਨੂੰ ਦੇ ਕੇ,
ਰੋਟੀ ਸਭ ਦੀ ਬਣਾ ਕੇ,
ਡੱਬਿਆਂ ਵਿੱਚ ਪੈਕ ਕਰ ਕੇ,
ਪਾਣੀ ਦੀਆਂ ਬੋਤਲਾਂ ਨਾਲ ਭਰਕੇ,.. ਰੱਖ ਕੇ,
ਜ਼ਿੰਮੇਵਾਰੀ ਨਾਲ ਸਭ ਨੂੰ ਤੋਰਿਆ,
ਜੇ ਕਿਸੇ ਦਾ ਡੱਬਾ ਰਹਿ ਜਾਵੇ, ਤਾਂ ਜ਼ਿੰਮੇਵਾਰ ਤੈਨੂੰ ਠਹਿਰਾ ਕੇ,
ਇਸਨੇ ਅੱਜ ਕੰਮ ਧਿਆਨ ਨਾਲ ਨਹੀਂ ਕੀਤਾ,.. ਸੁਣ ਕੇ,
ਪਿੱਛੇ ਰਹਿੰਦੇ ਪਰਿਵਾਰ ਦੀਆਂ ਰੋਟੀਆਂ ਬਣਾ ਕੇ,
ਫਿਰ ਆਪ ਨਹਾ- ਧੋ ਕੇ, ਤਿਆਰ ਹੋ ਕੇ,
ਆਪਣੀ ਨੌਕਰੀ 'ਤੇ ਜਾ ਕੇ,
ਤੂੰ ਕੋਈ ਅਹਿਸਾਨ ਥੋੜੀ ਕੀਤਾ ਹੈ!
ਆਪਣਾ ਫਰਜ਼ ਹੀ ਤਾਂ ਪੂਰਾ ਕੀਤਾ ਹੈ।

ਤੇਰੇ ਮਗਰੋਂ ਖਾਣ- ਪੀਣ ਦਾ ਕੰਮ ਕਰਕੇ,
ਆਪਣੇ-ਆਪ ਨੂੰ ਸੰਭਾਲ ਕੇ... ਸਭ ਥੱਕ ਜਾਂਦੇ,
ਘਰ ਆ ਕੇ ਫਿਰ..ਸਭ ਨੂੰ ਪਾਣੀ-ਧਾਣੀ ਦੇ ਕੇ,
ਸਭ ਥੱਕੇ ਹੋਇਆ ਲਈ, ਰੋਟੀ ਬਣਾ ਕੇ,
ਤੇ ਸਭ ਨੂੰ ਆਪੋ-ਆਪਣੇ ਥਾਂ 'ਤੇ ਬੈਠਿਆਂ ਨੂੰ,
ਪਾ-ਪਾ ਕੇ,.. ਖਵਾਕੇ... ਤੇ ਫਿਰ ਰਸੋਈ ਸਮੇਟੀ,
ਸਭ ਤੋਂ ਬਾਅਦ ਵਿੱਚ, ਜੋ ਬਚਿਆ.. ਉਹ ਆਪ ਖਾ ਕੇ,
ਰਾਤ ਦੀ ਰੋਟੀ ਲਈ ਫਿਰ ਸੋਚੀਂ ਪੈ ਕੇ,
ਕੰਮ ਦੇ ਰੁਝੇਵਿਆਂ ਵਿੱਚ ਖ਼ੁਦ ਨੂੰ ਭੁੱਲਾ ਕੇ,
ਤੂੰ ਇਹ ਸਭ ਕਰਕੇ, ਕੋਈ ਅਹਿਸਾਨ ਥੋੜੀ ਕੀਤਾ ਹੈ!
ਆਪਣਾ ਫ਼ਰਜ਼ ਹੀ ਤਾਂ ਪੂਰਾ ਕੀਤਾ ਹੈ!

ਸਭ ਦਾ ਕੱਪੜਾ- ਲੀੜਾ ਸ਼ਾਮ ਨੂੰ ਸਮੇਟ ਕੇ,
ਰਾਤ ਦਾ ਅੰਨ ਪਾਣੀ ਕਰਕੇ , ਫਿਰ ਸਭਦੇ ਢਿੱਡ ਦੀ,
ਭੁੱਖ ਨੂੰ ਮਿਟਾਉਣ ਲਈ ਚੁੱਲ੍ਹਾ ਚੌਂਕਾ ਕੀਤਾ,
ਦੇਰ ਰਾਤ ਤੱਕ ਭਾਂਡਾ ਟੀਂਡਾ ਸਮੇਟ ਕੇ,
ਅਗਲੇ ਦਿਨ ਦੀ ਕੁਝ ਕੁ ਤਿਆਰੀ ਕਰਕੇ,
ਸਭ ਦੇ ਸੌਂ ਜਾਣ ਤੋਂ ਬਾਅਦ ਬਿਸਤਰੇ ਵੱਲ ਵੇਖਿਆ,
ਥੱਕੇ ਹੋਏ ਸਰੀਰ ਨੇ ਮਸਾਂ ਸੌਣ ਬਾਰੇ ਸੋਚਿਆ,
ਤਾਂ ਦੇਖਿਆਂ....ਬੱਚੇ ਦਾ ਸਰੀਰ ਭੱਖਦਾ ਜਾਪਿਆ,
ਉੱਠ ਕੇ ਦਵਾਈ ਦਿੱਤੀ, ਪਰ ਕਿਸੇ ਨਾ ਗੌਲਿਆ,
ਸਾਰੀ ਰਾਤ ਟੋਹ-ਟੋਹ ਕੇ ਬੱਚੇ ਨੂੰ, ਉਨੀਂਦਰੇ ਵਿੱਚ,
ਕਾਲੀ ਰਾਤ ਨੂੰ ਪਾਰ ਕਰਦਿਆਂ, ਅੱਖ ਲੱਗ ਗਈ,
ਸਵੇਰੇ ਥੋੜ੍ਹੀ ਲੇਟ ਹੋ ਗਈ ਤਾਂ ਘਰਦਿਆਂ ਦੀਆਂ,
ਸਵਾਲੀਆਂ ਨਜ਼ਰਾਂ ਨੂੰ ਆਪਣੇ ਵੱਲ ਤੱਕਦੇ ਵੇਖਿਆ,
ਸਾਰਾ ਕੰਮ ਛੇਤੀ-ਛੇਤੀ ਕਰਕੇ, ਟਾਈਮ ਪੀਸ ਵੱਲ ਝਾਕਿਆ!
ਲਗਦਾ ਸੀ ਮੈਂ ਲੇਟ ਹੋ ਰਹੀ ਹਾਂ....,
ਫਿਰ ਵੀ ਸਾਰਾ ਕੰਮ ਕਾਹਲ ?ੀ ਨਾਲ ? ਸਮੇਟਿਆਂ,
ਬੱਚੇ ਦੀ ਤਬੀਅਤ ਦੇਖ, ਫਿਰ ਛੁੱਟੀ ਬਾਰੇ ਸੋਚਿਆਂ!
ਮੈਂ ਕੋਈ ਖ਼ਾਸ ਥੋੜੀ ਕੀਤਾ,ਇਹ ਮੇਰਾ ਹੀ ਤਾਂ ਕੰਮ ਸੀ,
ਮੈਂ ਇਹ ਸਭ ਕਰਕੇ ਕੋਈ ਅਹਿਸਾਨ ਥੋੜੀ ਕੀਤਾ!
ਆਪਣਾ ਫ਼ਰਜ਼ ਹੀ ਤਾਂ ਪੂਰਾ ਕੀਤਾ ਹੈ!
ਚੁੱਪ ਕਰਕੇ ਸਭ ਸਹੀ ਜਾਵਾਂ ਕਿਉਂਕਿ......
ਘਰ ਨੂੰ ਚਲਾਉਣ ਲਈ, ਹੋਰ ਕੋਈ ਚਾਰਾ ਨਹੀਂ ਹੈ....
ਇਹ ਸਾਰੇ ਮੇਰੇ ਹੀ ਤਾਂ ਫ਼ਰਜ਼ ਹਨ...!
ਪਤਾ ਨਹੀਂ ਕਿਸ ਕਿਤਾਬ ਵਿੱਚ....?
ਕਿਸ ਨੇ... ਇਹ ਸਭ ਕੰਮਾਂ ਦੇ ਫ਼ਰਜ਼ਾਂ ਦਾ,
ਫ਼ਤਵਾ... ਸਿਰਫ਼ ਤੇ ਸਿਰਫ਼, ਮੇਰੇ ਨਾਂ ਹੀ ਲਿੱਖ ਭੇਜਿਆ!!!



ਪਰਵੀਨ ਕੌਰ ਸਿੱਧੂ
8146536200

## ਗ਼ਜ਼ਲ

ਕਿਸੇ ਦੇ ਹੋਣ ਤੋਂ ਪਹਿਲਾਂ ਕਿਸੇ ਦੇ ਬਣਨ ਤੋਂ ਪਹਿਲਾਂ,
ਬੜਾ ਕੁਝ ਦੇਖਣਾ ਪੈਂਦਾ, ਬੜਾ ਕੁਝ ਸੋਚਣਾ ਪੈਂਦਾ।
ਮੁਹੱਬਤ ਵਿਚ ਸਦਾ ਲਈ ਯਾਰ ਦਾ ਹੱਥ ਫੜਨ ਤੋਂ ਪਹਿਲਾਂ,
ਬੜਾ ਕੁਝ ਦੇਖਣਾ ਪੈਂਦਾ, ਬੜਾ ਕੁਝ ਸੋਚਣਾ ਪੈਂਦਾ।

ਜ਼ਮਾਨਾ ਦੂਜਿਆਂ ਤੇ ਉਂਗਲਾਂ ਅਕਸਰ ਉਠਾਉਂਦਾ ਹੈ।
ਹਮੇਸ਼ਾ ਦੂਜਿਆਂ ਦੇ ਘਰ ਇਹ ਅੱਗਾਂ ਹੀ ਲਗਾਉਂਦਾ ਹੈ।
ਜ਼ਮਾਨੇ ਦੀ ਲਗਾਈ ਅੱਗ ਦੇ ਵਿੱਚ ਸੜਨ ਤੋਂ ਪਹਿਲਾਂ,
ਬੜਾ ਕੁਝ ਦੇਖਣਾ ਪੈਂਦਾ, ਬੜਾ ਕੁਝ ਸੋਚਣਾ ਪੈਂਦਾ।

ਇਹੀ ਮਜ਼ਲੂਮ ਤੇ ਜਾਬਰ ਹਮੇਸ਼ਾ ਜ਼ੁਲਮ ਕਰਦੇ ਨੇ।
ਤੇ ਮਾਹਤੜ ਚੁੱਪ ਚੁਪੀਤੇ ਜ਼ਾਲਿਮਾਂ ਦਾ ਜ਼ੁਲਮ ਜਰਦੇ ਨੇ।
ਭਲੇ ਬੰਦੇ ਨੂੰ ਹੱਕਾਂ ਦੀ ਲੜਾਈ ਲੜਨ ਤੋਂ ਪਹਿਲਾਂ,
ਬੜਾ ਕੁਝ ਦੇਖਣਾ ਪੈਂਦਾ, ਬੜਾ ਕੁਝ ਸੋਚਣਾ ਪੈਂਦਾ।

ਅਜੇ ਵੀ ਧਰਮ ਦੇ ਨਾਂ ਤੇ ਇਹ ਲੋਕਾਂ ਨੂੰ ਲੜਾਉਂਦੇ ਨੇ.
ਤੇ ਅੰਨ੍ਹੀ ਆਸਥਾ ਦਾ ਲਾਭ ਇਹ ਅਕਸਰ ਉਠਾਉਂਦੇ ਨੇ.
ਸਿਆਸੀ ਬੰਦਿਆਂ ਦੇ ਸਾਹ 'ਚ ਸਾਹ ਹੁਣ ਭਰਨ ਤੋਂ ਪਹਿਲਾਂ,
ਬੜਾ ਕੁਝ ਦੇਖਣਾ ਪੈਂਦਾ, ਬੜਾ ਕੁਝ ਸੋਚਣਾ ਪੈਂਦਾ।

ਇਹ ਦਿਲ ਦਾ ਚੈਨ ਲੁੱਟ ਲੈਂਦੀ, ਸਵੇਰੇ-ਸ਼ਾਮ ਤੜਪਾਵੇ.
ਮੁਹੱਬਤ ਖੇਡ ਹੈ ਐਸੀ ਹਰਿਕ ਨੂੰ ਰਾਸ ਨਾ ਆਵੇ।
ਮੁਹੱਬਤ ਦੇ ਸਮੁੰਦਰ ਵਿਚ, ਹੈ ਅੱਜ ਕੱਲ੍ਹ ਤਰਨ ਤੋਂ ਪਹਿਲਾਂ,
ਬੜਾ ਕੁਝ ਦੇਖਣਾ ਪੈਂਦਾ, ਬੜਾ ਕੁਝ ਸੋਚਣਾ ਪੈਂਦਾ।

ਲਤੀਫ਼ੇਬਾਜ਼ ਹਾਕਮ ਹੈ ਲਤੀਫ਼ੇ ਹੀ ਸੁਣਾਉਂਦਾ ਹੈ।
ਬਿਨਾ ਹੀ ਤੇਲ ਤੋਂ ਅਕਸਰ ਬੁਝੇ ਦੀਵੇ ਜਗਾਉਂਦਾ ਹੈ।
ਲਤੀਫ਼ੇਬਾਜ਼ ਬੰਦੇ ਤੇ ਭਰੋਸਾ ਕਰਨ ਤੋਂ ਪਹਿਲਾਂ,
ਬੜਾ ਕੁਝ ਦੇਖਣਾ ਪੈਂਦਾ, ਬੜਾ ਕੁਝ ਸੋਚਣਾ ਪੈਂਦਾ।

ਸ਼ਿਕਾਰੀ ਪਿੰਜਰੇ ਵਿਚ ਹੀ ਜਦੋਂ ਚੋਗੇ ਚੁਗਾਉਂਦਾ ਹੈ।
ਪਰਿੰਦਾ ਭੁੱਲ ਕੇ ਉੱਡਣਾ ਗ਼ੁਲਾਮੀ ਖ਼ੁਦ ਥਿਆਉਂਦਾ ਹੈ।
ਇਨ੍ਹੀਂ ਹਾਲੀਂ ਪਰਿੰਦੇ ਨੂੰ ਉਡਾਰੀ ਭਰਨ ਤੋਂ ਪਹਿਲਾਂ,
ਬੜਾ ਕੁਝ ਦੇਖਣਾ ਪੈਂਦਾ, ਬੜਾ ਕੁਝ ਸੋਚਣਾ ਪੈਂਦਾ।

ਵਤਨ ਛੱਡਣਾ ਪਿਆ ਸਾਨੂੰ, ਉਦੋਂ ਹਾਲਾਤ ਐਸੇ ਸੀ।
ਬਣੇ ਹਮਸਾਏ ਹੀ ਦੁਸ਼ਮਣ, ਉਦੋਂ ਦਿਨ-ਰਾਤ ਐਸੇ ਸੀ।
ਉਵੇਂ ਘਰਬਾਰ ਛੱਡ ਦੇਣਾ, ਤੇ ਹਿਜਰਤ ਕਰਨ ਤੋਂ ਪਹਿਲਾਂ,
ਬੜਾ ਕੁਝ ਦੇਖਣਾ ਪੈਂਦਾ, ਬੜਾ ਕੁਝ ਸੋਚਣਾ ਪੈਂਦਾ।

ਹਿਫਾਜ਼ਤ ਬੇਬਸਾਂ ਦੀ ਇਹ ਸਦਾ ਸਿਰਦਾਰ ਕਰਦੇ ਸੀ।
ਬਿਗਾਨੇ ਕੁਨਬਿਆਂ ਖ਼ਾਤਿਰ, ਤਲੀ ਤੇ ਜਾਨ ਧਰਦੇ ਸੀ।
ਉਹੀ ਕਹਿੰਦੇ ਨੇ ਰਾਣੇ ਜ਼ਿੰਦ ਤਲੀ ਤੇ ਧਰਨ ਤੋਂ ਪਹਿਲਾਂ,
ਬੜਾ ਕੁਝ ਦੇਖਣਾ ਪੈਂਦਾ, ਬੜਾ ਕੁਝ ਸੋਚਣਾ ਪੈਂਦਾ।



ਜਗਦੀਸ਼ ਰਾਣਾ
09872630635
08872630635

## ਬਿਪਤਾ ਦੀ ਘੜੀ

ਹੜਾਂ ਚ ਡਰਾਮੇਂ ਨਹੀਂਓ ਕਰੋਂ ਚੰਗੀ ਕਰਤੂਤ ਨੇਤਾ ਜੀ।
ਬਿਪਤਾ ਦੀ ਘੜੀ ਓ ਦਿਓ ਸਿਆਣਪ ਦਾ ਸਬੂਤ ਨੇਤਾ ਜੀ।
ਹੜਾਂ ਚ ਡਰਾਮੇ ਨਹੀਂਓ............

ਕੁਦਰਤ ਹੋਈ ਕਰੋਪ ਆਓ ਰਲਮਿਲ ਏਹਨੂੰ ਝੱਲੀਏ।
ਹੁਣ ਰਾਜਨੀਤੀ ਨਾ ਕਰੀਏ ਕਿਸੇ ਤਰ੍ਹਾਂ ਏਹਨੂੰ ਠੱਲੀਏ।
ਕਲ ਨੂੰ ਨਹੀਂ ਇਤਿਹਾਸ ਨੇ ਕਹਿਣਾ ਸਾਨੂੰ ਏਥੇ ਊਤ ਨੇਤਾ ਜੀ।
ਬਿਪਤਾ ਦੀ ਘੜੀ ਓ ਦਿਓ ਸਿਆਣਪ ਦਾ ਸਬੂਤ ਨੇਤਾ ਜੀ।
ਹੜਾਂ ਚ ਡਰਾਮੇ ਨਹੀਂਓ............

ਜਾਨੀ ਮਾਲੀ ਨੁਕਸਾਨ ਏਥੇ ਏ ਵੇਖੋ ਕਿਨਾਂ ਹੋ ਗਿਆ ਐ।
ਏ ਵੀ ਸਮਝੋ ਕਈਆ ਦਾ ਏਥੇ ਸਭ ਕੁਝ ਖੋ ਗਿਆ ਐ।
ਵੇਖ ਕੇ ਉਨਾਂ ਦੇ ਚਿਹਰੇ ਸਾਡੇ ਸਾਹ ਜਾਂਦੇ ਆ ਸੂਤ ਨੇਤਾ ਜੀ।
ਬਿਪਤਾ ਦੀ ਘੜੀ ਓ ਦਿਓ ਸਿਆਣਪ ਦਾ ਸਬੂਤ ਨੇਤਾ ਜੀ।
ਹੜਾਂ ਚ ਡਰਾਮੇ ਨਹੀਂਓ............

ਆਪਣੇ ਹੀ ਭਰਾ ਭਾਈ ਏ ਨੇ ਏਹ ਕੋਈ ਗੈਰ ਨਹੀਂ।
ਤੁਸੀਂ ਕਰਦੇ ਜੋ ਗੱਲਾਂ ਉਨਾਂ ਦਾ ਕੋਈ ਸਿਰ ਪੈਰ ਨਹੀਂ।
ਏ ਵੇਲਾ ਨਹੀ ਏ ਗੱਲਾਂ ਦਾ ਖੜੇ ਕਿਹੜੀ ਹਦੂਦ ਨੇਤਾ ਜੀ।
ਬਿਪਤਾ ਦੀ ਘੜੀ ਓ ਦਿਓ ਸਿਆਣਪ ਦਾ ਸਬੂਤ ਨੇਤਾ ਜੀ।
ਹੜਾਂ ਚ ਡਰਾਮੇ ਨਹੀਂਓ............

ਏ ਵੇਲਾ ਇਕ ਦੂਜੇ ਤੇ ਚਿੱਕੜ ਸੁੱਟਣ ਦਾ ਵੇਲਾ ਜ਼ਰਾ ਵਿਚਾਰੋ।
ਨਰਿੰਦਰ ਲੜੋਈ ਛੱਡ ਸਿਆਸਤ ਅਕਲ ਨੂੰ ਹੱਥ ਮਾਰੋ।
ਕਹਿਣੀ ਔਰ ਕਰਨੀ ਚ ਕਿੰਨੇ ਬੜੀ ਛੇਤੀ ਜਾਨੇ ਮੂਤ ਨੇਤਾ ਜੀ।
ਬਿਪਤਾ ਦੀ ਘੜੀ ਓ ਦਿਓ ਸਿਆਣਪ ਦਾ ਸਬੂਤ ਨੇਤਾ ਜੀ।
ਹੜਾਂ ਚ ਡਰਾਮੇ ਨਹੀਂਓ............

ਨਰਿੰਦਰ ਲੜੋਈ ਵਾਲਾ
8968788181

ਅੱਜ ਦੀਆਂ ਕੁੜੀਆਂ ਦਾ ਰੋਲ ਮਾਡਲ

## ਫੂਲਨ ਦੇਵੀ

ਕੀ ਹੋਵੇਗਾ ਦੋ-ਚਾਰ
ਮਰੀਆਂ ਜ਼ਮੀਰਾਂ ਨੂੰ ਫਾਹੇ ਲਾ
ਜਦੋਂ ਤੱਕ
ਕੁਝ ਆਦਮਖੋਰ
ਕੁਰਸੀਆਂ ਨੂੰ
ਆਪਣੀ ਰਖੇਲ ਬਣਾਈ ਬੈਠੇ ਨੇ
ਦਿਖਾਵੇ ਕਰਦੇ ਹਨ
ਧਰਮ ਦੇ
ਦੇਸ਼ ਦੇ
ਪਹਿਰੇਦਾਰ ਹੋਣ ਦਾ
ਪਰ ਅਸਲ ਵਿਚ
ਆਪਣੇ ਅੰਦਰ
ਸ਼ੈਤਾਨ ਛੁਪਾਈ ਬੈਠੇ ਨੇ।
ਆਪ ਤਾਂ 'ਗਊ ਮੂਤਰ' ਨਾਲ
ਪਵਿੱਤਰ ਹੋਣ ਦਾ
ਕਰਦੇ ਨੇ ਢੌਂਗ
ਪਰ 'ਸ਼ੈਤਾਨੀ ਮੂਤਰ' ਨਾਲ
ਗਰੀਬਾਂ ਦਾ
ਗਰੀਬੀ ਦਾ
ਮਜ਼ਾਕ ਉਡਾਉਂਦੇ ਨੇ
ਆਪਣੀ ਹੈਵਾਨੀਅਤ ਦੇ
ਝੰਡੇ ਝੁਲਾਉਂਦੇ ਨੇ
ਇਹਨਾਂ ਦੇ ਆਕਾ
ਗਰੀਬਾਂ ਦੇ ਪੈਰ ਧੋਣ ਦਾ
ਨਾਟਕ ਰਚਾਉਂਦੇ ਨੇ।
ਹੁਣ ਵੱਡੇ ਪਖੰਡੀ ਆਉਣ ਗੇ ਅੱਗੇ
ਲੈ ਮਗਰਮੱਛ ਦੇ ਹੰਝੂਆਂ ਦਾ ਸੈਲਾਬ
ਦੋਸ਼ੀਆਂ ਨੂੰ ਦੰਡ ਦੇਣ ਦਾ
ਨਾਹਰਾ ਲਾਉਣ ਗਏ
ਆਪਣੇ ਆਪ ਨੂੰ
'ਵਿਸ਼ਵ ਗੁਰੂ ' ਹੋਣ ਦਾ
ਨਾਹਰਾ ਲਾਉਣ ਗੇ।
'ਭਾਰਤ ਮਾਤਾ' ਦੇ ਦੇਸ਼ ਦੀਆਂ
ਬੇਟੀਆਂ ਦੀ ਤਕਦੀਰ ਹੀ ਸ਼ਾਇਦ
'ਬਿਧ ਮਾਤਾ' ਪੁਠੀ ਕਾਣੀ ਨਾਲ ਲਿਖੇ
ਕਦੇ ਵਿਦੇਸ਼ੀ ਹਮਲਵਾਰਾਂ ਤੋਂ
ਕਦੇ ਦੇਸ਼ ਦੇ ਰਾਖਸ਼ਾਂ ਤੋਂ
ਕਦੇ ਸੰਤਾਲੀ ਵਿਚ
ਧਰਮ ਦੇ ਜਨੂੰਨ ਹੇਠ
ਕਦੇ 'ਚੁਰਾਸੀ'
'ਦੁੱਧ ਚਿੱਟੇ' ਕਪੜਿਆਂ ਦੀ ਆੜ ਵਿਚ
ਛੁਪੇ ਕਾਲੇ ਹੈਵਾਨ
'ਸਬਕ ਸਿਖਾਊ' ਅਭਿਆਨ ਵਿਚ
ਆਪਣੀ ਬਹਾਦਰੀ ਦਿਖਾਉਂਦੇ ਰਹੇ
ਕਦੇ 'ਗੋਧਰਾ' ਦੇ ਪਾਗਲਪਨ ਵਿਚ
'ਕੇਸਰੀ ਟੋਪੀਆਂ' ਵਾਲੇ
ਆਪਣੀ ਮਰਦਾਨਗੀ ਦਿਖਾਉਂਦੇ ਰਹੇ
ਅਤੇ ਪਤਾ ਨਹੀਂ
ਹੋਰ ਕਦੋਂ-ਕਦੋਂ
ਕਿੱਥੇ-ਕਿੱਥੇ
ਕਿਵੇਂ-ਕਿਵੇਂ
ਇਹ ਸਿਲਸਲਾ ਚਲਦਾ ਰਿਹਾ।
ਕਦੇ ਸਾਡੇ ਘਰਾਂ ਵਿਚ ਹੀ
'ਰੱਬ ਤੋਂ ਬਾਅਦ ਦੂਜੇ ਰੱਬ'
ਵਾਲਿਆਂ ਦੇ ਜਲਾਦ ਘਰਾਂ ਵਿਚ
ਕੁੜੀਆਂ ਨੂੰ ਕੁੱਖਾਂ ਵਿਚ ਮਾਰਨ ਦਾ
ਸਿਲਸਲਾ ਚਲਦਾ ਰਿਹਾ
ਹੁਣ ਵੀ ਚੱਲ ਰਿਹਾ ਹੈ।
ਹੁਣ ਤਾਂ ਇਹ ਬਾਲੜੀਆਂ ਨੂੰ ਹੀ
ਬਾਹਾਂ 'ਚੋਂ ਚੂੜੀਆਂ ਲਾਹ
ਹੱਥਾਂ ਵਿਚ ਹਥਿਆਰ ਲੈਣੇ ਪੈਣ ਗੇ
ਸਿਰ ਤੇ ਕਫਨ ਬਣਨਾ ਪਵੇਗਾ
ਜੋ 'ਰੇਪ' ਵਰਗੇ ਕਾਰਿਆਂ ਨੂੰ
ਸਭਿਆਚਾਰ ਦਾ ਹਿੱਸਾ ਮੰਨਦਿਆਂ ਹਨ
ਉਹਨਾਂ ਨੂੰ ਵੀ ਉਸੇ ਸਭਿਆਚਾਰ ਦੇ ਦਰਸ਼ਨ
ਕਰਵਾਉਣੇ ਪੈਣਗੇ।
'ਇਨਸਾਫ ਦੇ ਮੰਦਰ' ਦੇ 'ਪੁਜਾਰੀਆਂ' ਲਈ ਜਦ
'ਤੁਰਤ-ਫੁਰਤ' ਇਨਸਾਫ ਦੀ ਗੱਲ ਗੈਰ ਕਾਨੂੰਨੀ ਹੋਵੇ
ਇਨਸਾਫ ਨੂੰ ਆਪਣੇ ਹੱਥ ਲੈਣਾ
ਫੂਲਨ ਦੇਵੀ ਨੂੰ ਆਪਣਾ ਰੋਲ ਮਾਡਲ ਬਣਾਉਣਾ
ਜੁਰਮ ਨਹੀਂ ਹੋ ਸਕਦਾ।
ਜੁਰਮ ਨਹੀਂ ਹੋ ਸਕਦਾ।

**ਰਵਿੰਦਰ ਸਿੰਘ ਸੋਢੀ**
**ਰਿਚਮੰਡ, ਕੈਨੇਡਾ**

## ਫੇਰਾ ਪਾ ਸੱਜਣਾਂ...

ਕਦੇ ਤਾਂ ਸਾਡੇ ਵੇਹੜੇ ਤੂੰ ਫੇਰਾ ਪਾ ਸੱਜਣਾਂ।
ਚੰਨ ਨੂੰ ਪਾਉਂਦਾ ਮਾਤ ਵੇ ਮੁੱਖ ਵਖਾ ਸੱਜਣਾਂ।

ਬੜੇ ਸੁਨੇਹੇ ਘੱਲੇ ਟਿੱਚ ਹੈ ਜਾਣਿਆਂ ਉਨ੍ਹਾਂ ਨੂੰ,
ਕੀ ਹੋਈ ਗੁਸਤਾਖ਼ੀ ਮੂੰਹੋਂ ਆਖ ਸੁਣਾ ਸੱਜਣਾਂ।

ਅਸੀਂ ਤਾਂ ਦਿਲ ਦੇ ਸਾਫ਼ ਘਰੋੜ ਨਾ ਰੱਖਦੇ ਹਾਂ,
ਦਿਲ ਆਪਣੇ ਚੋਂ ਇਹਦਾ ਸ਼ੱਕ ਮਿਟਾ ਸੱਜਣਾਂ।

ਮਸਾਂ ਬਾਲ੍ਹਿਆ ਅਸੀਂ ਮੁਹੱਬਤ ਰੂਪੀ ਦੀਵੇ ਨੂੰ,।
ਬੇਵਫ਼ਾਈ ਦੀਆਂ ਫੂਕਾਂ ਨਾ, ਮਾਰ ਬੁਝਾ ਸੱਜਣਾਂ।

ਹੱਲ ਕਰ ਲਈਏ ਬਹਿ ਕੇ ਗੁੱਸੇ ਗਿਲ੍ਹਿਆਂ ਨੂੰ,
ਗੈਰਾਂ ਕੋਲ ਬੁਝਾਰਤਾਂ ਨਾ ਤੂੰ ਪਾ ਸੱਜਣਾਂ।

ਟੁੱਟੇ ਪਿਆਰ ਦੇ ਦੁੱਖੜੇ ਝੱਲਣੇ ਸੌਖੇ ਨਈਂ,
ਇਸ ਪਾਸੇ ਦੇ ਵੱਲ ਨਾ, ਕਦਮ ਟਿਕਾ ਸੱਜਣਾਂ।

ਆਖਰ ਤੈਨੂੰ ਕਹਿਣਾ ਏਨਾ ਇਹੋ 'ਬੁਜਰਕ'ਦਾ,
ਲਾਈਆਂ ਨੇ ਤਾਂ ਹੱਸ ਕੇ ਫੇਰ ਨਿਭਾ ਸੱਜਣਾਂ।

**ਹਰਮੇਲ ਸਿੰਘ ਧੀਮਾਨ**

## ਫੁੱਲਾਂ ਤੋਂ ਜ਼ਖ਼ਮੀ

ਕੰਡਿਆਂ ਕੋਲੋਂ ਡਰਦੇ ਸੀ
ਫੁੱਲਾਂ ਤੋਂ ਜ਼ਖ਼ਮੀ ਹੋ ਗਏ ਆਂ
ਕੱਚੇ ਤੋਂ ਸਾਨੂੰ ਖਤਰਾ ਸੀ
ਇੱਥੇ ਪੱਕੇ ਵੀ ਚੋਅ ਗਏ ਆਂ

ਕਿਸੇ ਨੇ ਦਿਲ ਤੋੜਿਆ ਏ
ਕਿਸੇ ਨੇ ਰੂਹ 'ਤੇ ਸੱਟ ਮਾਰੀ
ਕੋਮਲ ਜਿਹੇ ਦਿਲ ਦੇ ਸੀ
ਅਸੀਂ ਅੱਜ ਪੱਥਰ ਹੋ ਗਏ ਆਂ

ਕੁੱਲੀ ਸਾੜਤੀ ਸੱਜਣਾਂ ਨੇ
ਦਿਖਾ ਕੇ ਸੁਪਨੇ ਮਹਿਲਾਂ ਦੇ
ਉਨ੍ਹਾਂ ਦੇ ਪਿੱਛੇ ਲੱਗ ਕੇ ਹੀ
ਖ਼ੁਦਾ ਅਸੀਂ ਬੇਘਰ ਹੋ ਗਏ ਆਂ

ਵਾਰ ਪਿੱਠ ਤੇ ਕਰ ਪਹਿਲਾਂ
ਹੰਝੂ ਪੂੰਝਦੇ ਰਹੇ ਸਾਡੇ
ਜਾਵਾਂ ਸਦਕੇ ਸੱਜਣਾਂ ਤੋਂ
ਬੜੇ ਚਲਾਕ ਜੋ ਹੋ ਗਏ ਆਂ

ਵੀਰਪਾਲ ਦੁਆ ਤਾਂ ਉਹ
ਸਾਡੀ ਮੌਤ ਦੀ ਕਰਦੇ ਸੀ
ਉਹਦੀ ਸੁਣ 'ਲੀ ਅੱਲ੍ਹਾ ਨੇ
ਅਸੀਂ ਅੱਜ ਸੱਚੀ ਮੋਹ ਗਏ ਆਂ



**ਵੀਰਪਾਲ ਕੌਰ ਭੱਠਲ**

## ਹੜ੍ਹ ਦਾ ਪਾਣੀ

ਸੋਹਣਿਆ ਰੱਬਾ ਮਾਫ਼ ਕਰੀਂ ਤੂੰ
ਸਾਥੋਂ ਹੋਈਆਂ ਜੋ ਖ਼ਤਾਵਾਂ
ਸਾਡੇ ਕੰਧਾਂ ਕੋਠੇ ਰੁੜ੍ਹ ਗਏ
ਲਾਈਆਂ ਇੰਜ ਪਾਣੀ ਨੇਂ ਢਾਵਾਂ

ਮਾਲ ਮੁਵੈਸ਼ੀ ਰੁੜ੍ਹਗੇ ਸਾਡੇ
ਨਾਲੇ ਰੁੜ੍ਹ ਗਏ ਧੀਆਂ ਪੁੱਤ
ਹਾਕਮ ਸਾਡੇ ਬੂਹੇ ਫਿਰਦੇ
ਅੱਜ ਵੀ ਕੁਰਸੀ ਪਿੱਛੇ ਧੁੱਤ

ਹੜ੍ਹ ਦੇ ਪਾਣੀ ਕੱਖ ਨਈਂ ਛੱਡਿਆ
ਨਈਂ ਕੁਝ ਛੱਡਿਆ ਸੁੱਕਾ ਗਿੱਲਾ
ਸੱਧਰਾਂ ਵਾਲੀ ਚੁੰਨੀ ਰੁੜ੍ਹ ਗਈ
ਨਾਲੇ ਰੁੜ੍ਹ ਗਿਆ ਗੋਟਾ 'ਤੇ ਤਿੱਲਾ

ਨਿੱਕੇ ਵੱਡੇ ਬੱਢੇ ਠੇਰੇ
ਪਾਂਦੇ ਪਏ ਨੇ ਹਾਲ ਦਹਾਈਆਂ
ਹਰੀਆਂ ਭਰੀਆਂ ਫ਼ਸਲਾਂ ਦੇ ਸੰਗ
ਰੁੜ੍ਹਗੇ ਦੋਹਰਾਂ ਖੇਸ਼ ਤਲਾਈਆਂ

ਹੜ੍ਹ ਬਣ ਕੇ ਮੀਂਹ ਦੇ ਪਾਣੀਆ
ਬਸ ਕਰ ਹੁਣ ਨਾ ਅੱਤਾਂ ਚਾਈਂ
ਅਰਜ਼ਾਂ ਕਰਦਾ ਦਮ ਦਮ ਨਜ਼ਮੀ
ਸੋਹਣਿਆ ਰੱਬਾ ਕਰਮ ਕਮਾਈਂ



**ਸਲੀਮ ਨਜ਼ਮੀ**
**ਲਹਿੰਦਾ ਪੰਜਾਬ ਪਾਕਿਸਤਾਨ**

## ਮਨੀਪੁਰ ਦੀਆਂ ਧੀਆਂ ਦੀ ਆਵਾਜ਼ !

ਕਿਸ ਹੱਦ ਤੱਕ ਗਿਰੀ,
ਮੇਰੇ ਦੇਸ਼ ਦੇ,
ਲੋਕਾਂ ਦੀ ਖ਼ੁਦਦਾਰੀ।
ਬਾਣੀ ਤਾਂ ਹੈ ਹੀ ਗੰਦੀ ਸੀ,
ਜੀਭਾ ਵੀ ਗੰਦ 'ਚ, ਸੀ ਮਾਰੀ।
ਮਰਦ ਪ੍ਰਧਾਨ ਸਮਾਜ ਦੇ ਬਸਤਰ,
ਜਦੋਂ ਸ਼ਰੇਆਮ,
ਚੌਂਕ 'ਚ ਸੀ ਉੱਤਰੇ।
ਨਹੀਂ! ਨਹੀਂ! ਮੇਰੇ ਕਦੋਂ,
ਉਤਾਰੇ ਕਪੜੇ।
ਸਾੜੀ ਤਾਂ ਆਪਣੀ,
ਮਾਂ, ਭੈਣ ਦੀ ਉਤਾਰੀ।
ਨੰਗਾ ਨਾਚ ਦੇਖਦੇ ਰਹੇ,
ਸ਼ਾਇਦ ਜੀਭ 'ਤੇ ਸੀ ਤੰਦੂਆ।
ਚੀਕ ਜਦ ਅਸਾਂ ਨੇ ਮਾਰੀ,
ਧਰਤੀ ਕੰਬ ਗਈ ਸੀ ਸਾਰੀ।
ਆਵਾਜ਼ ਸੜਕਾਂ 'ਤੇ ਗੂੰਜੀ,
ਹਾਏ! ਸਰਕਾਰ ਦੇ ਕੰਨੀਂ,
ਨਾ ਪਈ।
ਬਲਾਤਕਾਰੀਆਂ ਨੇ ਜਦੋਂ,
ਮਿੱਟੀ ਦੀ,
ਖਿੱਲ ਉਤਾਰੀ।
ਖਾਮੋਸ਼!
ਹੋਰ ਉੱਚੀ ਨਹੀਂ!
ਇੱਥੇ ਸਭ ਗੂੰਗੇ ਬਹਿਰੇ ਨੇ !
ਸਰਕਾਰ ਹੈ ਮੁੱਠੀ 'ਚ ਮੇਰੇ।
ਐਵੇਂ ਗਲਾ ਨਾ ਪਾੜੀਂ।
ਧਰਤੀ ਨਦੀ, ਨਾਲੇ ਵੀ ਕੰਬੇ,
ਅੰਬਰ ਹੁੱਬ ਹੁੱਬ ਕੇ ਰੋਇਆ।
ਮੇਰੇ ਰਾਜਨੇਤਾਵਾਂ ਦੀ,
ਅੱਖ ਹੋਈ ਨਾ ਭਾਰੀ।



**ਜਸਪਾਲ ਜੱਸੀ**

## ਰੱਬ ਨੂੰ ਟਿੱਚਰਾਂ

ਕਿਹੜਾ ਰੱਬ ਤੇ ਕਿੱਥੇ ਆ ਕੌਣ ਕਹਿੰਦਾ,
ਅਸੀਂ ਸਮਝਿਆ ਰੱਬ ਨੂੰ ਟੱਬ ਲੋਕੋ।
ਆਹ ਦੇਖਲੋ ਰੱਬ ਦੇ ਰੰਗ ਨਿਆਰੇ,
ਬੜਾ ਪਿਆ ਕਸੂਤਾ ਏ ਯੱਭ ਲੋਕੋ।
ਜਿਹੜੇ ਕਰਦੇ ਸੀ ਤਰਕ ਬਿਤਰਕ ਲੋਕੀਂ,
ਹੁਣ ਰਹੇ ਨਹੀਂ ਕਿਤੇ ਉਹ ਲੱਭ ਲੋਕੋ।
ਆਖਣ ਦੁਖੀਏ ਤੇ ਦਰਦ ਇਮਾਨ ਵਾਲੇ,
ਭੁੱਲਾਂ ਬਖਸ਼ ਲਏ ਸਾਡੀਆਂ ਰੱਬ ਲੋਕੋ।

ਇੱਕ ਦੂਜੇ ਨੂੰ ਦੇਖ ਨਾ ਹੰਘਦੇ ਸੀ,
ਇੱਕੋ ਨੱਕੇ ਤੇ ਖੜ੍ਹੇ ਆ ਸੱਭ ਲੋਕੋ।
ਜਦੋਂ ਡੋਬਣਾ ਪਾਣੀ ਨੇ ਡੋਬਣਾ ਏ,
ਜਾਂ ਫਿਰ ਤਰਸਾਂਗੇ ਪੀਣ ਨੂੰ ਨੱਬ ਲੋਕੋ।
ਚੜ੍ਹੇ ਚੰਦ ਤੇ ਧਰਤੀਆਂ ਖੋਜਦੇ ਹਾਂ,
ਸਾਡੇ ਵੱਸਣ ਦੇ ਨਹੀਂ ਇਹ ਢੱਬ ਲੋਕੋ।
ਸਮਝੋ ਕਾਦਰ ਦੀ ਨੀਤ, ਬਦਨੀਤ ਆਪਾਂ,
ਨਹੀਂ ਜਾਣਾ ਹੈ ਏਸ ਨੇ ਚੱਬ ਲੋਕੋ।

ਚੜ੍ਹਕੇ ਅਸੀਂ ਵਿਗਿਆਨ ਦੀ ਢਾਕ ਉੱਤੇ,
ਬੜੀਆਂ ਕੀਤੀਆਂ ਰੱਬ ਨੂੰ ਟਿੱਚਰਾਂ ਨੇ।
ਧੜਾ ਧਾੜ ਹੀ ਅਸੀਂ ਦਰੱਖਤ ਵੱਢੇ,
ਵੱਢ ਸੁੱਟੀਆਂ ਟਾਹਲੀਆਂ ਕਿੱਕਰਾਂ ਨੇ।
ਕਿੱਥੇ ਰਹਿਣ ਜਨੌਰ ਤੇ ਅਸੀਂ ਉਜਾੜ ਪਾਏ,
ਦੁਰਸੀਸਾਂ ਦਿੱਤੀਆਂ ਹੋਣੀਆਂ ਤਿੱਤਰਾਂ ਨੇ।
ਤੇਰੇ ਹੰਕਾਰ ਨੂੰ ਰੱਬ ਦੀ ਮਾਰ ਪੈਣੀ,
ਕੰਮ ਆਉਣਾ ਨੀ ਫੇਰ ਚਲਿੱਤਰਾਂ ਨੇ।

ਕੁਦਰਤ ਰੂਪ ਚੰਡੀ ਦਾ ਧਾਰਿਆ ਈ,
ਹੋਈ ਗਲਤੀ ਦਾ ਬਦਲਾ ਲਿਆ ਲੋਕੋ।
ਪਤਾ ਬੀਤੀ ਤੋਂ ਬਾਅਦ ਹੀ ਲੱਗਦਾ ਏ,
ਖਾਧਾ ਔਲੇ ਤੇ ਸਿਆਣੇ ਦਾ ਕਿਹਾ ਲੋਕੋ।
ਸਮਝੋ ਹਾਲੇ ਵੀ ਰਮਜ਼ਾਂ ਉਹਦੀਆਂ ਨੂੰ,
ਪਛਤਾਉਣਾ ਪੈਣਾ ਏ ਵੇਲਾ ਵਿਹਾ ਲੋਕੋ।
ਡਰ ਡਾਹਢੇ ਦਾ ਰੱਖੀਏ ਵਿੱਚ ਹਿਰਦੇ,
ਏਸ ਜ਼ਿੰਦ ਦਾ ਨਹੀਂ ਵਿਸਾਹ ਲੋਕੋ।

ਮੌਸਮ ਹਸੀਨ ਅਮੀਰੀ ਨੂੰ ਜਾਪਦਾ ਏ,
ਪੁੱਛੋ ਉਨ੍ਹਾਂ ਨੂੰ ਰਿਹਾ ਨਾ ਕੱਖ ਪੱਲੇ।
ਕਰੀਏ ਯਤਨ ਸਿਆਣਪਾਂ ਲੱਖ ਭਾਵੇਂ,
ਹੋਣੀ ਕਾਦਰ ਦੀ ਭਲਾਂ ਹੁਣ ਕੌਣ ਠੱਲ੍ਹੇ।
ਅਰਜ਼, ਅਰਦਾਸ ਤੇ ਆਸ ਹੀ ਰਹੀ ਬਾਕੀ,
ਰੱਬਾ ਹੋਰ ਨਾ ਹੁਣ ਤੂੰ ਮਾਰ ਹੱਲੇ।
ਭੈਣੀ ਵਾਲਿਆ ਅਕਲ ਤੋਂ ਬਾਹਰ ਗੱਲਾਂ,
ਐਵੇਂ ਹਵਾ ਦੇ ਵਿੱਚ ਨਾ ਮਾਰ ਟੱਲੇ।
ਐਵੇਂ ਹਵਾ ਦੇ ਵਿੱਚ ਨਾ ਮਾਰ ਟੱਲੇ।

**ਅਵਤਾਰ ਸਿੰਘ**
**9915545950**

## ਅੱਜ ਦਾ ਸਾਉਣ

ਖੋਹੇ ਚਾਅ ਅੱਜ ਦੇ ਸਾਉਣ ਨੇ
ਪਿੱਪਲ, ਤੀਆਂ, ਧੀਆਂ ਮੋਨ ਨੇ
ਸਾਨੂੰ ਨੀ ਪੀਂਘ ਹੁਲਾਰੇ ਸੁੱਝ ਦੇ
ਦਰਦਾਂ ਵਾਲੇ ਛਿੜੇ ਅਜੇ ਗੌਣ ਨੇ

ਪੀਂਘਾਂ ਨੇ ਚੜ੍ਹ ਲਾਸ਼ਾਂ ਤੱਕੀਆਂ
ਘਟਾਵਾਂ ਵੀ ਨੇ ਹੱਕੀਆਂ ਬੱਕੀਆਂ
ਹਰਜਾਨੇ ਸੱਧਰਾਂ ਦੇ ਕੌਣ ਮੋੜੇਗਾ
ਤੇਰੇ ਤੀਆਂ ਵਰਗੇ ਖੋਹਣ ਨੇ

ਸੰਧਾਰੇ ਦੀ ਥਾਂ ਹੜ੍ਹ ਨੇ ਆਏ
ਮੋਰ ਵੀ ਨਾ ਹੁਣ ਪੈਲਾ ਪਾਏ
ਚੰਦਰੀ ਛਹਿਬਰ ਹੰਝੂਆਂ ਦੀ ਲੱਗੀ
ਸੁਣ ਉਜੜੇ ਘਰਾਂ ਦੇ ਰੋਣ ਨੇ

ਸਮੇਟ ਲੈ ਆਪਣੇ ਸਾਉਣ ਦੇ ਚਾਅ
ਲੋਕਾਈ ਦੇ ਸਾਹ ਲੱਗੇ ਨੇ ਦਾਅ
ਹੜ੍ਹਾਂ 'ਚ ਨਾ ਗਿੱਧੇ ਬੋਲੀ ਪੈਂਦੀ
'ਜੋਤ' ਪਾਣੀ ਵਿਚ ਤੈਰਦੇ ਵੈਣ ਨੇ।



**ਚਰਨਜੀਤ ਜੋਤ**

## ਮੇਰੇ ਦੇਸ਼ ਦੇ ਜੱਫੇਦਾਰ ਬਾਬੇ

ਸੁਣਿਆ ਭੇਖੀ ਸਦਾ ਸੁਖੀ ਰਹਿੰਦਾ,
ਕਿਸੇਨੂੰ ਮੂੰਹ ਤੋਂ ਵੱਧ ਨਹੀਂ ਕਹਿੰਦਾ।
ਆਪਾ ਕਦੇ ਜ਼ਾਹਿਰ ਨਹੀਂ ਕਰਦਾ,
ਦੂਜਿਆਂ ਦੇ ਮਨ ਦੀ ਗੱਲ ਕਰਦਾ।
ਦੁਨੀਆਂ ਸਦਾ ਹੈ ਭਰਦੀ ਪਾਣੀ,
ਲੋਕੀਂ ਜਾਂਦੇ ਫਿਰ ਸੁਣਨ ਕਹਾਣੀ।

ਬਾਹਰ ਪਿੰਡਾਂ ਤੋਂ ਬਣਾ ਲਏ ਨੇ ਡੇਰੇ,
ਬਾਣੇ ਸਾਧੂਆਂ ਪਰ ਦਿਲੋਂ ਨੇ ਲੁਟੇਰੇ।
ਲੋਕਾਂ ਨੂੰ ਆਖਦੇ ਪੈਸੇ ਦਾ ਨ੍ਹੀਂ ਮੋਹ,
ਉਂਝ ਮਿੱਠੇ ਬਣਕੇ ਸਭ ਲੈਂਦੇ ਨੇ ਖੋਹ।
ਗੱਲਾਂ ਕਰਦੇ ਨੇ ਉੱਚੀਆਂ ਸੁੱਚੀਆਂ,
ਯਾਰੀ ਰੱਖਕੇ ਸੰਗ ਨੇਤਾ ਲੁੱਚਿਆਂ।

ਧਰਮ ਥੱਲੇ ਐਬ ਨੇ ਛੁਪਾਈ ਰੱਖਦੇ,
ਭੰਬਲ ਭੂਸੇ ਨੇ ਸਭ ਨੂੰ ਪਾਈ ਰੱਖਦੇ।
ਭਗਵੇਂ ਚਿੱਟੇ ਹਰੇ ਭਾਵੇਂ ਹੋਵਣ ਕਾਲ਼ੇ,
ਸਰਦਾ ਨਹੀਂ ਹੈ ਬਿਨਾ ਘਾਲੇ ਮਾਲੇ।
ਰਲ ਕੇ ਸਰਕਾਰਾਂ ਨੇ ਚਲਾਈ ਜਾਂਦੇ,
ਜੰਤਾ ਦਾ ਘਾਣ ਇੰਝ ਕਰਾਈ ਜਾਂਦੇ।

ਕਹਾਉਂਦੇ ਚਾਹੇ ਉਹ ਲੋਕਾਂ ਦੇ ਸੇਵਕ,
ਰੱਖਦੇ ਚੌਧਰ ਦੀ ਭੈੜੀ ਉਂਝ ਚੇਟਕ।
ਰੱਖੀ ਸਰਕਾਰਾਂ ਤੱਕ ਪਹੁੰਚ ਹੈ ਪੂਰੀ,
ਪਰ ਲੋਕਾਂ ਦੀ ਗੱਲ ਕਰਨ ਅਧੂਰੀ।
ਉਂਝ ਲਾਰੇ ਲੱਪੇ ਜਿਹੇ ਲਾਈ ਰੱਖਦੇ,
ਬੱਸ ਕਾਲੀ ਕਰਤੂਤ ਛੁਪਾਈ ਰੱਖਦੇ।



**ਸੇਵਾ ਸਿੰਘ "ਨੂਰਪੁਰੀ"**

## ਵੀਡੀਓ ਕੈਮਰਾ

ਖੁੱਲਣ ਲੱਗੇ ਨੇ ਭੇਦ ਪਾਖੰਡ ਦੇ
ਵੀਡੀਓ ਕੈਮਰਾ ਜਦ ਤੋਂ ਆਇਆ

ਕਿਸੇ ਨਾ ਹੁਣ ਅਵਤਾਰ ਧਾਰਿਆ
ਭੂਤ ਪ੍ਰੇਤ ਦਾ ਦਿਸੇ ਨਾ ਸਾਇਆ

ਸਾਰੇ ਜੱਗ ਨੂੰ ਵੀਹ ਸਦੀਆਂ ਤੱਕ
ਪੁਜਾਰੀ ਲਾਣੇ ਨੇ ਭਰਮਾਇਆ

ਸ਼ਾਤਿਰਾਂ ਲੋਕਾਂ ਰਾਜ ਕਰਨ ਲਈ
ਧਰਮਾਂ ਵਾਲਾ ਜਾਲ ਵਿਛਾਇਆ

ਜਿੰਦਗੀ ਭਰ ਕਰਵਾਈ ਸੇਵਾ
ਨਾਲੇ ਦਸਵਾਂ ਹਿੱਸਾ ਖਾਇਆ

ਤਰ੍ਹਾਂ ਤਰ੍ਹਾਂ ਰੱਬ ਬਣਾ ਕੇ
ਅਨਪੜ ਲੋਕਾਂ ਤਾਈਂ ਫਸਾਇਆ

ਯੁੱਗ ਤਰਕ ਦਾ ਸ਼ੁਰੂ ਬਿੰਦਰਾ
ਚਮਤਕਾਰ ਦਾ ਹੋਊ ਸਿਫਾਇਆ



**ਬਿੰਦਰ ਸਾਹਿਤ**

## ਲਾਪਤਾ ਭਗਵਾਨ

ਮੇਰੀ ਦੁਕਾਨ ਮੇਰਾ ਮੰਦਿਰ ਹੈ,
ਤੇਰਾ ਮੰਦਿਰ ਤੇਰੀ ਦੁਕਾਨ ਹੈ।
ਪੁਜਾਰੀ ਨੂੰ ਮੱਥੇ ਟੇਕ ਰਹੇ,
ਔਰ ਲਾਪਤਾ ਭਗਵਾਨ ਹੈ।

ਇੱਥੇ ਝੂਠ, ਵਹਿਮ, ਡਰ ਵਿਕਦਾ,
ਨਾਲੇ ਵਿਕਦਾ ਤਨ ਤੇ ਮਨ ਏਥੇ।
ਪੱਥਰ ਨੂੰ ਪੱਥਰ ਪੂਜਦੇ,
ਤੇ ਪੱਥਰ ਚੜ੍ਹਾਵਣ ਧਨ ਇੱਥੇ।
ਇੱਥੇ ਸੌਦੇ ਹੋਵਣ ਹਵਸ ਦੇ,
ਏਥੇ ਵਿਕਦਾ ਹਰ ਸਮਾਨ ਹੈ।
ਔਰ ਲਾਪਤਾ ਭਗਵਾਨ ਹੈ।

ਬਣ ਢੋਂਗੀ ਕੰਜਕਾਂ ਪੂਜਦੇ,
ਨਾਲੇ ਦੇਹ ਦਾ ਕਰਨ ਵਪਾਰ।
ਬੇਪਰਦਾ ਹੋਈਆਂ ਨਾਰੀਆਂ,
ਤੇ ਕੋਈ ਨਾ ਸੁਣੇ ਪੁਕਾਰ।
ਕੱਖਾਂ ਤੋਂ ਹੌਲੀ ਆਬਰੂ,
ਤੇ ਕੌਡੀਓਂ ਸਸਤੀ ਜਾਨ ਹੈ।
ਔਰ ਲਾਪਤਾ ਭਗਵਾਨ ਹੈ।

ਬੇਦੋਸ਼ ਨੂੰ ਲਾਵਣ ਹੱਥਘੜੀ,
ਤੇ ਦੋਸ਼ੀ ਫਿਰਨ ਆਜ਼ਾਦ।
ਜਿੱਥੇ ਨੇਤਾ ਖਾ ਗਏ ਦੇਸ਼ ਨੂੰ,
ਤੇ ਕਰ ਛੱਡਿਆ ਬਰਬਾਦ।
ਜਿੱਥੇ ਰਿਸ਼ਵਤਖੋਰ ਨੇ ਦੇਵਤੇ,
ਠੱਗਾਂ ਦੀ ਉੱਚੀ ਸ਼ਾਨ ਹੈ।
ਔਰ ਲਾਪਤਾ ਭਗਵਾਨ ਹੈ।

ਜਾਲਮ ਨੂੰ ਕੀਤੇ ਜੁਲਮ ਦਾ,
ਜਵਾਬ ਦੇਣਾ ਏ ਠੋਕ ਕੇ।
'ਰਮੇਸ਼ ਜਾਨੂੰ' ਵੇ ਰੱਖ ਅਜੇ,
ਗੁੱਸੇ ਦੇ ਹੜ ਨੂੰ ਰੋਕ ਕੇ।
ਮੈਂ ਹਾਂ ਪੁਜਾਰੀ ਕਲ ?ਮ ਦਾ ,
ਤੇਰੀ ਦੇਵੀ ਹੱਥ ਕਿਰਪਾਨ ਹੈ।
ਔਰ ਲਾਪਤਾ ਭਗਵਾਨ ਹੈ।



**ਰਮੇਸ਼ ਕੁਮਾਰ ਜਾਨੂੰ**
**98153-20080**

## ਮਰੀ ਮਾਂ ਨੂੰ ਧੀ ਦਾ ਖ਼ਤ

ਬਿਨ ਤੇਰੇ ਮਾਂ ਕੁਝ ਨਹੀਂ ਚੰਗਾ,
ਲੰਘਿਆਂ ਬਚਪਨ ਔਖਾ ਸੀ,
ਕਿੰਨਾ ਕੁਝ ਸੀ ਤੈਥੋਂ ਸਿੱਖਣਾਂ,
ਮਿਲਿਆ ਨਾ ਪਰ ਮੌਕਾ ਸੀ,

ਮੇਰੇ ਪਾਪਾ ਬਹੁਤ ਹੀ ਰੋਏ ਸੀ,
ਜਦ ਲਾਸ਼ ਤੇਰੀ ਘਰ ਆਈ ਸੀ,
ਮੈਂ ਸੀ ਗੀ ਛੇਆਂ ਵਰਿਆਂ ਦੀ,
ਤੇ ਗੁੱਤ ਤੇ ਰੀਬਨ ਪਾਈ ਸੀ,

ਬਿਨ ਤੇਰੇ ਮੈਂ ਚੜ੍ਹੀ ਜਵਾਨੀ,
ਹੰਝੂ ਪਲਕਾਂ ਦੱਬ ਲੇ ਸੀ,
ਮੈਂ ਤੇ ਪਾਪਾ ਸਬਰ ਸੀ ਕੀਤੇ,
ਅੱਕ ਹਿਜਰ ਦੇ ਚੱਬ ਲੇ ਸੀ,

ਸੁਪਨੇ ਵਿੱਚ ਤੂੰ ਆਵੀਂ ਮਾਂ,
ਮੈਂ ਗੱਲਾਂ ਕੁੱਝ ਕੁ ਦੱਸਾਂਗੀ,
ਦਿਲ ਵਿੱਚ ਸਾਰੇ ਦੁੱਖ ਛੁਪਾਕੇ,
ਉੱਤੋਂ ਉੱਤੋਂ ਹੱਸਾਂਗੀ,

**ਲਵਪ੍ਰੀਤ ਸਿੰਘ ਸੋਹਣੇਵਾਲਾ**
**ਸ਼੍ਰੀ ਮੁਕਤਸਰ ਸਾਹਿਬ**

## ਬਦਲਾ

ਲਾ ਲਾ ਅੱਗਾਂ ਸਾੜਿਆ ਸੀ
ਜੋ ਸੀਨਾ ਧਰਤੀ ਮਾਤਾ ਦਾ
ਵੇਖ ਲਵੋ ਹੁਣ ਕਿੰਜ ਪਾਣੀ
ਬਰਸਾ ਕੇ ਸੀਨਾ ਠਾਰ ਰਿਹਾ

ਵੇਖ ਮਨੁੱਖਾ ਕੁਦਰਤ ਨਾਲ ਤੂੰ
ਕਰਦੈਂ ਜੋ , ਖਿਲਵਾੜ ਰਿਹੈਂ
ਉਹਦਾ ਬਦਲਾ ਲੈਣ ਲਈ ਕੁਦਰਤ
ਕਿੱਦਾਂ ਕਹਿਰ ਗੁਜ਼ਾਰ ਰਿਹਾ

ਜੀਵ - ਜੰਤ ਤੇ ਪਸ਼ੂ - ਪਰਿੰਦੇ
ਵੀ ਨਾ ਬਖ਼ਸ਼ੇ, ਫਾਇਦੇ ਲਈ
ਉਹ ਵੀ ਥੋਨੂੰ ਦੇਖ ਲੈ ਬੰਦਿਆ
ਚੁਣ - ਚੁਣ ਕੇ ਹੁਣ ਮਾਰ ਰਿਹਾ

'ਖੁਸ਼ੀ ਮੁਹੰਮਦਾ' ਜੇ ਨਾ ਸੁਧਰੇ
ਇੱਕ ਦਿਨ ਪਰਲੋ ਆਏਗੀ
ਛੱਡ ਦਿਓ ਕੁਦਰਤ ਨਾਲ ਵਧੀਕੀ
ਉਹ ਥੋਨੂੰ ਵੰਗਾਰ ਰਿਹਾ



**ਖੁਸ਼ੀ ਮੁਹੰਮਦ 'ਚੱਠਾ'**

# Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD